# ਮੈਂ ਤੇ ਮੇਰਾ ਸਤਿਗੁਰੂ



ਸੰਤੋਖ ਸਿੰਘ ਸਾਜਨ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਮੈਂ ਤੇ ਮੇਰਾ ਸਤਿਗੁਰੂ

Sri Satguru Jagjit Singh Ji eLibrary NamdhariElibrary@gmail.com

**ਲੇਖਕ ਦੀਆਂ ਹੋਰ ਪੁਸਤਕਾਂ :**

1. ਤੋਪ ਦਾ ਹਾਣੀ (ਕਹਾਣੀਆਂ)
2. ਸੁਨਿਹਰੀ ਬੋਲ (ਸੰਪਾਦਤ)
3. ਮਮਤਾ (ਕਹਾਣੀਆਂ)
4. ਹੰਝੂ ਹਉਕੇ (ਪ੍ਰੈਸ ਵਿਚ)

Sri Satguru Jagjit Singh Ji eLibrary NamdhariElibrary@gmail.com

# ਮੈਂ ਤੇ ਮੇਰਾ ਸਤਿਗੁਰੂ

www.archive.org/details/namdhari

ਸੰਤੋਖ ਸਿੰਘ ਸਾਜਨ

Sri Satguru Jagjit Singh Ji eLibrary NamdhariElibrary@gmail

International Publishers
of Indian and Foreign Languages

**Representation Offices :**
• 595 Street, Madera, California-93638
• 8 Automatic Rd, Unit 2C, Brampton L6S 3N5, Canada

ISBN : 978-93-5068-122-0
Price : 300/-

**Main te Mera Satguru**

*by*

**Santokh Singh Sajan**
H. No. 1255, Sector 90, Mohali
Mobile: 7837351024

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*©, 2012*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book*

Sri Satguru Jagjit Singh Ji eLibrary NamdhariElibrary@gmail.com

# ਸਮਰਪਣ

ਪ੍ਰੀਤਮ ਪਿਆਰੇ ਨੂੰ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਤਤਕਰਾ


ਦੋ ਸ਼ਬਦ 11

ਬਦਾਮਾਂ ਵਾਲਾ ਸਤਿਗੁਰੂ 13

ਬਾਪੂ ਮੇਵਾ ਸਿੰਘ
ਭਾਗਾਂ ਵਾਲਾ ਪੁੱਤਰ
ਸੋਹਣਾ ਸਤਿਗੁਰੂ
ਕੜਾਹ ਪ੍ਰਸਾਦਿ

ਕੱਲਰ ਵਿਚ ਬੀਜ 19

ਨਾਮਧਾਰੀਆਂ ਨਾਲ ਲਗਾਓ
ਸੋਧੀ ਸਿੰਘ
ਈਸ਼ਰ ਸਿੰਘ ਨੂੰ ਭਜਨ ਦਿੱਤਾ
ਮੁਰੱਬੇ ਲਈ ਜ਼ਿਦ

ਸ੍ਰੀ ਭੈਣੀ ਸਾਹਿਬ ਵਿਚ 25

ਇਮਾਨ ਦੀ ਗੱਲ
ਲੰਗਰ ਵਿਚ
ਪਰਿਵਾਰ ਨਾਮਧਾਰੀ ਬਣਿਆ
ਭਜਨ ਦੇਣ ਵਾਲਾ ਸਤਿਗੁਰੂ
ਮੈਨੂੰ ਭਜਨ ਮਿਲ ਚੁੱਕਾ ਹੈ
ਦਾਤਾਂ ਮੰਗ

ਜੀਵਨ ਨਗਰ ਇਲਾਕੇ ਵਿਚ 31

ਸਰੋਂ ਦੀ ਫ਼ਸਲ
ਨਾਂ ਸੰਤ ਨਗਰ ਹੋਇਆ
ਰੱਖ




Sri Satguru Jagjit Singh Ji eLibrary NamdhariElibrary@gmail.com

ਈਸ਼ਰ ਸਿੰਘ ਖੋਏਵਾਲਾ 37
ਖੁਸ਼ੀਆਂ ਲੋ
ਸੰਤ ਨਗਰ ਵਿਚ ਜੱਪ ਪ੍ਰਯੋਗ
ਵਹਿਮੀ ਜੀ ਦੀ ਸ਼ਗਿਰਦੀ
ਪੰਜਾਬੀ ਸਕੂਲ
ਮਾਜੀ ਸਾਹਿਬ ਕੌਰ
ਪਿੰਡਾਂ ਦੇ ਨਾਂ ਰੱਖੇ

ਸੁਤੰਤਰਤਾ ਦੀ ਬਾਜ਼ੀ 48
ਅੰਗਰੇਜ਼ਾਂ ਨਾਲ ਨਾ-ਮਿਲਵਰਤਨ
ਸੂਬੇ ਥਾਪੇ

ਅੰਮ੍ਰਿਤਸਰ ਅਤੇ ਰਾਇਕੋਟ ਦੀਆਂ ਘਟਨਾਵਾਂ 53

ਜਲਾਵਤਨੀ ਅਤੇ ਸੁਤੰਤਰਤਾ ਦੀ ਲਹਿਰ 55
ਅਮਰੀਕਾ ਵਿਚ ਗਦਰ ਦੀ ਗੂੰਜ
ਸਤਿਗੁਰੂ ਪ੍ਰਤਾਪ ਸਿੰਘ ਜੀ
ਹੋਲਾ ਸੰਤ ਨਗਰ
ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਦੀ ਸਥਾਪਨਾ
ਕਵਿਤਾ ਦੀ ਜਾਂਹ

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਛੋੜਾ 68
ਸਾਹਿਤ ਸਭਾ ਸ੍ਰੀ ਜੀਵਨ ਨਗਰ

ਸਤਿਗੁਰੂ ਜਗਜੀਤ ਸਿੰਘ ਜੀ 73

ਕਵੀ 'ਸਾਜਨ' 76
ਨਾਮਧਾਰੀ ਸਾਹਿਤ ਸਭਾ, ਸ੍ਰੀ ਜੀਵਨ ਨਗਰ ਦੀ
ਨਿਵਾਜਸ਼



Sri Satguru Jagjit Singh Ji eLibrary NamdhariElibrary@gmail.com

ਕਸ਼ਮੀਰ ਦੀ ਯਾਤਰਾ 81

ਸੈਰ ਲਈ ਨਿਕਲੇ

ਖ਼ੂਬਸੂਰਤ ਇਲਾਕਾ

ਮਿਹਰਬਾਨ ਸਤਿਗੁਰੂ ਜਗਜੀਤ ਸਿੰਘ ਜੀ 89

ਬੂੰਦੀ ਦਾ ਲੰਗਰ

ਸੰਪਾਦਕੀ ਮਿਲੀ

ਐਡੀਟਰਜ਼ ਕਾਨਫਰੰਸ

ਨਾਦੇੜ ਸੱਚਖੰਡ ਗੁਰਦੁਆਰੇ ਦੇ ਦਰਸ਼ਨ

ਮਾਲ ਪੂੜੇ ਤੋਂ ਸਿੱਖਿਆ

ਵਧਾਈ

ਕਮਿਊਨਿਸਟ ਪ੍ਰਭਾਵ

ਨਵਾਂ ਸੰਪਾਦਕ

ਨਵੀਂ ਡਿਊਟੀ

ਯੂ.ਪੀ. ਦੇ ਦੌਰੇ ਤੇ

ਸੇਵਕ ਨੂੰ ਦਰਸ਼ਨ

ਹੁਣੇ ਚਲੋ

ਬਲਿਹਾਰ ਮਾਈ

ਟਾਟਾ ਨਗਰ ਵਿਚ ਲਾਲੀ ਦਾ ਰਾਜ਼

ਨਾਲੇ ਦਰਸ਼ਨ ਨਾਲੇ ਫੋਟੋ

ਬਿਹਾਰ ਦੀ ਖੰਡ ਮਿਲ ਵਿਚ

ਕਰੈਸ਼ਰ ਦੀ ਗੱਲ

ਤੁਸੀਂ ਛੱਤ ਤੇ ਬੈਠ ਜਾਵੋ

ਆਮਦਨ ਲਈ ਖੇਤੀ

ਸ੍ਰੀ ਜੀਵਨ ਨਗਰ ਕਰੈਸ਼ਰ ਲਈ ਜਤਨ 126

ਸਤਿਗੁਰੂ ਜੀ ਮੋਰਠ ਵਿਚ

ਕੋਟਲੀ ਵਾਲੀ ਗੱਲ

ਸ਼ਰਾਬ ਛੁਡਾਈ



Sri Satguru Jagjit Singh Ji eLibrary NamdhariElibrary@gmail.com

ਸੋਚ ਨਾ, ਬਚਨ ਮੰਨ
ਕਰੈਸ਼ਰ ਲੱਗਾ
ਕਾਟਨ ਮਿਲ

ਬਖਸ਼ਿਸ਼ ਦਾ ਪ੍ਰਸਾਦਿ 136

ਬੈਂਕੋਕ ਦਾ ਹੋਲਾ 138
ਢੰਗਮਈ ਨੂੰ
ਸੇਠ ਪਿਆਰਾ ਸਿੰਘ
ਸਮੱਸਿਆ ਵਾਲਾ ਕਵੀ ਦਰਬਾਰ
ਸਿੰਘਾਪੁਰ ਦੀ ਸੈਰ
ਕੁਆਲਾਲੰਪੁਰ ਵਿਚ ਮਾਤਾ ਨੂੰ ਮਿਲੇ

ਸਤਿਗੁਰੂ ਸਾਖੀਆਂ 144
ਪਿਆਰ ਦੀ ਬਖ਼ਸ਼ਿਸ਼
ਸਰਬ ਧਰਮ ਸੰਮੇਲਨ: ਮੇਰਠ
ਨੌਜਵਾਨਾਂ ਦੀ ਇਕਤ੍ਰਤਾ
ਅਰਜ਼ ਸਮੇਂ ਦੀ ਗਲਤੀ
ਸਤਿਗੁਰੂ ਤੇ ਸਿੱਖ
ਅਣਮੰਗੀ ਬਖ਼ਸ਼ਿਸ਼
ਰੁਬਾਈ ਦੀ ਮਜਬੂਰੀ
ਹੋਲੇ ਅਤੇ ਮੇਲੇ
ਅਖੰਡ ਪਾਠ
ਬੇਟੀ ਦਾ ਅਨੰਦਕਾਰਜ
ਜ਼ੁਮੇਵਾਰੀ
ਵਿਸਮਾਦ ਦੀਆਂ ਰਹਿਮਤਾਂ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਦੋ ਸ਼ਬਦ

ਜਿਸ ਤਰ੍ਹਾਂ ਬਾਰਸ਼ ਦੀਆਂ ਬੂੰਦਾਂ ਅਤੇ ਸਮੁੰਦਰ ਦੀਆਂ ਛੱਲਾਂ ਗਿਣੀਆਂ ਨਹੀਂ ਜਾ ਸਕਦੀਆਂ ਇਸੇ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਮੇਰੇ ਤੇ ਕੀਤੀਆਂ ਬਖਸ਼ਿਸ਼ਾਂ ਨੂੰ ਮੈਂ ਗਿਣ ਜਾਂ ਬਿਆਨ ਨਹੀਂ ਕਰ ਸਕਦਾ ਇਹ ਤਾਂ ਉਹਨਾਂ ਨੂੰ ਸਿਮਰਨ ਦਾ ਹੀ ਇਕ ਜਤਨ ਹੈ। ਕੋਈ ਕੀ ਸੋਚੇ ਜਾਂ ਕੀ ਆਖੇ ਮੈਨੂੰ ਉਸ ਨਾਲ ਕੋਈ ਲੈਣਾ ਦੇਣਾ ਨਹੀਂ, ਮੈਂ ਤਾਂ ਸਿਰਫ ਆਪਣੇ ਸਤਿਗੁਰੂ ਦਾ ਸਿਮਰਨ ਕਰਨ ਵਾਸਤੇ ਹੀ ਇਹ ਜਤਨ ਕਰ ਰਿਹਾ ਹਾਂ। ਮੈਂ ਇਹਨਾਂ ਯਾਦਾਂ ਨੂੰ ਸੰਭਾਲਣ ਵਾਸਤੇ ਕਰੀਬ 18 ਮਹੀਨੇ ਪਹਿਲਾਂ ਕੰਮ ਸ਼ੁਰੂ ਕੀਤਾ ਸੀ ਪਰ ਸਤਿਗੁਰੂ ਜੀ ਦੀ ਰਜ਼ਾ ਹੀ ਐਸੀ ਸੀ ਕਿ ਕਿਸੇ ਨਾ ਕਿਸੇ ਕਾਰਨ ਇਸ ਵਿਚ ਖੜੋਤ ਆਉਂਦੀ ਗਈ ਪਰ ਜਦੋਂ ਵੀ ਮੈਨੂੰ ਸਿਰ ਤੇ ਮੌਤ ਦਾ ਪਰਛਾਵਾਂ ਮੰਡਰਾਂਦਾ ਲਗਦਾ ਮੇਰੀ ਇਹ ਤਮੰਨਾ ਅਧੂਰੀ ਰਹਿੰਦੀ ਲਗਦੀ ਤੇ ਫਿਰ ਮਰਨ ਤੋਂ ਪਹਿਲਾਂ ਆਪਣੀ ਇਸ ਰੀਝ ਨੂੰ ਪੂਰਿਆਂ ਕਰਨ ਲਈ ਬੈਠ ਜਾਂਦਾ ਅਤੇ ਸਤਿਗੁਰੂ ਜੀ ਨਾਲ ਕੁਝ ਕੁ ਬੀਤੇ ਪਲਾਂ ਨੂੰ ਅੱਖਰਾਂ ਦਾ ਰੂਪ ਦੇਣ ਲਈ ਜਤਨਸ਼ੀਲ ਹੋ ਉਠਦਾ।

ਇਕ ਵਾਰ ਮੇਰੇ ਇਕ ਬੜੇ ਪਿਆਰੇ ਮਿੱਤਰ ਨੇ ਮੈਨੂੰ ਇਹ ਆਖ ਕੇ ਮੇਰੀ ਸਾਰੀ ਫੂਕ ਕੱਢ ਦਿਤੀ ਸੀ ਕਿ ਸਾਜਨ ਤੂੰ ਇਹ ਲਿਖ ਕੇ ਸਾਬਤ ਕੀ ਕਰਨਾ ਚਾਹੁੰਦਾ ਹੈਂ? ਕਿਉਂ ਕਿ ਉਹ ਮੇਰਾ ਮਿਤਰ ਮੇਰੇ ਜੀਵਨ ਦੀਆਂ ਤੱਲਖ ਘਟਨਾਵਾਂ ਤੋਂ ਭਲੀਭਾਂਤ ਜਾਣੂ ਸੀ, ਅਤੇ ਉਹ ਇਹ ਵੀ ਜਾਣਦਾ ਸੀ ਕਿ ਇਸ ਵਿਚ ਇਤਿਹਾਸ ਦੀ ਕੋਈ ਖਾਸ ਗੱਲ ਨਹੀਂ ਕੀਤੀ ਜਾ ਰਹੀ ਅਤੇ ਇਤਿਹਾਸ ਬਗੈਰ ਪੁਸਤਕ ਨੂੰ ਕੀ ਕੋਈ ਪੜ੍ਹੇਗਾ । ਮੈਂ ਉਸਦੀ ਇਸ ਦਲੀਲ ਤੋਂ ਨਿਰਾਸ਼ ਹੋ ਕਲਮ ਛੱਡ ਬੈਠਾ ਅਤੇ ਲੰਮਾ ਸਮਾਂ ਨਿਰਾਸ਼ਤਾ ਨਾਲ ਘੁਲਦਾ ਰਿਹਾ ਪਰ ਇਕ ਮੇਰੇ ਅੰਦਰ ਰੀਝ ਜੋ ਹਮੇਸ਼ਾਂ ਪਲਪਦੀ ਰਹਿੰਦੀ ਉਸ ਦਾ ਹੁਲਾਰਾ ਜਿਹਾ ਆਇਆ। ਮੈਂ ਆਪਣੇ ਪ੍ਰੀਤਮ ਦੇ ਗੁਣ ਗਾਣ ਲਈ ਫਿਰ ਕਲਮ ਫੜ ਬੈਠਾ। ਮੈਂ ਵਿਦਵਾਨਾਂ ਵਾਂਗ ਲਿਖਣਾ ਨਹੀਂ ਜਾਣਦਾ ਅਤੇ ਨਾ ਹੀ ਮੈਨੂੰ ਅਜਿਹਾ ਲਿਖਣ ਦੀ ਲੋੜ ਹੈ ਮੈਂ ਤਾਂ ਸਿਰਫ ਆਪਣੇ ਪ੍ਰੀਤਮ ਦੇ ਗੁਣ ਗਾਣ ਕੀਤੇ ਹਨ। ਇਸਨੂੰ ਪਾਠਕ ਆਪਣੇ ਆਪਣੇ ਨਜ਼ਰੀਏ ਤੋਂ ਘੋਖਣ ਪਰਖਣਗੇ। ਮੈਂ ਸਭ ਦਾ ਸ਼ੁਕਰਗੁਜ਼ਾਰ ਹੀ ਹੋਵਾਂਗਾ ਬੱਸ ਮੇਰੀ ਰੀਝ ਹੈ ਮੇਰੇ ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਨੂੰ ਪ੍ਰਵਾਨ ਹੋ ਜਾਵੇ। ਮੈਨੂੰ ਸੰਪੂਰਨ ਯਕੀਨ ਹੈ ਜੋ ਮੈਨੂੰ ਉਹਨਾਂ ਨੇ ਬਚਨ ਕਰਕੇ ਇਹ ਬਖ਼ਸ਼ਿਸ਼ ਕੀਤੀ ਹੈ "ਸਾਜਨ ਮੈਂ ਤਾਂ ਤੇਰੇ ਸਿਰ ਤੋਂ ਕਦੇ ਹੱਥ ਚੁਕਿਆ ਹੀ ਨਹੀਂ" "ਤੈਨੂੰ ਕਦੇ ਕਦੇ ਭੁਲੇਖਾ ਕਿਉਂ ਲਗ ਜਾਂਦਾ ਹੈ" । ਬੱਸ ਮੇਰੀ ਤਾਂ ਆਪਣੇ ਰਹਿਬਰ ਪਿਆਰੇ ਪ੍ਰੀਤਮ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਇਹੀ ਅਰਦਾਸ ਹੈ ਉਹ ਸਦਾ ਮੇਰੇ ਸਿਰ ਤੇ ਹੱਥ ਰਖਣ ਤੇ ਮੈਨੂੰ ਕਦੇ ਵੀ ਕੋਈ ਭਰਮ ਭੁਲੇਖਾ ਉਹਨਾਂ ਤੋਂ ਦੂਰ ਨਾ ਕਰ ਸਕੇ ।

11 -11-2011

ਸੰਤੋਖ ਸਿੰਘ ਸਾਜਨ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਬਦਾਮਾਂ ਵਾਲਾ ਸਤਿਗੁਰੂ

ਮੈਂ ਉਦੋਂ ਕਰੀਬ ਅੱਠ ਕੁ ਸਾਲ ਦੀ ਉਮਰ ਦਾ ਸੀ ਜਦੋਂ ਮੇਰੇ ਪਿੰਡ ਮਲੀਆਂ ਕਲਾਂ ਵਿਚ ਜ਼ਿਲ੍ਹਾ ਸ਼ੇਖੂਪੁਰਾ ਪਾਕਿਸਤਾਨ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹੋਰਾਂ ਦਰਸ਼ਨ ਦਿਤੇ। ਮੇਰੇ ਪਿੰਡ ਵਿਚ ਮਿਸਤਰੀ ਮੇਵਾ ਸਿੰਘ ਨਾਮਧਾਰੀ ਸੀ ਤੇ ਉਸਦਾ ਸਾਰਾ ਪਰਿਵਾਰ ਹੀ ਨਾਮਧਾਰੀ ਮਰਿਆਦਾ ਦਾ ਧਾਰਨੀ ਸੀ। ਉਹਨੀਂ ਦਿਨੀਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਦੇ ਘਰੀਂ ਦਰਸ਼ਨ ਦੇਣ, ਚਰਨ ਪਾਣ ਘੋੜਿਆਂ ਤੇ ਜਾਂਦੇ ਸੀ। ਜਦ ਸਤਿਗੁਰੂ ਜੀ ਦੌਰੇ ਤੇ ਜਾਂਦੇ ਸੀ ਭਾਵ ਸਿਖ ਸੰਗਤਾਂ ਨੂੰ ਦਰਸ਼ਨ ਦੇਣ ਪਿੰਡੋ ਪਿੰਡ ਘੋੜਿਆਂ ਤੇ ਸਫ਼ਰ ਕਰਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਆਪਣੇ ਸੇਵਕਾਂ ਦੀਆਂ ਮਨੋ ਕਾਮਨਾਵਾਂ ਪੂਰੀਆਂ ਕਰਦੇ ਸੀ। ਸਿੱਖ ਸਤਿਗੁਰੂ ਜੀ ਕੋਲ ਜਾ ਕੇ ਅਰਜ਼ ਕਰਦੇ ਆਪਣੇ ਘਰ ਨੂੰ ਪਵਿੱਤਰ ਕਰਨ ਲਈ ਅਤੇ ਸਤਿਗੁਰੂ ਜੀ ਸਿੱਖਾਂ ਦੀਆਂ ਇਛਾਵਾਂ ਪੂਰੀਆਂ ਕਰਨ ਲਈ ਘੋੜਿਆਂ ਤੇ ਸਿੱਖਾਂ ਸੇਵਕਾਂ ਸਹਿਤ ਨੇੜੇ ਨੇੜੇ ਪਿੰਡਾਂ ਦਾ ਦੌਰਾ ਕਰ ਆਪਣੇ ਸੇਵਕਾਂ ਦੇ ਘਰੀਂ ਪਹੁੰਚ ਕੇ ਦਰਸ਼ਨ ਦਿੰਦੇ ਤੇ ਸਿੱਖੀ ਨੂੰ ਹਰਾ ਭਰਾ ਰੱਖਣ ਲਈ ਉਪਦੇਸ਼ ਦਿੰਦੇ। ਸਤਿਗੁਰੂ ਜੀ ਜਿਹੜੇ ਪਿੰਡ ਜਾਣਾ ਹੁੰਦਾ ਉਥੇ ਰਹਿਣ ਵਾਲੇ ਸਿੰਘ ਆਪਣੇ ਸਾਰੇ ਪਿੰਡ ਵਿਚ ਆਪਣੇ ਮੇਲੀਆਂ ਸੰਬੰਧੀਆਂ ਨੂੰ ਪਹਿਲਾਂ ਹੀ ਸਤਿਗੁਰੂ ਜੀ ਦੇ ਆਉਣ ਬਾਰੇ ਦੱਸ ਦਿੰਦੇ ਅਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਕਹਿੰਦੇ।

ਉਹਨੀ ਦਿਨੀਂ ਆਪਸੀ ਮਿੱਤਰਤਾ ਵਰਤਣ ਵਿਹਾਰ; ਮੇਲ ਮਿਲਾਪ ਬਹੁਤ ਜ਼ਿਆਦਾ ਹੁੰਦਾ ਸੀ। ਸੋ ਜਿਸ ਪਿੰਡ ਵਿਚ ਸਤਿਗੁਰੂ ਜੀ ਪਹੁੰਚਦੇ ਭਾਵੇਂ ਉਸ ਪਿੰਡ ਵਿਚ ਨਾਮਧਾਰੀ ਸਿੱਖਾਂ ਦੇ ਗਿਣਤੀ ਦੇ ਘਰ ਹੁੰਦੇ ਪਰ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਕਰੀਬ ਕਰੀਬ ਸਾਰਾ ਪਿੰਡ ਹੀ ਉਮੜ ਪੈਂਦਾ। ਇਸੇ ਹੀ ਤਰ੍ਹਾਂ ਮੇਰੇ ਪਿੰਡ ਮਲੀਆਂ ਕਲਾਂ ਵਿਚ ਇਕ ਨਾਮਧਾਰੀ ਸਿੱਖ ਮਿਸਤਰੀ ਮੇਵਾ ਸਿੰਘ ਦਾ ਵੀ ਪਰਿਵਾਰ ਸੀ; ਜੋ ਮੇਰੇ ਪਿਤਾ ਸ੍ਰ. ਈਸ਼ਰ ਸਿੰਘ ਦੀ ਉਮਰ ਤੋਂ ਵੱਡਾ ਸੀ। ਜਿਹਨਾਂ ਨੂੰ ਮੈਂ ਬਾਪੂ ਜੀ ਕਹਿਕੇ ਹੀ ਬੁਲਾਉਂਦਾ ਸੀ। ਪਰ ਇਹ ਨਹੀਂ ਪਤਾ ਉਹਨਾ ਨੂੰ ਮੈਂ ਦਾਦਾ ਜੀ ਦਾ ਰੁਤਬਾ ਦਿੰਦਾ ਸੀ ਜਾਂ ਤਾਇਆ ਜੀ ਦਾ। ਪਰ ਉਹ ਮੇਰੇ ਪਿਤਾ ਜੀ ਤੋਂ ਕਾਫੀ ਵੱਡੀ ਉਮਰ ਦੇ ਸਨ। ਉਹਨਾਂ ਦੇ ਪਰਿਵਾਰ ਅਤੇ ਸਾਡੇ ਪਰਿਵਾਰ ਵਿਚ ਕਾਫੀ ਗੂੜ੍ਹੀ ਸਾਂਝ ਤੇ ਮਿਲਵਰਤਨ ਸੀ; ਜਿਸ ਕਰਕੇ ਮੈਨੂੰ ਅੱਠ ਸਾਲ ਦੀ ਉਮਰ ਵਿਚ ਹਰ ਗੱਲ ਦੀ ਪੂਰੀ ਸਮਝ ਸੀ। ਮੈਨੂੰ ਪੂਰਾ ਯਾਦ ਹੈ ਕਿ ਉਹਨਾਂ ਦੇ ਪਰਿਵਾਰ ਦਾ ਸਾਡੇ ਘਰ ਤੇ ਸਾਡੇ ਪਰਿਵਾਰ ਦਾ ਉਹਨਾਂ ਘਰ ਕਾਫੀ ਆਉਣ ਜਾਣ ਸੀ।



Sri Satguru Jagjit Singh Ji eLibrary NamdhariElibrary@gmail.com

### ਬਾਪੂ ਮੇਵਾ ਸਿੰਘ

ਇਕ ਦਿਨ ਮੈਨੂੰ ਤਾਰੀਕ ਤਾਂ ਯਾਦ ਨਹੀਂ, ਪਰ ਇਹ ਜ਼ਰੂਰ ਯਾਦ ਹੈ। ਇਕ ਸਵੇਰ ਮੈਨੂੰ ਮੇਰੀ ਮਾਂ ਬਾਲ ਕੌਰ ਜਿਸਨੂੰ ਅਸੀਂ ਸਾਰੇ ਭੈਣ ਭਰਾ ਮਾਤਾ ਨਹੀਂ ਬੇਬੇ ਕਹਿੰਦੇ ਸਾਂ।(ਉਸ ਵਕਤ ਪਿੰਡਾਂ ਵਿਚ ਮਾਤਾ ਨੂੰ ਬੇਬੇ ਆਖਣ ਦਾ ਰਿਵਾਜ ਸੀ।) ਮੇਰੀ ਬੇਬੇ ਨੇ ਸਵੇਰੇ ਹੀ ਉਠਾ ਕੇ ਨੁਹਾ ਦਿੱਤਾ ਤੇ ਨਵੇਂ ਨਕੋਰ ਚਿੱਟੇ ਰੰਗ ਦੇ ਕੱਪੜੇ ਕੁੜਤਾ ਕਛਹਿਰਾ ਤੇ ਪਜਾਮਾ ਪਾ ਮੇਰੇ ਸਿਰ ਦੇ ਜੂੜੇ ਤੇ ਚਿੱਟੇ ਰੰਗ ਦਾ ਰੁਮਾਲ ਬੰਨ੍ਹ ਦਿੱਤਾ। ਸਾਰੇ ਮੇਰੇ ਭੈਣਾਂ ਭਰਾਵਾਂ ਨੂੰ ਤਿਆਰ ਕਰ ਸਾਨੂੰ ਬਾਪੂ ਮੇਵਾ ਸਿੰਘ ਦੇ ਘਰ ਲੈ ਗਈ ਜਿਥੇ ਮੇਰੇ ਪਿਤਾ ਜੀ ਅਤੇ ਹੋਰ ਕਈ ਸਿੰਘ ਪਹਿਲਾਂ ਹੀ ਘਰ ਨੂੰ ਸੁਆਰਨ ਸੰਵਰਨ ਵਿਚ ਰੁਝੇ ਹੋਏ ਸੀ। ਅਸੀਂ ਬਾਪੂ ਮੇਵਾ ਸਿੰਘ ਦੇ ਘਰ ਪਹੁੰਚ ਕੇ ਦਰੀਆਂ ਉਤੇ ਵਿਛੀਆਂ ਚਿਟੀਆਂ ਚਾਦਰਾਂ ਤੇ ਬੈਠ ਗਏ। ਮੇਰੀ ਮਾਤਾ, ਬਾਪੂ ਮੇਵਾ ਸਿੰਘ ਦੀ ਘਰ ਵਾਲੀ ਬੇਬੇ ਜੁਵਾਲਾ ਦੇਈ ਤੋਂ ਝਾੜੂ ਫੜ ਗਲੀ ਹੁੰਝਣ ਲਗ ਗਈ। ਮੇਰੀ ਮਾਂ ਦੀ ਉਮਰ ਦੀਆਂ ਕਈ ਹੋਰ ਔਰਤਾਂ ਵੀ ਉਥੇ ਝਾੜੂ ਦੇ ਰਹੀਆਂ ਸਨ ਅਤੇ ਪਾਣੀ ਛਿੜਕ ਰਹੀਆਂ ਸਨ ਤਾਂ ਜੋ ਘੱਟਾ ਮਿੱਟੀ ਨਾ ਉਡੇ।

ਦਿਨ ਦੇ ਦਸ ਕੁ ਵਜੇ ਦੇ ਕਰੀਬ ਪਿੰਡ ਦੇ ਬਾਹਰੋਂ ਧੂੜ ਉਡਦੀ ਨਜ਼ਰ ਆਈ। ਸਾਰੇ ਲੋਕ ਹਥਲੇ ਕੰਮ ਛੱਡ ਗਲੀ ਵਿਚ ਦੋਹੀਂ ਪਾਸੀਂ ਲਾਈਨਾਂ ਵਿਚ ਖੜ੍ਹੇ ਹੋ ਗਏ। ਕਈਆਂ ਦੇ ਹੱਥਾਂ ਵਿਚ ਨਿੱਕੀਆਂ ਟੋਕਰੀਆਂ ਵਿਚ ਫੁੱਲਾਂ ਦੀਆਂ ਪੱਤੀਆਂ ਸਨ ਤੇ ਕਈ ਬਜ਼ੁਰਗਾਂ ਅਤੇ ਬਾਪੂ ਮੇਵਾ ਸਿੰਘ ਦੇ ਸਾਰੇ ਪਰਿਵਾਰ ਦੇ ਹੱਥਾਂ ਵਿਚ ਫੁੱਲਾਂ ਦੇ ਹਾਰ ਫੜੇ ਹੋਏ ਸੀ। ਮੈਨੂੰ ਇਸ ਸਾਰੀ ਖੇਡ ਬਾਰੇ ਕੋਈ ਗਿਆਨ ਨਹੀਂ ਸੀ। ਪਰ ਇਨਾਂ ਪਤਾ ਸੀ ਕਿ ਅੱਜ ਨਾਮਧਾਰੀਆਂ ਦੇ ਗੁਰੂ ਨੇ ਆਉਣਾ ਹੈ ਅਤੇ ਅਸੀਂ ਉਹਨਾਂ ਦੇ ਦਰਸ਼ਨ ਕਰਨੇ ਹਨ। ਬਸ ਇਸ ਸਿਕ ਵਿਚ ਹੀ ਮੈਂ ਵੀ ਆਪਣੀ ਮਾਤਾ ਤੇ ਪਰਿਵਾਰ ਨਾਲ ਲੰਮੀ ਲਾਈਨ ਵਿਚ ਡਟਿਆ ਖੜੋਤਾ ਸੀ।

### ਭਾਗਾਂ ਵਾਲਾ ਪੁੱਤਰ

ਗਲੀ ਦੇ ਸ਼ੁਰੂ ਹੋਣ ਤੇ ਘੋੜਾ ਰੁਕਿਆ ਅਤੇ ਉਸ ਉਤੋਂ ਇਕ ਸੋਹਣੇ ਕੱਦ ਵਾਲਾ ਚਿੱਟੇ ਕਪੜਿਆਂ ਵਾਲਾ ਉਤਰਿਆ। ਸਭ ਤੋਂ ਪਹਿਲਾਂ ਬਾਪੂ ਮੇਵਾ ਸਿੰਘ ਨੇ ਪੂਰੇ ਜ਼ੋਰ ਨਾਲ 'ਜੋ ਬੋਲੇ ਸੋ ਨਿਹਾਲ' ਉਚਾਰਿਆ ਤੇ 'ਸਤਿ ਸ੍ਰੀ ਅਕਾਲ' ਨਾਲ ਸਾਰੀ ਸੰਗਤ ਨੇ ਅਕਾਸ਼ ਗੂੰਜਾ ਦਿੱਤਾ। ਸਤਿਗੁਰੂ ਜੀ ਅੱਗੇ ਅੱਗੇ ਤੁਰਦੇ ਆ ਰਹੇ ਸੀ ਅਤੇ ਲਾਈਨ ਵਿਚ ਖੜੋਤੀਆਂ ਸੰਗਤਾਂ ਜੈਕਾਰਿਆਂ ਨਾਲ ਧਰਤ ਅਕਾਸ਼ ਗੂੰਜਾਂਦੀਆਂ ਸਤਿਗੁਰੂ ਜੀ ਤੇ ਫੁੱਲਾਂ ਦੀ ਵਰਖਾ ਕਰ ਰਹੀਆਂ ਸਨ। ਸਤਿਗੁਰੂ ਜੀ ਘਰ ਦੇ ਦਰਵਾਜ਼ੇ ਅੱਗੇ ਆਣ ਕੇ ਰੁਕੇ। ਪਿੰਡ ਦੇ ਸਾਰੇ ਪਤਵੰਤੇ ਬਜ਼ੁਰਗਾਂ ਤੇ ਬਾਪੂ ਮੇਵਾ ਸਿੰਘ ਦੇ ਸਾਰੇ ਪਰਿਵਾਰ ਨੇ ਸਤਿਗੁਰੂ ਜੀ ਦੇ ਗਲ ਵਿਚ ਹਾਰ ਪਾਏ ਤੇ ਸੀਸ



Sri Satguru Jagjit Singh Ji eLibrary NamdhariElibrary@gmail.com

ਨਿਵਾਇਆ । ਸਤਿਗੁਰੂ ਜੀ ਖੁਲ੍ਹੇ ਵੇਹੜੇ ਵਿਚ ਵਿਛਾਏ ਮੰਜੇ ਤੇ ਸਸ਼ੋਭਤ ਹੋ ਗਏ। ਸਭ ਤੋਂ ਪਹਿਲਾਂ ਘਰ ਦੇ ਪਰਿਵਾਰ ਨੇ ਸਤਿਗੁਰੂ ਜੀ ਦੇ ਚਰਨ ਪਰਸੇ। ਫਿਰ ਵਾਰੀ ਵਾਰੀ ਲਾਈਨ ਵਿਚ ਲੱਗੇ ਸਾਰੇ ਪਿੰਡ ਨੇ ਚਰਨ ਪਰਸੇ। ਸਤਿਗੁਰੂ ਜੀ ਮੰਜੇ ਤੇ ਬੈਠੇ ਸੀ ਅਤੇ ਇਕ ਸਿੱਖ ਮੰਜੇ ਦੇ ਕੋਲ ਖੜ੍ਹੋਤਾ ਸਤਿਗੁਰੂ ਜੀ ਤੇ ਚੌਰ ਕਰ ਰਿਹਾ ਸੀ। ਨਾਲ ਹੀ ਇਕ ਸਿੱਖ ਬੈਠਾ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਨ ਵਾਲੇ ਨੂੰ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਪਨ ਹੋਈਆਂ ਭੇਟਾਵਾਂ ਵਰਤਾ ਰਿਹਾ ਸੀ ਅਤੇ ਦੂਜਾ ਸਿੱਖ ਹਰ ਇਕ ਨੂੰ ਬਦਾਮਾਂ ਦਾ ਬੁਕ ਭਰ ਭਰ ਕੇ ਦੇ ਰਿਹਾ ਸੀ। ਲਾਈਨ ਵਿਚ ਲੱਗ ਮੈਂ ਵੀ ਆਪਣੀ ਮਾਂ ਦੇ ਨਾਲ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਤਾਂ ਮੇਰਾ ਮੱਥਾ ਪੂਰੀ ਤਰ੍ਹਾਂ ਚਰਨਾਂ ਦੇ ਉਤੇ ਟਿੱਕ ਗਿਆ। ਮੈਂ ਇਉਂ ਜਾਣ ਬੁੱਝ ਕੇ ਜਾਂ ਸ਼ਰਧਾ ਭਾਵਨਾ ਨਾਲ ਤਾਂ ਨਹੀਂ ਕਹਿ ਸਕਦਾ ਕਿਉਂ ਕਿ ਅੱਠ ਸਾਲ ਦੀ ਉਮਰ ਵਿਚ ਸ਼ਰਧਾ ਭਾਵਨਾ ਜਾਂ ਹੋਰ ਅਜਿਹੀਆਂ ਗੱਲਾਂ ਬਾਰੇ ਮੈਨੂੰ ਕੋਈ ਗਿਆਨ ਨਹੀਂ ਸੀ। ਇਹ ਇਕ ਕੁਦਰਤੀ ਇਤਫਾਕ ਹੀ ਸੀ ਜੋ ਮੇਰਾ ਮੱਥਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਤੇ ਪੂਰੀ ਤਰ੍ਹਾਂ ਟਿਕ ਗਿਆ ਅਤੇ ਬਾਕੀਆਂ ਨਾਲੋਂ ਕੁਝ ਸਕਿੰਟ ਜ਼ਿਆਦਾ ਚਿਰ ਟਿਕਿਆ ਰਿਹਾ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਮੇਰੇ ਲਈ ਇੰਨੇ ਹੀ ਪਲਾਂ ਵਿਚ ਬਖਸ਼ਿਸ਼ਾਂ ਦੇ ਭੰਡਾਰ ਦੇ ਪੂਰੇ ਦਰਵਾਜ਼ੇ ਖੋਲ੍ਹ ਦਿੱਤੇ ਜਿਸਦੇ ਬਾਰੇ ਮੈਨੂੰ ਕੋਈ ਪਤਾ ਨਹੀਂ ਲੱਗਾ। ਪਰ ਮੇਰੀ ਮਾਂ ਦੀ ਖੁਸ਼ੀ ਅਤੇ ਲੋਕਾਂ ਦੀਆਂ ਗੱਲਾਂ ਤੋਂ ਮੈਨੂੰ ਪਤਾ ਲੱਗਾ ਕਿ ਜਦੋਂ ਮੈਂ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਸੀ, ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇਂ ਬਖਸ਼ਿਸ਼ ਕਰਦਿਆਂ ਮੇਰੇ ਸਿਰ ਦੇ ਜੂੜੇ ਤੇ ਪਏ ਰੁਮਾਲ ਨੂੰ ਆਪਣੇ ਹਸਤ ਕੰਵਲਾਂ ਨਾਲ ਛੂਹਿਆ ਭਾਵ ਛੇੜਿਆ ਸੀ ਅਤੇ ਇਸੇ ਹੱਥ ਦੀ ਛੂਹ ਨੇਂ ਹੀ ਮੇਰੀ ਮਾਂ ਦੀਆਂ ਸਧਰਾਂ ਰੀਝਾਂ ਉਮੰਗਾਂ ਨੂੰ ਸਰਸ਼ਾਰ ਕਰ ਦਿੱਤਾ ਸੀ। ਉਹ ਸਮਝਦੀ ਸੀ ਮੇਰਾ ਪੁੱਤਰ ਬੜੇ ਵੱਡੇ ਭਾਗਾਂ ਵਾਲਾ ਹੈ ਜਿਸ ਦੇ ਸਿਰ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੱਥ ਦੀ ਛੋਹ ਨਸੀਬ ਹੋਈ ਹੈ। ਇਸੇ ਹੀ ਗੱਲ ਨੂੰ ਵੇਖਣ ਵਾਲੇ ਮੇਰੇ ਭਾਗਾਂ ਨੂੰ ਸਲਾਹ ਰਹੇ ਸੀ, ਜਿਸ ਤੋਂ ਆਪਣੀ ਬਾਲ ਬੁੱਧੀ ਕਾਰਨ ਮੈਂ ਅਨਜਾਣ ਸਾਂ।

## ਸੋਹਣਾ ਸਤਿਗੁਰੂ

ਮੈਂ ਮੱਥਾ ਟੇਕਣ ਪਿਛੋਂ ਲਲਚਾਈਆਂ ਨਜ਼ਰਾਂ ਨਾਲ ਪਰਸਾਦ ਵੰਡਣ ਵਾਲੇ ਕੋਲ ਗਿਆ ਜੋ ਕੋਲ ਹੀ ਬੈਠਾ ਵਰਤਾ ਰਿਹਾ ਸੀ। ਮੈਂ ਵੇਖਿਆ ਉਹ ਬਦਾਮਾਂ ਦਾ ਬੁੱਕ ਭਰ ਭਰ ਹਰੇਕ ਨੂੰ ਦੇ ਰਿਹਾ ਸੀ। ਮੇਰਾ ਬੁੱਕ ਉਸਦੇ ਬੁੱਕ ਤੋਂ ਬਹੁਤ ਛੋਟਾ ਸੀ; ਪਰ ਮੇਰੇ ਲਾਲਚ ਨੂੰ ਫੌਰਨ ਸੁੱਝੀ ਤੇ ਮੈਂ ਆਪਣੇ ਝੱਗੇ ਦੀ ਝੋਲੀ ਬਦਾਮ ਦੇਣ ਵਾਲੇ ਦੇ ਅੱਗੇ ਕਰ ਦਿੱਤੀ। ਉਸਨੇ ਇਕ ਤਗੜਾ ਬਦਾਮਾਂ ਦਾ ਬੁੱਕ ਮੇਰੀ ਝੋਲੀ ਵਿਚ ਪਾ



Sri Satguru Jagjit Singh Ji eLibrary NamdhariElibrary@gmail.com

ਦਿਤਾ। ਮੈਂ ਝੱਗੇ ਦੀ ਝੋਲੀ ਸਮੇਟ ਮਾਂ ਦੇ ਕੋਲ ਆਣ ਬੈਠਾ, ਪਰ ਮੇਰਾ ਸਤਿਗੁਰੂ ਜੀ ਦੇ ਚਿਹਰੇ ਤੋਂ ਧਿਆਨ ਨਹੀਂ ਸੀ ਹਟਦਾ। ਇਸ ਲਈ ਨਹੀਂ ਕਿ ਮੈਨੂੰ ਕੋਈ ਅਗੰਮੀ ਸੁਆਦ ਆ ਰਿਹਾ ਸੀ ਜਾਂ ਮੇਰੇ ਅੰਦਰ ਇੰਨੀ ਸ਼ਰਧਾ ਭਾਵਨਾ ਹੈ ਜਾਂ ਮੇਰੇ ਅੰਦਰ ਖਿੱਚ ਪੈ ਰਹੀ ਸੀ। ਨਹੀਂ, ਕਿਉਂਕਿ ਮੈਨੂੰ ਇਨ੍ਹਾਂ ਗੱਲਾਂ ਬਾਰੇ ਤਾਂ ਕੁਝ ਪਤਾ ਹੀ ਨਹੀਂ ਸੀ। ਮੈਂ ਤਾਂ ਵੇਖ ਰਿਹਾ ਸਾਂ ਕਿ ਇਹ ਕਿੰਨਾ ਸੋਹਣਾ ਹੈ! ਇਹ ਗੱਲ ਕਰਦਾ ਹੈ ਤਾਂ ਸਾਰੇ ਕਿੰਨੇ ਧਿਆਨ ਨਾਲ ਇਸ ਦੀ ਗੱਲ ਸੁਣਦੇ ਹਨ। ਕੋਈ ਇਸ ਦੇ ਅੱਗੇ ਬੋਲਣ ਦੀ ਹਿੰਮਤ ਨਹੀਂ ਕਰਦਾ। ਕੋਈ ਅੱਗੋਂ ਜਵਾਬ ਨਹੀਂ ਦਿੰਦਾ। ਸਾਰੇ ਹੱਥ ਜੋੜ ਕੇ ਹਰ ਗੱਲ ਤੇ ਸਿਰ ਝੁਕਾਈ ਜਾਂਦੇ ਹਨ। ਮੈਂ ਵੇਖ ਰਿਹਾ ਸੀ ਇਸ ਦੇ ਭਰਵੇਂ ਮੂੰਹ ਤੇ ਭਰਵਾਂ ਚਿੱਟਾ ਦਾਹੜਾ ਫੱਬਦਾ ਹੈ। ਇਹ ਕਿੰਨਾ ਲੰਮਾ ਹੈ ਤੇ ਕਿੰਨਾ ਸਿੱਧਾ ਏ। ਇਹ ਹੱਸਦਾ ਤੇ ਕਿੰਨਾ ਪਿਆਰਾ ਲੱਗਦਾ ਏ। ਇਸ ਤਰ੍ਹਾਂ ਮੇਰਾ ਪਿਤਾ ਜਾਂ ਇਹਨਾਂ ਬੈਠੇ ਲੋਕਾਂ ਵਿੱਚੋਂ ਹੱਸਿਆਂ ਇਨਾ ਪਿਆਰਾ ਹੋਰ ਕੋਈ ਕਿਉਂ ਨਹੀਂ ਲੱਗਦਾ। ਮੈਂ ਆਪਣੀ ਬਾਲ ਬੁੱਧੀ ਅਨੁਸਾਰ ਹੀ ਸੋਚੀ ਜਾ ਰਿਹਾ ਸੀ। ਬਦਾਮ ਦੇਣ ਵਾਲਾ ਤੇ ਉਤੇ ਚੌਰ ਵਾਲਾ ਇਹ ਵੀ ਤਾਂ ਕਿੰਨੇ ਜੁਆਨ ਤੇ ਮੋਟੇ ਹਨ। ਪਰ ਇਹਦੇ ਵਾਂਗ ਤਾਂ ਸੋਹਣੇ ਨਹੀਂ ਲੱਗਦੇ । ਫਿਰ ਮੈਨੂੰ ਆਪ ਨੂੰ ਹੀ ਸੋਚ ਆਈ ਕਿ ਇਹ ਇਹਦੇ ਵਾਂਗ ਤਾਂ ਨਹੀਂ ਲੱਗਦੇ, ਇਹ ਗੁਰੂ ਨਹੀਂ ਤੇ ਇਹ ਗੁਰੂ ਹੈ। ਬਸ ਇਹੋ ਹੀ ਫਰਕ ਹੈ। ਇਹ ਤੇ ਅਸੀਂ ਸਾਰੇ ਹੀ ਗੁਰੂ ਨਹੀਂ, ਗੁਰੂ ਤਾਂ ਇਹ ਇਕੱਲਾ ਹੀ ਹੈ। ਤਾਂ ਹੀ ਇਹ ਸੋਹਣਾ ਲੱਗਦਾ ਹੈ। ਤਾਂ ਹੀ ਇਹਨੂੰ ਮੱਥਾ ਟੇਕੀ ਜਾਂਦੇ ਹਨ। ਕੀ ਗੁਰੂ ਇਕੱਲਾ ਹੀ ਸੋਹਣਾ ਹੁੰਦਾ ਹੈ। ਜਾਂ ਜਿਹੜਾ ਸਾਰਿਆਂ ਤੋਂ ਸੋਹਣਾ ਹੋਵੇ ਉਹਨੂੰ ਹੀ ਗੁਰੂ ਕਹਿੰਦੇ ਹਨ। ਮੈਂ ਆਪਣੀਆਂ ਸੋਚਾਂ ਵਿੱਚੋਂ ਨਿਕਲ ਕੇ ਲੋਕਾਂ ਵੱਲ ਵੇਖਿਆ ਤਾਂ ਸਾਰੇ ਹੀ ਮੇਰੀ ਮਾਂ ਸਮੇਤ  ਗੁਰੂ ਜੀ ਵੱਲ ਹੀ ਵੇਖ ਰਹੇ ਸੀ। ਫਿਰ ਮੈਨੂੰ ਇਹ ਯਕੀਨ ਹੋ ਗਿਆ ਕਿ ਮੈਂ ਇਕੱਲਾ ਹੀ ਨਹੀਂ ਸਾਰੇ ਹੀ ਇਹਨੂੰ ਸੋਹਣਾ ਗੁਰੂ ਮੰਨਦੇ ਹਨ। ਸਾਰੇ ਹੀ ਇਹਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਦੇ ਹਨ। ਪਰ ਪਤਾ ਨਹੀਂ ਇਹ ਕੀ ਗੱਲਾਂ ਕਰ ਰਿਹਾ ਹੈ।  ਮੈਨੂੰ ਤਾਂ ਕੋਈ ਸਮਝ ਨਹੀਂ ਆਉਂਦੀ। ਪਰ ਇਹਨਾਂ ਸਾਰਿਆਂ ਨੂੰ ਇਹਦੀਆਂ ਗੱਲਾਂ ਦੀ ਸਮਝ ਆਉਂਦੀ ਹੈ, ਤਾਂ ਹੀ ਧਿਆਨ ਨਾਲ ਸੁਣਦੇ ਹਨ ਤੇ ਹਾਂ ਜੀ ਹਾਂ ਜੀ ਕਰੀ ਜਾ ਰਹੇ ਹਨ। ਚਲੋ ਮੈਂ ਗੱਲਾਂ ਤੋਂ ਕੀ ਲੈਣਾ ਹੈ। ਮੈਨੂੰ ਤਾਂ ਚੋਖੇ ਬਦਾਮ ਮਿਲ ਗਏ ਹਨ, ਜੋ ਮੇਰੇ ਤੋਂ ਕਈ ਦਿਨ ਨਹੀਂ ਮੁੱਕਣੇ। ਪਰ ਇਹ ਬਦਾਮ ਤਾਂ ਮੁੱਕ ਜਾਣੇ ਹਨ। ਪਤਾ ਨਹੀਂ ਇਹ ਬਦਾਮਾਂ ਵਾਲਾ ਗੁਰੂ ਫੇਰ ਕਦੋਂ ਆਵੇਗਾ। ਮੇਰੇ ਮਨ ਨੂੰ ਤੌਖਲਾ ਜਿਹਾ ਹੋਇਆ। ਪਤਾ ਨਹੀਂ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨਾਂ ਦੀ ਖਿੱਚ ਸੀ ਜਾਂ ਬਦਾਮਾਂ ਦਾ ਲਾਲਚ। ਕੁਝ ਵੀ ਹੋਵੇ ਮੇਰੇ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਚੰਗੇ ਸਨ ਤੇ ਚੰਗੇ ਲੱਗਦੇ ਸਨ, ਕਿਉਂਕਿ ਇੰਨੇ ਬਦਾਮ ਮੈਨੂੰ ਅੱਠ ਸਾਲ ਦੀ ਉਮਰ ਤਕ ਕਦੇ ਨਹੀਂ ਸੀ ਮਿਲੇ।



Sri Satguru Jagjit Singh Ji eLibrary NamdhariElibrary@gmail.com

ਸੋ ਮੈਂ ਖੁਸ਼ ਸਾਂ। ਚੌਰ ਕਰਨ ਵਾਲਾ ਤੇ ਪਰਸ਼ਾਦ ਵਰਤਾਉਣ ਵਾਲੇ ਦੀ ਮੈਨੂੰ ਕੋਈ ਜਾਣਕਾਰੀ ਨਹੀਂ ਸੀ। ਮੈਂ ਇਹ ਚੰਗੀ ਤਰ੍ਹਾਂ ਜਾਣ ਚੁੱਕਾ ਸਾਂ ਗੁਰੂ ਇਹ ਹੀ ਹੈ, ਜੋ ਮੰਜੇ ਤੇ ਬੈਠਾ ਹੈ। ਪੜੋਤੇ ਹੋਏ ਤੇ ਦਰੀਆਂ ਤੇ ਬੈਠੇ ਬਾਕੀ ਸਾਰੇ ਬੰਦੇ ਹੀ ਹਨ। ਪਰ ਅੱਜ ਮੈਨੂੰ ਇਹ ਪਤਾ ਹੈ ਕਿ ਮੰਜੇ ਤੇ ਬੈਠੇ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ ਤੇ ਬਾਕੀ ਸਾਰੇ ਸਿੱਖ ਸੇਵਕ ਤੇ ਸੰਗਤ। ਅੱਜ ਮੈਂ ਸੋਚਦਾ ਹਾਂ ਕਿ ਪਤਾ ਨਹੀਂ ਉਸ ਸਮੇਂ ਚੌਰ ਕਰਨ ਵਾਲਾ ਸਿੱਖ ਸੰਤ ਗਿਆਨ ਸਿੰਘ ਸੀ ਜਾਂ ਸੰਤ ਬਹਾਦਰ ਸਿੰਘ ਜੀ, ਜਾਂ ਕੋਈ ਹੋਰ ਸਿੱਖ ਸੇਵਕ। ਇਸੇ ਤਰ੍ਹਾਂ ਹੀ ਬਦਾਮ ਵਰਤਾਉਣ ਵਾਲੇ ਹੋਰ ਸਤਿਗੁਰੂ ਜੀ ਨਾਲ ਆਏ ਸਿੱਖਾਂ ਬਾਰੇ ਕੋਈ ਜਾਣਕਾਰੀ ਨਹੀਂ। ਉਹਨਾਂ ਬਾਰੇ ਮੈਨੂੰ ਜਾਨਣ ਦੀ ਬਹੁਤੀ ਦਿਲਚਸਪੀ ਵੀ ਨਹੀਂ ਸੀ। ਮੇਰੇ ਸਾਹਮਣੇ ਤਾਂ ਦੋ ਹੀ ਗੱਲਾਂ ਸੀ: ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲ ਤੱਕਣਾ ਤੇ ਆਪਣੇ ਬਦਾਮਾਂ ਨੂੰ ਸੰਭਾਲਣਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਮਸਾਂ ਘੰਟਾ ਕੁ ਹੀ ਠਹਿਰੇ ਹੋਣਗੇ। ਸਾਰੀ ਸੰਗਤ ਨੇ ਮੱਥਾ ਟੇਕ ਲਿਆ ਸੀ। ਸਤਿਗੁਰੂ ਜੀ ਸੰਗਤਾਂ ਨੂੰ ਉਪਦੇਸ਼ ਦੇ ਔਰੋਂ ਸੰਗਤਾਂ ਨੂੰ ਦਰਸ਼ਨ ਦੇਣ ਲਈ ਉਠ ਖੜੋਤੇ। ਉਸ ਵੇਲੇ ਬਾਪੂ ਮੇਵਾ ਸਿੰਘ ਦੀਆਂ ਅੱਖਾਂ ਛਲਕ ਰਹੀਆਂ ਸੀ। ਸਾਰੀ ਸੰਗਤ ਦੇ ਚਿਹਰਿਆਂ ਤੇ ਉਦਾਸੀ ਤੇ ਖੁਸ਼ੀ ਰਲਗੱਡ ਹੋਈਆਂ ਪਈਆਂ ਸੀ। ਉਸ ਸਮੇਂ ਕੋਈ ਹੱਸ ਨਹੀਂ ਸੀ ਰਿਹਾ ਪਰ ਰੋ ਵੀ ਕੋਈ ਨਹੀਂ ਸੀ ਰਿਹਾ। ਬਿਨਾਂ ਬਾਪੂ ਮੇਵਾ ਸਿੰਘ ਦੇ ਬਾਕੀ ਸਭ ਸੰਗਤ ਚੁੱਪ ਸੀ। ਸਤਿਗੁਰੂ ਜੀ ਗਲੀ ਵਿਚ ਥੋੜ੍ਹਾ ਜਿਹਾ ਪੈਦਲ ਚੱਲੇ, ਤਾਂ ਇਕ ਸਿੱਖ ਨੇ ਗਲੀ ਵਿਚ ਘੋੜਾ ਲਿਆ ਖੜ੍ਹਾ ਕੀਤਾ। ਸਤਿਗੁਰੂ ਜੀ ਘੋੜੇ ਕੋਲ ਰੁਕੇ, ਸੰਗਤ ਵੱਲ ਤੱਕਿਆ ਅਤੇ ਘੋੜੇ ਤੇ ਅਸਵਾਰ ਹੋ ਤੁਰੇ। ਸੰਗਤ ਨੇ ਪਹਿਲਾਂ ਵਾਂਗ ਹੀ ਜੈਕਾਰਿਆਂ ਨਾਲ ਅਕਾਸ਼ ਗੁੰਜਾ ਦਿੱਤਾ। ਜੈਕਾਰਿਆਂ ਵਿਚ ਮੈਂ ਵੀ ਜ਼ੋਰ ਲਾ ਕੇ ਬੋਲੇ 'ਸੋ ਨਿਹਾਲ ਸਤਿ ਸ੍ਰੀ ਅਕਾਲ' ਕਹਿ ਰਿਹਾ ਸਾਂ। ਪਰ ਇਹ ਨਹੀਂ ਸੀ ਪਤਾ ਕਿ ਪਹਿਲਾਂ ਤੇ ਹੁਣ ਜੈਕਾਰੇ ਕਿਉਂ ਛੱਡੇ ਜਾ ਰਹੇ ਸਨ। ਮੈਂ ਇਸ ਭਾਵ ਨੂੰ ਸਮਝ ਨਹੀਂ ਸੀ ਰਿਹਾ। ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗਤ ਨੂੰ ਦਰਸ਼ਨ ਦੇ ਕੇ ਚਲੇ ਗਏ, ਤਾਂ ਬਾਪੂ ਮੇਵਾ ਸਿੰਘ ਨੇ ਗਲ ਵਿਚ ਪੱਲਾ ਪਾ ਕੇ ਸਾਰੀ ਸੰਗਤ ਨੂੰ ਲੰਗਰ ਛਕ ਕੇ ਜਾਣ ਲਈ ਬੇਨਤੀ ਕੀਤੀ।

### ਕੜਾਹ ਪ੍ਰਸਾਦਿ

ਸਾਰੀ ਸੰਗਤ ਲੰਗਰ ਵੱਲ ਹੋ ਤੁਰੀ। ਅਸੀਂ ਜੋ ਮੇਰੇ ਹਾਣੀ ਤੇ ਨੇੜੇ ਤੇੜੇ ਦੀ ਉਮਰ ਦੇ ਸੀ ਥਾਂ ਮੱਲਣ ਵਾਸਤੇ ਦੌੜ ਕੇ ਵਿਛੇ ਕੱਪੜਿਆਂ 'ਤੇ ਜਾ ਬੈਠੇ ਤੇ ਲੱਤਾਂ ਖਿਲਾਰ ਖਿਲਾਰ ਕੇ ਇਹ 'ਮੇਰਾ ਥਾਂ ਮੇਰਾ ਥਾਂ' ਕਹਿ ਰਹੇ ਸਾਂ। ਸਾਰੀ ਸੰਗਤ ਪੰਗਤ ਵਿਚ ਬੈਠ ਗਈ ਤਾਂ ਕੜਾਹ ਪਰਸਾਦਿ ਵਰਤਣ ਲੱਗਾ। ਉਮਰ ਤੇ ਕੱਦ ਦੇ ਹਿਸਾਬ ਨਾਲ ਸਿਆਣੇ ਲਾਂਗਰੀ ਵਰਤਾ ਰਹੇ ਸੀ। ਮੈਂ ਆਪਣੀ ਥਾਲੀ ਵਿਚੋਂ ਹੱਥ



Sri Satguru Jagjit Singh Ji eLibrary NamdhariElibrary@gmail.com

ਨਾਲ ਕੜਾਹ ਖਾਧਾ ਤਾਂ ਮੈਨੂੰ ਬੜਾ ਸੁਆਦ ਆਇਆ । ਮੈਂ ਆਪਣੀ ਮਾਂ ਨੂੰ ਕਿਹਾ, "ਬੇਬੇ ਵਿਆਹ ਵਾਲਾ ਕੜਾਹ ਤਾਂ ਇਹ ਨਹੀਂ ਇਹ ਤਾਂ ਗੁਰਦੁਆਰੇ ਵਾਲਾ ਕੜਾਹ ਪ੍ਰਸਾਦ ਵਰਗਾ ਲਗਦਾ ਏ। ਇਹ ਕਿਉਂ ?" ਤਾਂ ਮੇਰੀ ਮਾਂ ਨੇ ਕਿਹਾ, "ਪੁੱਤਰ ਗੁਰਦੁਆਰੇ ਜੋ ਕੜਾਹ ਪ੍ਰਸਾਦ ਮਿਲਦੈ ਉਹ ਤਾਂ ਸੁਆਦ ਹੁੰਦੇ ਉਹ ਗੁਰੂ ਦਾ ਪ੍ਰਸ਼ਾਦ ਹੁੰਦੇ ਤੇ ਇਹ ਵੀ ਕੜਾਹ ਨਹੀਂ ਇਹ ਵੀ ਨਾਮਧਾਰੀਆਂ ਦੇ ਗੁਰੂ ਦਾ ਪ੍ਰਸਾਦ ਏ, ਇਹ ਤਾਂ ਸੁਆਦ ਏ। ਇਹ ਵੀ ਕੜਾਹ ਨਹੀਂ। ਕੜਾਹ ਤਾਂ ਵਿਆਹ ਦਾ ਹੁੰਦਾ ਏ ਇਹ ਤਾਂ ਗੁਰੂ ਦਾ ਪ੍ਰਸਾਦਿ ਏ। ਇਹ ਪ੍ਰਸਾਦਿ ਜਿਥੇ ਭਾਈ ਬਣਾਉਂਦੇ ਹਨ ਨਾਲ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ, ਤਾਂ ਸੁਆਦ ਬਣਦੈ।" ਚੰਗਾ ਬੇਬੇ ਜੇ ਇਹ ਚੰਗਾ ਕੜਾਹ ਜਪੁਜੀ ਸਾਹਿਬ ਦਾ ਪਾਠ ਕਰਨ ਨਾਲ ਸੁਆਦ ਬਣਦੇ ਤਾਂ ਜਦੋਂ ਤੂੰ ਘਰ ਕੜਾਹ ਬਣਾਂਵੇਗੀ ਮੈਂ ਜਪੁਜੀ ਸਾਹਿਬ ਦਾ ਪਾਠ ਕਰਾਂਗਾ ਤੇ ਸਾਡਾ ਵੀ ਕੜਾਹ ਇਸ ਤਰ੍ਹਾਂ ਦਾ ਸੁਆਦ ਬਣੇਗਾ।

ਕੁਝ ਸਮਾਂ ਗੁਜ਼ਰ ਗਿਆ ਤਾਂ ਸਾਡੇ ਘਰ ਮਹਿਮਾਨ ਆਏ, ਮੇਰੀ ਮਾਂ ਕੜਾਹ ਬਣਾਉਣ ਲੱਗੀ ਤਾਂ ਮੈਨੂੰ ਬਦਾਮਾਂ ਵਾਲੇ ਗੁਰੂ ਦੇ ਆਉਣ 'ਤੇ ਮਿਲੇ ਕੜਾਹ ਪ੍ਰਸਾਦ ਦਾ ਸੁਆਦ ਯਾਦ ਆ ਗਿਆ, ਮੈਂ ਆਪਣੀ ਮਾਂ ਨੂੰ ਆਖਿਆ ਬੇਬੇ ਤੂੰ ਕੜਾਹ ਬਣਾ ਤੇ ਮੈਂ ਪੰਜ ਗੁੰਥੀ ਤੋਂ ਕੋਲ ਬਹਿ ਕੇ ਜਪੁਜੀ ਸਾਹਿਬ ਦਾ ਪਾਠ ਕਰਾਂਗਾ। ਮਾਂ ਨੇ ਹਾਮੀ ਭਰੀ ਤੇ ਮੈਂ ਤੇ ਮੇਰਾ ਵੱਡਾ ਭਰਾ ਹਰਨਾਮ ਸਿੰਘ ਅਸੀਂ ਆਪਣੀ ਆਪਣੀ ਪੰਜ ਗੁੰਥੀ ਲੈਕੇ ਚੌਂਕੜੀ ਮਾਰ ਕੇ ਬੈਠ ਗਏ ਤੇ ਉੱਚੀ ਉੱਚੀ ਦੋਵੇਂ ਪਾਠ ਕਰਦੇ ਰਹੇ। ਅਸੀਂ ਦੋਵੇਂ ਪਾਠ ਕਰਦੇ ਰਹੇ ਤੇ ਮਾਂ ਨੇ ਕੜਾਹ ਬਣਾ ਲਿਆ। ਅਸੀਂ ਮਾਂ ਤੋਂ ਕੌਲੀਆਂ ਵਿਚ ਕੜਾਹ ਪੁਆ ਕੇ ਠੰਡਾ ਕਰਨ ਲੱਗੇ। ਸਾਨੂੰ ਬੜੀ ਕਾਹਲੀ ਸੀ ਆਪਣੇ ਕੀਤੇ ਪਾਠ ਦਾ ਅਸਰ ਵੇਖਣ ਦੀ ਤੇ ਨਾਲ ਹੀ ਬਦਾਮਾਂ ਵਾਲੇ ਗੁਰੂ ਤੇ ਗੁਰਦੁਆਰੇ ਵਾਲੇ ਪ੍ਰਸਾਦਿ ਦਾ ਆਨੰਦ ਮਾਨਣ ਦੀ। ਅਸਾਂ ਕੜਾਹ ਠੰਡਾ ਕਰਕੇ ਖਾਧਾ ਤਾਂ ਮਾਂ ਨੇ ਪੁੱਛਿਆ "ਕਿਉਂ ਸੁਆਦ ਆਇਆ ?" ਤਾਂ ਮੈਂ ਕਿਹਾ "ਬੇਬੇ ਸੁਆਦ ਤਾਂ ਬਹੁਤ ਏ ਪਰ ਉਹ ਸੁਆਦ ਨਹੀਂ ਬਣਿਆ। ਮੇਰੀ ਮਾਂ ਨੇ ਕਿਹਾ "ਪੁੱਤਰ ਤੁਹਾਡੀ ਮਾਂ ਗੁਰੂ ਦੀ ਰੀਸ ਤਾਂ ਨਹੀਂ ਨਾ ਕਰ ਸਕਦੀ। ਜਿਹੜਾ ਗੁਰੂ ਉਸ ਵਿਚ ਸੁਆਦ ਪਾਉਂਦਾ ਏ, ਉਹ ਸੁਆਦ ਤੁਹਾਡੀ ਮਾਂ ਥੋੜ੍ਹਾ ਪਾ ਸਕਦੀ ਹੈ। ਜਿਹੜਾ ਤੁਸੀਂ ਜਪੁਜੀ ਸਾਹਿਬ ਦਾ ਪਾਠ ਕੀਤਾ ਏ ਉਹਦਾ ਅਸਰ ਹੋਇਆ ਏ, ਕਿਉਂਕਿ ਵਿਆਹ ਵਾਲੇ ਕੜਾਹ ਨਾਲੋਂ ਸੁਆਦ ਏ ਤੇ ਗੁਰਦੁਆਰੇ ਵਾਲੇ ਨਾਲੋਂ ਘੱਟ। ਪੁਤਰ ਉਹ ਸੁਆਦ ਤਾਂ ਗੁਰੂ ਦੇ ਪ੍ਰਸਾਦਿ ਵਿਚ ਹੀ ਹੁੰਦਾ ਏ।" ਮੈਨੂੰ ਯਾਦ ਏ ਪਾਕਿਸਤਾਨ ਵਿਚ ਜਦੋਂ ਵੀ ਸਾਡੇ ਘਰ ਕੜਾਹ ਬਣਦਾ ਮੇਰੀ ਮਾਂ ਮੇਰੀ ਡਿਊਟੀ ਪਾਠ ਕਰਨ ਦੀ ਲਾ ਦਿੰਦੀ ਤੇ ਮੈਂ ਜਪੁਜੀ ਸਾਹਿਬ ਦਾ ਪਾਠ ਕਰਦਾ।



Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਕੱਲਰ ਵਿਚ ਬੀਜ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗਤ ਨੂੰ ਦਰਸ਼ਨ ਦੇ ਕੇ ਚਲੇ ਗਏ ; ਪਰ ਮਲੀਆਂ ਕਲਾਂ ਪਿੰਡ ਦੇ ਵਾਸੀਆਂ ਲਈ ਮਿੱਠੀਆਂ ਯਾਦਾਂ ਬਖੇਰ ਗਏ। ਪਿੰਡ ਵਿਚ ਜਿਨ੍ਹਾਂ ਨੇ ਦਰਸ਼ਨ ਕੀਤੇ ਉਹ ਸਮੇਂ ਸਮੇਂ ਕਈ ਗੱਲਾਂ ਮੇਵਾ ਸਿੰਘ ਨਾਲ ਕਰਦੇ ਰਹਿੰਦੇ ਤੇ ਜਿਹੜੇ ਦਰਸ਼ਨ ਨਹੀਂ ਕਰ ਸਕੇ, ਉਹ ਸਮੇਂ ਸਮੇਂ ਪਏ ਘਾਟੇ ਦਾ ਜਿਕਰ ਕਰਦੇ। ਇਹ ਤਾਂ ਉਹਨਾਂ ਸੁਝਵਾਨਾਂ ਤੇ ਵਡੇਰਿਆਂ ਦੀ ਸੋਚ ਸੀ। ਪਰ ਮੇਰੀ ਤਾਂ ਸੋਚ ਕੋਈ ਵੱਖਰੀ ਹੀ ਸੀ। ਮੈਂ ਨਾ ਕਿਸੇ ਨਾਲ ਖੁਸ਼ੀ ਦੀ ਤੇ ਨਾ ਕਦੇ ਪਛਤਾਵੇਂ ਦੀ ਹੀ ਗੱਲ ਕੀਤੀ। ਆਪਣੀ ਉਮਰ ਦੇ ਰੁਝੇਵਿਆਂ ਵਿਚ ਵਕਤ ਗੁਜ਼ਰਦਾ ਜਾ ਰਿਹਾ ਸੀ।

ਛੇ ਕੁ ਮਹੀਨੇ ਇਸ ਗੱਲ ਨੂੰ ਗੁਜ਼ਰ ਚੁੱਕੇ ਸਨ। ਇਕ ਦਿਨ ਬਾਪੂ ਮੇਵਾ ਸਿੰਘ ਨਾਮਧਾਰੀ ਸਾਡੇ ਘਰ ਆਇਆ, ਤਾਂ ਮੈਨੂੰ ਵਿਹੜੇ ਵਿਚ ਖੇਡਦੇ ਨੂੰ ਯਾਦ ਆ ਗਿਆ। ਮੈਂ ਖੇਡ ਛੱਡ ਦੌੜ ਕੇ ਆਪਣੀ ਮਾਂ ਦੇ ਕੰਨ ਵਿਚ ਕੁਝ ਕਿਹਾ। ਬਾਪੂ ਮੇਵਾ ਸਿੰਘ ਨੇ ਪੁੱਛਿਆ ਬਾਲ ਕੌਰੇ ਇਸ ਤੇਰੇ ਕੰਨ ਵਿਚ ਕੀ ਆਖਿਆ ਹੈ। ਮੇਰੀ ਮਾਂ ਨੇ ਕਿਹਾ ਇਹ ਜੀ ਇਹ ਕਹਿੰਦਾ ਏ ਬਾਪੂ ਨੂੰ ਪੁਛ ਬਦਾਮਾਂ ਵਾਲੇ ਗੁਰੂ ਨੇ ਕਦੋਂ ਆਉਣਾ ਏ, ਮੈਂ ਬਦਾਮ ਲੈਣੇ ਨੇ। ਇਹ ਸੁਣ ਕੇ ਬਾਪੂ ਮੇਵਾ ਸਿੰਘ ਨੂੰ ਕੁਝ ਵਿਸਰਿਆ ਯਾਦ ਆਇਆ ਤਾਂ ਉਸਨੇ ਮੈਨੂੰ ਬਾਹੋਂ ਫੜ ਛਾਤੀ ਨਾਲ ਲਾ ਕੇ ਆਖਿਆ "ਬੱਚੂ ਤੂੰ ਮੇਰੇ ਘਰ ਆਵੀਂ ਮੈਂ ਤੈਨੂੰ ਬਦਾਮ ਦੇਵਾਂਗਾ।" ਮੈਂ ਤੀਜੇ ਦਿਨ ਜ਼ਿੱਦ ਕਰ ਆਪਣੀ ਮਾਂ ਨੂੰ ਨਾਲ ਲੈ ਉਹਨਾਂ ਦੇ ਘਰ ਗਿਆ ਤਾਂ ਉਹਨਾਂ ਨੇ ਮੈਨੂੰ ਕਿੰਨੇ ਸਾਰੇ ਬਦਾਮ ਦਿਤੇ। ਪਰ ਮੈਂ ਲੈਣ ਤੋਂ ਇਨਕਾਰ ਕਰ ਦਿਤਾ। ਮੈਂ ਮਾਂ ਨੂੰ ਕਿਹਾ, ਮੈਂ ਇਹ ਬਦਾਮ ਨਹੀਂ ਲੈਣੇ, ਮੈਂ ਤਾਂ ਬਦਾਮਾਂ ਵਾਲੇ ਗੁਰੂ ਵਾਲੇ ਬਦਾਮ ਲੈਣੇ ਹਨ। ਮੈਂ ਸਾਰੇ ਬਦਾਮ ਉਹਨਾਂ ਦੇ ਵਿਹੜੇ ਵਿਚ ਖਿਲਾਰ ਦਿਤੇ ਅਤੇ ਆਪ ਰੋਂਦਾ ਰੋਂਦਾ ਉਹਨਾਂ ਦੇ ਘਰੋਂ ਤੁਰ ਆਇਆ।

ਕੁਝ ਦਿਨਾਂ ਬਾਅਦ ਬਾਪੂ ਮੇਵਾ ਸਿੰਘ ਸਾਡੇ ਘਰ ਆਇਆ; ਉਸ ਚਿੱਟੇ ਕੱਪੜੇ ਤੇ ਗਲ ਵਿਚ ਮਾਲਾ ਪਾਈ ਹੋਈ ਸੀ। ਉਹਦੇ ਇਕ ਹੱਥ ਵਿਚ ਕੱਪੜਿਆਂ ਵਾਲਾ ਥੈਲਾ ਸੀ। ਉਸ ਮੈਨੂੰ ਕੋਲ ਸੱਦ ਕੇ ਆਖਿਆ "ਬੱਚੂ ਮੈਂ ਤੇਰੇ ਬਦਾਮਾਂ ਵਾਲੇ ਗੁਰੂ ਕੋਲ ਚੱਲਿਆ ਹਾਂ; ਇਕ ਮਹੀਨੇ ਨੂੰ ਆਵਾਂਗਾ ਤੇ ਤੇਰੇ ਵਾਸਤੇ ਤੇਰੇ ਗੁਰੂ ਕੋਲੋਂ ਬਦਾਮ ਲਿਆਕੇ ਦੇਵਾਂਗਾ। ਲੈ ਲਵੇਂਗਾ ਨਾ ? ਦੱਸ ?" ਮੈਂ ਸਿਰ ਹਿਲਾ ਕੇ ਹਾਮੀ ਭਰੀ। ਉਹ ਸੱਚੀ-ਮੁਚੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਸ੍ਰੀ ਭੈਣੀ ਸਾਹਿਬ



Sri Satguru Jagjit Singh Ji eLibrary NamdhariElibrary@gmail.com

ਹੀ ਗਿਆ ਸੀ ਮੇਲੇ ਤੇ; ਜਿਹਨੂੰ ਅੱਜ ਨਾਮਧਾਰੀ ਅੱਸੂ ਦਾ ਜਪ ਪ੍ਰਯੋਗ ਦਾ ਮੇਲਾ ਕਹਿੰਦੇ ਹਨ ਤੇ ਮਨਾਇਆ ਜਾਂਦਾ ਹੈ। ਬਾਪੂ ਮੇਵਾ ਸਿੰਘ ਮਹੀਨੇ ਬਾਅਦ ਮੇਰੇ ਵਾਸਤੇ ਕਰੀਬ ਦੋ ਕੁ ਕਿਲੋ ਬਦਾਮ ਲੈ ਕੇ ਆਇਆ। ਮੈਨੂੰ ਉਸ ਕਿਹਾ "ਲੈ ਬਦਾਮ ਮੈਂ ਤੇਰੇ ਵਾਸਤੇ ਤੇਰੇ ਬਦਾਮਾਂ ਵਾਲੇ ਗੁਰੂ ਕੋਲੋਂ ਲੈ ਕੇ ਆਇਆ ਹਾਂ।" ਮੈਂ ਉਸ ਤੋਂ ਕੱਪੜੇ ਵਿਚ ਬੰਨੇ ਬਦਾਮ ਫੜ ਕੇ ਆਪਣੀ ਮਾਂ ਨੂੰ ਦੇ ਦਿਤੇ। ਜੋ ਮੈਂ ਸਾਰਾ ਸਿਆਲ ਭੰਨ ਭੰਨ ਕੇ ਖਾਂਦਾ ਰਿਹਾ। ਬਾਪੂ ਮੇਵਾ ਸਿੰਘ ਮੇਰੇ ਮਾਤਾ ਪਿਤਾ ਨੂੰ ਮੇਲੇ ਵਿਚ ਰਹਿ ਕੇ ਮਾਣੇ ਨਜ਼ਾਰਿਆਂ ਦੀ ਗਾਥਾ ਸੁਣਾਉਂਦਾ ਰਿਹਾ। ਪਰ ਮੈਨੂੰ ਗਾਥਾ ਨਾਲ ਕੋਈ ਦਿਲਚਸਪੀ ਨਹੀਂ ਸੀ; ਮੈਨੂੰ ਤਾਂ ਬਦਾਮ ਚਾਹੀਦੇ ਸੀ ਸੋ ਮਿਲ ਗਏ।

## ਨਾਮਧਾਰੀਆਂ ਨਾਲ ਲਗਾਓ

ਮੇਰੇ ਪਿੰਡ ਮਲੀਆਂ ਵਿਚ ਇਕ ਹੀ ਘਰ ਨਾਮਧਾਰੀ ਸੀ ਹੋਰ ਕੋਈ ਨਾਮਧਾਰੀ ਨਹੀਂ ਸੀ, ਤੇ ਨਾ ਹੀ ਮੇਰੇ ਮਾਤਾ ਪਿਤਾ ਭਾਵ ਮੇਰਾ ਪਰਿਵਾਰ ਨਾਮਧਾਰੀ ਸੀ। ਪਰ ਮੇਰੇ ਪਰਿਵਾਰ ਦਾ ਥੋੜ੍ਹਾ ਜਿਹਾ ਨਾਮਧਾਰੀਆਂ ਨਾਲ ਲਗਾਉ ਜ਼ਰੂਰ ਹੈ ਸੀ। ਮੇਰੀ ਭੂਆ ਧੰਨੋ ਗੁਰੂ ਕੀ ਕਾਂਸ਼ੀ ਪਿੰਡ ਵਰੱਨ ਵਿਚ ਸਰਦਾਰ ਗਿਆਨ ਸਿੰਘ ਨਾਲ ਵਿਆਹੀ ਹੋਈ ਸੀ ਜੋ ਪੱਕਾ ਨਾਮਧਾਰੀ ਸੀ। ਮੈਨੂੰ ਇਹ ਨਹੀਂ ਪਤਾ ਉਹ ਗੈਰ ਨਾਮਧਾਰੀ ਪਰਿਵਾਰ ਦੀ ਧੀ ਨਾਮਧਾਰੀ ਪਰਿਵਾਰ ਵਿਚ ਵਿਆਹੀ ਕਿਵੇਂ ਗਈ। ਇਹ ਸੰਜੋਗ ਵਸ ਜਾਂ ਕਿਸੇ ਦਬਾਅ ਕਾਰਨ। ਮੈਂ ਕਦੇ ਇਸ ਬਾਰੇ ਆਪਣੇ ਪਿਤਾ ਨੂੰ ਨਹੀਂ ਪੁੱਛਿਆ, ਪਤਾ ਨਹੀਂ ਕਿਉਂ ਇਹ ਮੇਰੇ ਦਿਮਾਗ ਵਿਚ ਕਦੇ ਨਾ ਆਇਆ। ਅੱਜ ਮੈਂ ਇਹ ਸਤਰਾਂ ਜਦ ਲਿਖ ਰਿਹਾ ਹਾਂ ਮੈਨੂੰ ਪਛਤਾਵਾ ਹੋ ਰਿਹਾ ਹੈ ਕਿ ਮੈਂ ਆਪਣੇ ਪਿਤਾ ਦੇ ਹੁੰਦਿਆਂ ਉਹਨਾਂ ਤੋਂ ਕਿਉਂ ਨਾ ਪੁੱਛਿਆ, ਮੈਂ ਇਸ ਖਾਸ ਘਟਨਾ ਨੂੰ ਕਿਉਂ ਨਾ ਜਾਣ ਸਕਿਆ। ਖੈਰ ਸਮਾਂ ਨਿਕਲਿਆ ਹੱਥ ਨਹੀਂ ਆਉਂਦਾ।

ਮੈਂ ਪਾਠਕਾਂ ਨੂੰ ਇਸ ਘਟਨਾ ਤੋਂ ਜਾਣੂ ਨਹੀਂ ਕਰਵਾ ਸਕਾਂਗਾ ਕਿ ਉਸ ਨਾਮਧਾਰੀ ਪਰਿਵਾਰ ਨਾਲ ਗੈਰ ਨਾਮਧਾਰੀ ਪਰਿਵਾਰ ਦੇ ਸੰਬੰਧ ਕਿਵੇਂ ਬਣੇ। ਹਾਂ ਇਹ ਜ਼ਰੂਰ ਦੱਸਾਂਗਾ ਕਿ ਮੇਰੀ ਉਸ ਭੂਆ ਦੇ ਤਿੰਨ ਪੁੱਤਰ ਸੀ: ਸੁਦਾਗਰ ਸਿੰਘ, ਤਾਰਾ ਸਿੰਘ ਅਤੇ ਕਰਤਾਰ ਸਿੰਘ ਪਉੜੀ। ਪਾਕਿਸਤਾਨ ਬਨਣ ਪਿਛੋਂ ਇਹ ਪਿੰਡ ਸੰਤ ਨਗਰ ਵਿਚ ਆਣ ਵੱਸੇ। ਤਾਰਾ ਸਿੰਘ ਗੁਰੂ ਕੇ ਲੰਗਰ ਵਿਚ ਸੇਵਾ ਕਰਦਾ ਸੀ, ਇਸ ਲਈ ਇਹ ਲਾਂਗਰੀ ਨਾਮ ਨਾਲ ਜਾਣਿਆ ਜਾਣ ਲੱਗਾ ਤੇ ਕਰਤਾਰ ਸਿੰਘ ਆਸਾ ਦੀ ਵਾਰ ਦੇ ਕੀਰਤਨ ਸਮੇਂ ਸਲੋਕ ਦੀ ਸਮਾਪਤੀ ਪਿਛੋਂ ਜੋ ਪਉੜੀ ਦੁਬਾਰਾ ਬਿਨਾਂ ਗਾਉਣ ਤੋਂ ਪੜ੍ਹੀ ਜਾਂਦੀ ਹੈ ਇਹ ਉਹ ਪਉੜੀ ਪੜ੍ਹਦਾ ਸੀ; ਇਸਦਾ ਨਾਮ ਇਸ ਕਰਕੇ ਪਾਉੜੀ ਪੈ ਗਿਆ।



Sri Satguru Jagjit Singh Ji eLibrary NamdhariElibrary@gmail.com

## ਸੋਧੀ ਸਿਘ

ਪਰ ਮੇਰੀ ਸਾਂਝ ਸੁਦਾਗਰ ਸਿੰਘ ਨਾਲ ਜ਼ਿਆਦਾ ਜੁੜੀ ਹੋਈ ਹੈ। ਮੈਂ ਉਤੇ ਜ਼ਿਕਰ ਕਰ ਆਇਆ ਹਾਂ, ਕਿ ਮੇਰੇ ਵਡੇਰੇ ਨਾਮਧਾਰੀ ਨਹੀਂ ਸਨ।

ਪਰ ਇਕ ਪਰਿਵਾਰ ਦੀ ਧੀ ਨਾਮਧਾਰੀ ਪਰਿਵਾਰ ਵਿਚ ਵਿਆਹੀ ਜਾਣ ਕਾਰਨ ਨਾਮਧਾਰੀਆਂ ਤੋਂ ਪਰ੍ਹਾਂ ਵੀ ਨਹੀਂ ਸਨ ਜਾ ਸਕਦੇ। ਮੈਨੂੰ ਯਾਦ ਹੈ ਮੇਰੀ ਭੂਆ ਦਾ ਪੁੱਤਰ ਸੁਦਾਗਰ ਸਿੰਘ ਆਪਣੇ ਨਾਨਕੇ ਭਾਵ ਸਾਡੇ ਘਰ ਆਉਂਦਾ ਮੇਰੀ ਮਾਂ ਦੇ ਲੱਖ ਆਖਣ ਤੇ ਵੀ ਉਹ ਸਾਡੇ ਘਰ ਦਾ ਅੰਨ ਪਾਣੀ ਨਹੀਂ ਸੀ ਖਾਂਦਾ। ਆਪਣਾ ਗੜਵਾ ਮਾਂਜ ਕੇ ਖੂਹ ਤੋਂ ਆਪਣਾ ਪਾਣੀ ਲਿਆ ਚਉਂਕਾ ਪਾ ਕੇ ਆਪਣੀ ਰੋਟੀ ਸਬਜ਼ੀ ਆਪ ਪਕਾ ਕੇ ਖਾਂਦਾ। ਅਸਾਂ ਉਹਨੂੰ ਕਹਿਣਾ ਸਾਨੂੰ ਵੀ ਅੱਧੀ ਰੋਟੀ ਦੇ ਦੇਹ ਅਸਾਂ ਕੂਕੀ ਰੋਟੀ ਖਾਣੀ ਹੈ। ਉਸ ਸਾਡੇ ਹੱਥ ਤੇ ਦੂਰੋਂ ਹੀ ਰੋਟੀ ਧਰ ਦੇਣੀ ਤੇ ਅਸਾਂ ਕੂਕੀ ਰੋਟੀ ਕੂਕੀ ਰੋਟੀ ਦਾ ਰੌਲਾ ਪਾਣਾ ਨਾਲੇ ਖਾਈ ਜਾਣੀ। ਇਹ ਸਾਂਝ ਨਾਮਧਾਰੀ ਤੇ ਗੈਰ ਨਾਮਧਾਰੀ ਪਰਿਵਾਰ ਦੀ ਜ਼ਰੂਰ ਹੈ ਸੀ; ਜਿਸ ਕਾਰਨ ਤੰਦ ਜੁੜੀ ਹੋਈ ਸੀ।

## ਈਸ਼ਰ ਸਿਘ ਨੂੰ ਭਜਨ ਦਿੱਤਾ

ਮੈਂ ਇਥੇ ਇਕ ਘਟਨਾ ਪਾਠਕਾਂ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ; ਜਿਸਦਾ ਜ਼ਿਕਰ ਮੈਂ ਆਪਣੀ ਪੁਸਤਕ ਤੋਪ ਦਾ ਹਾਣੀ ਕਹਾਣੀ ਸੰਗ੍ਰਹਿ ਵਿਚ ਕੱਲਰ ਦਾ ਬੀਜ ਨਾਮ ਦੀ ਕਹਾਣੀ ਨਾਲ ਕੀਤਾ ਹੈ। ਮੈਂ ਉਸ ਘਟਨਾ ਦਾ ਜ਼ਿਕਰ ਦੁਬਾਰਾ ਇਥੇ ਕਰ ਰਿਹਾ ਹਾਂ। ਮੈਂ ਪਹਿਲਾਂ ਦੱਸ ਚੁਕਾ ਹਾਂ ਕਿ ਮੇਰਾ ਪਰਿਵਾਰ ਨਾਮਧਾਰੀ ਨਹੀਂ ਸੀ। ਮੇਰੇ ਪਿਤਾ ਸ. ਈਸ਼ਰ ਸਿੰਘ ਸ਼ਰਾਬੀ ਤੇ ਨਹੀਂ ਸੀ ਪਰ ਸ਼ਰਾਬ ਪੀ ਲੈਂਦੇ ਸੀ। ਜੇ ਕਿਤੇ ਵਿਆਹ ਹੋਵੇ ਤਾਂ ਮੀਟ ਬਣਾ ਕੇ ਖਾ ਵੀ ਲੈਂਦੇ ਸੀ। ਰੋਜ਼ੀ ਰੋਟੀ ਕਮਾਉਣ ਲਈ ਆਪਣਾ ਬਿਜ਼ਨਿਸ ਕਰਦੇ ਸੀ। ਕਿਸਾਨਾਂ ਦੇ ਘਰੋਂ ਦਾਣੇ ਕੈਸ਼ ਦੇ ਕੇ ਖਰੀਦ ਰੱਖਣੇ ਅਤੇ ਤੇਜ਼ੀ ਆਉਣ ਤੇ ਵੇਚ ਕੇ ਮੁਨਾਫਾ ਕਮਾ ਆਪਣੇ ਘਰ ਨੂੰ ਚਲਾਉਣਾ ਇਹ ਉਹਨਾਂ ਦਾ ਬਿਜ਼ਨਸ ਵਪਾਰ ਸੀ। ਇਸ ਵਪਾਰ ਲਈ ਉਹ ਰੋਜ਼ਾਨਾ ਹੀ ਕਿਸੇ ਸੌਦੇ ਦੀ ਤਾਕ ਤੇ ਰਹਿੰਦੇ। ਨਾਲ ਹੀ ਖਾਣ ਪੀਣ ਵਾਲਿਆਂ ਨਾਲ ਯਾਰੀ ਵੀ ਪਾਲਣੀ। ਪੈਸਾ ਕੀ ਨਹੀਂ ਸਿਖਾਉਂਦਾ।

ਇਕ ਦਿਨ ਉਹ ਆਪਣੇ ਕੰਮ ਲਈ ਪਿੰਡ ਪਿੰਡੀਦਾਸ ਤੋਂ ਵਾਪਸ ਆ ਰਹੇ ਸੀ ਤਾਂ ਉਹਨਾਂ ਨੂੰ ਰਸਤੇ ਵਿਚ ਅੱਗੋਂ ਆਉਂਦਾ ਇਕ ਸਿੱਖ ਨਾਮਧਾਰੀ ਪਹਿਰਾਵੇ ਵਿਚ ਮਿਲਿਆ। ਫਤਿਹ ਫਤੂਹੀ ਹੋਣ ਪਿਛੋਂ ਅਨੋਖੇ ਰੂਪ ਤੇ ਜਲਵੇ ਵਾਲੇ ਸਿੰਘ ਨੇ ਪੁੱਛਿਆ, "ਸਿੰਘਾਂ ਭਜਨ ਪੁਛਿਆ ਹਈ ਕਿ ਨਹੀਂ?" ਇਹਨਾਂ ਜਆਬ ਦਿੱਤਾ



Sri Satguru Jagjit Singh Ji eLibrary NamdhariElibrary@gmail.com

ਨਹੀਂ ਜੀ। ਉਸ ਨਾਮਧਾਰੀ ਪਹਿਰਾਵੇ ਵਾਲੇ ਸ਼ਖਸ ਨੇ ਕਿਹਾ ਉਰੇ ਕੰਨ ਕਰ ਮੈਂ ਭਜਨ ਦੇਵਾਂ। ਮੇਰੇ ਪਿਤਾ ਜੀ ਹੋਰਾਂ ਨੇ ਕਿਹਾ ਜੀ ਮੈਂ ਤਾਂ ਮਾਸ ਖਾਂਦਾ ਹਾਂ, ਸ਼ਰਾਬ ਪੀਂਦਾ ਹਾਂ, ਕਛਹਿਰਾ ਨਹੀਂ ਪਾਇਆ, ਅੰਮ੍ਰਿਤ ਨਹੀਂ ਛਕਿਆ, ਮੈਂ ਭਜਨ ਲੈ ਕੇ ਕੀ ਕਰਨਾ ਹੈ? ਮੈਂ ਭਜਨ ਨਹੀਂ ਲੈਣਾ। ਪਰ ਉਸ ਨਾਮਧਾਰੀ ਪਹਿਰਾਵੇ ਵਾਲੇ ਸ਼ਖਸ ਨੇ ਇਹਨਾਂ ਦੀ ਇਕ ਨਾ ਸੁਣੀ ਅਤੇ ਮੋਢੇ ਤੇ ਹੱਥ ਧਰ ਬਦੋ ਬਦੀ ਕੰਨ ਫੜ ਭਜਨ ਦੱਸ ਕੇ ਕਿਹਾ ਮੈਂ ਕੱਲਰ ਵਿਚ ਬੀਜ ਬੀਜਿਆ ਹੈ, ਆਪੇ ਸਮਾਂ ਆਉਣ ਤੇ ਉਗ ਪਵੇਗਾ। ਤੈਨੂੰ ਖਾਣ ਪੀਣ ਦੀ ਕੋਈ ਮਨਾਹੀ ਨਹੀਂ। ਮੇਰੇ ਦੱਸੇ ਭਜਨ ਵਿਚ ਤਾਕਤ ਹੋਈ ਤਾਂ ਆਪੇ ਛੁਡਾ ਲਵੇਗਾ। ਇੰਨਾਂ ਕਹਿ ਦੋਵੇਂ ਆਪਣੇ ਆਪਣੇ ਰਾਹ ਪੈ ਤੁਰੇ ਪਰ ਦਸ ਕਦਮ ਤੁਰਨ ਪਿਛੋਂ ਮੇਰੇ ਪਿਤਾ ਜੀ ਨੇ ਪਿਛੇ ਮੁੜ ਕੇ ਵੇਖਿਆ ਤਾਂ ਉਹ ਆਦਮੀ ਨਜ਼ਰ ਨਾ ਆਇਆ।

ਮੇਰੇ ਪਿਤਾ ਜੀ ਪਿਛਾਂਹ ਨੂੰ ਦੌੜੇ ਉਸ ਨੂੰ ਲੱਭਿਆ ਪਰ ਉਹ ਕਿਤੇ ਨਾ ਦਿਸੇ। ਬਹੁਤ ਦੇਰ ਉਥੇ ਬੈਠੇ ਉਡੀਕਿਆ ਭਾਲਿਆ, ਪਰ ਕੁਝ ਪੱਲੇ ਨਾ ਪਿਆ। ਪਿਤਾ ਜੀ ਸੋਚਦੇ ਝੂਰਦੇ ਉਦਾਸ ਘਰ ਆਏ। ਇਹ ਸੋਚ ਸਾਰੀ ਰਾਤ ਸਤਾਂਦੀ ਰਹੀ; ਉਹ ਕੌਣ ਸੀ? ਉਸ ਮੈਨੂੰ ਕਿਉਂ ਇਸ ਤਰ੍ਹਾਂ ਕੀਤਾ? ਉਹ ਕਿਥੇ ਗਿਆ? ਕੀ ਉਹ ਰੱਬ ਰੂਪ ਸੀ ਜਿਹਨੂੰ ਮੈਂ ਪਹਿਚਾਣਿਆ ਨਹੀਂ? ਕੀ ਛਲਾਵਾ ਸੀ, ਕੀ ਸੁਪਨਾ ਸੀ? ਸਾਰੀ ਰਾਤ ਨੀਂਦ ਨਹੀਂ ਆਈ। ਚਾਰ ਵਜੇ ਸੋਚ ਆਈ ਨੀਂਦ ਤਾਂ ਆਉਂਦੀ ਨਹੀਂ, ਨਹਾ ਹੀ ਲਵਾਂ, ਇਸ਼ਨਾਨ ਹੀ ਕਰ ਲਵਾਂ। ਇਸ਼ਨਾਨ ਕੀਤਾ ਤਾਂ ਉਸ ਸਿੱਖ ਦਾ ਦਿਤਾ ਭਜਨ ਆਪ ਮੁਹਾਰੇ ਜ਼ਬਾਨ ਤੇ ਆਈ ਜਾਵੇ ਤੇ ਇਉਂ ਹੀ ਇਸ਼ਨਾਨ ਕਰਨ ਤੇ ਭਜਨ ਕਰਨ ਦੀ ਆਦਤ ਬਣ ਗਈ। ਮੈਨੂੰ ਇਹ ਸਾਰੀ ਘਟਨਾ ਮੇਰੇ ਪਿਤਾ ਸ. ਈਸ਼ਰ ਸਿੰਘ ਜੀ ਨੇ ਆਪਣੀ ਜ਼ਬਾਨੀ ਸੁਣਾਈ। ਕੁਝ ਸਾਲਾਂ ਪਿਛੋਂ ਮੈਂ ਇਹ ਸਾਰੀ ਘਟਨਾ ਕਹਾਣੀ ਦੇ ਰੂਪ ਵਿਚ 'ਕੱਲਰ ਦਾ ਬੀਜ' ਨਾਂ ਨਾਲ 'ਤੋਪ ਦਾ ਹਾਣੀ' ਕਿਤਾਬ ਵਿਚ ਛਪਵਾਈ।

### ਮੁਰੱਬੇ ਲਈ ਜ਼ਿਦ

ਮੈਂ ਆਪਣੇ ਜੀਵਨ ਦਾ ਸਤਿਗੁਰੂ ਜੀ ਨਾਲ ਸੰਬੰਧ ਤੇ ਦਰਸ਼ਨਾਂ ਦਾ ਜ਼ਿਕਰ ਪਾਠਕਾਂ ਨਾਲ ਕਰ ਰਿਹਾ ਸੀ। ਸੋ ਕੱਲਰ ਦੇ ਬੀਜੇ ਬੀਜ ਨੇ ਆਪਣਾ ਰੰਗ ਛੁਪ ਛੁਪ ਕੇ ਵਿਖਾਣਾ ਸ਼ੁਰੂ ਕਰ ਦਿਤਾ। ਨਾਮਧਾਰੀ ਪਰਿਵਾਰ ਵਿਚ ਵਿਆਹੀ ਭੂਆ ਨੇ ਆਣ ਆਪਣੇ ਭਰਾ ਨੂੰ ਗੁਸਿਆ ਤੇ ਉਹ ਆਪਣੇ ਪਿੰਡ ਆਪਣੇ ਹੀ ਸ਼ਰੀਕੇ ਵਿਚ ਆਪਣੀ ਭਤੀਜੀ ਭਾਵ ਮੇਰੀ ਭੈਣ ਹਰਬੰਸ ਕੌਰ ਦਾ ਰਿਸ਼ਤਾ ਨਾਮਧਾਰੀ ਜਥੇਦਾਰ ਹਰਨਾਮ ਸਿੰਘ ਦੇ ਛੋਟੇ ਪੁਤਰ ਮਲੂਕ ਸਿੰਘ ਵਾਸਤੇ ਲੈ ਗਈ। ਰਿਸ਼ਤਾ ਨਾਮਧਾਰੀ ਪਰਿਵਾਰ ਨਾਲ ਜੁੜ ਗਿਆ ਪਰ ਮੇਰਾ ਪਰਿਵਾਰ ਫਿਰ ਵੀ ਆਪਣੀਆਂ



Sri Satguru Jagjit Singh Ji eLibrary NamdhariElibrary@gmail.com

ਰਹੁ ਰੀਤੀਆਂ ਨਾਲ ਹੀ ਜੁੜਿਆ ਰਿਹਾ। ਇਸ ਸਮੇਂ ਤੋਂ ਪਿੱਛੋਂ ਤੀਜੀ ਘਟਨਾ ਇਉਂ ਵਾਪਰੀ। ਮੇਰੀ ਓਸੇ ਭੂਆ ਦਾ ਪੁੱਤਰ ਸੁਦਾਗਰ ਸਿੰਘ ਇਕ ਰਾਤ ਸਾਡੇ ਘਰ ਆਇਆ। ਰਾਤ ਰੋਟੀ ਪਕਾਈ ਆਪ ਖਾਧੀ ਸਾਨੂੰ ਵੀ ਖੁਆਈ । ਸਰਦੀ ਦੇ ਦਿਨ ਸੀ; ਰਾਤ ਜਦੋਂ ਸਾਰੇ ਕੰਮ ਤੋਂ ਵਿਹਲੇ ਹੋ ਕੇ ਬੈਠੇ ਤਾਂ ਸੁਦਾਗਰ ਸਿੰਘ ਨੇ ਮੇਰੇ ਪਿਤਾ ਜੀ ਨੂੰ ਕਿਹਾ, "ਮਾਮਾ ਜੀ ਸਾਡੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਕਾਲਲ (ਜ਼ਿਲ੍ਹਾ ਸਿਰਸਾ) ਵਿਚ ਪੰਜ ਹਜ਼ਾਰ ਪੰਜ ਸੌ ਨੂੰ ਮੁਰੱਬਾ ਜ਼ਮੀਨ ਪੰਜ ਸੋ ਮੁਰੱਬਾ ਖਰੀਦੀ ਹੈ; ਤੇ ਉਹਨਾਂ ਆਪਣੇ ਸਿੱਖਾਂ ਨੂੰ ਉਸੇ ਭਾ ਜ਼ਮੀਨ ਦੇਣ ਦਾ ਐਲਾਨ ਕੀਤਾ ਹੈ। ਮੈਂ ਚਾਹੁੰਦਾ ਹਾਂ ਤੁਸੀਂ ਵੀ ਇਕ ਮੁਰੱਬਾ ਉਥੇ ਖਰੀਦ ਲਵੋ। ਮੈਂ ਮੁਰੱਬੇ ਦੇ ਪੈਸੇ ਲੈਣ ਆਇਆ ਹਾਂ। ਮੇਰੇ ਪਿਤਾ ਜੀ ਹੋਰਾਂ ਕਿਹਾ "ਸੁਦਾਗਰ ਸਿੰਘਾ ਮੈਂ ਪੁਰਿਆ ਪੁਰਿਆ ਕਰਕੇ ਪੈਸਾ ਜੋੜਿਆ ਹੈ ਮੈਂ ਇਹਨਾਂ ਨਾਮਧਾਰੀਆਂ ਨੂੰ ਪੈਸਾ ਨਹੀਂ ਲੁਟੌਣਾ। ਮੈਂ ਨਹੀਂ ਜ਼ਮੀਨ ਖਰੀਦਣੀ, ਮੈਂ ਨਹੀਂ ਪੈਸੇ ਦੇਣੇ। ਨਾਲੇ ਨਾਮਧਾਰੀਆਂ ਦੇ ਗੁਰੂ ਨੇ ਨਾਮਧਾਰੀਆਂ ਨੂੰ ਜ਼ਮੀਨ ਦੇਣੀ ਹੈ। ਮੈਂ ਨਾਮਧਾਰੀ ਨਹੀਂ, ਨਾ ਹੀ ਨਾਮਧਾਰੀ ਬਣਨਾ ਹੈ।" ਸੁਦਾਗਰ ਸਿੰਘ ਆਪਣੇ ਮਾਮੇ ਨਾਲ ਝੜੱਪਾਂ ਲੈ ਰਿਹਾ ਸੀ। ਭਾਣਜਾ ਜ਼ਮੀਨ ਲਈ ਪੈਸੇ ਲੈਣ ਲਈ ਬਜ਼ਿਦ ਸੀ ; ਤੇ ਮਾਮਾ ਨਾ ਦੇਣ ਲਈ। ਆਖਰ ਮੇਰੇ ਪਿਤਾ ਜੀ ਨੇ ਸੁਦਾਗਰ ਸਿੰਘ ਨੂੰ ਬੜੇ ਗੁੱਸੇ ਨਾਲ ਕਿਹਾ, "ਬੰਦਾ ਬਣ ਕੇ ਮੇਰੇ ਘਰੋਂ ਹੁਣੇ ਉਠ ਕੇ ਬਾਹਰ ਹੋ ਜਾਹ, ਵਡਾ ਆਇਆ ਏ ਪੈਸੇ ਲੈਣ" ਮੈਂ ਇਸ ਪਿਆਰ ਤੇ ਰੋਹ ਦੀ ਲੜਾਈ ਸੁਣ ਰਿਹਾ ਸੀ ਪਰ ਦਖਲਅੰਦਾਜ਼ੀ ਵਾਲੀ ਬੁਧੀ ਤੇ ਉਮਰ ਦੋਵੇਂ ਹੀ ਨਹੀਂ ਸਨ। ਅਸੀਂ ਸਾਰੇ ਭੈਣ ਭਰਾ ਚੁਪ ਬੈਠੇ ਸੀ। ਸੁਦਾਗਰ ਸਿੰਘ ਪੂਰੀ ਤਰ੍ਹਾਂ ਭੱਥੇ ਵਿਚ ਪੂਰੇ ਤੀਰ ਪਾ ਕੇ ਮੈਦਾਨੇ ਜੰਗ ਵਿਚ ਉਤਰਿਆ ਹੋਇਆ ਸੀ। ਮਾਮੇ ਦਾ ਆਖਰੀ ਫੈਸਲਾ ਸੁਣ, ਉਸ ਵੀ ਆਪਣਾ ਆਖਰੀ ਤੀਰ ਛੱਡ ਦਿਤਾ।

"ਚੰਗਾ ਮਾਮੀ ਜੀ ਮੈਂ ਤਾਂ ਇਸ ਘਰ ਦਾ ਦੋਹਤਾ ਹਾਂ ਆਪਣੀ ਮਾਂ ਦੇ ਪੇਕਿਓਂ ਖਾਲੀ ਹੱਥ ਤੁਰ ਜਾਵਾਂਗਾ। ਇਹ ਤੁਸੀਂ ਸੋਚੋ ਦੋਹੱਤਰਵਾਨ ਨੂੰ ਖਾਲੀ ਮੋੜਨਾ ਨਾਨਕਿਆਂ ਦਾ ਕਿੰਨਾ ਭਲਾ ਕਰਦੇ" ਮੇਰੇ ਮਾਤਾ ਜੀ ਝੱਟ ਸੁਦਾਗਰ ਸਿੰਘ ਦੀ ਢਾਲ ਬਣ ਖਲੋਤੇ। ਮੇਰੇ ਪਿਤਾ ਜੀ ਨੂੰ ਕਹਿਣ ਲੱਗੇ; "ਮੁੰਡਾ ਪੈਸੇ ਆਪਣੇ ਵਾਸਤੇ ਮੰਗਦੈ ਜਾਂ ਤੁਹਾਡੇ ਵਾਸਤੇ।" "ਨਹੀਂ ਮਾਮੀ ਜੀ ਮੈਂ ਤਾਂ ਮਾਮਾ ਜੀ ਦੇ ਨਾਮ ਤੇ ਜ਼ਮੀਨ ਖਰੀਦਣ ਵਾਸਤੇ ਕਹਿ ਰਿਹਾ ਹਾਂ ਮਾਮਾ ਤਾਂ ਐਵੇਂ ਹੀ ਲੋਹਾ ਲਾਖਾ ਹੋਇਆ ਬੈਠੈ।" "ਚਲ ਪੁੱਤਰ ਤੂੰ ਇਉਂ ਕਰ ਮਾਮੇ ਨੂੰ ਔਖਿਆਂ ਨਾ ਕਰ ਇਹਨਾਂ ਦਾ ਬਿਜਨਿਸ ਪੈਸੇ ਨਾਲ ਹੀ ਚੱਲਦੈ। ਤੂੰ ਅੜੀ ਛਡ ਦੇ ਪੁੱਤਰ, ਜ਼ਿਦ ਨਾ ਕਰ, ਤੂੰ ਅੱਧੇ ਮੁਰੱਬੇ ਦੇ ਪੈਸੇ ਆਪਣੇ ਗੁਰੂ ਨੂੰ ਦੇ ਦੇਹ। ਇਸ ਤਰ੍ਹਾਂ ਤੇਰੀ ਵੀ ਇੱਜ਼ਤ ਰਹਿ ਜਾਵੇਗੀ; ਤੇ ਇਹਨਾਂ ਦਾ ਵੀ ਵਪਾਰ ਚਲਦਾ ਰਹੇਗਾ। ਮੰਨ



Sri Satguru Jagjit Singh Ji eLibrary NamdhariElibrary@gmail.com

ਜਾਹ ਪੁਤਰ ਮੰਨ ਜਾਹ।" ਮਾਂ ਸੁਦਾਗਰ ਸਿੰਘ ਨੂੰ ਇਉਂ ਪਲੋਸ ਰਹੀ ਸੀ ਜਿਵੇਂ ਸੁਦਾਗਰ ਸਿੰਘ ਨਾ ਮੰਨ ਰਿਹਾ ਹੋਵੇ। ਇਉਂ ਮਾਮੀ ਦੋਹਤੇ ਦੀਆਂ ਗੱਲਾਂ ਸੁਣ ਪਿਤਾ ਜੀ ਉੱਚੀ ਉੱਚੀ ਹੱਸਣ ਲੱਗੇ ਤੇ ਹੱਸਦੇ ਹੱਸਦੇ ਸੁਦਾਗਰ ਸਿੰਘ ਨੂੰ ਕਹਿਣ ਲੱਗੇ, "ਸੂਰਾ! ਮੈਨੂੰ ਸਾਰੀ ਸਮਝ ਆ ਗਈ ਏ । ਤੁਸੀਂ ਮਾਮੀ ਦੋਹਤਾ ਅੱਧਾ ਮੁਰੱਬਾ ਦਿਨ ਦਾ ਹੀ ਖਰੀਦੀ ਬੈਠੇ ਹੋ। ਮੈਨੂੰ ਤਾਂ ਮੁੱਰਬੇ ਵਾਸਤੇ ਮਨਾ ਰਹੇ ਸੀ। ਚੰਗਾ ਸੌਂ ਜਾਹ ਸਵੇਰੇ ਅੱਧੇ ਮੁਰਬੇ ਦੇ ਪੈਸੇ ਲੈ ਜਾਵੀਂ" ਇਸ ਸਾਰੀ ਲੜਾਈ ਪਿਛੋਂ ਮੇਰੇ ਪਿਤਾ ਜੀ ਤੇ ਸੁਦਾਗਰ ਸਿੰਘ ਇਉਂ ਗੱਲਾਂ ਕਰ ਰਹੇ ਸੀ, ਜਿਵੇਂ ਕੁਝ ਵਾਪਰਿਆ ਹੋਇਆ ਹੀ ਨਾ ਹੋਵੇ। ਬਸ ਇਸ ਘਟਨਾ ਨੇ ਮੇਰੇ ਪਰਿਵਾਰ ਦਾ ਇਕ ਹੋਰ ਕਦਮ ਨਾਮਧਾਰੀਆਂ ਵੱਲ ਤੋਰ ਦਿਤਾ।



Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਸ੍ਰੀ ਭੈਣੀ ਸਾਹਿਬ ਵਿਚ

ਇਹਨਾਂ ਘਟਨਾਵਾਂ ਦੇ ਘਟਦਿਆਂ ਵਾਪਰਦਿਆਂ ਮੇਰੀ ਉਮਰ ਇਕ ਸਾਲ ਹੋਰ ਅਗੇ ਲੰਘ ਗਈ ਸੀ। ਇਹ ਉਹ ਸਾਲ ਸੀ ਜਦੋਂ ਲਾਲ ਰੰਗ ਦਾ ਲਹੂ ਬਿਨਾਂ ਕਿਸੇ ਹੀਲ ਹੁੱਜਤ ਦੇ ਰੰਗ ਵਟਾ ਕੇ ਚਿੱਟਾ ਸਫੈਦ ਹੋ ਗਿਆ ਸੀ। ਹਿੰਦੂ ਮੁਸਲਮ ਭੈਣਾਂ ਭਰਾਵਾਂ ਵਾਲਾ ਰਿਸ਼ਤਾ ਭੁੱਲ ਦੁਸ਼ਮਣ ਦਾ ਰੂਪ ਧਾਰ ਚੁੱਕੇ ਸੀ। ਮੌਲਵੀ ਦੇ ਹੱਥ ਵਿਚ ਘੁੰਮਦੀ ਤਸਬੀ ਖੁਦਾ ਦੇ ਨਾਮ ਦੀ ਥਾਂ ਕੱਟੋ ਵੱਢੋ ਰਟ ਰਹੀ ਸੀ। ਪਿੰਡ ਦੀਆਂ ਸਾਂਝੀਆਂ ਧੀਆਂ ਭੈਣਾਂ ਦੀ ਇੱਜ਼ਤ ਨਾਲ ਖੇਡਣਾ ਸ਼ਰਾ ਦਾ ਵਿਕਾਸ ਸਮਝਿਆ ਜਾਣ ਲਗਾ। ਆਪਣਿਆਂ ਨੂੰ ਮਾਰ ਕੇ ਜੰਨਤ ਦੇ ਬੂਹੇ ਖੁੱਲਦੇ ਦਿਸ ਰਹੇ ਸਨ। ਹਿੰਦੁਸਤਾਨ ਤੇ ਪਾਕਿਸਤਾਨ ਦੇ ਨਾਹਰੇ ਲੱਗ ਰਹੇ ਸਨ। ਵੱਢਣਾ ਟੁਕਣਾ, ਅੱਗਾਂ ਲਾ, ਹੱਸਣਾ ਸ਼ੁਗਲ ਬਣ ਗਿਆ ਸੀ। ਲਹਿੰਦੇ, ਸੜਦੇ ਰਾਵਲਪਿੰਡੀ ਦੀਆਂ ਲਾਟਾਂ ਸ਼ੇਖੂਪੁਰੇ ਅਤੇ ਸ਼ੇਖੂਪਰੇ ਦੀ ਅੱਗ ਦਾ ਸੇਕ ਅੰਮ੍ਰਿਤਸਰ ਪੁੱਜ ਰਿਹਾ ਸੀ। ਮੁਸਲਮਾਨ ਤੇ ਹਿੰਦੂਆਂ ਦੀਆਂ ਵੱਢੀਆਂ ਲਾਸ਼ਾਂ ਨਾਲ ਭਰੀਆਂ ਗੱਡੀਆਂ ਦਾ ਵਟਾਂਦਰਾ ਹੋ ਰਿਹਾ ਸੀ। ਦੋਹਾਂ ਪਾਸਿਆਂ ਤੋਂ ਲੋਕੀ ਆਪਣੀਆਂ ਇੱਜ਼ਤਾਂ ਤੇ ਜਾਨਾਂ ਬਚਾਣ ਲਈ ਨੱਸ ਰਹੇ ਸੀ।

## ਈਮਾਨ ਦੀ ਗੱਲ

ਮੇਰੇ ਪਿੰਡ ਵਾਸੀਆਂ ਨੇ ਵੀ ਇਕ ਦਿਨ ਭਰੇ ਘਰ ਛੱਡ ਕੇ ਇੱਜ਼ਤ ਜਾਨ ਨੂੰ ਸੰਭਾਲ ਕੂਚ ਕਰ ਲਿਆ। ਤੁਰਨ ਤੋਂ ਇਕ ਦਿਨ ਪਹਿਲਾਂ ਮੇਰੇ ਦਾਦਾ ਸੰਤ ਸਿੰਘ ਜੀ ਘਰ ਦਾ ਸਾਰਾ ਸੋਨਾ ਇਕ ਕਪੜੇ ਵਿਚ ਬੰਨ ਆਪਣੇ ਪਿੰਡ ਦੇ ਗਰੀਬ ਲੁਹਾਰ ਫਕੀਰ ਦੀਨ ਦੇ ਘਰ ਲੈ ਕੇ ਗਿਆ। ਦਾਦਾ ਜੀ ਦੇ ਨਾਲ ਮੈਂ ਤੇ ਮੇਰਾ ਵੱਡਾ ਭਰਾ ਵੀ ਸੀ। ਦਾਦਾ ਜੀ ਨੇ ਆਪਣੇ ਹਾਣਦੇ ਮੁਸਲਮਾਨ ਲੁਹਾਰ ਫਕੀਰ ਦੀਨ ਨੂੰ ਕਿਹਾ "ਫਕੀਰ ਦੀਨਾ, ਇਹ ਮੇਰਾ ਸੋਨਾ ਦੋ ਸ਼ੇਰ ਤੋਂ ਉਪਰ ਹੈ,ਇਹ ਤੂੰ ਸਾਂਭ ਕੇ ਰੱਖ ਲੈ, ਜੇ ਅਸੀਂ ਇਥੇ ਫਿਰ ਮੁੜ ਆਏ ਤਾਂ ਲੈ ਲਵਾਂਗੇ ਜੇ ਨਾ ਮੁੜੇ ਤਾਂ ਇਹ ਸਾਰਾ ਸੋਨਾ ਤੇਰਾ ਹੋਇਆ। ਮੈਨੂੰ ਕੋਈ ਗਿਲਾ ਨਹੀਂ" ਪਰ ਫਕੀਰ ਦੀਨ ਨੇ ਮੇਰੇ ਦਾਦਾ ਜੀ ਨੂੰ ਕਿਹਾ, "ਖੁਦਾ ਦੇ ਵਾਸਤੇ ਮੇਰਾ ਈਮਾਨ ਨਾ ਡੁਲਾ। ਆਪਣਾ ਸੋਨਾ ਲੈ ਜਾਹ, ਮੈਂ ਤੇਰਾ ਸੋਨਾ ਲੈ ਲਿਆ ਤਾਂ ਮੇਰਾ ਈਮਾਨ ਡੋਲ ਜਾਵੇਗਾ। ਮੈਨੂੰ ਸੋਨਾ ਨਹੀਂ ਚਾਹੀਦਾ; ਈਮਾਨ ਚਾਹੀਦੈ" ਮੇਰੇ ਦਾਦਾ ਜੀ ਸੋਨਾ ਵਾਪਸ ਲੈ ਆਏ



Sri Satguru Jagjit Singh Ji eLibrary NamdhariElibrary@gmail.com

ਤੇ ਘਰ ਦੀ ਇਕ ਨੁੱਕਰੇ ਧਰਤੀ ਵਿੱਚ ਦੱਬ ਦਿਤਾ। ਜਿਸ ਸਮੇਂ ਖੁਦਾ ਨੂੰ ਮੰਨਣ ਵਾਲੇ ਇੱਜ਼ਤਾਂ ਤੇ ਧਨ ਲੁੱਟ ਰਹੇ ਸੀ; ਨਿੱਹਥੇ ਲਚਾਰਾਂ ਨੂੰ ਵੱਢ ਟੁੱਕ ਰਹੇ ਸੀ; ਕੋਈ ਫਕੀਰ ਦੀਨ ਵਰਗਾ ਗਰੀਬ ਹੁੰਦਿਆਂ ਵੀ ਈਮਾਨ ਨੂੰ ਡੋਲਣ ਨਹੀਂ ਸੀ ਦੇ ਰਿਹਾ। ਜੋ ਅਸੀਂ ਵੀ ਗਲ ਦੇ ਕੱਪੜਿਆਂ ਨਾਲ ਸ਼ੇਖੂਪੁਰੇ ਚੋਂ ਹੁੰਦੇ ਹੋਏ ਅੰਮ੍ਰਿਤਸਰ ਆਣ ਪੁੱਜੇ। ਦੋ ਦਿਨਾਂ ਪਿੱਛੋਂ ਵੱਲੋ ਪਿੰਡ ਵਿਚ ਆਣ ਟਿਕੇ। ਦੋ ਕੁ ਹਫਤਿਆਂ ਬਾਅਦ ਅਚਾਨਕ ਓਹੀ ਮੇਰੀ ਭੂਆ ਦਾ ਪੁੱਤਰ ਸੁਦਾਗਰ ਸਿੰਘ ਹੱਥ ਵਿਚ ਬਰਛਾ ਫੜੀ ਆਣ ਟਪਕਿਆ। ਰਾਤ ਦਾ ਧੁੰਦਲਾ ਜਿਹਾ ਪਿਆ ਹੋਇਆ ਸੀ। ਬਰਛੇ ਵਾਲੇ ਨੂੰ ਬਰੂਹਾਂ ਵਿਚ ਖਲੋਤਾ ਵੇਖ ਅਸੀਂ ਸਾਰੇ ਡਰੇ, ਪਰ ਝੱਟ ਹੀ ਪਛਾਣ ਵਿਚ ਆ ਜਾਣ ਕਰਕੇ ਸਾਹਾਂ ਵਿਚ ਸਾਹ ਆਣ ਪਏ। ਸੁਦਾਗਰ ਸਿੰਘ ਸਾਡੇ ਕੋਲ ਸੁੱਤਾ ਅਤੇ ਸਵੇਰੇ ਹੀ ਸਾਨੂੰ ਉਥੋਂ ਨਾਲ ਲੈ ਕੇ ਜ਼ਿਲਾ ਲੁਧਿਆਣਾ ਦੇ ਪਿੰਡ ਸ੍ਰੀ ਭੈਣੀ ਸਾਹਿਬ ਜੋ ਨਾਮਧਾਰੀਆਂ ਦਾ ਗੜ੍ਹ ਸੀ, ਲੈ ਆਇਆ।

## ਲੰਗਰ ਵਿਚ

ਅਸੀਂ ਸ੍ਰੀ ਭੈਣੀ ਸਾਹਿਬ ਪੁਜੇ, ਸਾਰੇ ਦਿਨ ਦੇ ਥੱਕੇ ਤੇ ਹੁੱਸੜੇ ਲੰਗਰ ਵਿਚੋਂ ਪਰਸਾਦਾ ਛਕ ਸੌਂ ਗਏ। ਇਸ ਰਾਤ ਗੂਹੜੀ ਨੀਂਦ ਆਈ। ਸਾਨੂੰ ਸਭ ਨੂੰ ਇਉਂ ਮਹਿਸੂਸ ਹੋ ਰਿਹਾ ਸੀ; ਜਿਵੇਂ ਇਥੇ ਮੌਤ ਪੁੱਛੇ ਬਿਨਾਂ ਅੰਦਰ ਦਾਖਲ ਨਾ ਹੋ ਸਕਦੀ ਹੋਵੇ। ਸਵੇਰੇ ਤਿੰਨ ਵਜੇ ਨਾਮਧਾਰੀ ਸੰਗਤ ਨੇ ਖੂਹ ਤੇ ਡੋਲ ਖੜਕਾਣੇ ਸ਼ੁਰੂ ਕਰ ਦਿੱਤੇ। ਚਾਰ ਵਜੇ ਤੋਂ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ;ਤਾਂ ਸਾਨੂੰ ਵੀ ਸਾਰੇ ਪਰਿਵਾਰ ਨੂੰ ਸੁਦਾਗਰ ਸਿੰਘ ਨੇ ਜਗਾ ਦਿਤਾ ਅਤੇ ਅਸੀਂ ਵੀ ਨਹਾ ਕੇ ਆਸਾ ਦੀ ਵਾਰ ਦੇ ਕੀਰਤਨ ਵਿਚ ਆ ਕੇ ਸੰਗਤ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕੀਤੇ। ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ, ਕੀਰਤਨ ਸੁਣਿਆਂ, ਆਸਾ ਦੀ ਵਾਰ ਦਾ ਭੋਗ ਪੈ ਗਿਆ, ਤਾਂ ਸਤਿਗੁਰੂ ਜੀ ਅੰਦਰ ਆਪਣੇ ਨਿਵਾਸ ਅਸਥਾਨ ਤੇ ਚਲੇ ਗਏ। ਅਸੀਂ ਸਾਰਾ ਪਰਿਵਾਰ ਸੁਦਾਗਰ ਸਿੰਘ ਨਾਲ ਲੰਗਰ ਵਿਚ ਗਏ। ਪੰਗਤ ਵਿਚ ਥਾਂ ਨਹੀਂ ਸੀ ਮਿਲ ਰਿਹਾ। ਸ੍ਰੀ ਭੈਣੀ ਸਾਹਿਬ ਵਿਚ ਨਾਮਧਾਰੀਆਂ ਦਾ ਹੜ ਆਇਆ ਪਿਆ ਸੀ। ਗਲੀਆਂ ਚਿਟ ਕਪੜਿਆਂ ਨਾਲ ਭਰੀਆਂ ਪਈਆਂ ਸੀ। ਲੰਗਰ ਵਿਚ ਭਾਰੀ ਭੀੜ ਭੜੱਕਾ ਸੀ। ਅਸੀਂ ਵੀ ਜਿਥੇ ਥਾਂ ਮਿਲੀ ਬੈਠ ਗਏ ਤੇ ਲੰਗਰ ਛਕਣ ਲੱਗੇ। ਇਕ ਸਿੰਘ ਅੱਗੇ ਅੱਗੇ ਟੋਕਰੀ ਚੋਂ ਪਰਸ਼ਾਦੇ ਵਰਤਾਂਦਾ ਤੇ ਬਾਲਟੀ ਵਿਚੋਂ ਇਕ ਸਿੰਘ ਪਰਸ਼ਾਦਿਆਂ ਉਤੇ ਦਾਲਾ ਪਾਈ ਜਾਂਦਾ। ਦਾਲਾ ਪੁਆ ਲੈਣ ਪਿਛੋਂ ਇਕ ਸਿੰਘ ਹੋਰ ਆਇਆ; ਜਿਸ ਨੇ ਸਾਡੇ ਹਥਾਂ ਵਿਚ ਫੜੇ ਪਰਸ਼ਾਦਿਆਂ ਉਤੇ ਪਏ ਦਾਲੇ ਵਿਚ ਇਕ ਛੋਟੀ ਜਿਹੀ ਪਲੀ ਦੇਸੀ ਘਿਉ ਦੀ ਪਾ ਦਿਤੀ। ਮੇਰੇ ਤੋਂ ਅੱਧਾ ਘਿਉ ਥਲੇ ਜ਼ਮੀਨ ਤੇ ਡੁੱਲ



Sri Satguru Jagjit Singh Ji eLibrary NamdhariElibrary@gmail.com

ਗਿਆ। ਅੱਧਾ ਮੇਰੀ ਮਾਂ ਨੇ ਦਾਲ ਵਿਚ ਰਲਾ ਦਿਤਾ। ਪਰ ਹਾਲਾਂ ਇਕ ਵਰਤਾਵਾ ਹੋਰ ਪਿਛੇ ਆ ਰਿਹਾ ਸੀ; ਜਿਸ ਬਾਰੇ ਸਾਨੂੰ ਨਹੀਂ ਸੀ ਪਤਾ ਕਿ ਇਹ ਕੀ ਦੇਵੇਗਾ। ਪਰ ਉਹ ਮਰਚੂਨਾਂ ਮਰਚੂਨਾਂ ਕਰਦਾ ਤੁਰਿਆ ਜਾਂਦਾ, ਜਦੋਂ ਉਸ ਤੋਂ ਕੋਈ ਮੰਗਦਾ ਉਹ ਉਹਦੇ ਦਾਲੇ ਵਿਚ ਥੋੜਾ ਲੂਣ ਤੇ ਥੋਹੜੀ ਜਿਹੀ ਮਿਰਚ ਪਾ ਅੱਗੇ ਵਧ ਜਾਂਦਾ। ਇਹ ਮਰਚੂਨਾਂ ਤੇ ਘਿਉ ਲੰਗਰ ਵਿਚ ਮਿਲਣਾ ਤੇ ਲੈਣਾ ਸਾਡੇ ਪਰਿਵਾਰ ਦਾ ਪਹਿਲਾ ਅਨੁਭਵ ਸੀ। ਮਾਂਹ ਦੀ ਦਾਲ ਵਿਚ ਘਿਉ ਤੇ ਮਰਚੂਨਾ ਮਿਲਾ ਸਭ ਨੇ ਰੱਜ ਕੇ ਛਕਿਆ ਤੇ ਸੁਦਾਗਰ ਸਿੰਘ ਨਾਲ ਸ੍ਰੀ ਭੈਣੀ ਸਾਹਿਬ ਵੇਖਣ ਨਿਕਲ ਤੁਰੇ।

### ਪਰਿਵਾਰ ਨਾਮਧਾਰੀ ਬਣਿਆ

ਗਲੀ ਵਿਚ ਨਿਕਲਣ ਨਾਲ ਪਿਤਾ ਜੀ ਦੇ ਬਹੁਤ ਹੀ ਜਾਣਕਾਰ ਮਿਲਣੇ ਸ਼ੁਰੂ ਹੋ ਗਏ। ਅਥਾਹ ਸੰਗਤ ਵਿਚ ਮੇਲ ਮਿਲਾਪ ਵਾਲੇ ਮਿਲਣ ਕਾਰਨ ਪਾਕਿਸਤਾਨ ਵਿੱਚੋਂ ਨਿਕਲਣ ਤੇ ਬਚ ਕੇ ਸ੍ਰੀ ਭੈਣੀ ਸਾਹਿਬ ਪਹੁੰਚਣ ਦੀ ਹਰ ਮੇਲੀ ਨਾਲ ਪਿਤਾ ਜੀ ਚਰਚਾ ਕਰਦੇ। ਆਪਣੇਂ ਬਾਰੇ ਦੱਸਦੇ ਅਤੇ ਅਗਲੇ ਬਾਰੇ ਪੁੱਛਦੇ। ਸੋ ਇਸ ਤਰ੍ਹਾਂ ਭੈਣੀ ਸਾਹਿਬ ਨੂੰ ਵੇਖਣ ਦੀ ਬਜਾਏ ਦੁੱਖਾਂ ਦੀਆਂ ਕਹਾਣੀਆਂ ਤੇ ਭਵਿੱਖ ਦੀ ਚਰਚਾ ਕਰਦਿਆਂ ਦਿਨ ਨਿਕਲ ਗਿਆ। ਰਾਤ ਫਿਰ ਲੰਗਰ ਛਕਿਆ, ਰਾਤ ਸੌਣ ਤੋਂ ਪਹਿਲਾਂ ਸੁਦਾਗਰ ਸਿੰਘ ਨੇ ਪਿਤਾ ਜੀ ਨੂੰ ਕਿਹਾ, ਮਾਮਾ ਜੀ ਤੁਸੀਂ ਜ਼ਮੀਨ ਵੀ ਖਰੀਦੀ ਹੈ, ਨਾਮਧਾਰੀਆਂ ਨਾਲ ਤੁਹਾਡੇ ਦੋ ਰਿਸ਼ਤੇ ਵੀ ਜੁੜਦੇ ਹਨ। ਸਭ ਤੋਂ ਵਡੀ ਗੱਲ ਤੁਹਾਨੂੰ ਬਿਪਤਾ ਸਮੇਂ ਨਾਮਧਾਰੀਆਂ ਵਲੋਂ ਪਨਾਹ ਵੀ ਮਿਲ ਰਹੀ ਹੈ।

ਸੋ ਚੰਗਾ ਹੈ ਕਿ ਤੁਸੀਂ ਸਵੇਰੇ ਅੰਮ੍ਰਿਤ ਛਕ ਤੇ ਭਜਨ ਪੁੱਛ ਕੇ ਸਾਰਾ ਪਰਿਵਾਰ ਨਾਮਧਾਰੀ ਬਣ ਜਾਵੋ। ਸੁਦਾਗਰ ਸਿੰਘ ਦੀ ਇਸ ਦਲੀਲ ਨੂੰ ਮੰਨਣ ਤੋਂ ਬਿਨਾਂ ਸਾਡੇ ਕੋਲ ਕੋਈ ਹੋਰ ਰਸਤਾ ਹੈ ਈ ਨਹੀਂ ਸੀ। ਅੱਗੇ ਹਨੇਰਾ ਹੀ ਹਨੇਰਾ ਨਜ਼ਰ ਆ ਰਿਹਾ ਸੀ ਤੇ ਆਏ ਸੁੱਖ ਨੂੰ ਹੱਥੋਂ ਛੱਡਣਾ ਵੀ ਕੋਈ ਸਿਆਣਪ ਨਹੀਂ ਸੀ। ਸੋ ਪਿਤਾ ਜੀ ਨੇ ਇਸੇ ਵਿਚ ਹੀ ਭਲਾਈ ਸਮਝ ਨਾਮਧਾਰੀ ਬਣਨ ਲਈ ਹਾਂ ਕਰ ਦਿਤੀ। ਸਾਰੇ ਪਰਿਵਾਰ ਨੂੰ ਕੱਛਹਿਰੇ ਰਾਤ ਨੂੰ ਦੇ ਦਿੱਤੇ ਗਏ ਤੇ ਕਿਹਾ ਇਸ਼ਨਾਨ ਕਰਨ ਪਿੱਛੋਂ ਇਹ ਕੱਛਹਿਰੇ ਪਾ ਲੈਣੇ। ਸੋ ਅਸਾਂ ਰਾਤ ਦੀ ਹਦਾਇਤ ਮੁਤਾਬਿਕ ਇਸ਼ਨਾਨ ਕਰ ਕੱਛਹਿਰੇ ਪਾ ਲਏ ।

### ਭਜਨ ਦੇ ਵਾਲਾ ਸਤਿਗੁਰੂ

ਸਵੇਰੇ ਆਸਾ ਦੀ ਵਾਰ ਦੇ ਭੋਗ ਪਿਛੋਂ ਸੁਦਾਗਰ ਸਿੰਘ ਨੇ ਸਾਨੂੰ ਅਕਾਲ



Sri Satguru Jagjit Singh Ji eLibrary NamdhariElibrary@gmail.com

ਖੁੰਗੇ ਦੇ ਦਰਸ਼ਨ ਕਰਾਏ। ਸਤਿਗੁਰੂ ਰਾਮ ਸਿੰਘ ਜੀ ਦੀ ਪਹਿਲੀ ਰਿਹਾਇਸ਼ ਵਾਲੀ ਜਗ੍ਹਾ ਤੇ ਖਰਾਸ ਵਾਲੀ ਜਗ੍ਹਾ ਵਿਖਾਈ ਅਤੇ ਸਤਿਗੁਰੂ ਰਾਮ ਸਿੰਘ ਜੀ ਤੋਂ ਲੈਕੇ ਸਤਿਗੁਰੂ ਹਰੀ ਸਿੰਘ ਜੀ ਦਾ ਵਕਤ ਤੇ ਮੁਸ਼ਕਲਾਂ ਦਾ ਸਮਾਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਨਮ ਅਤੇ ਫਿਰ ਉਹਨਾਂ ਦਾ ਪੰਥ ਨੂੰ ਚੜ੍ਹਦੀ ਕਲਾ ਵਿਚ ਲਿਜਾਣਾ ਅਤੇ ਅੱਜ ਸ੍ਰੀ ਭੈਣੀ ਸਾਹਿਬ ਵਿਚ ਨਾਮਧਾਰੀਆਂ ਨੂੰ ਇਕੱਠਿਆਂ ਕਰਕੇ ਮੁਸ਼ਕਲ ਸਮੇਂ ਵਿਚ ਸਹਾਇਤਾ ਕਰਨੀ; ਜ਼ਬਾਨੀ ਦੱਸ ਰਿਹਾ ਸੀ। ਜਿਸਦੀ ਸਮਝ ਖਾਸ ਕਰਕੇ ਪਿਤਾ ਜੀ ਨੂੰ ਤੇ ਕੁਝ ਕੁਝ ਮਾਤਾ ਜੀ ਦਾਦਾ ਜੀ ਨੂੰ ਪੈਂਦੀ ਸੀ। ਦਾਦਾ ਜੀ ਉਸ ਸਮੇਂ ਬਿਲਕੁਲ ਅਜ਼ਾਦ ਰੂਪ ਵਿਚ ਵਿਚਰ ਰਹੇ ਸੀ। ਜੋ ਪੁੱਤਰ ਕਰੇ ਉਹ ਹਰ ਤਰ੍ਹਾਂ ਸਹਿਮਤ ਸਨ। ਸੋ ਇਤਿਹਾਸ ਸੁਣਦਿਆਂ ਸੁਣਾਉਦਿਆਂ ਸਾਨੂੰ ਸਾਰੇ ਪਰਿਵਾਰ ਨੂੰ ਸੁਦਾਗਰ ਸਿੰਘ ਲੰਗਰ ਕੋਲ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਤਪ ਅਸਥਾਨ ਦੇ ਦਰਸ਼ਨ ਕਰਾਏ; ਜਿੱਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਅੱਜ ਵੀ ਸ਼ਸ਼ੋਭਤ ਹੈ, ਲੈ ਆਇਆ। ਅਸੀਂ ਸਭ ਨੇ ਦਰਸ਼ਨ ਕੀਤੇ। ਨਮਸਕਾਰ ਕੀਤੀ, ਤਾਂ ਮੇਰੇ ਪਿਤਾ ਸ. ਈਸ਼ਰ ਸਿੰਘ ਜੀ ਨੇ ਕਿਹਾ "ਸੁਦਾਗਰ ਸਿੰਘਾ ਇਹ ਤਸਵੀਰ ਕਿਸ ਦੀ ਹੈ? ਇਸ ਤਸਵੀਰ ਬਾਰੇ ਮੈਨੂੰ ਸਹੀ ਤੇ ਸੱਚ ਦੱਸ? ਸੁਦਾਗਰ ਸਿੰਘਾਂ ਮੈਂ ਦਾਵੇ ਨਾਲ ਕਹਿ ਸਕਦਾ ਹਾਂ ਜਿਸ ਬੰਦੇ ਨੇ ਮੈਨੂੰ ਪਿੰਡੀਦਾਸ ਤੇ ਮਲੀਆਂ ਦੇ ਰਾਹ ਵਿਚ ਬਦੋ ਬਦੀ ਫੜ ਕੇ ਮੇਰੇ ਕੰਨ ਵਿਚ ਭਜਨ ਦਿੱਤਾ ਸੀ, ਇਹ ਓਹੋ ਹੀ ਹੈ।" "ਮਾਮਾ ਜੀ ਤੁਹਾਨੂੰ ਗਲਤੀ ਲੱਗਦੀ ਹੈ। ਇਹ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਹੈ, ਜਿਨ੍ਹਾਂ ਨੇ ਨਾਮਧਾਰੀ ਪੰਥ ਦੀ ਸਿਰਜਣਾ ਕੀਤੀ। ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਵਾਸਤੇ ਅੰਗਰੇਜ਼ ਹਕੂਮਤ ਦਾ ਬਾਈਕਾਟ ਕਰਕੇ ਅੰਗਰੇਜ਼ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਗਊ ਤੇ ਗਰੀਬ ਦੀ ਰੱਖਿਆ ਵਾਸਤੇ ਸਿੱਖਾਂ ਅੰਦਰ ਕੁਰਬਾਨੀ ਦਾ ਜਜ਼ਬਾ ਭਰ ਦਿਤਾ ਅਤੇ ਇਹਨਾਂ ਦੇ ਸਿੱਖਾਂ ਸੇਵਕਾਂ ਨੇ ਗਊ ਗਰੀਬ ਦੀ ਰੱਖਿਆ ਖਾਤਰ ਹੱਸਦਿਆਂ ਹੱਸਦਿਆਂ ਆਪਣੇ ਗਲ਼ ਵਿਚ ਫਾਂਸੀ ਦੇ ਰੱਸੇ ਪਾ ਕੇ ਅੰਮ੍ਰਿਤਸਰ ਵਿਚ ਜੂਲਿਆਂ ਵਾਲੇ ਬਾਗ ਵਿਚ ਸ਼ਹੀਦ ਹੋਏ। ਮਲੇਰ ਕੋਟਲੇ ਗਊਆਂ ਦੀ ਜਾਨ ਬਚਾਉਣ ਤੇ ਜ਼ਾਲਮ ਹਕੂਮਤ ਨਾਲ ਟੱਕਰ ਲੈ ਕੇ ਮਲੇਰ ਕੋਟਲੇ ਵਿਚ 66 ਨਾਮਧਾਰੀ ਸਿੰਘ ਸ਼ਹੀਦ ਹੋਏ, ਜਿਨ੍ਹਾਂ ਵਿਚ ਇਕ ਬਾਰਾਂ ਸਾਲ ਦਾ ਬੱਚਾ ਵੀ ਸੀ ਜਿਸਨੂੰ ਅੰਗਰੇਜ਼ ਕਾਵਨ ਦੀ ਮੇਮ ਨੇ ਆਪਣੇ ਪਤੀ ਕਾਵਨ ਨੂੰ ਬੱਚੇ ਨੂੰ ਛੱਡ ਦੇਣ ਲਈ ਕਿਹਾ, ਤਾਂ ਕਾਵਨ ਨੇ ਇਕ ਸ਼ਰਤ ਰੱਖ ਦਿਤੀ ਕਿ ਬੱਚਾ ਕਹਿ ਦੇਵੇ ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ ਤਾਂ ਮੈਂ ਇਸਦੀ ਜਾਨ ਬਖਸ਼ ਦਿੰਦਾ ਹਾਂ। ਇਹ ਸ਼ਰਤ ਜਦ ਬਾਲ ਉਮਰ ਬਿਸ਼ਨ ਸਿੰਘ ਨੂੰ ਦੱਸੀ ਤਾਂ ਉਸ ਕਿਹਾ ਮੈਂ ਸਾਹਬ ਦੇ ਕੰਨ ਵਿਚ ਗੱਲ ਦੱਸਣੀ ਹੈ। ਕਾਵਨ ਉੱਚਾ ਲੰਮਾ ਜੁਆਨ ਸੀ ਬਿਸ਼ਨ ਸਿੰਘ ਬਾਰਾਂ ਸਾਲ ਦਾ ਬੱਚਾ, ਕਾਵਨ ਬਿਸ਼ਨ ਸਿੰਘ ਦੀ ਗੱਲ ਸੁਣਨ ਲਈ ਨੀਵਾਂ ਹੋ ਕੇ



Sri Satguru Jagjit Singh Ji eLibrary NamdhariElibrary@gmail.com

ਬਿਸ਼ਨ ਸਿੰਘ ਦੇ ਨੇੜੇ ਕੰਨ ਕੀਤਾ ਤਾਂ ਬਿਸਨ ਸਿੰਘ ਅੰਦਰ ਬਖਸ਼ੀ ਸ਼ਕਤੀ ਚੰਡੀ ਦਾ ਰੂਪ ਧਾਰਨ ਕਰ ਗਈ। ਬਿਸ਼ਨ ਸਿੰਘ ਨੇ ਸ਼ੇਰ ਵਾਂਗ ਝੱਪਟ ਕੇ ਦੋਹਾਂ ਹੱਥਾਂ ਨਾਲ ਕਾਵਨ ਦੀ ਦਾੜ੍ਹੀ ਘੁੱਟ ਕੇ ਫੜ ਲਈ ਤੇ ਇੰਝ ਕਰਕੇ ਝੱਟਕਾ ਮਾਰਿਆ। ਸੁਦਾਗਰ ਸਿੰਘ ਨੇ ਦੋਹਾਂ ਹਥਾਂ ਦਾ ਝੱਟਕਾ ਮਾਰਿਆ ਜਿਵੇਂ ਕਾਵਨ ਦੀ ਦਾੜ੍ਹੀ ਉਹ ਆਪ ਹੀ ਪਟ ਰਿਹਾ ਹੋਵੇ। ਸੁਦਾਗਰ ਸਿੰਘ ਬਿਸ਼ਨ ਸਿੰਘ ਦੀ ਬਹਾਦਰੀ ਦੀ ਗਾਥਾ ਸੁਣਾਦਿਆਂ ਜਜ਼ਬਾਤੀ ਤੇ ਵੈਰਾਗੀ ਹੋ ਚੁੱਕਾ ਸੀ। ਪਿਤਾ ਜੀ ਨੇ ਸੁਦਾਗਰ ਸਿੰਘ ਨੂੰ ਕਿਹਾ; ਸੁਦਾਗਰ ਸਿੰਘਾ ਫੇਰ ਕੀ ਹੋਇਆ? ਤੇ ਫੇਰ ਕੀ ਹੋਣਾ ਸੀ, ਸੂਰਮੇ ਨੇ ਦਾਹੜੀ ਏਨੀ ਘੁਟ ਕੇ ਫੜੀ ਕਿ ਕਾਵਨ ਦੇ ਸਿਪਾਹੀ ਦਾਹੜੀ ਨਾ ਛੁਡਾ ਸਕੇ; ਤਾਂ ਉਹਨਾਂ ਨੇ ਬਿਸ਼ਨ ਸਿੰਘ ਦਾ ਸੀਸ ਤਲਵਾਰ ਨਾਲ ਕਲਮ ਕਰ ਦਿਤਾ।

ਮਾਮਾ ਜੀ ਇਕ ਹੋਰ ਗੱਲ ਦਸਾਂ? ਮਾਸੂਮ ਬਿਸ਼ਨ ਸਿੰਘ ਦੀ ਮਾਂ ਵੀ ਉਥੇ ਪੁੱਤਰ ਨੂੰ ਸ਼ਹੀਦ ਹੁੰਦਾ ਵੇਖ ਰਹੀ ਸੀ। ਪਰ ਸ਼ੇਰ ਦੀ ਬੱਚੀ ਨੇ ਅੱਖ ਵਿੱਚੋਂ ਅੱਥਰੂ ਨਹੀਂ ਕੇਰਿਆ। ਆਖਿਆ ਸ਼ੁਕਰ ਹੈ ਮੇਰੇ ਪੁਤਰ ਨੇ ਮੇਰੇ ਚੁੰਘਾਏ ਸੀਰ ਨੂੰ ਸਫਲ ਕੀਤਾ ਹੈ। ਮੈਂ ਤਾਂ ਭਾਗਾਂ ਵਾਲੀ ਹਾਂ ਜਿਸਦਾ ਪੁੱਤਰ ਧਰਮ ਤੇ ਕੌਮ ਵਾਸਤੇ ਸ਼ਹੀਦ ਹੋਇਆ ਹੈ।

## ਮੈਨੂੰ ਭਜਨ ਮਿਲ ਚੁੱਕਾ ਹੈ

ਸੁਦਾਗਰ ਸਿੰਘ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਸਾਨੂੰ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕਰਾਉਂਦਾ ਕਰਾਉਂਦਾ ਅੰਮ੍ਰਿਤ ਛਕੌਣ ਵਾਲੀ ਜਗ੍ਹਾ ਤੇ ਲੈ ਆਇਆ; ਜਿੱਥੇ ਸਭ ਤੋਂ ਪਹਿਲਾਂ ਮੇਰੇ ਦਾਦਾ ਸੰਤ ਸਿੰਘ ਜੀ ਨੂੰ ਅੰਮ੍ਰਿਤ ਛਕਾ ਕੇ ਕੰਨ ਵਿਚ ਭਜਨ ਦਸ ਨਾਮਧਾਰੀ ਸਿੰਘ ਸਜਾ ਦਿੱਤਾ। ਫਿਰ ਪਿਤਾ ਜੀ ਨੇ ਅੰਮ੍ਰਿਤ ਛਕਿਆ, ਪਰ ਪਿਤਾ ਜੀ ਨੂੰ ਜਦੋਂ ਭਜਨ ਦੱਸਣ ਵਾਲੇ ਸਿੰਘ ਨੇ ਕੰਨ ਵਿਚ ਭਜਨ ਲੈਣ ਲਈ ਕਿਹਾ ਤਾਂ ਪਿਤਾ ਜੀ ਨੇ ਭਜਨ ਲੈਣ ਤੋਂ ਇਨਕਾਰ ਕਰ ਦਿਤਾ ਅਤੇ ਹੱਥ ਜੋੜ ਕੇ ਬੇਨਤੀ ਕੀਤੀ, ਸਿੰਘ ਸਾਹਿਬ ਜੀ ਮੈਂ ਤਾਂ ਭਜਨ ਬਹੁਤ ਚਿਰ ਪਹਿਲਾਂ ਦਾ ਲੈ ਚੁਕਾ ਹਾਂ, ਮੈਨੂੰ ਅੱਜ ਭਜਨ ਲੈਣ ਦੀ ਲੋੜ ਨਹੀਂ। ਪਿਤਾ ਜੀ ਕਿਹਾ ਮੈਨੂੰ ਤਾਂ ਭਜਨ ਦੇਣ ਵਾਲੇ ਨੇ ਕਿਹਾ ਸੀ, ਮੈਂ ਕੱਲਰ ਵਿਚ ਬੀਜ ਪਾਇਆ ਹੈ, ਸਮਾਂ ਆਉਣ ਤੇ ਮੇਰਾ ਪਾਇਆ ਬੀਜ ਆਪੇ ਉਗ ਪਵੇਗਾ, ਸੋ ਹੁਣ ਉਹ ਬੀਜ ਅੱਜ ਉੱਗ ਪਿਆ ਹੈ। ਮੈਂ ਪਹਿਲਾਂ ਹੀ ਭਜਨ ਲਿਆ ਹੋਇਆ ਹੈ ਹੁਣ ਕਿਉਂ ਲਵਾਂ। ਜੇ ਮੈਂ ਦੁਬਾਰਾ ਭਜਨ ਲੈਂਦਾ ਹਾਂ ਤਾਂ ਇਸਦਾ ਮਤਲਬ ਹੈ ਕਿ ਮੇਰਾ ਉਸ ਸ਼ਖਸੀਅਤ ਦੇ ਦਿਤੇ ਭਜਨ ਤੋਂ ਵਿਸ਼ਵਾਸ ਉਠ ਗਿਆ ਹੈ। ਨਹੀਂ ਮੈਨੂੰ ਵਿਸ਼ਵਾਸ ਹੈ ਮੈਨੂੰ ਜੋ ਤੁਸਾਂ ਭਜਨ ਦੇਣਾ ਹੈ, ਉਹ ਮੈਨੂੰ ਮਿਲ ਚੁਕਾ ਹੈ। ਸਿੰਘ ਸਾਹਿਬ ਜੀ ਮੈਂ ਉਹ ਭਜਨ ਤੁਹਾਨੂੰ ਦੱਸ ਸਕਦਾ ਹਾਂ ਪਰ ਮੈਨੂੰ ਭਜਨ ਦੇਣ ਵਾਲੇ ਦਾ ਹੁਕਮ ਹੈ, ਕਿਸੇ

ਨੂੰ ਦੱਸਣਾ ਨਹੀਂ। ਸੁਦਾਗਰ ਸਿੰਘ ਨੇ ਭਜਨ ਦੇਣ ਵਾਲੇ ਸੰਤ ਜੀ ਨੂੰ ਸੰਖੇਪ ਵਿਚ ਦੱਸ ਦਿਤਾ ਤਾਂ ਸੰਤਾਂ ਨੇ ਉਲਟਾ ਮੇਰੇ ਪਿਤਾ ਜੀ ਦੇ ਪੈਰੀਂ ਹੱਥ ਲਾ ਕੇ ਆਖਿਆ ਤੂੰ ਤਾਂ ਧੰਨ ਹੈਂ। ਪਿਤਾ ਜੀ ਨੇ ਕਿਹਾ "ਸੰਤ ਜੀ ਮੇਰੇ ਪੈਰੀਂ ਹੱਥ ਲਾਕੇ ਮੈਨੂੰ ਪਾਪਾਂ ਦਾ ਭਾਗੀ ਨਾ ਬਣਾਉ। ਅਸੀਂ ਸਾਰਾ ਪਰਿਵਾਰ ਅੰਮ੍ਰਿਤ ਛਕ ਕੇ ਭਜਨ ਲੈ ਲਿਆ।" ਸ਼ੌਕ ਨੂੰ ਨਾ ਸਹੀ ਮੁਸ਼ਕਲਾਂ ਦੇ ਮਾਰੇ ਜਾਂ ਕਿਸੇ ਚੰਗੇ ਕਰਮ ਦੀ ਬਦੌਲਤ ਸੰਨ ਉਨੀ ਸੌ ਸੰਤਾਲੀ ਸਤੰਬਰ ਦੇ ਸ਼ੁਰੂ ਮਹੀਨੇ ਵਿਚ ਅਸੀ ਨਾਮਧਾਰੀ ਬਣ ਗਏ।

## ਦਾਤਾਂ ਮੰਗ

ਸ੍ਰੀ ਭੈਣੀ ਸਾਹਿਬ ਰਹਿੰਦਿਆਂ ਕਈ ਦਿਨ ਗੁਜ਼ਰ ਗਏ। ਅੰਮ੍ਰਿਤ ਛਕ ਕੇ ਭਜਨ ਲੈਕੇ ਅਸੀਂ ਵੀ ਪੱਕੇ ਨਾਮਧਾਰੀਆਂ ਵਿਚ ਸ਼ਾਮਲ ਹੋ ਗਏ। ਮਾਤਾ ਜੀ ਨੇ ਰੋਜ਼ਾਨਾ ਸਵੇਰੇ ਉਠਾਉਣਾ, ਨੁਹਾਉਣਾ ਤੇ ਆਸਾ ਦੀ ਵਾਰ ਵਿਚ ਉਨੀਂਦਿਆਂ ਨੂੰ ਹੀ ਲੈ ਜਾਣਾ। ਨੀਂਦ ਦੇ ਹੁਲਾਰੇ ਲੈਂਦਿਆਂ ਹੀ ਆਸਾ ਦੀ ਵਾਰ ਦਾ ਕੀਰਤਨ ਸੁਣੀ ਜਾਣਾ। ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨਾਂ ਦਾ ਰੋਜ਼ਾਨਾ ਸੁਭਾਗ ਪ੍ਰਾਪਤ ਹੋ ਰਿਹਾ ਸੀ। ਮੈਂ ਇਕ ਦਿਨ ਆਪਣੇ ਮਨ ਦੀ ਗੱਲ ਜੋ ਮੈਨੂੰ ਰੋਜ਼ਾਨਾ ਸੋਚੀ ਪਾਈ ਰਖਦੀ ਸੀ, ਮੈਂ ਆਪਣੀ ਮਾਂ ਨੂੰ ਕਹਿ ਦਿਤੀ। ਬੇਬੇ ਇਹ ਤਾਂ ਬਦਾਮਾਂ ਵਾਲਾ ਗੁਰੂ ਸੀ। ਪਰ ਇਥੇ ਤਾਂ ਮੈਨੂੰ ਹੁਣ ਤਕ ਕਦੇ ਬਦਾਮ ਨਹੀਂ ਮਿਲੇ। ਕੀ ਇਹ ਹੋਰ ਗੁਰੂ ਹੈ ਜਾਂ ਉਹੀ ਬਦਾਮਾਂ ਵਾਲਾ ਹੀ ਗੁਰੂ ਹੈ। ਮਾਤਾ ਨੂੰ ਨਾਮਧਾਰੀ ਰੰਗ ਪੂਰੀ ਤਰ੍ਹਾਂ ਚੜ੍ਹ ਚੁਕਾ ਸੀ। ਮੈਨੂੰ ਉਹਨਾਂ ਕਿਹਾ "ਪੁਤਰ ਜੇ ਤੂੰ ਸਤਿਗੁਰੂ ਨੂੰ ਬਦਾਮਾਂ ਵਾਲਾ ਗੁਰੂ ਹੀ ਸਮਝਦਾ ਰਿਹਾ ਤਾਂ ਤੂੰ ਬਦਾਮਾਂ ਜੋਗਾ ਹੀ ਰਹਿ ਜਾਵੇਂਗਾ। ਬਦਾਮ ਤਾਂ ਭਾਵੇਂ ਕਿਥੋਂ ਖਰੀਦ ਲਵੋ, ਮੁੱਲ ਮਿਲ ਜਾਂਦੇ ਹਨ ਪਰ ਗੁਰੂ ਕੋਲੋਂ ਜੋ ਮੰਗੀਦਾ ਹੈ ਉਹ ਹੋਰ ਕਿਤੋਂ ਮੰਗਿਆਂ 'ਤੇ ਮੁੱਲ ਨੂੰ ਨਹੀਂ ਮਿਲਦਾ। ਸਤਿਗੁਰੂ ਤੋਂ ਹੋਰ ਦਾਤਾਂ ਮੰਗੀ ਦੀਆਂ ਹਨ, ਬਦਾਮ ਨਹੀਂ। ਤੂੰ ਇਹਨਾਂ ਨੂੰ ਬਦਾਮਾਂ ਵਾਲਾ ਗੁਰੂ ਸਮਝਣ ਦੀ ਥਾਂ ਹੋਰ ਦਾਤਾਂ ਵਾਲਾ ਮਾਲਕ ਸਮਝ ਤੇ ਇਸ ਗੁਰੂ ਕੋਲੋਂ ਉਹ ਕੁਝ ਮੰਗ ਜੋ ਤੈਨੂੰ ਕਿਤੋਂ ਨਹੀਂ ਮਿਲ ਸਕਦਾ।"

ਮੈਂ ਮਾਂ ਦੀਆਂ ਇਹਨਾਂ ਗੱਲਾਂ ਨੂੰ ਸਮਝ ਨਾ ਸਕਿਆ ਕਿ ਇਸ ਗੁਰੂ ਕੋਲੋਂ ਮੈਂ ਕੀ ਮੰਗਣਾ ਹੈ ਤੇ ਮੈਨੂੰ ਇਹ ਕੀ ਦੇ ਸਕਦਾ ਹੈ। ਪਰ ਉਸ ਦਿਨ ਤੋਂ ਪਿਛੋਂ ਬਦਾਮਾਂ ਵਾਲਾ ਗੁਰੂ ਸਮਝਣਾ ਭੁਲ ਗਿਆ ਤੇ ਯਾਦ ਹੋ ਗਿਆ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ।



Sri Satguru Jagjit Singh Ji eLibrary NamdhariElibrary@gmail.com

# ਜੀਵਨ ਨਗਰ ਇਲਾਕੇ ਵਿਚ

ਕੁਝ ਸਮਾਂ ਸ੍ਰੀ ਭੈਣੀ ਸਾਹਿਬ ਗੁਜ਼ਾਰਨ ਪਿਛੋਂ ਹੁਕਮ ਹੋਇਆ ਕਿ ਹੁਣ ਸੰਗਤਾਂ ਪਰਿਵਾਰਾਂ ਸਮੇਤ ਜ਼ਿਲਾ ਹਿਸਾਰ ਤਹਿਸੀਲ ਸਿਰਸਾ ਦੇ ਪਿੰਡ ਚੰਚਾਲ ਕੋਠੀ ਚਲੇ ਜਾਣ। (ਜਿਸਦਾ ਨਾਮ ਹੁਣ ਸ੍ਰੀ ਜੀਵਨ ਨਗਰ ਹੈ ਇਹ ਨਾਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਮਾਤਾ ਜੀਵਨ ਕੌਰ ਦੇ ਨਾਮ ਤੇ ਰਖਿਆ ਸੀ) ਸੰਗਤਾਂ ਦੇ ਰਹਿਣ ਦੇ ਓਥੇ ਪ੍ਰਬੰਧ ਹੋ ਗਿਆ ਹੈ। ਸੋ ਹੁਕਮ ਮੁਤਾਬਕ ਸਾਰੀ ਸੰਗਤ ਸ੍ਰੀ ਜੀਵਨ ਨਗਰ ਆ ਗਈ। ਇਥੇ ਸਤਿਗੁਰੂ ਜੀ ਵਲੋਂ ਥਾਪੇ ਆਗੂਆਂ ਵਲੋਂ ਮੁਸਲਮਾਨਾਂ ਦੇ ਛੱਡ ਕੇ ਗਏ ਖਾਲੀ ਘਰ ਸਿੱਖ ਸੰਗਤਾਂ ਵਿਚ ਵੰਡਣੇ ਸ਼ੁਰੂ ਕੀਤੇ। ਵੰਡ ਮੁਤਾਬਕ ਮੇਰੇ ਪਿਤਾ ਜੀ ਨੂੰ ਪਿੰਡ ਜਗਮਲੇਰਾ ਵਿਚ ਘਰ ਮਿਲਿਆ। ਜਿਸ ਵਿਚ ਅਸੀਂ ਰਹਿਣ ਲੱਗੇ। ਪਿਤਾ ਜੀ ਨੇ ਭੱਜ ਨੱਸ ਕਰਕੇ ਕੁਝ ਕੁ ਮੰਜੀਆਂ ਇਕੱਠੀਆਂ ਕੀਤੀਆਂ, ਕੁਝ ਬਿਸਤਰੇ ਜੀਵਨ ਨਗਰ ਤੋਂ ਜੀਆਂ ਦੀ ਗਿਣਤੀ ਮੁਤਾਬਕ ਮਿਲੇ, ਰਹਿੰਦੇ ਜਗਮਲੇਰੇ ਵਿਚ ਸਾਂ ਪਰ ਹਰ ਮਹੀਨੇ ਸ੍ਰੀ ਜੀਵਨ ਨਗਰ ਤੋਂ ਜਾਕੇ ਰਾਸ਼ਨ ਲੈ ਆਉਂਦੇ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭੰਡਾਰ ਵਿਚੋਂ ਹਰ ਮਨੁੱਖ ਨੂੰ ਮਿਲਦਾ ਸੀ। ਰਾਸ਼ਨ ਲੈ ਆਉਣਾ ਤੇ ਖਾਣਾ ਬੱਸ ਇਉਂ ਹੀ ਦਿਨ ਗੁਜ਼ਰ ਰਹੇ ਸੀ। ਮੁਸਲਮਾਨਾਂ ਦੇ ਛੱਡ ਕੇ ਗਏ ਮਾਲ ਡੰਗਰ ਨੂੰ ਸ੍ਰੀ ਜੀਵਨ ਨਗਰ ਵਿਚ ਕੱਠਾ ਕੀਤਾ ਗਿਆ ਅਤੇ ਫਿਰ ਆਗੂਆਂ ਨੇ ਉਹਨਾਂ ਦੀ ਸਿੱਖਾਂ ਵਿਚ ਵੰਡ ਕਰ ਦਿਤੀ ਅਤੇ ਜਿਸ ਵਿਚੋਂ ਆਗੂਆਂ ਨੇ ਸਾਨੂੰ ਤਿੰਨ ਗਊਆਂ ਦਿੱਤੀਆਂ। ਗਊਆਂ ਤਿੰਨ ਸੀ ਪਰ ਦੁਧ ਦੇਣ ਵਾਸਤੇ ਹਾਲਾਂ ਓਹਨਾਂ ਨੇ ਆਸ ਲੱਗਣਾ ਸੀ। ਤਿੰਨ ਗਊਆਂ ਮਿਲ ਗਈਆਂ, ਹੁਣ ਉਹਨਾਂ ਨੂੰ ਚਰਾਉ ਤੇ ਸੰਭਾਲਣ ਦਾ ਮਸਲਾ ਸੀ। ਪਿਤਾ ਜੀ ਪਰਿਵਾਰ ਪਾਲਣ ਲਈ ਕਈ ਓੜ ਪੌੜ ਕਰਦੇ ਰਹਿੰਦੇ। ਜਿਸ ਦਾ ਜ਼ਿਕਰ ਕਰਨਾ ਜ਼ਰੂਰੀ ਨਹੀਂ। ਪਿਆਰ ਤੇ ਜੰਗ ਵਿਚ ਜੋ ਵੀ ਹੁਰਬਾ ਵਰਤਿਆ ਜਾਵੇ ਜਾਇਜ਼ ਹੀ ਕਹਾਉਂਦਾ ਹੈ ਜੰਗ ਜਿੱਤੀ ਤੇ ਪਿਆਰ ਪਾਲਣਾ ਦੋਹਾਂ ਲਈ ਜਾਨ ਦੀ ਬਾਜ਼ੀ ਲਾਉਣੀ ਤਹਿ ਹੁੰਦੀ ਹੈ। ਪਰ ਹਰ ਵਾਰ ਤੋਂ ਬਚ ਕੇ ਜ਼ਿੰਦਗੀ ਜੀਣ ਲਈ ਵੀ ਜਤਨ ਜ਼ਰੂਰੀ ਹਨ। ਜੋ ਪਿਤਾ ਜੀ ਹਮੇਸ਼ਾਂ ਕੰਮ ਦੀ ਭਾਲ ਵਿਚ ਲੱਗੇ ਰਹਿੰਦੇ। ਕੋਈ ਵੀ ਮਜ਼ਦੂਰੀ ਮਿਲਦੀ ਕਰਕੇ ਸਮਾਂ ਬਤੀਤ ਕਰ ਰਹੇ ਸੀ।

### ਸਰੋਂ ਦੀ ਫ਼ਸਲ

ਸ੍ਰੀ ਜੀਵਨ ਨਗਰ ਆਇਆਂ ਨੂੰ 2 ਕੁ ਮਹੀਨੇ ਬੀਤੇ ਸੀ ਕਿ ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਪ੍ਰਤਾਪ ਸਿੰਘ ਜੀ ਵਲੋਂ ਥਾਪੇ ਮੁਖਤਿਆਰੇ ਆਮ ਸ. ਅਵਤਾਰ ਸਿੰਘ ਝੱਬਰ, ਸਰਦੂਲ ਸਿੰਘ ਗਿਲਾਂ ਵਾਲਾ, ਭਾਈ ਘਸੀਟਾ ਸਿੰਘ ਮੁਦਾਰ, ਸੰਤ ਤਰਨ ਸਿੰਘ ਵਹਿਮੀ (ਇਹ ਸੰਤ ਤਰਨ ਸਿੰਘ ਵਹਿਮੀ ਹਿੰਦੂ ਚੱਕ ਦੇ ਸਨ ਤੇ ਏਹੋ ਹੀ ਨਾਮਧਾਰੀ ਪੰਥ ਦੇ ਮਹਾਨ ਲੇਖਕ ਸਨ, ਤੇ ਇਹੋ ਹੀ ਮੇਰੇ ਲੇਖਕ ਗੁਰੂ ਸਨ ਸੰਤ ਸ਼ੰਗਾਰਾ ਸਿੰਘ ਵਰਨ) ਸੰਤ ਲਾਲ ਸਿੰਘ ਪਿੰਡ ਕਟਿਆਂ ਵਾਲੀ ਤੇ ਹੋਰ ਮੋਅਤਬਰਾਂ ਨੇ ਜ਼ਮੀਨ ਵੰਡ ਕਰਨੀ ਸ਼ੁਰੂ ਕਰ ਦਿਤੀ । ਜਿਵੇਂ ਜਿਵੇਂ ਜਿੰਨੀ ਜਿੰਨੀ ਕਿਸੇ ਨੇ ਜ਼ਮੀਨ ਖਰੀਦੀ ਸੀ,ਓਸੇ ਹਿਸਾਬ ਨਾਲ ਅਬਾਦ ਤੇ ਬੇ-ਅਬਾਦ ਜ਼ਮੀਨ ਹਿੱਸੇ ਆਉਂਦੀ ਦੇਣੀ ਸ਼ੁਰੂ ਕਰ ਦਿਤੀ, ਤਾਂ ਕਿ ਸਰ੍ਹੋਂ ਬੀਜਣ ਦਾ ਸਮਾਂ ਨਾ ਨਿਕਲ ਜਾਵੇ। ਲੋਕੀਂ ਆਪਣੇ ਰੁਜ਼ਗਾਰ ਵੱਲ ਮੁੜਨ। ਆਪਣੇ ਪਰਿਵਾਰਾਂ ਦੀ ਸੰਭਾਲ ਕਰ ਸਕਣ। ਸਿੱਖਾਂ ਨੂੰ ਜ਼ਮੀਨ ਦਿੱਤੀ ਗਈ। ਜਿਨ੍ਹਾਂ ਦੇ ਹਿੱਸੇ ਬਲਦ ਆਏ ਸੀ, ਓਹਨਾਂ ਵਾਹ ਕੇ ਸਰਸੋਂ ਦੀ ਬਿਜਾਈ ਸ਼ੁਰੂ ਕਰ ਦਿੱਤੀ ਤੇ ਜਿਹਨਾਂ ਕੋਲ ਬਲਦ ਨਹੀਂ ਸਨ, ਨਾ ਹੀ ਬਲਦ ਲੈਣ ਦਾ ਪ੍ਰਬੰਧ ਕਰਨ ਯੋਗ ਸਨ, ਉਹਨਾਂ ਨੇ ਰੱਬ ਆਸਰੇ ਹੀ ਬੀਜ ਸੁਟ ਦਿਤਾ। ਅਸੀਂ ਵੀ ਆਪਣੇ ਹਿੱਸੇ ਆਈ ਜ਼ਮੀਨ ਵਿਚ ਪਿਤਾ ਜੀ ਨੇ ਸਰੋਂ ਦਾ ਛੱਟਾ ਦੇ ਦਿਤਾ। ਜ਼ਮੀਨ ਬੜੀ ਤਾਕਤ ਵਾਲੀ ਸੀ, ਸਰੋਂ ਉੱਗੀ ਜੋਬਨ ਤੇ ਆਈ ਤੇ ਪੱਕ ਗਈ। ਸਰੋਂ ਵੱਢ ਗਾਹ ਕੇ ਪਿਤਾ ਜੀ ਨੇ ਸ਼ਹਿਰ ਜਾ ਕੇ ਵੇਚੀ ਤਾਂ ਤਿੰਨ ਸੌ ਰੁਪਏ ਹੱਥ ਲੱਗ ਗਏ।

## ਨਾਂ ਸੰਤ ਨਗਰ ਹੋਇਆ

ਸਾਡੇ ਪਿੰਡ ਸੰਤ ਨਗਰ ਵਿਚ ਦੋ ਮਹਾਨ ਹਸਤੀਆਂ ਰਹਿ ਰਹੀਆਂ ਸਨ। ਜਿਨ੍ਹਾਂ ਦਾ ਨਿਵਾਸ ਅਸਥਾਨ ਐਨ ਪਿੰਡ ਦੇ ਵਿਚਕਾਰ ਇਕ ਘੇਰੇ ਵਿਚ ਬਣੇ ਮਕਾਨਾਂ ਵਿਚ ਸੀ। ਇਥੇ ਇਕ ਤਾਂ ਸਨ ਸੂਬਾ ਵਰਿਆਮ ਸਿੰਘ ਜੀ ਜਮਸ਼ਾ ਜੋ ਧਾਰਮਕ ਕੰਮਾਂ ਦੇ ਨਿਰਨੇ ਲੈਣੇ, ਧਰਮ ਪ੍ਰਚਾਰ ਕਰਨਾ ਅਤੇ ਸਤਿਗੁਰੂ ਜੀ ਤੋਂ ਥੱਲੇ ਉਤਰ ਕੇ ਧਾਰਮਿਕ ਤੇ ਗ੍ਰਹਿਸਤ-ਧਰਮ ਦੇ ਦੁੱਖ ਸੁੱਖ ਸੁਣਨੇ ਤੇ ਫੈਸਲੇ ਕਰਨੇ, ਇਹਨਾਂ ਦੇ ਜ਼ਿੰਮੇ ਸੀ। ਸੂਬਾ ਵਰਿਆਮ ਸਿੰਘ ਜੀ ਸਾਧੂ ਸੁਭਾ ਤੇ ਗ੍ਰਹਿਸਤੀ ਜ਼ਿੰਮੇਵਾਰੀਆਂ ਵਿਚ ਨਿਪੁੰਨ ਸਨ। ਭਾਵੇਂ ਉਹ ਆਪ ਗ੍ਰਹਿਸਤੀ ਨਹੀਂ ਸਨ ਪਰ ਗ੍ਰਹਿਸਤੀਆਂ ਦੀਆਂ ਪੀੜਾਂ ਤੇ ਖੁਸ਼ੀਆਂ ਤੋਂ ਚੰਗੇ ਵਾਕਫ ਸਨ। ਦੂਜੀ ਮਹਾਨ ਸ਼ਕਤੀ ਸੀ ਸੰਤ ਆਲਾ ਸਿੰਘ ਜੀ। ਜਿਨ੍ਹਾਂ ਦਾ ਉਚਾ ਲੰਮਾ ਸਰੂ ਵਰਗਾ ਕਦ ਚਿਟੇ ਬਸਤਰ ਹੱਥ ਵਿਚ ਚਿਟੀ ਉੱਨ ਦੀ ਮਾਲਾ ਹਰ ਵਕਤ ਉਂਗਲਾਂ ਵਿਚ ਘੁੰਮਦੀ ਰਹਿੰਦੀ ਤੇ ਬੁੱਲ੍ਹ ਪ੍ਰਮੇਸ਼ਰ ਦਾ ਨਾਮ ਜਪਦਿਆਂ ਹਮੇਸ਼ਾ ਹਿਲਦੇ ਰਹਿੰਦੇ। ਮੂੰਹ ਤੇ ਬਰਸਦਾ ਨੂਰ ਦਰਸ਼ਨ ਕਰਨ ਵਾਲੇ ਨੂੰ ਨਿਹਾਲ ਕਰ ਦਿੰਦਾ। ਇਹ ਸੰਤ ਆਲਾ ਸਿੰਘ ਜੀ ਪੁੱਜੀ ਹੋਈ ਆਤਮਾ ਵਾਲੇ ਸਨ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ



Sri Satguru Jagjit Singh Ji eLibrary NamdhariElibrary@gmail.com

ਚਰਨ ਕੰਵਲਾਂ ਨਾਲ ਇਹਨਾਂ ਦਾ ਅਥਾਹ ਪਿਆਰ ਤੇ ਭਰੋਸਾ ਸੀ। ਇਸ ਹਕੀਕਤ ਨੂੰ ਸੰਤ ਨਗਰ ਤੇ ਇਲਾਕਾ ਨਿਵਾਸੀ ਇਸ ਗੱਲ ਤੋਂ ਹੀ ਨਿਸਚਾ ਰੱਖਦੇ ਸਨ, ਇਹਨਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਕਹਿੰਦੇ ਸੀ ਇਹ ਸੰਤ ਹਨ ਅਤੇ ਸਤਿਗੁਰੂ ਦੀ ਨਜ਼ਰ ਵਿਚ ਜਿਹੜਾ ਪ੍ਰਵਾਨ ਚੜ੍ਹ ਜਾਵੇ; ਉਹਦੇ ਵਿਚ ਖੋਟ ਹੋਣ ਤੇ ਪੈਣ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ। ਜਿਸ ਨੂੰ ਸਤਿਗੁਰੂ ਪਿਆਰ ਕਰੇ, ਜਿਸ ਨੂੰ ਸਤਿਗੁਰੂ ਸਿੱਖ ਆਖੇ ਉਸ ਲਈ ਪਿੱਛੇ ਊਣ ਕਿਹੜੀ ਰਹਿ ਜਾਂਦੀ ਹੈ। ਸੋ ਇਹ ਸੰਤ ਆਲਾ ਸਿੰਘ ਜੀ ਵੀ ਇਸ ਪਿੰਡ ਜਗਮਲੇਰੇ ਵਿਚ ਹੀ ਰਹਿੰਦੇ ਸਨ। ਇਹਨਾਂ ਦੇ ਕਾਰਨ ਹੀ ਓਹਨਾਂ ਪੰਜ ਸਤ ਮਕਾਨਾਂ ਦੇ ਘੇਰੇ ਨੂੰ (ਸੰਤਾਂ ਦਾ ਡੇਰਾ) ਦੇ ਨਾਮ ਨਾਲ ਜਾਣਿਆ ਜਾਣ ਲਗਾ। ਇਹਨਾਂ ਸੰਤਾ ਦੇ ਇਥੇ ਰਹਿਣ ਕਾਰਨ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਪਿੰਡ ਦਾ ਨਾਮ ਸੰਤਾਂ ਸਦਕਾ ਸੰਤ ਨਗਰ ਰੱਖਿਆ, ਜੋ ਸਤਿਗੁਰੂ ਜੀ ਦੇ ਹੁਕਮ ਕਰਦਿਆਂ ਹੀ ਹਰ ਬੰਦੇ ਦੀ ਜ਼ਬਾਨ ਤੇ ਜਗਮਲੇਰਾ ਦੀ ਥਾਂ ਤੇ ਸੰਤ ਨਗਰ ਰੱਟ ਗਿਆ। ਜੋ ਅਜ ਸਰਕਾਰੀ ਕਾਗਜ਼ਾਂ ਵਿਚ ਵੀ ਸੰਤ ਨਗਰ ਹੀ ਦਰਜ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਵੀ ਬਾਹਰ ਸੰਗਤਾਂ ਨੂੰ ਦਰਸ਼ਨ ਦੇ ਵਾਪਸ ਆਉਂਦੇ; ਚੰਚਾਲ ਕੋਠੀ ਆਉਣ ਸਾਰ ਸੰਤ ਆਲਾ ਸਿੰਘ ਹੁਰਾਂ ਨੂੰ ਦਰਸ਼ਨ ਦੇਣ ਜ਼ਰੂਰ ਆਉਂਦੇ। ਜੇ ਕਾਰਨ ਵਸ ਸੰਤ ਡੇਰੇ ਵਿਚ ਨਾ ਹੁੰਦੇ ਤਾਂ ਸਤਿਗੁਰੂ ਜੀ ਸੰਤਾਂ ਕੋਲ ਬਾਹਰ ਖੇਤ ਵਿਚ ਪਹੁੰਚ ਕੇ ਦਰਸ਼ਨ ਦਿੰਦੇ। ਇਹ ਸਤਿਗੁਰੂ ਤੇ ਸਿਖ ਦੀ ਪਵਿਤਰ ਪ੍ਰੀਤ ਦਾ ਸਬੂਤ ਸੀ। ਇਥੇ ਸੰਤਾਂ ਦੇ ਡੇਰੇ ਵਿਚ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸ਼ਾਮੀ 4 ਵਜੇ ਦੀਵਾਨ ਅਤੇ ਰਾਤ ਨੂੰ ਰੋਜ਼ਾਨਾ ਇਤਿਹਾਸ ਦੀ ਕਥਾ ਸੰਤ ਸੁੰਦਰ ਸਿੰਘ ਜੀ ਫਰੀਦ ਕਰਦੇ ਸਨ। ਫਰੀਦ ਜੀ ਬਹੁਤ ਹੀ ਵਿਦਵਾਨ ਸਨ ਜਿਨ੍ਹਾਂ ਦੀ ਕਥਾ ਸੁਣਦਿਆਂ ਮਨ ਮੰਤਰ ਮੁਗਧ ਹੋ ਜਾਂਦਾ। ਇਹ ਬਾਬਾ ਫਰੀਦ ਜੀ ਸੰਤਾਂ ਦੇ ਡੇਰੇ ਦੇ ਵਿਦਵਾਨ ਤੇ ਬਹੁ-ਗੁਣੀ ਸਨ। ਸੋ ਇਹਨਾਂ ਦੇ ਇਸ ਪਿੰਡ ਵਿਚ ਰਹਿਣ ਕਾਰਨ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਿੰਡ ਦਾ ਨਾਮ ਸੰਤ ਨਗਰ ਰਖਿਆ। ਸੋ ਅੱਗੇ ਮੈਂ ਲਿਖਣ ਵਿਚ ਜਗਮਲੇਰੇ ਦੀ ਥਾਂ ਸੰਤ ਨਗਰ ਹੀ ਲਿਖਾਂਗਾ ਪਾਠਕ ਜਾਣ ਲੈਣ।

ਮੁਸਲਮਾਨਾਂ ਦੇ ਛੱਡੇ ਡੰਗਰਾਂ ਵਿਚੋਂ ਜੋ ਸਾਡੇ ਹਿਸੇ ਤਿੰਨ ਗਊਆਂ ਆਈਆਂ ਸੀ, ਉਹਨਾਂ ਦੀ ਸਾਂਭ ਸੰਭਾਲ ਜ਼ਰੂਰੀ ਸੀ। ਉਹਨਾਂ ਨੂੰ ਕੁਝ ਰੋਜ਼ ਪਿਤਾ ਜੀ ਬਾਹਰ ਚਰਾਉਣ ਵਾਸਤੇ ਲੈ ਕੇ ਗਏ, ਪਰ ਉਹਨਾਂ ਦੇ ਜਾਣ ਨਾਲ ਮਿਹਨਤ ਮਜ਼ਦੂਰੀ ਵਾਲਾ ਕੰਮ ਠੱਪ ਹੋ ਗਿਆ। ਵੱਡਾ ਭਰਾ ਪਿਤਾ ਜੀ ਨਾਲ ਹੱਥ ਵਟਾਂਦਾ ਸੀ, ਸੋ ਇਹਨਾਂ ਤਿੰਨ ਗਊਆਂ ਨੂੰ ਬਾਹਰ ਚਾਰਨ ਜਾਣ ਦਾ ਗੁਣਾਂ ਮੇਰੇ ਤੇ ਹੀ ਆਣ ਪਿਆ। ਪਰ ਮੇਰੀ ਉਮਰ ਹਾਲ਼ਾਂ ਦਸ ਕੁ ਸਾਲ ਦੀ ਹੀ ਸੀ। ਬਾਹਰ ਘੋਰ ਜੰਗਲ



Sri Satguru Jagjit Singh Ji eLibrary

ਸੀ, ਜੰਗਲ ਵਿਚ ਵੱਡੀ ਉਮਰ ਦਾ ਵੀ ਜੇ ਰਾਹ ਭੁਲ ਜਾਂਦਾ ਤਾਂ ਉਸਨੂੰ ਭਾਰੀ ਖੱਜਲ ਖੁਆਰੀ ਪਿਛੋਂ ਹੀ ਪਿੰਡ ਵੜਨਾ ਨਸੀਬ ਹੁੰਦਾ। ਜੇ ਮੇਰੀ ਉਮਰ ਦਾ ਗੁੰਮ ਹੋ ਜਾਵੇ ਤਾਂ ਉਸਨੂੰ ਮੁੜ ਰਾਹ ਲੱਭ ਕੇ ਪਿੰਡ ਪਹੁੰਚਣਾ ਅਸੰਭਵ ਸੀ। ਮੇਰੇ ਮਾਤਾ ਪਿਤਾ ਮੇਰੇ ਤੋ ਪਸ਼ੂ ਚਾਰਨ ਦਾ ਕੰਮ ਤਾਂ ਲੈਣਾ ਚਾਹੁੰਦੇ ਸੀ, ਪਰ ਛੋਟੀ ਉਮਰ ਤੇ ਘੋਰ ਜੰਗਲ ਦੀ ਚਿੰਤਾ ਦੀਵਾਰ ਬਣੀ ਹੋਈ ਸੀ। ਪਰ ਸਿਆਣੇ ਕਹਿੰਦੇ ਨੇ ਲੋੜ ਕਾਢ ਦੀ ਮਾਂ ਹੁੰਦੀ ਹੈ। ਸੋ ਇਕ ਦਿਨ ਇਹ ਮੁਸ਼ਕਲ ਵੀ ਹੱਲ ਹੋ ਹੀ ਗਈ। ਪਿੰਡ ਵਰਨ ਦੇ ਮਾਨ ਸਿੰਘ ਨਾਲ ਮੇਲ ਹੋ ਗਿਆ। ਜੋ ਆਪਣੇ ਪਸ਼ੂ ਰੋਜ਼ਾਨਾ ਚਾਰਨ ਜਾਂਦਾ ਸੀ। ਉਹ ਤਿੰਨ ਭਰਾ ਸੀ ਤੇ ਉਹਨਾਂ ਤਿੰਨਾਂ ਕੋਲ ਕਰੀਬ 20 ਕੁ ਗਊਆਂ ਮੱਝਾਂ ਸੀ। ਮੇਰੇ ਪਿਤਾ ਜੀ ਨੇ ਇਕ ਦਿਨ ਉਸਨੂੰ ਮੇਰੀਆਂ ਤਿੰਨ ਗਊਆਂ ਤੇ ਮੈਨੂੰ ਨਾਲ ਲੈ ਜਾਣ ਲਈ ਕਿਹਾ ਤਾਂ ਉਹ ਮੰਨ ਗਿਆ। ਮੈਂ ਰੋਜ਼ਾਨਾ ਆਪਣੀਆਂ ਤਿੰਨ ਗਊਆਂ ਉਸਦੇ ਨਾਲ ਚਰਾਉਣ ਜਾਣ ਲੱਗਾ। ਮਾਨ ਸਿੰਘ ਦਾ ਮੇਰੇ ਪਿਤਾ ਸਿਰ ਕਾਫੀ ਵੱਡਾ ਅਹਿਸਾਨ ਸੀ ਕਿ ਮੈਂ ਤੁਹਾਡੇ ਮੁੰਡੇ ਨੂੰ ਨਾਲ ਲੈ ਜਾਂਦਾ ਹਾਂ ਪਰ ਅੰਦਰੋਂ ਉਹ ਸਮਝਦਾ ਸੀ ਮੈਨੂੰ ਮੁੰਡੇ ਨੂੰ ਨਾਲ ਲਿਆਉਣ ਨਾਲ ਮੌਜਾਂ ਲੱਗ ਗਈਆਂ ਹਨ। ਮਾਨ ਸਿੰਘ ਨੇ ਸਾਰਾ ਦਿਨ ਦਰੱਖਤ ਥੱਲੇ ਬੈਠੇ ਰਹਿਣਾ ਤੇ ਮੈਂ ਮਾਲ ਮੋੜਦੇ ਰਹਿਣਾ। ਬਸ ਅਜਿਹਾ ਸਿਲਸਿਲਾ ਰੋਜ਼ ਦਾ ਚਲ ਰਿਹਾ ਸੀ।

### ਰੱਖ

ਇਕ ਦਿਨ ਅਸੀ ਮਾਲ ਚਾਰਦੇ ਚਾਰਦੇ ਕਾਫੀ ਦੂਰ ਚਲੇ ਗਏ ਅੱਗੇ ਇਕ ਸੂਆ ਆਇਆ ਜੋ ਪਾਣੀ ਤੋਂ ਬਿਨਾਂ ਸੁੱਕਾ ਪਿਆ ਸੀ। ਉਹ ਬਰਸਾਤ ਦੇ ਪਾਣੀ ਨਾਲ ਹੀ ਚੱਲਦਾ ਸੀ। ਜੇ ਬਰਸਾਤ ਨਾ ਹੋਵੇ ਤਾਂ ਉਹ ਸੁੱਕਾ ਹੀ ਰਹਿੰਦਾ। ਮਾਨ ਸਿੰਘ ਨੇ ਮੈਨੂੰ ਦੱਸਿਆ ਕਿ ਇਹਨੂੰ ਸਿਕੰਦਰੀ ਨਾਲਾ ਕਹਿੰਦੇ ਨੇ। ਮੈਨੂੰ ਨਹੀਂ ਪਤਾ ਇਹ ਸਿਕੰਦਰ ਦੇ ਵੇਲੇ ਦਾ ਸੀ ਜਾਂ ਸਾਰੇ ਖਾਲਾਂ ਨਾਲੋਂ ਵੱਡਾ ਹੋਣ ਕਾਰਨ ਉਸਦਾ ਨਾਮ ਸਿਕੰਦਰੀ ਨਾਲਾ ਪੈ ਗਿਆ ਹੋਵੇ।

ਘਾਹ ਤਾਂ ਸਾਰੇ ਜੰਗਲ ਵਿਚ ਹੀ ਬਹੁਤ ਸੀ , ਪਰ ਸਿਕੰਦਰੀ ਨਾਲੇ ਤੋਂ ਪਾਰ ਤਾਂ ਬਹਾਰ ਹੀ ਆਈ ਹੋਈ ਸੀ। ਹਰਾ ਤੇ ਕੂਲਾ ਪੱਟ ਵੱਡਾ ਵੱਡਾ ਘਾਹ। ਅਸਾਂ ਆਪਣੇ ਪਸ਼ੂ ਉਥੇ ਚਰਨੇ ਛੱਡ ਦਿੱਤੇ, ਪਸ਼ੂ ਹਰਾ ਘਾਹ ਚਰ ਚਰ ਕੇ ਖੂਬ ਰੱਜੇ ਤੇ ਅਸੀਂ ਵਕਤ ਤੋਂ ਪਹਿਲਾਂ ਹੀ ਮਾਲ ਘਰ ਵਾਪਸ ਲੈ ਆਂਦਾ। ਬਸ ਅਸਾਂ ਰੋਜ਼ ਮਾਲ ਘਰੋਂ ਹਿਕਣਾ ਤੇ ਸਿਕੰਦਰੀ ਨਾਲਾ ਪਾਰ ਕਰਕੇ ਘਾਹ ਵਿਚ ਮਾਲ ਚਰਨਾਂ ਛਡ ਆਪ ਅਨੰਦ ਨਾਲ ਬੈਠੇ ਰਹਿਣਾ। ਇਸ ਤਰ੍ਹਾਂ ਸਿਕੰਦਰੀ ਨਾਲੇ ਤੋਂ ਪਾਰ ਮਾਲ ਚਾਰਦਿਆਂ 5 ਕੁ ਦਿਨ ਬੀਤ ਗਏ ਸਨ ਤਾਂ ਇਕ ਦਿਨ ਸ਼ਾਮ ਚਾਰ ਕੁ ਵਜੇ ਸ੍ਰੀ ਜੀਵਨ ਨਗਰ ਵਲੋਂ ਘੋੜਿਆਂ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਆਉਂਦੇ ਦਿਸੇ।



Sri Satguru Jagjit Singh Ji eLibrary NamdhariElibrary@gmail.com

ਨਾਲ 15-20 ਸਿਖ ਹੋਰ ਪੈਦਲ ਵੀ ਆ ਰਹੇ ਸੀ। ਅਸੀਂ ਬੜੇ ਚਾਅ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਦੌੜ ਕੇ ਰਾਹ ਤੇ ਗਏ। ਚਰਨਾਂ ਤੇ ਨਮਸਕਾਰ ਕੀਤੀ ਤਾਂ ਸੱਚੇ ਪਾਤਸ਼ਾਹ ਜੀ ਹੋਰਾਂ ਪੁੱਛਿਆ ਔਹ ਜੋ ਮਾਲ ਚਰ ਰਿਹਾ ਹੈ, ਉਹ ਕੀਹਦਾ ਹੈ? ਮਾਨ ਸਿੰਘ ਨੇ ਆਖਿਆ ਗਰੀਬ ਨਿਵਾਜ ਜੀ ਇਹ ਸਾਡਾ ਹੈ। ਗਰੀਬ ਨਿਵਾਜ ਜੀ ਹੁਕਮ ਕੀਤਾ, ਤੁਸੀਂ ਰੱਖ ਵਿਚ ਕਿਉਂ ਮਾਲ ਚਾਰ ਰਹੇ ਹੋ? ਸਤਿਗੁਰੂ ਜੀ ਇਕ ਸਿੱਖ ਨੂੰ ਹੁਕਮ ਕੀਤਾ ਕਿ ਇਹਨਾਂ ਦਾ ਸਾਰਾ ਮਾਲ ਵੇਹੜ ਕੇ ਫਾਟਕ ਵਿਚ ਦੇ ਦਿਉ। ਇਨ੍ਹਾਂ ਨੂੰ ਪਤਾ ਲੱਗ ਜਾਵੇ ਕੇ ਰੱਖ ਵਿਚ ਚੋਰੀ ਮਾਲ ਕਿਵੇਂ ਚਾਰੀਦਾ। ਸਤਿਗੁਰੂ ਜੀ ਦਾ ਰੋਹ ਭਰਿਆ ਚਿਹਰਾ ਵੇਖ ਕੇ ਮੈਂ ਤੇ ਮਾਨ ਸਿੰਘ ਕੰਬਣ ਲੱਗੇ। ਬੱਸ ਸਤਿਗੁਰੂ ਜੀ ਦੇ ਹੁਕਮ ਦੀ ਦੇਰ ਸੀ ਦੋ ਸਿੰਘ ਦੌੜ ਕੇ ਗਏ ਤੇ ਸਾਡੇ ਘਾਹ ਚਰਦੇ ਮਾਲ ਨੂੰ ਵੇਹੜ ਕੇ ਲੈ ਆਏ। ਸਾਨੂੰ ਕੁਝ ਸੁੱਝ ਨਹੀਂ ਸੀ ਰਿਹਾ। ਚੁਪ ਕੀਤੇ ਨੀਵੀਂ ਪਾਈ ਖੜੋਤੇ ਸੀ। ਸਤਿਗੁਰੂ ਜੀ ਨੇ ਮਾਨ ਸਿੰਘ ਨੂੰ ਪੁੱਛਿਆ ਤੇਰਾ ਨਾਂ ਕੀ ਹੈ? ਤੇ ਪਿਛੋਂ ਕਿਹੜੇ ਪਿੰਡ ਦਾ ਹੈਂ? ਜੀ ਮੈਂ ਪਿੰਡ ਵਰਨਾਂ ਦਾ ਹਾਂ ਤੇ ਮੇਰਾ ਨਾਂ ਮਾਨ ਸਿੰਘ ਹੈ। ਉਸ ਤੋਂ ਪਿੱਛੋਂ ਸੱਚੇ ਪਾਤਸ਼ਾਹ ਜੀ ਨੇ ਮੇਰੇ ਵਲ ਨਜ਼ਰ ਭਰ ਕੇ ਤਕਿਆ ਤਾਂ ਕਹਿਣ ਲੱਗੇ ਕਾਕਾ ਉਰੇ ਹੋ? ਮੈਂ ਘੋੜੇ ਦੇ ਨੇੜੇ ਹੋਇਆ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਹਾ ਕਾਕਾ ਤੂੰ ਕੀਹਦਾ ਪੁੱਤਰ ਹੈਂ? ਮੈਨੂੰ ਯਾਦ ਨਹੀਂ ਆ ਰਿਹਾ? ਮੈਂ ਤੈਨੂੰ ਪਹਿਲਾਂ ਵੇਖਿਆ ਹੋਇਆ ਹੈ? ਮੈਂ ਡਰਦੇ ਡਰਦੇ ਨੇ ਕਿਹਾ ਜੀ ਮੈਂ ਈਸ਼ਰ ਸਿੰਘ ਦਾ ਪੁੱਤਰ ਹਾਂ। ਕਿਹੜੇ ਈਸ਼ਰ ਸਿੰਘ ਦਾ? ਮੈਂ ਕਦੇ ਵੇਖਿਆ ਨਹੀਂ? ਮੈਂ ਕਹਿ ਦਿਤਾ ਜੀ ਮਲੀਆਂ ਵਾਲਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਦਮ ਬਖਸ਼ਿਸ਼ ਦੇ ਘਰ ਵਿਚ ਆ ਗਏ। ਹਾਂ, ਹਾਂ, ਯਾਦ ਆਇਆ ਤੈਨੂੰ ਮਲੀਆਂ ਪਿੰਡ ਵਿਚ ਵੇਖਿਆ ਸੀ? ਜਦੋਂ ਮੇਵਾ ਸਿੰਘ ਦੇ ਘਰ ਗਏ ਸਾਂ। ਤੂੰ ਓਥੇ ਤਾਂ ਜੂੜੇ ਤੇ ਰੁਮਾਲ ਬੰਨਿਆ ਹੋਇਆ ਸੀ ਤੇ ਅਜ ਪੱਗ ਬੰਨੀ ਬੈਠਾ ਹੈਂ? ਸਤਿਗੁਰੂ ਸੱਚੇ ਪਾਤਸ਼ਾਹ ਜੀ ਬਖਸ਼ਿਸ਼ ਕਰਦਿਆਂ ਸਿੰਘਾਂ ਨੂੰ ਹੁਕਮ ਕੀਤਾ ਇਹਨਾਂ ਦਾ ਮਾਲ ਛੱਡ ਦਿਉ? ਤੇ ਕਾਕਾ ਤੂੰ ਆਪਣੇ ਪਿਉ ਨੂੰ ਆਖੀਂ ਮੈਨੂੰ ਕਦੇ ਮਿਲੇ। ਮਾਨ ਸਿੰਘ ਨੂੰ ਹੁਕਮ ਕੀਤਾ ਇਹ ਅਸਾਂ ਰੱਖ ਰੱਖੀ ਹੋਈ ਹੈ ਇਥੇ ਮੁੜ ਕੇ ਮਾਲ ਨਹੀਂ ਚਾਰਨਾ। ਮਾਨ ਸਿੰਘ ਨੇ ਅਰਜ ਕੀਤੀ ਸਾਨੂੰ ਪਤਾ ਨਹੀਂ ਸੀ, ਇਹ ਰੱਖ ਹੈ ਸਾਨੂੰ ਮਾਫ ਕਰ ਦਿਉ। ਪਰ ਸੱਚੇ ਪਾਤਸ਼ਾਹ ਜੀ ਘੋੜੇ ਨੂੰ ਤੋਰ ਰਖ ਵਲ ਨੂੰ ਚਲੇ ਗਏ। ਇਸ ਰੱਖ ਦੇ ਇਕ ਸਿਰੇ ਤੇ ਸੱਚੇ ਪਾਤਸ਼ਾਹ ਜੀ ਨੇ ਮਸਤਾਨ ਗੜ੍ਹ ਵਸਾਇਆ ਹੈ। ਅਸੀਂ ਮਾਲ ਘਰ ਨੂੰ ਲਿਆ ਰਹੇ ਸਾਂ ਤਾਂ ਮਾਨ ਸਿੰਘ ਨੇ ਮੈਨੂੰ ਬਾਹੋਂ ਫੜ ਕੇ ਕਿਹਾ ਅੱਜ ਬੜੇ ਕਸੂਤੇ ਫਸ ਗਏ ਸੀ; ਪਰ ਤੇਰੇ ਕਰਕੇ ਬਚ ਗਏ ਹਾਂ। ਸਤਿਗੁਰੂ ਜੀ ਨੂੰ ਤੇਰੇ ਤੇ ਤਰਸ ਆ ਗਿਆ, ਪਰ ਨਾਲ ਹੀ ਮਾਨ ਸਿੰਘ ਹੈਰਾਨ ਸੀ ਕਿ ਸਤਿਗੁਰੂ ਜੀ ਨੂੰ ਕਿੰਨਾ ਚੇਤੇ ਹੈ ਕਿ ਇਸ ਮੁੰਡੇ ਨੂੰ ਕਿਤੇ ਵੇਖਿਆ ਹੈ। ਹੱਦ ਹੋ



Sri Satguru Jagjit Singh Ji eLibrary NamdhariElibrary@gmail.com

ਗਈ ਯਾਰ ਜਦੋਂ ਤੂੰ ਪਿੰਡ ਦਾ ਨਾਂ ਦਸਿਆ ਤਾਂ ਸਤਿਗੁਰੂ ਜੀ ਹੋਰਾਂ ਝੱਟ ਕਹਿ ਦਿਤਾ, ਉਦੋਂ ਤਾਂ ਤੂੰ ਜੂੜੇ ਤੇ ਰੁਮਾਲ ਪਾਇਆ ਸੀ। ਹੱਦ ਹੋ ਗਈ, ਸਤਿਗੁਰੂ ਜੀ ਨੂੰ ਕਿੰਨਾ ਚੇਤਾ ਰਹਿੰਦਾ ਏ। ਮਾਨ ਸਿੰਘ ਹੱਦ ਹੋ ਗਈ; ਹੱਦ ਹੋ ਗਈ, ਕਹੀ ਜਾ ਰਿਹਾ ਸੀ। ਮੈਂ ਘਰ ਆਣ ਕੇ ਅੱਜ ਦੀ ਸਾਰੀ ਘਟਨਾ ਦੱਸੀ ਤਾਂ ਮੇਰੇ ਪਿਤਾ ਜੀ ਕਿਹਾ ਤੁਹਾਨੂੰ ਅੱਜ ਸਤਿਗੁਰੂ ਜੀ ਛੱਡ ਦਿੱਤਾ ਅੱਗੋਂ ਕਦੇ ਇਸ ਤਰ੍ਹਾਂ ਨਹੀਂ ਕਰਨਾ। ਮੈਂ ਪਿਤਾ ਜੀ ਨੂੰ ਕਿਹਾ "ਸਤਿਗੁਰੂ ਜੀ ਕਹਿੰਦੇ ਸੀ ਪਿਉ ਨੂੰ ਆਖੀਂ ਮੈਨੂੰ ਕਿਸੇ ਦਿਨ ਮਿਲੇ।" ਤਾਂ ਪਿਤਾ ਜੀ ਕਹਿਣ ਲੱਗੇ "ਮੈਨੂੰ ਤਾਂ ਹਿੰਮਤ ਨਹੀਂ ਪੈਂਦੀ ਇਉਂ ਸਤਿਗੁਰੂ ਜੀ ਦੇ ਸਾਹਮਣੇ ਹੋਣ ਦੀ; ਮੈਂ ਕਿਸੇ ਵੇਲੇ ਸੁਦਾਗਰ ਸਿੰਘ ਨੂੰ ਨਾਲ ਲੈ ਕੇ ਜਾਵਾਂਗਾ ਤੇ ਤੇਰੀ ਗਲਤੀ ਦੀ ਮਾਫੀ ਮੰਗ ਲਵਾਂਗਾ।"



Sri Satguru Jagjit Singh Ji eLibrary NamdhariElibrary@gmail.com

# ਈਸ਼ਰ ਸਿੰਘ 'ਖੋਇਵਾਲਾ'

ਸਾਨੂੰ ਸਰੋਂ ਗਾਹ ਕੇ ਵੇਚਣ ਨਾਲ 300 ਰੁਪਏ ਇਕੱਠੇ ਮਿਲ ਗਏ ਸੀ। ਪਿਤਾ ਜੀ ਦੀ ਜੇਬ ਵਿਚ 300 ਰੁਪਏ ਹੋਣ ਕਾਰਨ ਓਹਨਾਂ ਨੂੰ ਔਚਵੀ ਹੋ ਰਹੀ ਸੀ। ਉਹ ਹਰ ਟਾਈਮ ਸੋਚਦੇ ਇਹਨਾਂ ਪੈਸਿਆਂ ਨੂੰ ਕਿਥੇ ਤੇ ਕਿਵੇਂ ਖਰਚ ਕੀਤਾ ਜਾਵੇ। ਰੋਜ਼ਾਨਾ ਸੋਚਦੇ ਰਹਿੰਦੇ ਇਥੇ ਇੰਨੇ ਪੈਸਿਆਂ ਨਾਲ ਕਿਹੜਾ ਵਪਾਰ ਚੱਲ ਸਕਦਾ ਹੈ। ਵਪਾਰ ਦਾ ਤਜਰਬਾ ਉਹਨਾਂ ਨੂੰ ਪਹਿਲਾਂ ਹੀ ਸੀ। ਪਰ ਇਨੇ ਪੈਸਿਆਂ ਨਾਲ ਕਿਹੜਾ ਵਪਾਰ ਕੀਤਾ ਜਾਵੇ ਕੋਈ ਗੱਲ ਨਹੀਂ ਸੀ ਬਣ ਰਹੀ। ਇਕ ਦਿਨ ਪਿਤਾ ਜੀ ਦੁਕਾਨ ਤੋਂ ਕੋਈ ਘਰ ਦੀ ਲੋੜੀਂਦੀ ਵਸਤੂ ਲੈਣ ਗਏ। ਦੁਕਾਨਦਾਰ ਨਾਲ ਗੱਲੀਂ ਲੱਗ ਗਏ ਤੇ ਵਪਾਰ ਦੀਆਂ ਗਲਾਂ ਸ਼ੁਰੂ ਕਰ ਦਿਤੀਆਂ।

ਸਾਡੇ ਪਿੰਡ ਵਿਚ ਪਾਕਿਸਤਾਨ ਬਣਨ ਤੋਂ ਪਹਿਲਾਂ ਦੋ ਵਸਨੀਕ ਦੋ ਹੀ ਘਰ ਸੀ। ਇਕ ਸੀ ਜੁਆਨ ਉਮਰ ਲੱਖੀ ਸ਼ਾਹ ਤੇ ਦੂਸਰਾ ਵੱਡੀ ਉਮਰ ਦਾ ਬਾਬਾ ਵੀਰੂ ਸ਼ਾਹ ਜਿਸਨੂੰ ਹਰ ਇਕ ਬਾਬਾ ਵੀਰੂ ਹੀ ਆਖਦਾ । ਪਿਤਾ ਜੀ ਵੀ ਬਾਬੇ ਵੀਰੂ ਨਾਲ ਹੀ ਗੱਲੀਂ ਲੱਗੇ ਹੋਏ ਸੀ । ਬਾਬੇ ਵੀਰੂ ਸ਼ਾਹ ਨੇ ਮੇਰੇ ਪਿਤਾ ਜੀ ਨੂੰ ਆਖਿਆ ਜੇ ਤੂੰ ਕੰਮ ਕਰਨਾ ਚਾਹੁੰਨੈ ਤਾਂ ਮੇਰੇ ਕੋਲ ਔਹ ਦੁਕਾਨ ਨਾਲ ਦੀ ਖਾਲੀ ਪਈ ਹੈ ਤੂੰ ਇਹ ਦੁਕਾਨ ਕਰਾਏ ਤੇ ਲੈ ਲਾ? ਇਥੇ ਮਠਿਆਈ ਦੀ ਦੁਕਾਨ ਕੋਈ ਨਹੀਂ ਤੇ ਮੈਂ ਵੇਖਿਐ ਤੁਹਾਡੇ ਬੰਦੇ ਮਠਿਆਈ ਨੂੰ ਬਹੁਤ ਪਸੰਦ ਕਰਦੇ ਹਨ। ਮੇਰੇ ਤੋਂ ਗੁੜ ਲੈਂਦੇ ਹਨ ਤਾਂ ਇਥੇ ਖੜੋਤੇ ਹੀ ਇਕ ਪੋਸੀ ਖਾ ਜਾਂਦੇ ਹਨ। ਮੇਰਾ ਅੰਦਾਜਾ ਹੈ ਮਠਿਆਈ ਦੀ ਦੁਕਾਨ ਚੱਲ ਜਾਵੇਗੀ। ਪਿਤਾ ਜੀ ਕਿਹਾ ਮੈਨੂੰ ਮਠਿਆਈ ਬਣਾਉਣ ਦੀ ਕੋਈ ਜਾਚ ਨਹੀਂ। ਤਾਂ ਬਾਬੇ ਵੀਰੂ ਆਖਿਆ ਤੂੰ ਮਨ ਬਣਾ, ਜਾਚ ਮੈਂ ਦੱਸ ਦੇਵਾਂਗਾ। ਮੈਂ ਮਠਿਆਈ ਦੀ ਦੁਕਾਨ ਤਾਂ ਆਪ ਕਰ ਲਵਾਂ ਪਰ ਮੇਰੇ ਤੋਂ ਕਿਸੇ ਨੇ ਮਠਿਆਈ ਲੈਣੀ ਨਹੀਂ। ਕਿਉਂਕਿ ਮੈਂ ਹੁੱਕਾ ਪੀਂਦਾ ਹਾਂ। ਪਿਤਾ ਜੀ ਨੂੰ ਗੱਲ ਜਚ ਗਈ। ਉਹਨਾਂ ਨੇ ਬਾਬੇ ਵੀਰੂ ਤੋਂ 30 ਰੁਪਏ ਮਹੀਨੇ ਤੇ ਦੁਕਾਨ ਕਿਰਾਏ ਤੇ ਲੈ ਲਈ।

ਇਕ ਦਿਨ ਪਿਤਾ ਜੀ ਤੇ ਬਾਬਾ ਵੀਰੂ ਸ਼ਾਹ ਸਿਰਸਾ ਸ਼ਹਿਰ ਗਏ ਤਾਂ ਬਾਬੇ ਵੀਰੂ ਸ਼ਾਹ ਨੇ ਆਪਣੀ ਜਿੰਮੇਵਾਰੀ ਤੇ ਸਿਰਸੇ ਦੁਕਾਨਦਾਰ ਤੋਂ ਖੰਡ ਵੇਸਣ ਤੇ ਹੋਰ ਲੋੜੀਂਦਾ ਸਾਮਾਨ ਲੈ ਦਿਤਾ ਅਤੇ ਪਿਤਾ ਜੀ ਦਾ ਅਲੱਗ ਖਾਤਾ ਖੁਲ੍ਹਾ ਕੇ ਆਪਣੀ ਗਰੰਟੀ ਪੁਆ ਦਿਤੀ । ਕੜਾਹੀਆਂ, ਪਲਟੇ, ਪੋਣੇ ਖਰੀਦ ਲਏ ਤੇ ਹਫਤੇ ਦੇ ਵਿਚ



Sri Sat

ਵਿਚ 4 ਕਿਲੋ ਦੁੱਧ ਦਾ ਖੋਇਆ ਬਣਾ ਕੇ ਵਿਚ ਤਿੰਨ ਪਾਈਆ ਖੰਡ ਮਿਲਾ ਕੇ ਉਸਦੇ ਗੋਲ ਪੇੜੇ ਬਣਾ ਕੇ ਉਤੇ ਛਟਾਂਕ ਦੇ ਵੱਟੇ ਨੂੰ ਪੇੜਿਆਂ ਦੇ ਉਤੇ ਦਬਾਇਆ ਤਾਂ ਓਹਨਾਂ ਦੇ ਉਤੇ ਨੰਬਰ ਛੱਪ ਗਏ ਅਤੇ ਇਸ ਨਾਲ ਸੁਹਪਣ ਵਧ ਗਿਆ। ਪਿਤਾ ਜੀ ਇਹਨਾਂ ਪੇੜਿਆਂ ਨੂੰ ਥਾਲੀ ਵਿਚ ਰੱਖ ਕੇ ਦੁਕਾਨ ਦੇ ਥੜੇ ਤੇ ਬੈਠ ਗਏ। ਦੁਕਾਨ ਪਿੰਡ ਦੀ ਮੇਨ ਗਲੀ ਦੇ ਉਤੇ ਸੀ। ਇਸ ਲਈ ਹਰੇਕ ਗਲੀ ਵਿਚੋਂ ਲੰਘਦੇ ਦੀ ਨਜ਼ਰ ਪੇੜਿਆਂ ਤੇ ਪੈਂਦੀ ਅਤੇ ਹਰੇਕ ਬੰਦਾ ਵੇਖ ਕੇ ਆਪਣੀ ਜੇਬ ਵਲ ਜ਼ਰੂਰ ਵੇਖਦਾ। ਉਸ ਸਮੇਂ ਜੇਬ ਵਿਚੋਂ ਮਠਿਆਈ ਲਈ ਜੇਬ ਵਿਚ ਹੱਥ ਪਾ ਕੇ ਪੈਸੇ ਕੱਢਣੇ ਇੰਨੇ ਸੁਖਾਲੇ ਨਹੀਂ ਸਨ। ਸੋ ਫਿਰ ਵੀ ਸੁਆਦ ਸੁਆਦ ਵਿਚ ਇੱਕ ਇੱਕ ਪੇੜਾ ਕਰਕੇ ਸਾਰੇ ਵਿਕ ਗਏ। ਪਿਤਾ ਜੀ ਖੁਸ਼ ਸਨ। ਕਿਉਂਕਿ ਓਹਨਾਂ ਨੂੰ ਅਜ ਢਾਈ ਰੁਪਏ ਮੁਨਾਫਾ ਮਿਲ ਗਿਆ ਸੀ। ਉਸ ਵਕਤ ਮਜਦੂਰ ਦੀ ਦਿਹਾੜੀ 2 ਕੁ ਰੁਪਏ ਹੀ ਸੀ। ਸੋ ਪਿਤਾ ਜੀ ਨੇ ਸੋਚਿਆ ਮੈਨੂੰ ਤਾਂ ਮੁਨਾਫਾ ਢਾਈ ਰੁਪਏ ਮਿਲ ਗਿਆ ਹੈ। ਰੋਜ਼ਾਨਾ ਖੋਇਆ ਬਣਾ ਕੇ ਵੇਚਣ ਨਾਲ ਰੁਜ਼ਗਾਰ ਸ਼ੁਰੂ ਹੋ ਗਿਆ। ਸਹਿਜੇ ਸਹਿਜੇ ਬਰਫੀ ਲੱਡੂ ਅਤੇ ਹੋਰ ਮਠਿਆਈਆਂ ਵੀ ਬਣਾਨੀਆਂ ਸਿੱਖ ਗਏ। ਦੁੱਧ ਦੇ ਖੋਏ ਵਿਚ ਸੁੱਕੀ ਖੰਡ ਪਾ ਕੇ, ਪੇੜੇ ਬਨਾਉਣੇ ਇਸ ਤਰ੍ਹਾਂ ਖੋਏ ਤੇ ਖੰਡ ਨੂੰ ਪਾਣੀ ਨਾ ਲੱਗਣ ਕਰਕੇ ਪਿੰਡ ਵਿਚ ਨਾਮਧਾਰੀ ਮਰਿਆਦਾ ਅਨੁਸਾਰ ਖੋਏ ਦੇ ਪੇੜੇ ਸੋਧ ਵਿਚ ਮੰਨੇ ਗਏ ਅਤੇ ਸੋਧ ਦੀ ਮਰਿਆਦਾ ਵਾਲੇ ਵੀ ਗਾਹਕ ਬਣ ਗਏ। ਸਾਡੀ ਦੁਕਾਨ ਸਾਲ ਦੇ ਵਿਚ ਵਿਚ ਚੰਗੀ ਚਲ ਪਈ ਅਤੇ ਸਾਡੀ ਆਮਦਨ ਵੀ ਚੰਗੀ ਹੋ ਗਈ।

ਦੁਕਾਨ ਤੇ ਖੋਇਆ ਬਣਾਉਣ ਕਾਰਨ ਪਿਤਾ ਜੀ ਦੀ ਅੱਲ ਈਸ਼ਰ ਸਿੰਘ ਖੋਏ ਵਾਲਾ ਪੈ ਗਈ। ਸੋ ਅਸੀਂ ਸਾਰਾ ਪਰਿਵਾਰ ਖੋਏ ਵਾਲੇ ਨਾਮ ਤੋਂ ਜਾਣੇ ਜਾਣ ਲੱਗੇ। ਇਸੇ ਕਾਰਨ ਅਸੀਂ ਅੱਜ ਵੀ ਖੋਏ ਵਾਲੇ ਨਾਮ ਨਾਲ ਹੀ ਜਾਣੇ ਜਾਂਦੇ ਹਾਂ। ਤੇਰਾਂ ਸਾਲ ਖੋਇਆ ਵੇਚਿਆ ਹੈ ਅਤੇ ਇਸ ਸਮੇਂ ਦੁਕਾਨ ਦਾ ਕੰਮ ਛੱਡਿਆਂ ਨੂੰ ਪੂਰੇ 50 ਪੰਜਾਹ ਸਾਲ ਬੀਤ ਚੁੱਕੇ ਹਨ ਪਰ ਅੱਲ ਅੱਜ ਵੀ ਖੋਏ ਵਾਲੇ ਹੀ ਚੱਲ ਰਹੀ ਹੈ ਅਤੇ ਤੀਜੀ ਪੀੜ੍ਹੀ ਵੀ ਖੋਏ ਵਾਲੇ ਹੀ ਸੱਦੀਦੀ ਹੈ । ਦੁਕਾਨ ਤੇ ਵੱਡਾ ਭਰਾ ਵੀ ਪਿਤਾ ਜੀ ਨਾਲ ਮਠਿਆਈ ਬਣਾਉਣੀ ਸਿੱਖ ਗਿਆ।

### ਖੁਸ਼ੀਆਂ ਲੈ

ਇਕ ਦਿਨ ਸ੍ਰੀ ਜੀਵਨ ਨਗਰ ਤੋਂ ਇਕ ਸਿੱਖ ਨੇ ਆਣ ਕੇ ਪਿਤਾ ਜੀ ਨੂੰ ਕਿਹਾ ਕਿ ਤੈਨੂੰ ਸਤਿਗੁਰੂ ਜੀ ਨੇ ਸੱਦਿਆ ਹੈ। ਪਿਤਾ ਜੀ ਡਰ ਗਏ। ਕਿਉਂਕਿ ਉਹ ਮੇਰੇ ਰੱਖ ਵਿਚ ਮਾਲ ਚਾਰਨ ਵਾਲੀ ਗਲਤੀ ਦੀ ਮਾਫੀ ਮੰਗਣ ਨਹੀਂ ਸੀ ਗਏ। ਪਿਤਾ ਜੀ ਸੁਦਾਗਰ ਸਿੰਘ ਨੂੰ ਨਾਲ ਲੈਕੇ ਸ੍ਰੀ ਜੀਵਨ ਨਗਰ ਗਏ; ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਜੀ ਦੇ ਚਰਨ ਪਰਸੇ, ਮੇਰੇ ਪਿਤਾ ਜੀ ਤੇ ਸੁਦਾਗਰ ਸਿੰਘ ਹੱਥ ਜੋੜ ਕੇ ਖੜੇ ਹੋ ਗਏ, ਸੱਚੇ ਪਾਤਸ਼ਾਹ ਜੀ ਪੁੱਛਿਆ ਦੱਸੋ ਕੀ ਗਲ ਹੈ । ਤਾਂ ਸੁਦਾਗਰ ਸਿੰਘ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਨੇ ਇਹ ਮੇਰਾ ਮਾਮਾ ਹੈ, ਇਹਨਾਂ ਦੇ ਪੁੱਤਰ ਨੇ ਤਿੰਨ ਸਾਲ ਪਹਿਲਾਂ ਰੱਖ ਵਿਚ ਚੋਰੀ ਮਾਲ ਚਾਰਨ ਦੀ ਗਲਤੀ ਕੀਤੀ ਸੀ, ਪਰ ਇਹ ਅੱਜ ਤਕ ਮਾਫੀ ਮੰਗਣ ਨਹੀਂ ਸੀ ਆਇਆ। ਹੱਛਾ? ਇਹਦਾ ਨਾਮ ਈਸ਼ਰ ਸਿੰਘ ਥੋਏ ਵਾਲਾ ਹੈ। ਸੁਦਾਗਰ ਸਿੰਘ ਇਹਨੂੰ ਮਾਫੀ ਮੰਗਣ ਦੀ ਲੋੜ ਨਹੀਂ, ਇਹਨੂੰ ਤਾਂ ਮੈਂ ਸੱਦਿਆ ਹੈ ਕਿ ਸਵੇਰੇ ਸਾਧ ਸੰਗਤ ਨੂੰ ਜਲੇਬੀਆਂ ਬਣਾ ਕੇ ਛਕਾਵੇ। ਪਿਤਾ ਜੀ ਦਾ ਚਿਹਰਾ ਖਿੜ ਗਿਆ। ਪਿਤਾ ਜੀ ਨੇ ਅਰਜ਼ ਕੀਤੀ ਗਰੀਬ ਨਿਵਾਜ ਪਰ ਮੈਂ ਸੋਧੀ ਨਹੀਂ। ਸੱਚੇ ਪਾਤਸ਼ਾਹ ਜੀ ਇਕ ਸਿੱਖ ਨੂੰ ਹੁਕਮ ਕੀਤਾ ਇਸਨੂੰ ਸੋਧ ਦੇ ਕੱਪੜੇ ਦਿਉ ਤੇ ਇਸ਼ਨਾਨ ਕਰਾ ਕੇ ਸੋਧੀ ਬਣਾ ਦਿਉ। ਹੁਕਮ ਹੋਇਆ ਤੂੰ ਰਾਤ ਇਥੇ ਰਹਿ ਕੇ ਤਿਆਰੀ ਕਰ ਜਾਹ ਅਤੇ ਕਲ੍ਹ ਰਾਤ ਜਲੇਬੀਆਂ ਤਿਆਰ ਕਰਕੇ ਸੰਗਤਾਂ ਦੀਆਂ ਖੁਸ਼ੀਆਂ ਲੈ।

### ਸੰਤ ਨਗਰ ਵਿਚ ਜੱਪ ਪ੍ਰਯੋਗ

ਵੱਡਾ ਭਰਾ ਪਿਤਾ ਜੀ ਨਾਲ ਕੰਮ ਕਰਦਾ ਸੀ ਤੇ ਮੈਂ ਮਾਲ ਦਾ ਛੇੜੂ ਸੀ। ਸਵੇਰੇ ਜਾਣਾ ਤੇ ਰਾਤ ਨੂੰ ਘਰ ਆ ਜਾਣਾ। ਰਾਤ ਨੂੰ ਰੋਟੀ ਖਾਣੀ ਤੇ ਸੌਂ ਜਾਣਾ। ਬੱਸ ਇਹੀ ਮੇਰੀ ਮੰਜ਼ਲ ਸੀ। ਮੈਨੂੰ ਨਾਮਧਾਰੀ ਪੰਥ ਤੇ ਮਰਿਆਦਾ ਬਾਰੇ ਕੋਈ ਕੁਝ ਪਤਾ ਨਹੀਂ ਸੀ। ਅਗਲੇ ਸਾਲ ਸ੍ਰੀ ਭੈਣੀ ਸਾਹਿਬ ਅੱਸੂ ਦੇ ਮੇਲੇ ਦਾ ਜਪ ਪ੍ਰਯੋਗ ਸ਼ੁਰੂ ਹੋਇਆ ਤਾਂ ਸਾਡੇ ਪਿੰਡ ਸੰਤ ਨਗਰ ਵਿਚ ਵੀ ਸੰਤਾਂ ਦੇ ਉਦਮ ਨਾਲ ਗੁਰਦੁਆਰਾ ਮਹਾਰਾਂ ਵਾਲਾ ਮੁਸਲਮਾਨਾਂ ਦੀ ਮਸੀਤ ਨੂੰ ਹੀ ਬਣਾਇਆ ਗਿਆ ਸੀ। ਗੁਰਦੁਆਰੇ ਵਿਚ ਭਾਈ ਵਜੋਂ ਬਾਬਾ ਅਤਰ ਸਿੰਘ ਸੇਵਾ ਕਰਦਾ ਸੀ। ਇਹ ਬਾਬਾ ਅਤਰ ਸਿੰਘ ਪਾਕਿਸਤਾਨ ਪਿੰਡ ਮਹਾਰਾਂ ਵਾਲਾ ਦਾ ਸੀ ਸੋ ਇਸ ਧਰਮਸ਼ਾਲਾ ਦਾ ਨਾਮ ਮਹਾਰਾਂ ਵਾਲਾ ਹੀ ਪੈ ਗਿਆ। ਇਸ ਮਹਾਰਾਂ ਵਾਲੀ ਧਰਮਸ਼ਾਲਾ ਵਿਚ ਨੌ ਜੁਆਨਾਂ ਵਲੋਂ ਜਪ ਪ੍ਰਯੋਗ ਚਾਲੀ ਦਿਨਾਂ ਵਾਸਤੇ ਅਰੰਭ ਕੀਤਾ ਗਿਆ, ਜਿਸ ਵਿਚ ਪਿੰਡ ਦੇ ਨੌਂ ਜੁਆਨਾਂ ਨੂੰ ਨਾਮਧਾਰੀ ਮਰਿਆਦਾ ਅਨੁਸਾਰ ਸੋਧ ਰਖਾਈ ਗਈ। ਰੋਜਾਨਾ ਰਾਤ ਨੂੰ 2 ਘੰਟੇ ਇਹ ਨੌਜੁਆਨ ਨਾਮ ਸਿਮਰਨ ਕਰਦੇ ਤੇ ਪਿਛੋਂ ਇਕ ਘੰਟਾ ਕਥਾ ਜਾਂ ਦੀਵਾਨ ਸਜਾਇਆ ਜਾਂਦਾ। ਹਰ ਨਾਮ ਸਿਮਰਨ ਵਿਚ ਭਾਗ ਲੈਣ ਵਾਲੇ ਨੂੰ ਖੂਹੀ ਤੇ ਸੋਧ ਦਾ ਇਸ਼ਨਾਨ ਕਰਾਇਆ ਜਾਂਦਾ। ਇਸ਼ਨਾਨ ਕਰਾਉਣ ਦੀ ਸੇਵਾ ਬਲਕਾਰ ਸਿੰਘ ਪੁਤਰ ਸੰਤ ਘੰਧਾਰਾ ਸਿੰਘ, ਬਲੀ ਸਿੰਘ ਪੁਤਰ ਸੰਤ ਤਰਨ ਸਿੰਘ ਵਹਿਮੀ ਅਤੇ ਮੇਰਾ ਵੱਡਾ ਭਰਾ ਹਰਨਾਮ ਸਿੰਘ ਪੁੱਤਰ ਈਸ਼ਰ ਸਿੰਘ, ਇਹ ਤਿੰਨੇ ਖੂਹੀ ਵਿਚੋਂ ਪਾਣੀ ਕੱਢ ਪ੍ਰਯੋਗ ਵਿਚ ਬੈਠਣ ਵਾਲਿਆਂ ਦਾ

ਇਸ਼ਨਾਨ ਕਰਾਉਂਦੇ; ਅਤੇ ਹੋਰ ਲੋੜ ਮੁਤਾਬਕ ਸੇਵਾ ਕਰਦੇ।

ਪ੍ਰਯੋਗ ਦਾ ਭੋਗ ਪੈਣ ਤੋਂ ਪਹਿਲਾਂ ਪ੍ਰਬੰਧਕਾਂ ਵਲੋਂ ਐਲਾਨ ਕੀਤਾ ਗਿਆ ਕਿ ਪ੍ਰਯੋਗ ਦੇ ਭੋਗ ਤੋਂ ਪਹਿਲਾਂ ਇਕ ਦਿਨ ਜ਼ਬਾਨੀ ਤੇ ਪੋਥੀ ਤੋਂ ਪਾਠ ਮੁਕਾਬਲਾ ਹੋਵੇਗਾ ਅਤੇ ਭੋਗ ਵਾਲੇ ਦਿਨ ਅਰਦਾਸ ਪਿਛੋਂ ਕਵੀ ਦਰਬਾਰ ਹੋਵੇਗਾ ਇਸ ਵਿਚ ਭਾਗ ਲੈਣ ਵਾਲਿਆਂ ਦਾ ਮੁਕਾਬਲਾ ਹੋਵੇਗਾ ਅਤੇ ਪਹਿਲੇ ਦੂਜੇ ਤੀਜੇ ਨੰਬਰ ਤੇ ਆਉਣ ਵਾਲਿਆਂ ਨੂੰ ਕਰਮ ਵਾਰ ਇਨਾਮ ਦਿਤੇ ਜਾਣਗੇ।

ਸੇਵਾ ਕਰਨ ਵਾਲੇ ਜੁਆਨਾਂ ਦਾ ਸਨਮਾਨ ਕੀਤਾ ਜਾਵੇਗਾ। ਮੇਰਾ ਭਰਾ ਸੇਵਾ ਕਰਨ ਵਾਲਿਆਂ ਵਿਚ ਸਨਮਾਨਿਆ ਜਾਣਾ ਸੀ; ਪਰ ਉਹ ਕਵਿਤਾ ਪੜ੍ਹ ਕੇ ਵੀ ਇਨਾਮ ਲੈਣਾ ਚਾਹੁੰਦਾ ਸੀ। ਉਸਨੇ ਸਮਾਂ ਕੱਢ ਕੇ ਪਿਤਾ ਜੀ ਦੀ ਮਦਦ ਨਾਲ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਤੇ ਕਵਿਤਾ ਲਿਖ ਲਈ। ਭਰਾ ਨੂੰ ਸੇਵਾ ਕਰਨ ਵਿਚ ਇਨਾਮ ਮਿਲਣਾ ਸੀ ਤੇ ਕਵਿਤਾ ਵਿਚ ਵੀ। ਇਹ ਸਾਰਾ ਕੁਝ ਵੇਖ ਸੁਣ ਕੇ ਪਤਾ ਨਹੀਂ ਮੇਰੇ ਅੰਦਰ ਭਰਾ ਵਾਸਤੇ ਈਰਖਾ ਉਪਜੀ ਜਾਂ ਸੰਗਤ ਅੰਦਰ ਇਨਾਮ ਲੈਣ ਦਾ ਚਾਅ ਉਪਜਿਆ ਜਾਂ ਰੀਸ ਹੀ ਏਨਾ ਜ਼ੋਰ ਫੜ ਗਈ; ਮੈਂ ਜਿਦ ਕਰਕੇ ਪਿਤਾ ਜੀ ਨੂੰ ਕਿਹਾ ਮੈਨੂੰ ਵੀ ਇਕ ਕਵਿਤਾ ਲਿਖ ਦਿਉ, ਮੈਂ ਬੋਲਣੀ ਹੈ। ਪਿਤਾ ਜੀ ਨੇ ਛੋਟਾ ਬੱਚਾ ਆਖ ਕੇ ਟਾਲ ਦਿਤਾ, ਪਰ ਭਰਾ ਵਾਰ ਵਾਰ ਆਖੀ ਜਾਵੇ, ਪਸ਼ੂ ਚਾਰਨ ਵਾਲਾ ਕਵਿਤਾ ਥੋੜ੍ਹੀ ਬੋਲੇਗਾ। ਤੈਨੂੰ ਕੀ ਪਤਾ ਹੈ ਸੇਵਾ ਕੀ ਹੁੰਦੀ ਹੈ? ਸੇਵਾ ਕਿਵੇਂ ਕਰੀਦੀ ਹੈ? ਜਪ ਪ੍ਰਯੋਗ ਵਿਚ ਕਿਵੇਂ ਬੈਠੀ ਦਾ ਹੈ? ਤੂੰ ਮਾਲ ਚਾਰਿਆ ਕਰ।

ਭਰਾ ਨੇ ਕਈ ਗੱਲਾਂ ਹੋਰ ਵੀ ਕੀਤੀਆਂ ਜਿਨ੍ਹਾਂ ਨਾਲ ਮੈਨੂੰ ਬਹੁਤ ਦੁੱਖ ਲੱਗਾ। ਮੈਂ ਸਵੇਰੇ ਮਾਲ ਚਾਰਨ ਗਿਆ ਤੇ ਹੱਟੀ ਵਿਚੋਂ ਇਕ ਪੈਨਸਲ ਤੇ ਕਾਪੀ ਵਿੱਚੋਂ ਇਕ ਕਾਗਜ਼ ਪਾੜ ਕੇ ਲੈ ਗਿਆ। ਮਾਲ ਚਾਰਦਿਆਂ ਮੈਂ ਇਕੱਲੇ ਬੈਠ ਗਿਆ ਤੇ ਕਵਿਤਾ ਲਿਖਣੀ ਸ਼ੁਰੂ ਕੀਤੀ। ਰਾਤ ਤਕ ਸੋਲਾਂ ਲਾਈਨਾਂ ਕਵਿਤਾ ਲਿਖ ਕੇ ਲੈ ਆਂਦੀ। ਕਿਉਂਕਿ ਕਵਿਤਾ ਵਾਸਤੇ ਸ਼ਰਤ ਸੀ; 12 ਲਾਈਨਾਂ ਤੋਂ ਘਟ ਤੇ 16 ਲਾਈਨਾਂ ਤੋਂ ਵਧ ਨਾ ਹੋਵੇ। ਮੈਂ 16 ਲਾਈਨਾਂ ਪੂਰੀਆਂ ਕਰ ਲਈਆਂ। ਪਰ ਮੈਂ ਪਿਤਾ ਜੀ ਤੇ ਭਰਾ ਨੂੰ ਨਹੀਂ ਦੱਸਿਆ।

### ਵਹਿਮੀ ਜੀ ਦੀ ਸ਼ਾਗਿਰਦੀ

ਰਾਤ ਨੂੰ ਕਵੀ ਦਰਬਾਰ ਦੇ ਸੰਚਾਲਕ ਮਹੰਤ ਹਰਨਾਮ ਸਿੰਘ ਜੀ ਦੁਗੈਚ ਸਨ। ਮੈਂ ਵੀ ਉਹਨਾਂ ਕੋਲ ਆਪਣਾ ਨਾਮ ਲਿਖਾ ਦਿਤਾ। ਕਵੀ ਦਰਬਾਰ ਸ਼ੁਰੂ ਹੋਇਆ ਜਿਸ ਵਿਚ ਸਨ: ਸਾਧੂ ਸਿੰਘ, ਬਲਕਾਰ ਸਿੰਘ, ਬਲੀ ਸਿੰਘ, ਜਗਦੀਸ਼



Sri Satguru Jagjit Singh Ji eLibrary NamdhariElibrary@gmail.com

ਸਿੰਘ ਪੁਤਰ ਡਾਕਟਰ ਤਰਲੋਕ ਸਿੰਘ ਅਤੇ ਹਰਨਾਮ ਸਿੰਘ ਮੇਰਾ ਵੱਡਾ ਭਰਾ। ਕਵੀ ਕੁਝ ਹੋਰ ਵੀ ਹੋਣਗੇ ; ਜੋ ਮੈਨੂੰ ਭੁਲ ਚੁਕੇ ਹਨ। ਸਾਰੇ ਕਵੀ ਵਾਰੀ ਵਾਰੀ ਕਵਿਤਾ ਬੋਲੇ; ਪਰ ਮੇਰਾ ਨਾਮ ਨਾ ਬੋਲਿਆ। ਮੈਂ ਫਿਰ ਮਹੰਤ ਜੀ ਨੂੰ ਆਪਣੀ ਕਵਿਤਾ ਲਈ ਕਿਹਾ ਤਾਂ ਮਹੰਤ ਜੀ ਨੇ ਕਿਹਾ ਕਾਕਾ ਤੇਰੀ ਕਵਿਤਾ ਦਾ ਤਾਂ ਮੈਨੂੰ ਵੀ ਪਤਾ ਨਹੀਂ ਲੱਗਦਾ ਤੈਨੂੰ ਟਾਈਮ ਕੀ ਦੇਵਾਂ ? ਪਰ ਕੋਲ ਬੈਠਿਆਂ ਸੰਤ ਘੰਧਾਰਾ ਸਿੰਘ ਜੀ ਨੇ ਕਿਹਾ ਮਹੰਤ ਜੀ ਇਸ ਨੂੰ ਦੇ ਦਿਉ ਟਾਈਮ। ਇਕ ਕਵੀ ਦੀ ਗਿਣਤੀ ਵਧੇਗੀ। ਮਹੰਤ ਜੀ ਨੇ ਮੈਨੂੰ ਟਾਈਮ ਦਿਤਾ। ਮੇਰੀ ਕਵਿਤਾ ਦਾ ਕੋਈ ਸਿਰ ਪੈਰ ਨਹੀਂ ਸੀ। ਕੋਈ ਤੁਕਬੰਦੀ ਨਹੀਂ ਸੀ। ਪਰ ਸਤਿਗੁਰੂ ਰਾਮ ਸਿੰਘ ਜੀ ਨੂੰ ਵਾਪਸ ਆਉਣ ਲਈ ਵਾਰ ਵਾਰ ਆਖਿਆ ਸੀ। ਭਾਵੇਂ ਮੇਰੀ ਕਵਿਤਾ; ਕਵਿਤਾ ਨਹੀਂ ਸੀ; ਪਰ ਮੈਂ ਉਸਨੂੰ ਇਨੇ ਜ਼ੋਰ ਨਾਲ ਪੜ ਰਿਹਾ ਸਾਂ ਜਿਵੇਂ ਕਵਿਤਾ ਸਿਰਫ ਮੇਰੀ ਹੀ ਹੋਵੇ ਹੋਰ ਨਹੀਂ। ਮੇਰੀ ਕਵਿਤਾ ਮੁੱਕੀ ਤਾਂ ਸੰਤ ਘੰਧਾਰਾ ਸਿੰਘ ਜੀ ਨੇ ਜੈਕਾਰਾ ਛਡ ਦਿਤਾ। ਓਹਨਾਂ ਮਹੰਤ ਜੀ ਨੂੰ ਕਿਹਾ ਕਾਕੇ ਨੂੰ ਵੀ ਇਨਾਮ ਵਿਚ ਕੁਝ ਦੇ ਦੇਣਾ। ਇਹਨੇ ਗੁਰੂ ਕੋਲ ਤਰਲਾ ਤਾਂ ਪੂਰਾ ਲਿਆ ਹੈ। ਸੰਤ ਤਰਨ ਸਿੰਘ ਜੀ ਵਹਿਮੀ ਨੇ ਮੈਨੂੰ ਪੁਛਿਆ ਤੈਨੂੰ ਇਹ ਕਵਿਤਾ ਕਿਸ ਨੇ ਲਿਖ ਕੇ ਦਿੱਤੀ ਹੈ। ਤਾਂ ਮੈਂ ਕਿਹਾ, ਮੈਂ ਇਹ ਆਪ ਲਿਖੀ ਹੈ। ਵਹਿਮੀ ਜੀ ਨੇ ਕਿਹਾ ਤੂੰ ਇਹ ਕਵਿਤਾ ਲੈ ਕੇ ਕੱਲ ਨੂੰ ਮੇਰੇ ਕੋਲ ਆਵੀਂ, ਮੇਰੇ ਘਰ। ਵਹਿਮੀ ਜੀ ਨੇ ਸੰਤ ਘੰਧਾਰਾ ਸਿੰਘ ਨੂੰ ਕਿਹਾ ਮੇਰੇ ਮੁਤਾਬਕ ਤਾਂ ਇਸ ਕਾਕੇ ਨੂੰ ਪਹਿਲਾ ਇਨਾਮ ਮਿਲਣਾ ਚਾਹੀਦਾ ਹੈ; ਕਿਉਂਕਿ ਬਾਕੀ ਕਿਸੇ ਨੇ ਆਪਣੀ ਕਵਿਤਾ ਨਹੀਂ ਲਿਖੀ ਤੇ ਇਸ ਕਾਕੇ ਨੇ ਆਪ ਲਿਖੀ ਹੇ। ਸੋ ਦਿਲ ਰੱਖਣ ਲਈ ਮੈਨੂੰ ਮਾਲਾ ਦਿਤੀ ਗਈ।

ਮੈਂ ਸਵੇਰੇ ਹੀ ਕਵਿਤਾ ਲੈ ਕੇ ਵਹਿਮੀ ਜੀ ਦੇ ਘਰ ਚਲਾ ਗਿਆ। ਉਹਨਾਂ ਨੇ ਮੈਨੂੰ ਬੜੇ ਪਿਆਰ ਨਾਲ ਦਸਿਆ ਜੇ ਤੂੰ ਇਸ ਲਾਈਨ ਨੂੰ ਇਥੇ ਛੱਡ ਦਿੰਦਾ ਤੇ ਇਸ ਲਾਈਨ ਨੂੰ ਇਥੋਂ ਸ਼ੁਰੂ ਕਰਦਾ ਤਾਂ; ਇਹ ਕਵਿਤਾ ਬਣ ਜਾਂਦੀ। ਜੋ ਤੇਰੇ ਮਨ ਵਿਚ ਆਵੇ ਤੂੰ ਓਹੋ ਲਿਖਿਆ ਕਰ; ਮੈਂ ਤੈਨੂੰ ਦੱਸ ਦੇਵਾਂਗਾ; ਕਵਿਤਾ ਕੀ ਹੁੰਦੀ ਹੈ। ਮੈਂ ਊਟ ਪਟਾਂਗ ਜੋ ਵੀ ਲਿਖਦਾ, ਵਹਿਮੀ ਜੀ ਕੋਲ ਲੈ ਜਾਂਦਾ। ਇਸ ਤਰ੍ਹਾਂ ਮੇਰੇ ਹਰ ਖਿਆਲ ਨੂੰ ਉਹ ਕਵਿਤਾ ਦਾ ਰੂਪ ਦੇ ਦਿੰਦੇ।

ਮੈਂ ਮਾਲ ਚਾਰ ਕੇ ਘਰ ਤੋਂ ਪਿੱਛੋਂ ਰੋਜ਼ਾਨਾ ਸੰਤ ਤਰਨ ਸਿੰਘ ਜੀ ਵਹਿਮੀ ਦੇ ਘਰ ਚਲੇ ਜਾਂਦਾ। ਕਵਿਤਾ ਨਾ ਵੀ ਹੋਵੇ ਤਾਂ ਵੀ ਗੱਲਾਂ ਕਰ ਸੁਣ ਕੇ ਘਰ ਆ ਜਾਣਾ। ਵਹਿਮੀ ਜੀ ਨੇ ਦੱਸਿਆ ਕਾਕਾ ਜੋ ਵੀ ਤੁਹਾਡੇ ਮਨ ਵਿੱਚੋਂ ਖਿਆਲ ਉਪਜਦਾ ਏ ਅਤੇ ਜ਼ਬਾਨ ਵਿਚੋਂ ਜੋ ਸ਼ਬਦ ਨਿਕਲਦੇ ਉਹ ਕਵਿਤਾ ਹੀ ਹੈ। ਪਰ ਉਹਨਾਂ ਸ਼ਬਦਾਂ ਨੂੰ ਫੁੱਲਾਂ ਦੇ ਹਾਰ ਵਾਂਗ ਗੁੰਦਣਾ ਪਰੋਣਾ ਸੁਹਪਣ ਤੇ ਛੰਦਾ ਬੰਦੀ ਹੈ। ਮੈਂ ਮਾਲ ਚਾਰਦਾ ਚਾਰਦਾ ਕਵੀ ਬਣੀ ਜਾ ਰਿਹਾ ਸੀ। ਸਾਲ ਹੋ ਗਿਆ ਸੀ



Sri Satguru Jagjit Singh Ji eLibrary NamdhariElibrary@gmail.com

ਨਿਕੀ ਮੋਟੀ ਕਵਿਤਾ ਲਿਖਦੇ ਨੂੰ । ਕਵਿਤਾ ਲਿਖਣੀ ਤੇ ਸੰਗਤ ਵਿਚ ਸੁਣਾਉਣੀ ਤੇ ਸੁਟ ਦੇਣੀ, ਸੰਭਾਲਣੀ ਨਹੀਂ। ਸਾਲ ਬਾਅਦ ਸ੍ਰੀ ਭੈਣੀ ਸਾਹਿਬ ਜਪ ਪ੍ਰਯੋਗ ਅਰੰਭ ਹੋਇਆ। ਭੋਗ ਪੈਣ ਤੋਂ ਪਹਿਲਾਂ ਸੰਤ ਆਲਾ ਸਿੰਘ ਜੀ ਨੇ ਮੇਰੇ ਪਿਤਾ ਜੀ ਨੂੰ ਕਿਹਾ ਜੇ ਤੂੰ ਆਪਣੇ ਪੁੱਤਰ ਨੂੰ ਮੇਰੇ ਨਾਲ ਸ੍ਰੀ ਭੈਣੀ ਸਾਹਿਬ ਭੇਜ ਦੇਵੇਂ ਤਾਂ ਮੇਲਾ ਵਿਖਾਲ ਲਿਆਵਾਂ। ਨਾਲ ਹੀ ਇਹਦੀ ਕਵਿਤਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੁਣਾਉਣੀ ਚਾਹੁੰਦਾ ਹਾਂ। ਪਿਤਾ ਜੀ ਮੰਨ ਗਏ ਕਿਉਂਕਿ ਸੰਤ ਆਲਾ ਸਿੰਘ ਜੀ ਦੇ ਕਹੇ ਨੂੰ ਟਾਲਣਾ ਕਿਸੇ ਦੀ ਹਿੰਮਤ ਨਹੀਂ ਸੀ। ਸੋ ਮੈਂ ਵੀ ਸੰਤ ਆਲਾ ਸਿੰਘ ਜੀ ਦੇ ਜਥੇ ਨਾਲ ਚਲਾ ਗਿਆ। ਮੇਲਾ ਵੇਖਿਆ ਸਮਾਪਤੀ ਤੋਂ ਪਹਿਲੀ ਰਾਤ ਕਵੀ ਦਰਬਾਰ ਹੋਇਆ ਜਿਸ ਵਿਚ ਬੜੇ ਮਹਾਨ ਕਵੀ ਆਏ ਹੋਏ ਸੀ ਤੇ ਕਵੀ ਦਰਬਾਰ ਦੇ ਸੰਚਾਲਕ ਸ੍ਰੀ ਨਿਧਾਨ ਸਿੰਘ ਜੀ ਆਲਮ ਸਨ। ਸੰਤ ਆਲਾ ਸਿੰਘ ਜੀ ਮੈਨੂੰ ਕਵੀ ਦਰਬਾਰ ਵਿਚ ਲੈ ਕੇ ਗਏ ਪਰ ਉਹਨਾਂ ਮਹੌਲ ਵੇਖ ਕੇ ਕਿਹਾ ਕਾਕਾ ਤੇਰੀ ਕਵਿਤਾ ਸਵੇਰੇ ਸਤਿਗੁਰੂ ਜੀ ਨੂੰ ਸੁਣਾਵਾਂਗੇ। ਸਵੇਰੇ ਭੋਗ ਪੈ ਗਿਆ ਸ਼ਾਮ ਦੇ ਦੀਵਾਨ ਵਿਚ ਸੰਤ ਜੀ ਨੇ ਸੱਚੇ ਪਾਤਸ਼ਾਹ ਜੀ ਕੋਲ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਸਾਡੇ ਪਿੰਡ ਦਾ ਇਕ ਕਾਕਾ ਕਵਿਤਾ ਲਿਖਦਾ ਹੈ, ਆਪ ਜੀ ਕਿਰਪਾ ਕਰਕੇ ਇਹਦੀ ਕਵਿਤਾ ਸੁਣੋ। ਸਤਿਗੁਰੂ ਜੀ ਹੁਕਮ ਕੀਤਾ; ਉਠ ਕਾਕਾ ਕਵਿਤਾ ਸੁਣਾ। ਮੈਂ ਝੱਟ ਉਠਿਆ ਤੇ ਜੇਬ ਵਿਚੋਂ ਕਾਗਜ਼ ਕੱਢਿਆ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਪਹਿਲੀ ਵਾਰ ਕਵਿਤਾ ਪੜ੍ਹੀ। ਇਹ ਮੇਰੀ ਜ਼ਿੰਦਗੀ ਦਾ ਸੁਭਾਗਾ ਦਿਨ ਸੀ। ਸੱਚੇ ਪਾਤਸ਼ਾਹ ਜੀ ਮੁਸਕਰਾਂਦਿਆਂ ਸੰਤ ਆਲਾ ਸਿੰਘ ਜੀ ਨੂੰ ਕਿਹਾ; ਸੰਤ ਜੀ ਕਾਕੇ ਨੇ ਤਾਂ ਕਮਾਲ ਕਰ ਦਿਤੀ, ਬੜੀ ਸੋਹਣੀ ਕਵਿਤਾ ਲਿਖੀ ਹੈ। ਇਹਨੂੰ ਤਾਂ ਰਾਤੀਂ ਟਾਈਮ ਮਿਲਣਾ ਚਾਹੀਦਾ ਸੀ। ਸੰਤ ਆਲਾ ਸਿੰਘ ਜੀ ਨੇ ਮੇਰੇ ਦੁਆਲੇ ਬਾਂਹ ਵਲਾ ਕੇ ਪਿਆਰ ਕੀਤਾ। ਪਰ ਮੇਰੀ ਖ਼ੁਸ਼ੀ ਦਾ ਤਾਂ ਕੋਈ ਟਿਕਾਣਾ ਹੀ ਨਹੀਂ ਸੀ। ਮੈਂ ਅੱਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਨਾਂ ਵਿਚ ਖਲੋ ਕੇ ਕਵਿਤਾ ਪੜ੍ਹੀ ਸੀ। ਜਿਸਨੂੰ ਮੈਂ ਕਦੇ ਬਦਾਮਾਂ ਵਾਲਾ ਗੁਰੂ ਕਰਕੇ ਜਾਣਿਆ ਸੀ; ਉਸਨੇ ਅੱਜ ਮੇਰਾ ਤਨ ਮਨ ਖ਼ੁਸ਼ੀਆਂ ਨਾਲ ਭਰ ਦਿਤਾ। ਨਾਲ ਹੀ ਕਿਹਾ ਕਾਕਾ ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਵਿਚ ਕਵਿਤਾ ਲਿਖਿਆ ਕਰ। ਮੈਂ ਪਹਿਲੀ ਵਾਰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕਵਿਤਾ ਬੋਲੀ ਸੀ।

ਮੇਲਾ ਵੇਖ ਕੇ ਪਿੰਡ ਪਰਤੇ ਤਾਂ ਘਰ ਜਾਣ ਸਮੇਂ ਸੰਤ ਆਲਾ ਸਿੰਘ ਤੇ ਹੋਰ ਇਕ ਦੋ ਸਾਧੂ ਉਹਨਾਂ ਦੇ ਨਾਲ ਮੇਰੇ ਘਰ ਹੀ ਆ ਗਏ। ਸੰਤ ਮੇਰੇ ਘਰ ਪਹੁੰਚੇ ਤਾਂ ਮੇਰੇ ਪਿਤਾ ਜੀ ਨੇ ਸੰਤਾਂ ਦਾ ਸਤਿਕਾਰ ਕੀਤਾ। ਸੰਤ ਆਲਾ ਸਿੰਘ ਜੀ ਨੇ ਮੰਜੇ ਤੇ ਬੈਠਣ ਪਿਛੋਂ ਮੇਰੇ ਮਾਤਾ ਪਿਤਾ ਨੂੰ ਵਧਾਈ ਦਿੱਤੀ। ਤੁਹਾਡੇ ਪੁਤਰ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕਵਿਤਾ ਪੜ੍ਹ ਕੇ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਹਨ। ਸੰਤ ਆਲਾ ਸਿੰਘ ਜੀ ਦੇ ਮੂੰਹੋਂ ਵਧਾਈ ਸੁਣ ਖ਼ੁਸ਼ੀ ਨਾਲ ਮੇਰੇ



Sri Satguru Jagjit Singh Ji eLibrary NamdhariElibrary@gmail.com

ਪਿਤਾ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ। ਮੇਰੀ ਮਾਂ ਨੇ ਮੈਨੂੰ ਛਾਤੀ ਨਾਲ ਲਾ ਮੱਥਾ ਚੁੰਮਿਆ। ਸੰਤ ਜੀ ਥੋਹੜਾ ਚਿਰ ਬੈਠ ਮੇਲੇ ਦੇ ਬਚਨ ਬਿਲਾਸ ਸੁਣਾ ਕੇ ਚਲੇ ਗਏ।

ਮੇਰੀ ਉਮਰ ਚੌਦਾਂ ਕੁ ਸਾਲ ਦੀ ਹੋ ਚੁੱਕੀ ਸੀ। ਮੇਰਾ ਮਾਲ ਚਾਰਨ ਦਾ ਤਜਰਬਾ ਵਧ ਚੁਕਾ ਸੀ। ਮੈਂ ਹੁਣ ਮਾਨ ਸਿੰਘ ਨਾਲ ਨਹੀਂ ਆਪਣੇ ਹਾਣੀਆਂ ਨਾਲ ਮਾਲ ਚਾਰਦਾ ਸੀ ਅਤੇ ਜੰਗਲ ਦੇ ਕੋਨੇ ਕੋਨੇ ਤੋਂ ਜਾਣੂ ਸੀ। ਮੈਂ ਪਾਕਿਸਤਾਨ ਆਪਣੇ ਪਿੰਡ ਦੇ ਸਕੂਲ ਵਿਚ ਉਰਦੂ ਦੀਆਂ ਤਿੰਨ ਜਮਾਤਾਂ ਪਾਸ ਕੀਤੀਆਂ ਸਨ ਅਤੇ ਸਵੇਰੇ ਸਕੂਲ ਜਾਣ ਤੋਂ ਪਹਿਲਾਂ ਗੁਰਦੁਆਰੇ ਦੇ ਗ੍ਰੰਥੀ ਭਾਈ ਪ੍ਰਤਾਪ ਸਿੰਘ ਜੀ ਕੋਲੋਂ ਗੁਰਮੁਖੀ ਦੇ ਬਾਲ ਉਪਦੇਸ਼ ਤੋਂ ਸ਼ੁਰੂ ਕਰ ਪੰਜ ਗ੍ਰੰਥੀ ਪੜ੍ਹ ਲਈ ਸੀ। ਭਾਈ ਜੀ ਨੇ ਇਸ ਤੋਂ ਪਿੱਛੋਂ ਭਗਤਾਂ ਦੀ ਬਾਣੀ ਪੜ੍ਹਾਉਣੀ ਸ਼ੁਰੂ ਕੀਤੀ। ਪਰ ਪਾਕਿਸਤਾਨ-ਹਿੰਦੋਸਤਾਨ ਦੀ ਵੰਡ ਨੇ ਬੇ ਘਰ ਕਰ ਦਿੱਤਾ। ਹਿੰਦੋਸਤਾਨ ਵਿਚ ਆ ਕੇ ਪੇਟ ਭਰਨ ਦੇ ਲਾਲੇ ਪੈ ਗਏ। ਪੜ੍ਹਨਾ ਪੜ੍ਹਾਉਣਾ ਕਿਸ ਨੇ ਸੀ। ਮੈਂ ਪਸ਼ੂ ਚਾਰਨ ਲਗ ਗਿਆ। ਉਰਦੂ ਮੈਨੂੰ ਬਿਲਕੁਲ ਭੁਲ ਗਿਆ, ਪਰ ਗੁਰਮੁਖੀ ਦੀ ਪੜ੍ਹਾਈ ਯਾਦ ਹੀ ਰਹੀ। ਕਿਉਂਕਿ ਘਰ ਵਿਚ ਗੁਟਕਾ ਹੈ ਸੀ। ਨਾਲ ਹੀ ਸੰਤ ਤਰਨ ਸਿੰਘ ਜੀ ਦੇ ਘਰੋਂ ਪੰਜਾਬੀ ਪੜ੍ਹਨ ਲਈ ਕੋਈ ਨਾ ਕੋਈ ਕਿਤਾਬ ਮਿਲ ਜਾਂਦੀ। ਮੈਂ ਮਾਲ ਚਾਰਨ ਨਾਲ ਹੀ ਲੈ ਜਾਂਦਾ। ਬੈਠਦਿਆਂ ਤੁਰਦਿਆਂ ਪੜ੍ਹਦਾ ਰਹਿੰਦਾ।

**ਪੰਜਾਬੀ ਸਕੂਲ**

ਨਾਮਧਾਰੀ ਸਿੰਘਾਂ ਦੇ ਪਿੰਡਾਂ ਵਿਚ ਉਸ ਵਕਤ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਸਕੂਲ ਨਹੀਂ ਸੀ ਜਿਥੇ ਪੜ੍ਹਿਆ ਜਾ ਸਕਦਾ, ਪਰ ਸਾਡੇ ਪਿੰਡ ਸੰਤ ਨਗਰ ਵਿਚ ਇਕ ਸਾਹਿਬ ਕੌਰ ਅਰੋੜਾ ਬਰਾਦਰੀ ਦੀ ਔਰਤ ਰਹਿੰਦੀ ਸੀ, ਜਿਸਦੇ ਦੋ ਪੁਤਰ ਗੁਰਚਰਨ ਸਿੰਘ ਅਤੇ ਵਰਿਆਮ ਸਿੰਘ ਸਨ। ਜਿਨ੍ਹਾਂ ਦੀ ਉਮਰ ਉਸ ਵਕਤ ਬਾਈ ਤੇ ਵੀਹ ਸਾਲ ਹੋਵੇਗੀ। ਉਸ ਸਾਹਿਬ ਕੌਰ ਦੇ ਤਿੰਨ ਕਮਰੇ ਤੇ ਕਾਫੀ ਖੁੱਲ੍ਹਾ ਵੇਹੜਾ ਸੀ ਅਤੇ ਐਨ ਪਿੰਡ ਦੇ ਵਿਚਕਾਰ ਸੀ। ਇਹ ਸਾਹਿਬ ਕੌਰ ਪਾਕਿਸਤਾਨ ਵਿਚ ਸਰਕਾਰੀ ਸਕੂਲ ਦੀ ਹੈਡ ਮਾਸਟਰ ਸੀ। ਪੰਜਾਬੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਧ ਪਾਠ ਲਗਾਂ ਮਾਤਰਾਂ ਸਹਿਤ ਕਰਨ ਵਿਚ ਨਿਪੁੰਨ ਸੀ। ਇਕ ਦਿਨ ਇਸ ਨੂੰ ਸੰਤ ਆਲਾ ਸਿੰਘ ਜੀ ਨੇ ਕਿਹਾ ਕਿ ਜੇ ਤੂੰ ਆਪਣੇ ਘਰ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦਾ ਸਕੂਲ ਖੋਹਲ ਲਵੇਂ ਤਾਂ ਸਾਰੇ ਪਿੰਡ ਦੇ ਲੋੜਵੰਦ ਬੱਚੇ ਪੜ੍ਹ ਸਕਣਗੇ। ਉਸ ਨੇ ਸੰਤਾਂ ਦਾ ਬਚਨ ਮੰਨ ਕੇ ਆਪਣੇ ਘਰ ਵਿਚ ਸਕੂਲ ਖੋਹਲ ਲਿਆ ਅਤੇ ਸਾਰੇ ਪਿੰਡ ਦੇ ਬੱਚੇ ਪੜ੍ਹਨ ਆਉਣ ਲੱਗੇ। ਦਿਨਾਂ ਵਿਚ ਹੀ ਇਨੇ ਬੱਚੇ ਆ ਗਏ ਕਿ ਉਹਨਾਂ ਨੂੰ ਸੰਭਾਲਣਾ ਮੁਸ਼ਕਲ ਹੋ ਗਿਆ। ਸਾਹਿਬ ਕੌਰ

ਦਾ ਤਜਰਬਾ ਉਦਮ ਤੇ ਸ਼ੌਕ ਵਸੀਹ ਸੀ। ਉਹਨਾਂ ਨੇ ਬੱਚਿਆਂ ਦੇ ਪੰਜ ਪੰਜ ਚਾਰ ਚਾਰ ਬਚਿਆਂ ਦੇ ਗਰੁੱਪ ਬਣਾ ਦਿਤੇ; ਜਿਨ੍ਹਾਂ ਦੀ ਸੰਥਾ ਇਕ ਕਰ ਦਿਤੀ। ਕੁੜੀਆਂ ਦਾ ਗਰੁੱਪ, ਮੁੰਡਿਆਂ ਦਾ ਗਰੁੱਪ, ਨਾਲ ਹੀ ਗਰੁੱਪਾਂ ਵਿਚ ਹੁਸ਼ਿਆਰ ਬੱਚਿਆਂ ਨੂੰ ਮਨੀਟਰ ਬਣਾ ਦਿਤਾ। ਗਰੁਪ ਦੀ ਪਿਛਲੀ ਸੰਥਾ ਆਪ ਸੁਣਨੀ ਤੇ ਅਗਲੀ ਸੰਥਾ ਆਪ ਦੇਣੀ ਤੇ ਫਿਰ ਮਨੀਟਰ ਨੂੰ ਗਰੁੱਪ ਸੰਭਾਲ ਦੇਣਾ।

## ਮਾਸੀ ਸਾਹਿਬ ਕੌਰ

ਮੈਂ ਸਕੂਲ ਦੀ ਗੱਲ ਵਿਚ ਛੱਡ ਕੇ ਥੋੜ੍ਹਾ ਜਿਹਾ ਸਾਹਿਬ ਕੌਰ ਬਾਰੇ ਪਾਠਕਾਂ ਨਾਲ ਗੱਲ ਸਾਂਝੀ ਕਰ ਰਿਹਾ ਹਾਂ। ਇਹਨਾਂ ਦੀ ਉਮਰ ਉਸ ਸਮੇਂ ਪੰਜਤਾਲੀ ਕੁ ਵਰ੍ਹੇ ਦੇ ਏੜ ਗੇੜ ਹੋਵੇਗੀ। ਪਤੀ ਦਾ ਸਾਥ ਇਸ ਉਮਰ ਵਿਚ ਇਹਨਾਂ ਤੋਂ ਕੁਦਰਤ ਨੇ ਖੋਹ ਲਿਆ ਸੀ। ਇਹਨਾਂ ਦੀ ਜ਼ਬਾਨ ਵਿਚੋਂ ਮਿਠਾਸ ਸਿੰਮਦੀ ਸੀ। ਚਿਹਰੇ ਤੇ ਤੌਖਲਾ ਜਾਂ ਗੁੱਸਾ ਭਾਲਿਆਂ ਵੀ ਨਜ਼ਰ ਨਹੀਂ ਸੀ ਆਉਂਦੇ। ਮਿੱਠਾ ਬੋਲਣਾ ਹਸੂੰ ਹਸੂੰ ਕਰਦਾ ਚੇਹਰਾ ਇਹਨਾਂ ਨੂੰ ਕੁਦਰਤੀ ਮਿਲੀ ਦਾਤ ਸੀ। ਕਿਸੇ ਦੀ ਬੁਰਾਈ ਤੇ ਵਧੀਕੀ ਦਾ ਚੇਤਾ ਨਹੀਂ ਸੀ ਰੱਖਦੇ ਅਤੇ ਕਿਸੇ ਦੀ ਕੀਤੀ ਵਧੀਕੀ ਨੂੰ ਭੁਲਣ ਲੱਗਿਆਂ ਦੇਰ ਨਹੀਂ ਸੀ ਲਾਉਂਦੇ। ਬੱਚਿਆਂ ਨੂੰ ਪਿਆਰ ਕਰਨਾ ਇਹਨਾਂ ਦੀ ਜ਼ਮੀਰ ਦੀ ਆਵਾਜ਼ ਸੀ। ਬੱਚਿਆਂ ਨੂੰ ਪੜ੍ਹਾਉਣਾ ਮਨ ਦਾ ਰੁਝੇਵਾਂ ਤੇ ਜ਼ਿੰਦਗੀ ਦਾ ਨਿਸ਼ਾਨਾ ਬਣ ਚੁਕਾ ਸੀ। ਇਹਨਾਂ ਦੀ ਉਮਰ ਜੁਆਨ ਹੋਣ ਕਾਰਨ ਭੈਣ ਜੀ ਜਾਂ ਮਾਤਾ ਜੀ ਸੋਭਦਾ ਨਹੀਂ ਸੀ। ਸੋ ਬਚਿਆਂ ਨੇ ਇਹਨਾਂ ਨੂੰ ਸੰਬੋਧਨ ਕਰਨ ਲਈ ਸੌਖਾ ਸ਼ਬਦ ਲਭ ਲਿਆ। ਜਿਸਦਾ ਆਦਰ ਮਾਂ ਵਾਲਾ ਹੀ ਸੀ; ਪਰ ਮਾਂ ਨਹੀਂ। ਬੱਚਿਆਂ ਆਪਣੀ ਭੈਣ ਬਣਾਉਣ ਦੀ ਥਾਂ ਆਪਣੀ ਮਾਂ ਦੀ ਭੈਣ ਬਣਾ ਕੇ ਮਾਸੀ ਦਾ ਰੁਤਬਾ ਦੇ ਦਿਤਾ। ਸਾਰੇ ਬੱਚੇ ਇਹਨਾਂ ਨੂੰ ਮਾਸੀ ਜੀ ਆਖ ਕੇ ਬੁਲਾਂਦੇ। ਇਸ ਸ਼ਬਦ ਵਿੱਚੋਂ ਇਹਨਾਂ ਨੂੰ ਬੱਚਿਆਂ ਵਲੋਂ ਮਿਲਿਆ ਮਾਨ ਪ੍ਰਵਾਨ ਸੀ। ਇਸ ਮਾਨ ਪਿਆਰ ਬਦਲੇ ਉਹ ਬੱਚਿਆਂ ਨੂੰ ਮਾਂ ਵਾਲਾ ਪਿਆਰ ਵੰਡਦੇ ਨਾ ਥੱਕਦੇ। ਮਾਸੀ ਸ਼ਬਦ ਬੱਚੇ ਤਾਂ ਕੀ ਪਿੰਡ ਸੰਤ ਨਗਰ ਤੇ ਆਸ ਪਾਸ ਦੇ ਪਿੰਡ ਵੀ ਕਦੇ ਕੋਈ ਸਾਹਿਬ ਕੌਰ ਪ੍ਰਤੀ ਗੱਲ ਕਰਦੇ ਤਾਂ ਮਾਸੀ ਸਾਹਿਬ ਕੌਰ ਹੀ ਕਹਿ ਕੇ ਗੱਲ ਕਰਦੇ। ਮੈਂ ਵੀ ਉਪਰ ਜਦ ਸਾਹਿਬ ਕੌਰ ਲਿਖ ਰਿਹਾ ਸੀ ਤਾਂ ਮੇਰੇ ਮਨ ਨੂੰ ਠੇਸ ਪਹੁੰਚ ਰਹੀ ਸੀ; ਸੋ ਇਸੇ ਕਾਰਨ ਹੀ ਮੈਂ ਪਾਠਕਾਂ ਨਾਲ ਮਾਸੀ ਸ਼ਬਦ ਦੀ ਸਾਂਝ ਜੋੜ ਕੇ ਸੌਖ ਮਹਿਸੂਸ ਕੀਤੀ ਹੈ।

ਮਾਸੀ ਸਾਹਿਬ ਕੌਰ ਦਾ ਸਕੂਲ ਬੱਚਿਆਂ ਨਾਲ ਭਰਿਆ ਪਿਆ ਸੀ। ਜਿਸ ਵਿਚ ਮੇਰੀ ਉਮਰ ਦੇ ਤੇ ਮੇਰੇ ਤੋਂ ਵੱਡੀ ਉਮਰ ਦੇ ਕੁੜੀਆਂ ਮੁੰਡੇ ਪੜ੍ਹਦੇ ਸੀ। ਮੈਂ ਵੀ ਪਿਤਾ ਜੀ ਕੋਲ ਪੜ੍ਹਨ ਦੀ ਖਾਹਿਸ਼ ਜ਼ਾਹਿਰ ਕੀਤੀ; ਤਾਂ ਪਿਤਾ ਜੀ ਨੇ ਮਜਬੂਰੀ



Sri Satguru Jagjit Singh Ji eLibrary NamdhariElibrary@gmail.com

ਦਸਦਿਆਂ ਕਿਹਾ, ਬੇਟਾ ਮੈਂ ਤਾਂ ਤੈਨੂੰ ਪੜ੍ਹਾ ਕੇ ਜੱਜ ਬਨਾਉਣ ਦੀ ਰੀਝ ਰਖਦਾ ਸੀ;ਪਰ ਕੁਦਰਤ ਨੇ ਅਜ ਤੈਨੂੰ ਅਨੁਪੜਤਾ ਵਿਚ ਸ਼ਾਮਲ ਕਰ ਦਿਤਾ ਹੈ। ਜੇ ਤੂੰ ਪੜ੍ਹਨ ਲਗ ਗਿਆ ਤਾਂ ਇਹ ਪਸ਼ੂ ਕੌਣ ਸੰਭਾਲੇਗਾ। ਅੱਛਾ ਕੁਝ ਸੋਚਦੇ ਹਾਂ। ਪਿਤਾ ਜੀ ਨੇ ਮੇਰਾ ਦਿਲ ਨਾ ਟੁੱਟਣ ਦਿੱਤਾ। ਮਿਠਾ ਲਾਰਾ ਲਾ ਕੇ ਬਚਾ ਲਿਆ। ਮੈਨੂੰ ਹਾਣੀਆਂ ਵਾਂਗ ਪੜ੍ਹਨ ਤੇ ਪਾਠ ਕਰਨ ਦੀ ਖਿਚ ਨੇ ਨਵਾਂ ਰਾਹ ਲਭ ਦਿਤਾ। ਮੇਰਾ ਇਕ ਹਮ ਉਮਰ ਯਾਰ ਪਿਆਰਾ ਜੰਡੂ ਵਾਲਾ ਸੀ। ਮੈਂ ਉਸ ਨਾਲ ਸੀਟੀ ਰਲਾਈ। ਅਤੇ ਅਸਾਂ ਦੋਨਾਂ ਨੇ ਮਾਲ ਚਾਰਨ ਦੀ ਵਾਰੀ ਬੰਨ੍ਹ ਲਈ । ਇਕ ਮਹੀਨਾ ਮੇਰਾ ਮਾਲ ਉਹ ਚਾਰਦਾ ਅਤੇ ਮੈਂ ਪੜ੍ਹ ਲੈਂਦਾ  ਅਤੇ ਦੂਜੇ ਮਹੀਨੇ ਮੈਂ ਉਸਦਾ ਮਾਲ ਚਾਰਨਾਂ ਤੇ ਉਸ ਘਰ ਦੇ ਕੰਮ ਕਰ ਲੈਣੇ। ਮੈਂ ਜਿਸ ਮਹੀਨੇ ਪਿਆਰੇ ਦਾ ਮਾਲ ਚਾਰਦਾ ਸੀ; ਮੇਰੇ ਨਾਲ ਦੇ ਸਾਥੀ ਗਰੁੱਪ ਨੇ ਪੜ੍ਹਦੇ ਰਹਿਣਾ। ਮਹੀਨੇ ਬਾਅਦ ਮੈਂ ਜਦ ਪੜ੍ਹਨ ਜਾਣਾਂ ਤਾਂ ਮੇਰੇ ਗਰੁਪ ਨੇ ਜੋ ਪੜ੍ਹ ਲਿਆ ਹੁੰਦਾ; ਮੈਂ ਉਹ ਛਡ ਦੇਣਾ ਤੇ ਮਹੀਨਾ ਆਪਣੇ ਗਰੁਪ ਨਾਲ ਹੀ ਪੜ੍ਹੀ ਜਾਣਾ। ਇਓਂ ਹੀ ਮੈਂ ਸਾਲ ਡੇਢ ਸਾਲ ਵਿਚ ਭਗਤਾਂ ਦੀ ਬਾਣੀ ਤੋਂ ਸ਼ੁਰੂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਮੁਕੰਮਲ ਕਰ ਲਿਆ। ਮਾਸੀ ਸਾਹਿਬ ਕੌਰ ਦੀ ਮੇਹਰਬਾਨੀ ਸਦਕਾ ਪੰਜਾਬੀ ਪੜ੍ਹਿਆ ਹਾਂ, ਆਖਣ ਵਾਲਾ ਬਣ ਗਿਆ।

ਸਾਡੇ ਪਿੰਡ ਵਿਚ ਦੋ ਤਿੰਨ ਘਰਾਂ ਨੇ ਬੱਕਰੀਆਂ ਖਰੀਦ ਕੇ ਰੱਖ ਲਈਆਂ। ਬੱਕਰੀਆਂ ਲਈ ਜੰਗਲ ਹੋਣ ਕਾਰਨ ਗਊਆਂ ਵਾਂਗ ਪੱਠੇ ਪਾਉਣ ਦਾ ਪ੍ਰਬੰਧ ਨਹੀਂ ਸੀ ਕਰਨਾ ਪੈਂਦਾ ਅਤੇ ਦੁੱਧ ਜਦੋਂ ਜੀ ਚਾਹੇ ਬੱਕਰੀ ਨੂੰ ਟੰਗੋ ਫੜਕੇ ਚੋ ਲਵੋ। ਬੱਕਰੀ ਨੇ ਕਿਹੜੀ ਗਊਆਂ ਵਾਂਗ ਲੱਤ ਛਡ ਮਾਰਨੀ ਹੈ; ਸੋ ਪਿਤਾ ਜੀ ਵੀ ਬੱਕਰੀਆਂ ਖਰੀਦ ਮੈਨੂੰ ਗਊਆਂ ਤੋਂ ਬੱਕਰੀਆਂ ਦਾ ਚਰਵਾਹਾ ਬਣਾ ਦਿੱਤਾ। ਮੈਂ ਬੱਕਰੀਆਂ ਚਾਰਦਿਆਂ ਵੀ ਇਕ ਕਿਤਾਬ ਕਿਤੋਂ ਨਾ ਕਿਤੋਂ ਮੰਗ ਕੇ ਲੈ ਜਾਣੀ ਅਤੇ ਉਹ ਸਾਰਾ ਦਿਨ ਪੜ੍ਹਦੇ ਰਹਿਣਾ। ਇਸੇ ਤਰ੍ਹਾਂ ਕਹਾਣੀ ਨਾਵਲ ਇਤਹਾਸ ਦੀ ਪੁਸਤਕ ਜੋ ਵੀ ਮੈਨੂੰ ਮਿਲ ਜਾਂਦੀ ਮੈਂ ਪੜ੍ਹ ਲੈਂਦਾ। ਕਵਿਤਾ ਬਾਰੇ ਤਾਂ ਮੈਨੂੰ ਮੇਰੇ ਉਸਤਾਦ ਸੰਤ ਤਰਨ ਸਿੰਘ ਜੀ ਵਹਿਮੀ ਨੇ ਮੈਨੂੰ ਪਹਿਲੇ ਦਿਨ ਹੀ ਦਸ ਦਿਤਾ ਸੀ,ਕਿ ਜੋ ਤੁਹਾਡੇ ਮਨ ਵਿਚ ਆਉਂਦਾ ਹੈ ਉਹ ਇਕ ਕਵਿਤਾ ਹੈ ਸਿਰਫ ਉਸਨੂੰ ਫੁਲਾਂ ਦੇ ਹਾਰ ਵਾਂਗ ਗੁੰਦਣਾ ਹੀ ਕਵੀ ਰੂਪ ਹੈ। ਮੈਂ ਹਰ ਰੋਜ਼ ਇਕ ਕਵਿਤਾ ਲਿਖਦਾ। ਮਾਲ ਬਾਰੇ ਜਾਨਵਰਾਂ ਪੰਛੀਆਂ ਜਾਂ ਹੋਰ ਕੁਝ ਵੀ ਮਨ ਵਿਚ ਆਵੇ ਉਹ ਮੈਂ ਕਵਿਤਾ ਹੀ ਬਣਾ ਦਿੰਦਾ। ਰੋਜ਼ਾਨਾਂ ਕੁਝ ਲਿਖਣਾ ਤੇ ਰੋਜ਼ਾਨਾਂ ਵਹਿਮੀ ਜੀ ਨੂੰ ਸੁਣਾਉਣਾ । ਵਹਿਮੀ ਜੀ ਵੀ ਕਦੇ ਮੇਰੇ ਉਟ ਪਟਾਂਗ ਨੂੰ ਨਹੀਂ ਸੀ ਕਿਹਾ ਇਹ ਤੂੰ ਕੀ ਤੇ ਕਿਉਂ ਲਿਖਿਆ ਹੈ। ਓਹਨਾਂ ਤਾਂ ਮੇਰੀ ਕਵਿਤਾ ਨੂੰ ਕਲ੍ਹ ਨਾਲੋਂ ਵਧੀਆ ਏ ਆਖ ਕੇ ਸ਼ਾਬਾਸ਼ ਹੀ ਦੇਣੀ ਹੈ।

ਇੰਨੇ ਸਮੇਂ ਤਕ ਮੇਰੇ ਨਾਮ ਨਾਲ ਕਵੀ ਸ਼ਬਦ ਜੁੜ ਚੁੱਕਾ ਸੀ। ਮੈਂ ਵੀ ਹੁਣ ਵਹਿਮੀ ਜੀ ਦੇ ਘਰ ਤੋਂ ਬਾਹਰ ਮੇਲੇ ਮਸਾਦੇ ਸੰਗਰਾਂਦ ਸਮੇਂ ਕਵਿਤਾ ਬੋਲਣ ਲਗ ਗਿਆ ਸੀ। ਵਹਿਮੀ ਜੀ ਨੇ ਕਵਿਤਾ ਬੋਲਣ ਦੀ ਜਾਚ ਦੱਸਣ ਲਈ ਇਕੋ ਤਰੀਕਾ ਦੱਸਿਆ ਸੀ ਕਿ ਜਦੋਂ ਤੂੰ ਦੀਵਾਨ ਵਿਚ ਜਾਂ ਕਿਸੇ ਵੀ ਸਭਾ ਵਿਚ ਕਵਿਤਾ ਬੋਲਣੀ ਹੋਵੇ ਤਾਂ ਇਹ ਮਨ ਵਿਚ ਸੋਚਣਾ ਹੈ ਕਿ ਇਹ ਮੇਰੇ ਸਾਹਮਣੇ ਜਿਹੜੇ ਬੈਠੇ ਹਨ; ਇਹਨਾਂ ਵਿਚੋਂ ਮੇਰੇ ਤੋਂ ਸਿਆਣਾ ਕੋਈ ਨਹੀਂ ਬੈਠਾ। ਸਭ ਤੋਂ ਮੈਂ ਹੀ ਸਿਆਣਾ ਹਾਂ; ਜੋ ਬੋਲ ਰਿਹਾ ਹਾਂ। ਇਸ ਗੱਲ ਨੇ ਮੇਰੇ ਮਨ ਵਿਚੋਂ ਝਿਜਕ ਡਰ ਨੂੰ ਖਤਮ ਕਰ ਦਿੱਤਾ ਸੀ।

## ਪਿੰਡਾਂ ਦੇ ਨਾਂ ਰੱਖੇ

ਦੂਰ ਅੰਦੇਸ਼ੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਾਕਿਸਤਾਨ ਬਨਣ ਤੋਂ ਪਹਿਲਾਂ ਜ਼ਿਲ੍ਹਾ ਹਿਸਾਰ ਤਹਿਸੀਲ ਸਿਰਸਾ ਦੇ ਇਲਾਕੇ ਵਿਚ 2 ਸਾਲ ਪਹਿਲਾਂ ਘੋਰ ਜੰਗਲ ਤੇ ਥੋੜ੍ਹੀ ਅਬਾਦ ਜ਼ਮੀਨ 5500 ਰੁਪਏ ਨੂੰ ਮੁਰਬਾ ਪੰਜ ਸੌ ਮੁਰੱਬਾ ਜ਼ਮੀਨ ਖਰੀਦ ਕੇ ਆਪਣੇ ਸਿੱਖਾਂ ਨੂੰ ਉਸੇ ਕੀਮਤ ਤੇ ਦੇ ਦਿਤੀ। ਜਿੰਨੀ ਜਿੰਨੀ ਕਿਸੇ ਦੀ ਤੌਫੀਕ ਸੀ ਉਸਨੇ ਓਨੇਂ ਪੈਸੇ ਜਮ੍ਹਾਂ ਕਰਵਾ ਦਿੱਤੇ ਤੇ ਓਨੀ ਜ਼ਮੀਨ ਉਸਦੇ ਨਾਮ ਦਰਜ ਕਰ ਲਈ ਗਈ। ਜਿਸ ਮੁਤਾਬਕ ਪਾਕਿਸਤਾਨ ਬਣਨ ਤੋਂ ਪਿਛੋਂ ਉਹ ਸਾਰੇ ਨਾਮਧਾਰੀ ਇਸ ਇਲਾਕੇ ਦੇ ਪਿੰਡ ਮੁਸਲਮਾਨਾਂ ਦੇ ਚਲੇ ਜਾਣ ਕਰਕੇ ਖਾਲੀ ਪਏ ਸੀ; ਜੋ ਸਾਰੇ ਨਾਮਧਾਰੀ ਸਿੱਖ ਵਸਣ ਲਗੇ। ਇਥੇ ਇਨੇ ਨਾਮਧਾਰੀ ਇਕੱਠੇ ਹੋ ਗਏ, ਜਿਸ ਸਦਕਾ ਇਹ ਸਾਰੇ ਪਿੰਡ ਨਾਮਧਾਰੀਆਂ ਨਾਲ ਭਰ ਗਏ।

ਇਸ ਇਲਾਕੇ ਦੇ ਮੁਸਲਮਾਨ ਬਾਸ਼ਿੰਦਿਆਂ ਨੇ ਪਿੰਡਾਂ ਦੇ ਨਾਮ ਵੀ ਮਜ਼੍ਹਬ ਧਰਮ ਦੇ ਨਾਮ ਨਾਲ ਜਾਂ ਵਡਿਕਿਆਂ ਦੇ ਕਿੱਤੇ ਜਾਂ ਨਾਮ ਨਾਲ ਮਿਲਦੇ ਜੁਲਦੇ ਰੱਖੇ ਹੋਏ ਸੀ। ਪਰ ਸਾਨੂੰ ਉਹ ਨਾਮ ਚੰਗੇ ਨਹੀਂ ਸੀ ਲੱਗਦੇ। ਕਈਆਂ ਦੇ ਨਾਮ ਧਰਮ ਦੀ ਕੱਟੜਤਾ ਕਰਕੇ ਵੀ ਅੱਖਰਦੇ ਸੀ। ਸੋ ਜਿਸ ਪਿੰਡ ਵਿਚ ਸਿਖ ਰਹਿਣ ਲੱਗੇ ,ਓਹਦਾ ਨਾਮ ਵੀ ਬਦਲ ਕੇ ਰੱਖ ਲਿਆ। ਜਿਵੇਂ ਮੈਂ ਉਪਰ ਦਸਿਆ ਹੈ ਕਿ ਪਿੰਡ ਜਗਮਲੇਰਾ ਦਾ ਨਾਮ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਪਿੰਡ ਵਿਚ ਸੰਤ ਆਲਾ ਸਿੰਘ ਜੀ ਦੇ ਰਹਿਣ ਕਾਰਨ ਸੰਤ ਨਗਰ ਰਖ ਦਿਤਾ ਅਤੇ ਸੰਤ ਨਗਰ ਤੋਂ ਅਗਲਾ ਪਿੰਡ ਅਲੀ ਪੁਰ ਪੈਂਦਾ ਸੀ, ਉਸਦਾ ਨਾਮ ਹਰੀ ਪੁਰ ਰੱਖ ਲਿਆ ਅਤੇ ਇਸ ਤੋਂ ਅਗਲਾ ਪਿੰਡ ਦਾ ਨਾਮ ਕੰਜਰ ਵਾਲਾ ਸੀ। ਸਾਡੀ ਰਹਿਣੀ ਬਹਿਣੀ ਅਤੇ ਸੱਭਿਅਤਾ ਮੁਤਾਬਕ ਬਹੁਤ ਅੱਖਰਦਾ ਸੀ ਅਤੇ ਕੰਜਰ ਵਾਲਾ ਆਖਣ ਤੇ ਵੀ ਸੰਗ ਜਿਹੀ ਲੱਗਦੀ ਸੀ; ਜਿਹੜੇ ਸਿੰਘ ਇਸ ਪਿੰਡ ਵਿਚ ਰਹਿੰਦੇ ਸੀ; ਓਹਨਾਂ ਨੇ ਸਤਿਗੁਰੂ ਜੀ ਪਾਸ ਅਰਜ਼ ਕੀਤੀ; ਗਰੀਬ ਨਿਵਾਜ ਆਪ ਜੀ ਨੇ ਕਿਰਪਾ ਕੀਤੀ ਹੈ ਜਗਮਲੇਰਾ



Sri Satguru Jagjit Singh Ji eLibrary NamdhariElibrary@gmail.com

ਦਾ ਨਾਮ ਸੰਤ ਨਗਰ ਰੱਖ ਦਿਤਾ ਹੈ, ਇਸੇ ਤਰ੍ਹਾਂ ਸਾਡੇ ਪਿੰਡ ਦਾ ਵੀ ਕੋਈ ਨਾਮ ਰੱਖ ਦੇਵੋ। ਸਾਨੂੰ ਪਿੰਡ ਦਾ ਨਾਮ ਲੈਂਦਿਆਂ ਸੰਗ ਆਉਂਦੀ ਹੈ। ਸਿੱਖਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਸਤਿਗੁਰੂ ਜੀ ਹੋਰਾਂ ਇਸ ਪਿੰਡ ਦਾ ਨਾਮ ਦਮਦਮਾ ਰੱਖ ਦਿਤਾ। ਅਲੀ ਪੁਰ ਨੂੰ ਹਰੀ ਪੁਰ ਤੇ ਮੌਲਵੀ ਵਾਲਾ ਦਾ ਨਾਮ ਮੰਤਾਂ ਵਾਲੀ ਅਤੇ ਚੰਚਾਲ ਕੋਠੀ ਦਾ ਨਾਮ ਸ੍ਰੀ ਜੀਵਨ ਨਗਰ ਰੱਖਿਆ।

ਇਹਨਾਂ ਪਿੰਡਾਂ ਦੇ ਨਾਮ ਬਦਲੇ ਪਰ ਇਹਨਾਂ ਪਿੰਡਾਂ ਦੇ ਨਾਮ ਨਾਲ ਸ੍ਰੀ ਸ਼ਬਦ ਕਿਸੇ ਨਾਲ ਵੀ ਨਹੀਂ ਜੋੜਿਆ। ਪਰ ਚੰਚਾਲ ਕੋਠੀ ਦੇ ਨਾਮ ਨਾਲ ਸਭ ਤੋਂ ਪਹਿਲਾਂ ਸ੍ਰੀ ਸ਼ਬਦ ਕਿਉਂ ਜੋੜਿਆ ਜਾਂ ਕਿਸ ਲਈ ਲਾਇਆ ਗਿਆ ਕਿਉਂਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਾਤਾ ਦਾ ਨਾਮ ਜੀਵਨ ਕੌਰ ਸੀ, ਸੋ ਇਸ ਪਿੰਡ ਦਾ ਨਾਮ ਮਾਤਾ ਜੀਵਨ ਕੌਰ ਦੇ ਨਾਮ ਤੇ ਰੱਖਣ ਕਰਕੇ ਮਾਤਾ ਜੀ ਦੇ ਸਤਿਕਾਰ ਵਜੋਂ ਸ੍ਰੀ ਜੀਵਨ ਨਗਰ ਰੱਖਿਆ।

# ਸੁਤੰਤਰਤਾ ਦੀ ਬਾਜ਼ੀ

ਡੋਗਰੇ ਧਿਆਨ ਸਿੰਘ ਸੈਨਾਪਤੀ, ਤੇਜਾ ਸਿੰਘ ਅਤੇ ਉਸ ਸਮੇਂ ਦੇ ਮੰਤਰੀ ਲਾਲ ਸਿੰਘ ਦੀ ਗਦਾਰੀ ਕਾਰਨ ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰ ਫੌਜ ਮੁਦਕੀ ਦੀ ਜੰਗ ਸਮੇਂ ਅੰਗਰੇਜ਼ ਨਾਲ ਲੜਦਿਆਂ ਹਾਰ ਗਈ। ਸਿੱਖਾਂ ਦੀ ਬਹਾਦਰੀ, ਅਣਖ ਨੂੰ ਡੋਗਰਿਆਂ ਨੇ ਢਾਹ ਲਾ ਪੰਜਾਬ ਨੂੰ ਗੋਰਿਆਂ ਦੀ ਝੋਲੀ ਪਾ ਦਿੱਤਾ। ਅੰਗਰੇਜ਼ ਦਾ ਰਾਜ ਸਮੁੱਚੇ ਹਿੰਦੁਸਤਾਨ ਤੇ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਛੋਟੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਗੋਰੇ ਲੰਡਨ ਲੈ ਗਏ। ਮਹਾਰਾਣੀ ਜਿੰਦਾਂ ਦਰ ਬ-ਦਰ ਖਜਲ ਖੁਆਰ ਹੁੰਦੀ ਲੁਕਦੀ ਲੁਕਦੀ ਰਾਜ ਭਾਗ ਛਡ ਫਕੀਰੀ ਭੇਸ ਧਾਰ ਨਿੱਕਲ ਗਈ; ਜੋ ਗੋਰਿਆਂ ਦੇ ਹੱਥ ਨਾ ਆਈ। ਸਿੱਖਾਂ ਦੀ ਅਣਖ ਬਹਾਦਰੀ ਮਿਟੀ ਵਿਚ ਮਿਲ ਗਈ। ਮਹਾਰਾਜੇ ਦੀ ਫੌਜ ਦੇ ਅਣਖੀ ਬਹਾਦਰ ਸਿਪਾਹੀ ਕੁਝ ਮਾਰੇ ਗਏ ਕੁਝ ਨੱਸ ਗਏ। ਅਤੇ ਅੰਗਰੇਜ਼ ਹਕੂਮਤ ਦਾ ਕਬਜ਼ਾ ਸਾਰੇ ਪੰਜਾਬ ਤੇ ਹੋ ਗਿਆ। ਇਸ ਮੁਦਕੀ ਦੀ ਜੰਗ ਵਿਚ ਸਤਿਗੁਰੂ ਰਾਮ ਸਿੰਘ ਜੀ ਵੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਨ। ਜੋ ਇਸ ਸਾਰੀ ਦੁਰਦਸ਼ਾ ਨੂੰ ਆਪਣੀ ਅਖੀਂ ਵੇਖ ਆਪਣੀ ਬੰਦੂਕ ਨਦੀ ਵਿਚ ਸੁਟ ਸ੍ਰੀ ਭੈਣੀ ਸਾਹਿਬ ਆ ਗਏ। ਇਥੇ ਆ ਕੇ ਕਰੀਬ ਸਾਲ ਭਜਨ ਬੰਦਗੀ ਵਿਚ ਗੁਜ਼ਾਰਿਆ ਅਤੇ ਫਿਰ ਹਿੱਸੇ ਤੇ ਜ਼ਮੀਨ ਲੈ ਕੇ ਖੇਤੀ ਕਰਕੇ ਹੱਥੀਂ ਕਿਰਤ ਕਰ ਪਰਿਵਾਰ ਦੀ ਪਾਲਣਾ ਕੀਤੀ। 1850-51 ਵਿਚ ਆਪਣੇ ਮਾਮੇ ਹਰੀ ਸਿੰਘ ਨਾਲ ਰਹਿ ਕੇ ਕੁਝ ਸਮਾਂ ਰਾਜਗਿਰੀ ਵੀ ਕੀਤੀ ਅਤੇ ਇਸ ਪਿੱਛੋਂ ਆਪਣੀ ਮਾਮੀ ਜੀ ਕੋਲੋਂ ਪੈਸੇ ਲੈ ਕੇ ਕਰਿਆਨੇ ਦੀ ਹੱਟੀ ਕੀਤੀ ਜਿਸਦਾ ਮੁਨਾਫਾ ਮਾਮੀ ਜੀ ਨਾਲ ਅੱਧੋ ਅੱਧ ਕਰਦੇ। ਜਿਸਦੀ ਥੋੜ੍ਹੀ ਜਿਹੀ ਆਮਦਨ ਤੋਂ ਸਿਦਕ ਸੰਤੋਖ ਦੀ ਕਮਾਈ ਨਾਲ ਪਰਿਵਾਰ ਦਾ ਪੇਟ ਪਾਲਦੇ।

ਫੌਜ ਵਿਚ ਰਹਿੰਦਿਆਂ ਵੀ ਉਹਨਾਂ ਦਾ ਸੁਭਾ ਤੇ ਵਤੀਰਾ ਸਾਧੂ ਤਪੱਸਵੀਆਂ ਵਾਲਾ ਹੋਣ ਕਾਰਨ ਇਹਨਾਂ ਵਾਲੀ ਰਜਮੈਂਟ ਦਾ ਨਾਮ ਭਗਤਾਂ ਵਾਲੀ ਰਜਮੈਂਟ ਪੈ ਗਿਆ ਸੀ। ਇਹ ਆਪਣੀ ਡਿਊਟੀ ਤੋਂ ਬਚਦੇ ਸਮੇਂ ਵਿਚ ਆਪ ਨਾਮ ਜਪਦੇ ਅਤੇ ਆਪਣੇ ਫੌਜੀ ਸਾਥੀਆਂ ਨੂੰ ਨਾਮ ਜਪਾਂਦੇ। ਇਸ ਕਾਰਨ ਹੀ ਸਾਰੀ ਪਲਟਨ ਹੀ ਭਗਤਾਂ ਵਾਲੀ ਰਜਮੈਂਟ ਨਾਮ ਨਾਲ ਜਾਣੀ ਜਾਂਦੀ ਸੀ।

ਸਤਿਗੁਰੂ ਰਾਮ ਸਿੰਘ ਜੀ ਹੋਰਾਂ ਸ੍ਰੀ ਭੈਣੀ ਸਾਹਿਬ ਰਹਿ ਕੇ ਘੋਰ ਤਪੱਸਿਆ ਕੀਤੀ। ਫੌਜ ਵਿਚ ਰਹਿਣ ਕਾਰਨ ਉਹਨਾਂ ਦੇ ਅੰਦਰ ਦੇਸ਼ ਵਾਸਤੇ ਮਰ ਮਿਟਣ ਦਾ ਜਜ਼ਬਾ ਮੌਜੂਦ ਸੀ ਅਤੇ ਆਪਣੇ ਅੱਖੀਂ ਪੰਜਾਬ ਨੂੰ ਗੁਲਾਮ ਹੁੰਦਾ ਵੇਖ ਉਹਨਾਂ ਦੇ



Sri Satguru Jagjit Singh Ji eLibrary NamdhariElibrary@gmail.com

ਅੰਦਰ ਹਿੰਦੋਸਤਾਨ ਦੀ ਗੁਲਾਮੀ ਘਾਅ ਕਰ ਰਹੀ ਸੀ। ਆਪਣੇ ਦੇਸ਼ ਨੂੰ ਗੋਰਿਆਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਉਹਨਾਂ ਦੇ ਅੰਦਰ ਜੁਆਲਾ ਭੜਕ ਰਹੀ ਸੀ।

ਫੌਜੀ ਹੋਣ ਕਾਰਨ ਸਤਿਗੁਰੂ ਰਾਮ ਸਿੰਘ ਜੀ ਨੂੰ ਪੂਰੀ ਸਮਝ ਸੀ ਕਿ ਦੁਸ਼ਮਣ ਨਾਲ ਕਿਵੇਂ ਲੋਹਾ ਲੈਣਾ ਹੈ। ਦੁਸ਼ਮਣ ਨੂੰ ਕਿਸ ਪੈਂਤੜੇ ਰਾਹੀਂ ਮਾਤ ਦਿਤੀ ਜਾ ਸਕਦੀ ਹੈ। ਜੰਗ ਦੇ ਜਿਤਣ ਤੇ ਹਾਰਨ ਦੇ ਕਾਰਨਾਂ ਤੋਂ ਭਲੀ ਭਾਂਤ ਜਾਣੂ ਸਨ। ਉਹਨਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਵਾਸਤੇ ਪੂਰੀ ਤਰ੍ਹਾਂ ਘੋਖਿਆ; ਪੜਚੋਲਿਆ। ਸਤਿਗੁਰੂ ਜੀ ਜਾਣਦੇ ਸਨ ਕਿ ਸਿਖ ਫੌਜ ਦੇ ਹਾਰਨ ਦਾ ਕਾਰਨ ਫੌਜ ਦੀ ਅਣਗਹਿਲੀ ਜਾਂ ਕਮਜ਼ੋਰੀ ਨਹੀਂ ਸੀ। ਉਹਨੂੰ ਤਾਂ ਲੜਨ ਵਾਸਤੇ ਸਿਕਾ ਬਾਰੂਦ ਹੀ ਜਦ ਨਹੀਂ ਮਿਲਿਆ ਤਾਂ ਨਿਹੱਥਿਆਂ ਕੋਲ ਮਰਨ ਤੇ ਦੌੜਨ ਤੋ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਸੀ। ਜੇਕਰ ਸੈਨਾਪਤੀ ਤੇਜਾ ਸਿੰਘ ਅਤੇ ਮੰਤਰੀ ਲਾਲ ਸਿੰਘ ਸਿੱਕਾ ਬਾਰੂਦ ਪਹੁੰਚਾਉਂਦੇ ਤਾਂ ਕਦੇ ਮਾਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਸਿਖ ਸੂਰਮੇ ਸਿਪਾਹੀ ਪੰਜਾਬ ਨੂੰ ਗੁਲਾਮ ਨਾ ਬਣਨ ਦਿੰਦੇ।

ਸਤਿਗੁਰੂ ਰਾਮ ਸਿੰਘ ਜੀ ਨੇ ਵੇਖਿਆ ਜੋ ਕਾਰਨ ਅੰਗ੍ਰੇਜ਼ ਤੋਂ ਹਾਰਨ ਦਾ ਬਣਿਆ ਸੀ ਉਹ ਕਾਰਨ ਹੁਣ ਵੀ ਮੌਜੂਦ ਹੈ। ਓਦੋਂ ਵੀ ਸਾਡੇ ਕੋਲ ਗੋਲੀ ਬਾਰੂਦ ਨਹੀਂ ਸੀ ਅਤੇ ਅੱਜ ਵੀ ਹਥਿਆਰ ਤੇ ਬਾਰੂਦ ਪੈਦਾ ਕਰਨ ਦੀ ਸਾਡੇ ਕੋਲ ਸਮਰਥਾ ਨਹੀਂ। ਉਹਨਾਂ ਨੇ ਲੰਮੀ ਸੋਚ; ਸੋਚ ਕੇ ਸਭ ਤੋਂ ਪਹਿਲਾਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਦਿਤੀ ਦਾਤ ਅੰਮ੍ਰਿਤ ਸਿੱਖਾਂ ਨੂੰ ਛਕਾਇਆ। ਸ੍ਰੀ ਭੈਣੀ ਸਾਹਿਬ ਵਿਚ ਸੰਨ 1857 ਦੀ ਵੈਸਾਖੀ ਵਾਲੇ ਦਿਨ ਮੁਰਝਾਂਦੇ ਸਿੱਖੀ ਬਾਗ ਵਿਚੋਂ ਕੁਝ ਸਿੱਖੀ ਵਿਚ ਪਰੱਪਕ ਸਿੱਖਾਂ ਨੂੰ ਭਾਲ ਸ੍ਰੀ ਭੈਣੀ ਸਾਹਿਬ ਵਿਚ ਅੰਮ੍ਰਿਤ ਛਕਾ ਸਿੱਖੀ ਬਾਗ ਨੂੰ ਫਿਰ ਪਿਉਂਦ ਕਰ ਦਿੱਤਾ। ਜਿਸਦੀਆਂ ਸ਼ਾਖਾਂ ਦਿਨਾਂ ਵਿਚ ਹਰੇ ਭਰੇ ਬਾਗ ਦਾ ਰੂਪ ਧਾਰਨ ਕਰ ਗਈਆਂ। ਸਤਿਗੁਰੂ ਰਾਮ ਸਿੰਘ ਜੀ ਭਲੀ ਭਾਂਤ ਜਾਣਦੇ ਸਨ ਕਿ ਜੰਗ ਜਿਤਣ ਵਾਸਤੇ ਧਰਮ ਜ਼ਰੂਰੀ ਹੈ ਅਤੇ ਧਰਮ ਦੀ ਰੱਖਿਆ ਵਾਸਤੇ ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਪੰਜਾਬ ਦੇ ਪਿੰਡ ਪਿੰਡ ਵਿਚ ਜਾ ਕੇ ਧਰਮ ਤੇ ਸਿੱਖੀ ਪ੍ਰਚਾਰ ਆਰੰਭਿਆ। ਪਿੰਡਾਂ ਦੀਆਂ ਧਰਮਸ਼ਾਲਾਵਾਂ ਵਿਚ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਇਆ। ਸੁਬਾ ਸ਼ਾਮ ਗੁਰਬਾਣੀ ਦਾ ਕੀਰਤਨ ਅਤੇ ਪਾਠ ਸਹਿਜ ਪਾਠ ਅਤੇ ਅਖੰਡ ਪਾਠ ਕਰਨ ਦੀ ਵਿਧੀ ਨੂੰ ਪ੍ਰਫੁਲਤ ਕੀਤਾ। ਦਸਮੇਸ਼ ਪਿਤਾ ਦੇ ਮੁਰਝਾ ਰਹੇ ਸਿੱਖੀ ਬਾਗ ਨੂੰ ਸਰਸਬਜ਼ ਕਰ ਦਿਤਾ। ਜਿਨ੍ਹਾਂ ਪਿੰਡਾਂ ਵਿਚ ਧਰਮਸ਼ਾਲਾ ਨਹੀਂ ਸੀ ਉਥੇ ਨਵੀਆਂ ਬਣਵਾ ਕੇ ਅੰਮ੍ਰਿਤ ਮਈ ਬਾਣੀ ਦੀਆਂ ਧੁਨਾਂ ਗੂੰਜਣ ਲਾਈਆਂ।

ਸਤਿਗੁਰੂ ਰਾਮ ਸਿੰਘ ਜੀ ਦੇ ਪਿੰਡ ਪਿੰਡ ਜਾਕੇ ਸਿੱਖੀ ਪ੍ਰਚਾਰ ਕਰਨ ਕਾਰਨ



Sri Satguru Jagjit Singh

ਪੰਜਾਬ ਵਿਚ ਧਰਮ ਕਰਮ ਦੀ ਸਦ ਗੂੰਜਣ ਲੱਗੀ। ਸਤਿਗੁਰੂ ਰਾਮ ਸਿੰਘ ਜੀ ਨੇ ਧਰਮ ਕਾਰਜ ਤੋਂ ਸਮਾਜਕ ਕੁਰੀਤੀਆਂ ਵਲ ਧਿਆਨ ਦਿੰਦਿਆਂ ਕੁਰੀਤੀਆਂ ਵਲੋਂ ਜਨਤਾ ਨੂੰ ਜਾਗ੍ਰਿਤ ਕੀਤਾ। ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਜੰਮਦੀ ਧੀ ਨੂੰ ਮਾਰ ਦੇਣ ਵਾਲੀ ਘਿਨਾਉਣੀ ਰੀਤੀ ਨੂੰ ਖਤਮ ਕਰਨ ਲਈ ਧੀ ਮਾਰਨਾਂ ਘੋਰ ਪਾਪ ਦੱਸ ਕੇ ਰੋਕਿਆ। ਇਸ ਨੂੰ ਜਗਤ ਜਨਣੀ ਦਾ ਦਰਜਾ ਦੇ ਕੇ ਇਸ ਦਾ ਸਮਾਜ ਵਿਚ ਉੱਚਾ ਦਰਜਾ ਸਥਾਪਤ ਕੀਤਾ। ਔਰਤ ਨੂੰ ਬਰਾਬਰੀ ਦੇਣ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਔਰਤ ਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੀ ਜੋ ਅੱਜ ਤਕ ਇਸ ਦਾਤ ਤੋਂ ਵਾਂਝੀ ਰਹਿ ਗਈ ਸੀ। ਔਰਤ ਨੂੰ ਪੰਜ ਕਕਾਰਾਂ ਦਾ ਧਾਰਨੀ ਬਣਾ ਕੇ ਸਮਾਜ ਵਿਚ ਇਸਦਾ ਸਿਰ ਉੱਚਾ ਕੀਤਾ। ਬਾਲ ਵਿਆਹ ਤੇ ਰੋਕ ਲਾਈ ਅਤੇ ਵਿਧਵਾ ਹੋ ਗਈ ਜੁਆਨ ਲੜਕੀ ਨੂੰ ਉਮਰ ਭਰ ਕੁਸ ਕੁਸ ਕੇ ਮਰਨ ਤੋਂ ਨਿਜ਼ਾਤ ਦੁਵਾ ਕੇ; ਵਿਧਵਾ ਵਿਆਹ ਦੀ ਰਸਮ ਤੋਰੀ। ਦਾਜ ਦਹੇਜ ਦੀ ਲਾਹਨਤ ਅਤੇ ਫੋਕਾ ਵਿਖਾਵਾ ਕਰਨ ਦੀ ਜਿੱਲਤ ਵਿਚੋਂ ਕੱਢ ਲਈ ਗੁਰੂ ਜੀ ਨੇ ਸਮੂਹ ਵਿਆਹ ਭਾਵ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਖੋਟਿਆਂ ਵਿਖੇ ਬਿਨਾਂ ਦਾਜ ਦਹੇਜ ਦੇ ਇਕੱਠੇ ਛੇ ਵਿਆਹ ਕਰਕੇ ਨਵੀਂ ਰੀਤ ਤੋਰੀ।

### ਅੰਗਰੇਜ਼ਾਂ ਨਾਲ ਨਾ-ਮਿਲਵਰਤਨ

ਸਤਿਗੁਰੂ ਰਾਮ ਸਿੰਘ ਜੀ ਹੋਰਾਂ ਸਮਾਜ ਵਿਚ ਨਵੀਆਂ ਰੀਤਾਂ ਤੋਰੀਆਂ ਜਿਨ੍ਹਾਂ ਨੂੰ ਅਪਣਾਕੇ ਸਾਰਾ ਪੰਜਾਬ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਾਂ ਅੱਗੇ ਸਿਰ ਨਿਵਾਉਣ ਲੱਗਾ। ਹਰ ਪਾਸੇ ਧਰਮ ਤੇ ਸਿੱਖੀ ਦੀ ਚੜ੍ਹਦੀ ਕਲਾ ਨਜ਼ਰ ਆਉਣ ਲਗੀ। ਪੰਜਾਬ ਵਿਚ ਕੁਝ ਹੀ ਸਾਲਾਂ ਵਿਚ ਅੰਗ੍ਰੇਜ਼ ਦੇ ਝੋਲੀ ਚੁੱਕਾਂ ਨੂੰ ਛੱਡਕੇ ਸਾਰਾ ਪੰਜਾਬ ਸਤਿਗੁਰੂ ਰਾਮ ਸਿੰਘ ਜੀ ਦਾ ਅਨੁਆਈ ਹੋ ਗਿਆ। ਸਤਿਗੁਰੂ ਜੀ ਸਿੱਖੀ ਬਾਗ ਹਰਾ ਭਰਾ ਵੇਖ ਆਪਣੇ ਅਸਲੀ ਨਿਸ਼ਾਨੇ ਵੱਲ ਪਰਤੇ।

ਸਤਿਗੁਰੂ ਰਾਮ ਸਿੰਘ ਜੀ ਫੌਜੀ ਸਮੇਂ ਤੋਂ ਲੱਗ ਕੇ ਇਸੇ ਸੋਚ ਅਤੇ ਤਾਕ ਵਿਚ ਸਨ ਕਿ ਗੁਲਾਮ ਹਿੰਦੋਸਤਾਨ ਨੂੰ ਕਿਵੇਂ ਅੰਗ੍ਰੇਜ਼ ਦੀ ਗੁਲਾਮੀ ਤੋਂ ਆਜ਼ਾਦ ਕਰਾਇਆ ਜਾਵੇ। ਉਹਨਾਂ ਨੇ ਵਕਤ ਦੀ ਨਜ਼ਾਕਤ ਨੂੰ ਨਾਪ ਤੋਲ ਕੇ ਫੈਸਲਾ ਲਿਆ ਕਿ ਸਾਨੂੰ ਅੰਗ੍ਰੇਜ਼ ਨਾਲ ਜੰਗ ਲੜਨਾ ਔਖਾ ਹੈ। ਕਿਉਂਕਿ ਜੰਗ ਲਈ ਹਥਿਆਰ ਗੋਲੀ ਸਿੱਕਾ ਪ੍ਰਾਪਤ ਕਰਨਾ ਅਸੰਭਵ ਹੈ। ਇਸੇ ਵਿਚਾਰ ਕਾਰਨ ਜੰਗ ਦੀ ਨੀਤੀ ਛੱਡ ਅੰਗ੍ਰੇਜ਼ ਸਰਕਾਰ ਦਾ ਮੁਕੰਮਲ ਬਾਈ ਕਾਟ ਕਰਨ ਦਾ ਫੈਸਲਾ ਲਿਆ। ਸਤਿਗੁਰੂ ਰਾਮ ਸਿੰਘ ਜੀ ਗੁਲਾਮ ਭਾਰਤ ਨੂੰ ਅਜ਼ਾਦ ਕਰਾਉਣ ਲਈ; ਅੰਗ੍ਰੇਜ਼ ਨਾਲ ਨਾ ਮਿਲਵਰਤਨ ਲਹਿਰ ਦਾ ਨਾਹਰਾ ਲਾਇਆ। ਪਿੰਡ ਪਿੰਡ ਜਾਕੇ ਧਰਮ ਪ੍ਰਚਾਰ ਦੇ ਨਾਲ ਨਾਲ ਪੰਜਾਬ ਦੇ ਵੱਸਣ ਵਾਲਿਆਂ ਦੇ ਦਿਮਾਗ ਵਿਚ



Sri Satguru Jagjit Singh Ji eLibrary NamdhariElibrary@gmail.com

ਸਿਠਾ ਦਿੱਤਾ ਕਿ ਅੰਗ੍ਰੇਜ਼ ਨਾਲ ਮਿਲਵਰਤਨ ਨਹੀਂ ਰੱਖਣੀ। ਨਾ ਮਿਲਵਰਤਨ ਕਰਨ ਦਾ ਇਕੋ ਹੀ ਤਰੀਕਾ ਦਸਿਆ ਕਿ ਅੰਗ੍ਰੇਜ਼ ਦੀ ਬਣੀ ਕੋਈ ਵੀ ਚੀਜ ਘਰੇਗੀ ਜੀਵਨ ਵਿਚ ਨਹੀਂ ਲਿਆਉਣੀ। ਇਸੇ ਕਾਰਨ ਅੰਗ੍ਰੇਜ਼ ਦੇ ਬਣਾਏ ਰੇਸ਼ਮੀ ਕਪੜੇ ਦੀ ਥਾਂ ਆਪਣੇ ਘਰ ਦੀ ਕਪਾਹ ਦਾ ਚਰਖੇ ਨਾਲ ਕੱਤੇ ਸੂਤ ਦਾ ਹੱਥੀ ਕਪੜਾ ਬੁਣ ਖੱਦਰ ਹੰਢਾਉਣਾ ਦੱਸਿਆ। ਇਸੇ ਤਰ੍ਹਾਂ ਅੰਗ੍ਰੇਜ਼ ਦੀ ਰੇਲ ਦਾ ਬਾਈਕਾਟ; ਅੰਗਰੇਜ਼ੀ ਪੜ੍ਹਾਈ ਅੰਗੇਰਜ਼ੀ ਬੋਲੀ; ਅੰਗਰੇਜ਼ੀ ਸਕੂਲ ਅਤੇ ਅੰਗਰੇਜ਼ ਹਕੂਮਤ ਦੀ ਨੌਕਰੀ ਕਰਨ ਦਾ ਵੀ ਬਾਈ ਕਾਟ ਕੀਤਾ। ਅੰਗਰੇਜ਼ ਸਰਕਾਰ ਦੇ ਬਨਾਏ ਡਾਕਖਾਨਿਆਂ ਵਿਚ ਚਿੱਠੀ ਨਹੀਂ ਪਾਉਣੀ। ਗੱਲ ਕੀ ਅੰਗ੍ਰੇਜ਼ ਨਾਲ ਹਰ ਸਬੰਧਤ ਵਸਤੂ ਤੇ ਸਹਿਯੋਗ ਦਾ ਮੁਕੰਮਲ ਬਾਈਕਾਟ ਕਰ ਦਿੱਤਾ।

ਇਸ ਨਾਮਿਲਵਰਤਨ ਦਾ ਰੰਗ ਸਾਰੇ ਪੰਜਾਬ ਤੇ ਚੜ੍ਹ ਗਿਆ। ਇਸ ਨਾਲ ਅੰਗ੍ਰੇਜ਼ ਦੀ ਸ਼ਨਅਤ ਤੇ ਸਵੈਮਾਨ ਦੋਹਾਂ ਨੂੰ ਭਾਰੀ ਸੱਟ ਵਜੀ। ਅੰਗ੍ਰੇਜ਼ ਜੰਗ ਲੜ ਕੇ ਜਿੱਤ ਸਕਦਾ ਸੀ, ਪਰ ਨਾ ਮਿਲਵਰਤਨ ਲਹਿਰ ਨੂੰ ਜਿਤਣ ਤੇ ਰੋਕਣ ਲਈ ਉਸ ਕੋਲ ਕੋਈ ਤਰੀਕਾ ਨਹੀਂ ਸੀ। ਅੰਗ੍ਰੇਜ਼ ਹਕੂਮਤ ਸਤਿਗੁਰੂ ਜੀ ਦੀ ਚਲਾਈ ਲਹਿਰ ਅਗੇ ਕੰਬਣ ਲੱਗੀ। ਉਸਨੂੰ ਲੰਡਨ ਦਾ ਤੱਖਤ ਹਿਚਕੋਲੇ ਖਾਂਦਾ ਲੱਗਿਆ। ਪਰ ਨਾ ਮਿਲਵਰਤਨ ਲਹਿਰ ਤੇ ਕਾਬੂ ਪਾਉਣ ਦਾ ਕੋਈ ਤਰੀਕਾ ਨਹੀਂ ਸੀ ਸੁਝਦਾ। ਸਤਿਗੁਰੂ ਜੀ ਦੀ ਚਲਾਈ ਇਹ ਲਹਿਰ ਕੂਕਾ ਲਹਿਰ ਦੇ ਨਾਮ ਨਾਲ ਰੋਸ਼ਨ ਹੋਈ। ਅੰਗ੍ਰੇਜ਼ ਅੰਦਰੇ ਅੰਦਰ ਵਿਸ ਘੋਲਦਾ ਸੀ ਪਰ ਪੇਸ਼ ਕੋਈ ਨਹੀਂ ਸੀ ਜਾਂਦੀ। ਅੰਗ੍ਰੇਜ਼ ਨੇ ਕੂਕਿਆਂ ਦੇ ਭਾਰੀ ਇਕਠੇ ਹੋਣ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਪਿੰਡ ਪਿੰਡ ਜਾਣ ਤੇ ਪਾਬੰਦੀਆਂ ਲਾਈਆਂ, ਪਰ ਸਤਿਗੁਰੂ ਰਾਮ ਸਿੰਘ ਜੀ ਨੇ ਪਾਬੰਦੀਆਂ ਦੀ ਨਾ ਪਰਵਾਹ ਕਰਦਿਆਂ ਪਾਬੰਦੀਆਂ ਤੋੜ ਧਰਮ ਤੇ ਨਾ ਮਿਲਵਰਤਨ ਦਾ ਪਰਚਾਰ ਜਾਰੀ ਰੱਖਿਆ। ਸਿੱਖੀ ਪਰਚਾਰ ਨੂੰ ਵਧਾਉਣ ਲਈ ਪੰਥ ਵਿਚ ਬਾਈ ਸੂਬਿਆਂ ਦੀ ਸਥਾਪਨਾ ਕੀਤੀ ਅਤੇ ਉਹਨਾਂ ਨੂੰ ਵਖਰੇ ਵਖਰੇ ਕੰਮ ਸੌਂਪ ਦਿਤੇ। ਇਨ੍ਹਾਂ ਸੂਬਿਆਂ ਵਿਚੋਂ ਸੂਬਾ ਸਾਹਬ ਸਿੰਘ ਸਿਆਸੀ ਕੰਮਾਂ ਲਈ ਨਿਯੁਕਤ ਕੀਤੇ। ਸੂਬਾ ਸਾਹਬ ਸਿੰਘ ਨੇ ਹਿੰਦੋਸਤਾਨ ਦੀ ਅਜ਼ਾਦੀ ਵਾਸਤੇ ਨੇਪਾਲ ਦੇ ਰਾਜੇਨੂੰ ਮਿਲ ਕੇ ਦੋਹਾਂ ਦੇਸਾਂ ਦੀ ਸੁਰੱਖਿਆ ਅਤੇ ਅੰਗ੍ਰੇਜ਼ ਖਿਲਾਫ ਇਕ ਦੂਸਰੇ ਦੀ ਫੌਜੀ ਮਦਦ ਕਰਨ ਲਈ ਦੋਹਾਂ ਰਾਜਾਂ ਵਿਚ ਬਚਨ ਬੱਧਤਾ ਕੀਤੀ ਗਈ ਅਤੇ ਨੇਪਾਲ ਦੀ ਸਿਵਲ ਫੌਜ ਵਿਚ ਕੁਝ ਸਿੰਘ ਵੀ ਭਰਤੀ ਕੀਤੇ।

ਇਸੇ ਤਰ੍ਹਾਂ ਕਸ਼ਮੀਰ ਵਿਚ ਰਾਜਾ ਰਣਬੀਰ ਸਿੰਘ ਰਾਹੀਂ ਕੂਕਾ ਰਜਮੈਂਟ ਬਣਾਈ ਗਈ। ਸੂਬਾ ਸਾਹਬ ਸਿੰਘ ਜੀ ਨੇ ਰੂਸ ਜਾ ਕੇ ਰੂਸ ਨਾਲ ਹਿੰਦੁਸਤਾਨ ਦੀ ਅਜ਼ਾਦੀ ਵਾਸਤੇ ਇਕ ਦੂਸਰੇ ਦੀ ਮਦਦ ਕਰਨ ਲਈ ਗੱਲਬਾਤ ਨੂੰ ਅੰਜਾਮ ਦਿੱਤਾ। ਸੰਧੀ ਕਰ, ਨੇਪਾਲ ਦੀ ਫੌਜ ਵਿਚ ਕੂਕਾ ਰਜਮੈਂਟ ਬਣਾਈ । ਅਤੇ ਇਸੇ ਤਰ੍ਹਾਂ ਰੂਸ ਜਾ

ਕੇ ਰੂਸ ਰਾਜ ਨਾਲ ਹਿੰਦੋਸਤਾਨ ਦੀ ਅਜ਼ਾਦੀ ਵਾਸਤੇ ਇਕ ਦੂਸਰੇ ਦੀ ਮਦਦ ਕਰਨ ਲਈ ਲਿਖਤੀ ਤੌਰ ਤੇ ਸੰਧੀ ਕੀਤੀ। ਇਹ ਸਤਿਗੁਰੂ ਰਾਮ ਸਿੰਘ ਜੀ ਨੇ ਸਿਆਸੀ ਪੱਖ ਨੂੰ ਰੱਖਣ ਲਈ ਅਤੇ ਲੋੜ ਪੈਣ ਤੇ ਜੰਗ ਲੜਨ ਦੀ ਅੰਦਰੇ ਅੰਦਰ ਪੂਰੀ ਤਿਆਰੀ ਕੀਤੀ ਜਿਸਦੀ ਗੋਰੀ ਸਰਕਾਰ ਨੂੰ ਭਿਣਪ ਤਕ ਨਹੀਂ ਲਗਣ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਜਾਣਦੇ ਸੀ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਵਕਤ ਦੀ ਨਜ਼ਾਕਤ ਨੂੰ ਸਮਝਦਿਆਂ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਸੀ ਅਤੇ ਉਹਨਾਂ ਨੇ ਇਉਂ ਕਰਕੇ ਦੱਸਿਆ ਸੀ ਕਿ ਵਕਤ ਪੈਣ ਤੇ ਕੋਈ ਵੀ ਤਲਵਾਰ ਵਰਤੀ ਜਾ ਸਕਦੀ ਹੈ। ਸਤਿਗੁਰੂ ਰਾਮ ਸਿੰਘ ਜੀ ਦੇ (ਪਹਿਲਾਂ ਹੀ ਨਾ ਮਿਲਵਰਤਨ ਦੇ ਦੱਸੇ ਰਾਹ ਨੂੰ ਗਾਂਧੀ ਨੇ ਪੰਜਾਹ-ਸਾਲ ਬਾਅਦ ਅਪਣਾਇਆ ਸੀ; ਅਤੇ ਦੂਸਰੇ ਦੱਸੇ ਰਾਹ ਤੇ ਚਲਕੇ ਸਰਦਾਰ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਚੱਲ ਕੇ ਵਿਖਾਇਆ। ਇਹ ਦੋਵੇਂ ਰਾਹ ਦੇਸ਼ ਦੀ ਅਜ਼ਾਦੀ ਵਾਸਤੇ ਅਪਣਾਏ। ਸੂਬਾ ਸਾਹਬ ਸਿੰਘ ਨੇਪਾਲ ਅਤੇ ਰੂਸ ਨਾਲ ਸੰਧੀਆਂ ਕਰਕੇ ਅਜ਼ਾਦੀ ਦੀ ਲੜਾਈ ਲੜਨ ਨੂੰ ਵੀ ਧਿਆਨ ਵਿਚ ਰਖਿਆ।



Sri Satguru Jagjit Singh Ji eLibrary NamdhariElibrary@gmail.com

# ਅੰਮ੍ਰਿਤਸਰ ਅਤੇ ਰਾਇਕੋਟ ਦੀਆਂ ਘਟਨਾਵਾਂ

ਸਤਿਗੁਰੂ ਰਾਮ ਸਿੰਘ ਜੀ ਦੀ ਦੇਸ਼ ਦੀ ਅਜ਼ਾਦੀ ਲਈ ਬਾਲੀ ਅੱਗ ਦੀਆਂ ਲਪਟਾਂ ਦੀ ਖਬਰ ਅੰਗਰੇਜ਼ ਦੇ ਪਿਠੂਆਂ ਰਾਹੀ ਲੰਡਨ ਵਿਚ ਪਹੁੰਚ ਗਈ। ਗੋਰੀ ਹਕੂਮਤ ਉਪਰੋਂ ਤਾਂ ਨਹੀਂ ਪਰ ਅੰਦਰੋਂ ਭੈ ਭੀਤ ਹੋਈ ਥਰਥਰ ਕੰਬ ਰਹੀ ਸੀ। ਨਾ ਮਿਲਵਰਤਨ ਦੀ ਲਹਿਰ ਤੋਪ ਦੇ ਗੋਲੇ ਨਾਲੋਂ ਵੀ ਉਹਨਾਂ ਨੂੰ ਜ਼ਿਆਦਾ ਜ਼ਖਮੀ ਕਰ ਰਹੀ ਸੀ। ਗੋਰੀ ਸਰਕਾਰ ਨੂੰ ਨਾ ਮਿਲਵਰਤਨ ਲਹਿਰ ਨੂੰ ਦਬਾਉਣ ਲਈ ਕੋਈ ਤਰੀਕਾ ਨਹੀਂ ਸੀ ਸੁਝ ਰਿਹਾ। ਉਹ ਪਾਣੀ ਵਿਚੋਂ ਨਿਕਲੀ ਮੱਛੀ ਵਾਂਗ ਤੜਫ ਰਹੀ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਅੰਦਰ ਧਰਮ ਤੇ ਦੇਸ਼ ਲਈ, ਕੁਰਬਾਨੀ ਦਾ ਅਥਾਹ ਜਜ਼ਬਾ ਪੈਦਾ ਕਰ ਦਿੱਤਾ ਸੀ। ਸ਼ਰਧਾ ਭਾਵਨਾਂ ਮੁਤਾਬਕ ਕੁਝ ਨਾਮਧਾਰੀ ਸਿੰਘ ਹਾੜ ਦੀ ਸੰਗਰਾਂਦ ਨੂੰ ਅੰਮ੍ਰਿਤਸਰ ਹਰਿਮੰਦਰ ਸਾਹਿਬ ਮਥਾ ਟੇਕ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਲੱਗੇ ਤਾਂ ਵੇਖਿਆ ਪ੍ਰਕਰਮਾਂ ਵਿਚ ਮਾਸ ਦੀਆਂ ਬੋਟੀਆਂ ਤੇ ਹੱਡੀਆਂ ਖਿਲਰੀਆਂ ਪਈਆਂ ਦਿਸੀਆਂ। ਪੁਛਣ ਤੇ ਪਤਾ ਲਗਾ ਕਿ ਅੰਗ੍ਰੇਜ਼ ਨੇ ਸਿਖ ਧਰਮ ਨੂੰ ਢਾਹ ਲਾਉਣ ਵਾਸਤੇ, ਅੰਮ੍ਰਿਤ ਸਰੋਵਰ ਦੀ ਦੀਵਾਰ ਦੇ ਨਾਲ ਹੀ ਬੁਚੜਖਾਨਾ ਖੋਹਲਿਆ ਹੈ। ਜਿਥੋਂ ਇੱਲਾਂ ਕਾਂ ਮਾਸ ਹੱਡੀਆਂ ਚੁੱਕ ਪਵਿਤਰ ਸਰੋਵਰ ਵਿਚ ਸੁੱਟ ਦਿੰਦੇ ਹਨ। ਗੋਰੇ ਦੀ ਇਸ ਕੋਝੀ ਕਾਲੀ ਕਰਤੂਤ ਨੂੰ ਨਾ ਸਹਾਰਦਿਆਂ ਕੁਝ ਅਣਖੀ ਕੂਕਿਆਂ ਨੇ ਭਾਈ ਬੀਹਲਾ ਸਿੰਘ ਨਾਰਲੀ ਦੀ ਅਗਵਾਈ ਵਿਚ ਰਾਤ ਨੂੰ ਬੁਚੜਾਂ ਨੂੰ ਮਾਰ ਕੇ ਸਵੇਰੇ ਕਤਲ ਹੋਣ ਵਾਲੀਆਂ ਗਊਆਂ ਛੁਡਾ ਦਿਤੀਆਂ ਅਤੇ ਆਪ ਰਫੂ ਚੱਕਰ ਹੋ ਗਏ। ਪਰ ਕਿਸੇ ਨੂੰ ਕੋਈ ਪਤਾ ਨਾ ਲਗਾ ਕਿ ਇਹ ਕਾਰਾ ਕਿਸ ਕੀਤਾ ਹੈ। ਕਿਸ ਨੇ ਇਹ ਬਹਾਦਰੀ ਦਾ ਕੰਮ ਕਰ ਅੰਗ੍ਰੇਜ਼ ਹਕੂਮਤ ਨੂੰ ਮਿੱਟੀ ਵਿਚ ਮਿਲਾ ਦਿਤਾ ਹੈ। ਇਸ ਘਟਨਾਂ ਤੋਂ ਗੋਰੀ ਸਰਕਾਰ ਬੁਖਲਾ ਗਈ। ਮੁਜਰਮਾਂ ਦਾ ਪਤਾ ਨਾ ਲਗਣ ਕਾਰਨ ਸ਼ਹਿਰ ਦੇ ਕੁਝ ਬੇਦੋਸਿਆਂ ਨੂੰ ਹੀ ਫੜ ਮੁਕਦਮਾਂ ਚਲਾ ਫਾਂਸੀ ਦਾ ਹੁਕਮ ਸੁਣਾ ਦਿਤਾ। ਬੁਚੜਾਂ ਨੂੰ ਮਾਰ ਬੀਹਲਾ ਸਿੰਘ ਅਤੇ ਉਸਦੇ ਸਾਥੀ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਗਏ। ਬੀਹਲਾ ਸਿੰਘ ਨੂੰ ਸਤਿਗੁਰੂ ਜੀ ਪੁਛਿਆ ਪਤੈ ਅੰਮ੍ਰਿਤਸਰ ਬੁੱਚੜ ਕਿਸ ਨੇ ਮਾਰੇ ਹਨ? ਤਾਂ ਬੀਹਲਾ ਸਿੰਘ ਨੇ ਹਥ ਜੋੜ ਕੇ ਆਖਿਆ ਸੱਚੇ ਪਾਤਿਸ਼ਾਹ ਜੀਉ ਬੁਚੜ ਅਸਾਂ ਮਾਰੇ ਹਨ। ਅਤੇ ਅੰਗ੍ਰੇਜ਼ ਸਰਕਾਰ ਨੇ ਕਿਸੇ ਹੋਰ ਨੂੰ ਹੀ ਫਾਂਸੀ ਦਾ ਹੁਕਮ ਸੁਣਾ ਦਿਤਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ ਬੁਚੜ ਤੁਸੀਂ ਮਾਰੋ ਤੇ ਫਾਂਸੀ ਬੇ ਕਸੂਰ ਲੱਗਣ, ਇਹ



Sri Satguru Jagjit Singh ... NamdhariElibrary@gmail.com

ਕਿਧਰ ਦਾ ਨਿਆਂ ਹੈ। ਜੇ ਤੁਸਾਂ ਬੁੱਚੜ ਮਾਰੇ ਹਨ ਤਾਂ ਜਾਕੇ ਦੋਸ਼ ਕਬੂਲ ਕਰਕੇ ਬੇਦੋਸ਼ਿਆਂ ਨੂੰ ਬਚਾਉ।

ਸਤਿਗੁਰੂ ਜੀ ਦਾ ਹੁਕਮ ਪਾ ਬੀਹਲਾ ਸਿੰਘ ਅਤੇ ਉਹਨਾਂ ਦੇ ਸਾਥੀ ਅਦਾਲਤ ਵਿਚ ਪੇਸ਼ ਹੋ ਗਏ ਤੇ ਬੁੱਚੜ ਮਾਰਨ ਦਾ ਸਬੂਤ ਦੇ ਜੁਰਮ ਇਕਬਾਲ ਕੀਤਾ। ਅਦਾਲਤ ਵਿਚ ਆਪ ਪੇਸ਼ ਹੋ ਕੇ ਬੇਦੋਸ਼ਿਆਂ ਦੀ ਜਾਨ ਬਚਾਉਣ ਨਾਲ ਗੋਰੀ ਸਰਕਾਰ ਹੋਰ ਡੋਲ ਗਈ। ਜਨਤਾ ਵਿਚ ਸਤਿਗੁਰੂ ਰਾਮ ਸਿੰਘ ਅਤੇ ਕੂਕੇ ਸਿੰਘਾਂ ਦੀ ਧੰਨ ਧੰਨ ਹੋਣ ਲਗੀ। ਗੋਰੀ ਸਰਕਾਰ ਨੇ ਭਾਈ ਬੀਹਲਾ ਸਿੰਘ ਪਿੰਡ ਨਾਰਲੀ, ਹਾਕਮ ਸਿੰਘ ਪਿੰਡ ਮੌੜ, ਭਾਈ ਲਹਿਣਾ ਸਿੰਘ, ਅਤੇ ਭਾਈ ਫਤਹਿ ਸਿੰਘ, ਅੰਮ੍ਰਿਤਸਰ ਨੂੰ ਫਾਂਸੀ ਦਾ ਹੁਕਮ ਸੁਣਾਇਆ। ਅੰਗ੍ਰੇਜ਼ ਨੇ ਲੋਕਾਂ ਵਿਚ ਦਹਿਸ਼ਤ ਫੈਲਾਨ ਵਾਸਤੇ ਚੌਹਾਂ ਸਿੰਘਾਂ ਨੂੰ ਪਬਲਿਕ ਸਾਹਮਣੇ ਰਾਮਬਾਗ ਦੀ ਬੋਹੜ ਨਾਲ ਫਾਂਸੀ ਦੇਣ ਦਾ ਪ੍ਰੋਗਰਾਮ ਬਣਾਇਆ। ਇਸ ਤਰ੍ਹਾਂ ਸ਼ਰੇਆਮ ਸਿੰਘਾਂ ਨੂੰ ਫਾਂਸੀ ਚੜ੍ਹਦਿਆਂ ਵੇਖ ਅੱਗੋਂ ਕੋਈ ਅਜਿਹਾ ਕਰਨ ਦੀ ਜੁਰਤ ਨਹੀਂ ਕਰੇਗਾ। ਫਾਂਸੀ ਚੜ੍ਹਨ ਵਾਲੇ ਦਿਨ ਸਿੰਘਾਂ ਨੇ ਅੰਮ੍ਰਿਤ ਸਰੋਵਰ ਵਿਚੋਂ ਇਸ਼ਨਾਨ ਕਰ ਅਰਦਾਸ ਕੀਤੀ; ਗਲ ਵਿਚ ਢੋਲਕੀ ਪਾ ਕੇ ਛੈਣੇ ਵਜਾਂਦਿਆ ਗੁਰਬਾਣੀ ਦਾ ਕੀਰਤਨ ਕਰਦਿਆਂ ਰਾਮਬਾਗ ਬੋਹੜ ਕੋਲ ਪੁਜੇ। ਹਜਾਰਾਂ ਲੋਕ ਇਹਨਾਂ ਸੂਰਬੀਰਾਂ ਨੂੰ ਫਾਂਸੀ ਚੜ੍ਹਦਿਆਂ ਵੇਖਣ ਆਏ ਹੋਏ ਸੀ। ਸਿੰਘਾਂ ਨੇ ਗਲ ਵਿਚ ਚਮੜੇ ਦੀ ਤੰਦੀ ਪਾਉਣ ਤੋਂ ਇਨਕਾਰ ਕੀਤਾ। ਇਨਕਾਰ ਕਰਨ ਤੇ ਫਾਂਸੀ ਦੇਣ ਲਈ ਰੇਸ਼ਮ ਦੇ ਰੱਸੇ ਬੋਹੜ ਨਾਲ ਲਟਕਾਏ ਗਏ ਅਤੇ ਇਸ ਤਰ੍ਹਾਂ ਦੇਸ਼ ਅਤੇ ਧਰਮ ਤੋਂ ਕੁਰਬਾਨ ਹੋਣ ਲਈ ਨਾਮਧਾਰੀ ਸਿੰਘਾਂ ਨੇ ਹਸਦਿਆਂ ਹਸਦਿਆਂ ਆਪਣੇ ਹੱਥੀਂ ਅਪਣੇ ਗਲ ਵਿਚ ਰੱਸੇ ਪਾ ਕੇ ਪੀਂਘ ਝੂਟਣ ਵਾਂਗ ਹੁਲਾਰਾ ਲੈ, ਕੁਰਬਾਨ ਹੋ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਜਾ ਬੈਠੇ।

ਅੰਗ੍ਰੇਜ਼ ਨੇ ਦਹਿਸ਼ਤ ਫੈਲਾਉਣ ਲਈ ਲੋਕ ਇਕੱਠੇ ਕੀਤੇ ਹੋਏ ਸਨ। ਪਰ ਸਿੰਘ ਸੂਰਮਿਆਂ ਨੂੰ ਧਰਮ ਦੇਸ਼ ਲਈ ਸ਼ਹੀਦ ਹੁੰਦਿਆਂ ਵੇਖ ਲੋਕੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਅਣਖੀ ਸੂਰਮਿਆਂ ਦੀ ਜੈ ਜੈ ਕਾਰ ਕਰਨ ਲਗੇ। ਇਸ ਘਟਨਾ ਨਾਲ ਪੰਜਾਬ ਦੇ ਬੁਜ਼ਦਿਲਾਂ ਅੰਦਰ ਅਣਖ ਦੀ ਜੁਆਲਾ ਭੜਕ ਉਠੀ। ਹਰ ਬੰਦਾ ਗੋਰੀ ਹਕੂਮਤ ਨੂੰ ਲਾਹਨਤਾਂ ਪਾਉਣ ਲਗਾ ਅਤੇ ਗੁਲਾਮੀ ਦੀ ਜ਼ਿਲਤ ਨਾਲੋਂ ਅਜ਼ਾਦੀ ਦਾ ਜੀਵਨ ਜਿਉਣ ਲਈ ਸੋਚਣ ਲੱਗਾ। ਅੰਮ੍ਰਿਤਸਰ ਦੇ ਸ਼ਹੀਦੀ ਸਾਕੇ ਪਿਛੋਂ ਅੰਗਰੇਜ਼ ਦੀ ਘਬਰਾਹਟ ਦਾ ਕੋਈ ਠਿਕਾਣਾ ਨਾ ਰਿਹਾ ਅਤੇ ਪੰਜਾਬ ਅੰਦਰ ਜਾਗਰਤੀ ਦੀ ਜੋਤ ਹੋਰ ਉੱਚੀ ਬਲਣ ਲੱਗੀ।

ਇਸ ਘਟਨਾ ਤੋਂ ਕਰੀਬ ਇਕ ਮਹੀਨੇ ਪਿਛੋਂ ਕੂਕੇ ਸਿੰਘਾਂ ਨੇ ਰਾਇ ਕੋਟ ਦੇ ਬੁੱਚੜਖਾਨੇ ਦੇ ਬੁਚੜ ਮਾਰ ਕੇ ਗਊਆਂ ਛੁਡਾ ਦਿਤੀਆਂ। ਇਹਨਾਂ ਸਿੰਘਾਂ ਨੂੰ ਅੰਗਰੇਜ਼ ਨੇ ਰਾਏਕੋਟ ਬਸੀਆਂ ਕੋਠੀ ਨੇੜੇ ਖੁੱਲ੍ਹੀ ਥਾਂ ਫਾਂਸੀ ਦੇ ਸ਼ਹੀਦ ਕਰ ਦਿਤਾ।



Sri Satguru Jagjit Singh Ji eLibrary NamdhariElibrary@gmail.com

# ਜਲਾਵਤਨੀ ਅਤੇ ਸੁਤੰਤਰਤਾ ਦੀ ਲਹਿਰ

ਗਊਆਂ ਨੂੰ ਬਚਾਉਣ ਖਾਤਰ ਦਿੱਤੀਆਂ ਸ਼ਹੀਦੀਆਂ ਦੇ ਦੋਹਾਂ ਕਾਰਨਾਮਿਆਂ ਪਿਛੋਂ ਅੰਗ੍ਰੇਜ਼ ਹਕੂਮਤ ਲੱਗੀ ਬਹਾਨੇ ਭਾਲਣ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਨਾ ਮਿਲਵਰਤਨ ਲਹਿਰ ਨੂੰ ਕਿਵੇਂ ਕੁਚਲਿਆ ਜਾਵੇ। ਪਰ ਉਸਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਇਸ ਤੋਂ ਥੋਹੜੇ ਸਮੇਂ ਪਿਛੋਂ ਸ੍ਰੀ ਭੈਣੀ ਸਾਹਿਬ ਵਿਖੇ ਮਾਘੀ ਦਾ ਮੇਲਾ ਮਨਾਇਆ; ਜਿਸ ਤੇ ਸੰਗਤਾਂ ਦਾ ਭਾਰੀ ਇੱਕਠ ਹੋਇਆ। ਇਸ ਸੰਗਤ ਦੇ ਇਕੱਠ ਵਿਚ ਮਲੇਰ ਕੋਟਲੇ ਤੋਂ ਆਏ ਨੰਬਰਦਾਰ ਗੁਰਮੁੱਖ ਸਿੰਘ ਨੇ ਦੁਖਦਾਈ ਘਟਨਾ ਸੁਣਾਈ। ਉਸ ਦੱਸਿਆ ਮੇਰਾ ਇਕ ਮੁਸਲਮਾਨ ਨਾਲ ਇਕ ਬੁੱਢੇ ਬਲਦ ਦੀ ਤਰਸ ਯੋਗ ਹਾਲਤ ਤੋਂ ਝਗੜਾ ਹੋ ਗਿਆ ਤਾਂ ਮੁਸਲਮਾਨਾਂ ਨੇ ਮੈਨੂੰ ਫੜ ਕੇ ਬੰਨ੍ਹ ਦਿਤਾ ਅਤੇ ਮੇਰੇ ਸਾਹਮਣੇ ਬਲਦ ਨੂੰ ਕਤਲ ਕਰ ਦਿਤਾ। ਇਹ ਸੁਣ ਕੇ ਸਿੰਘ ਜੋਸ਼ ਵਿਚ ਆ ਗਏ। ਸਰਦਾਰ ਹੀਰਾ ਸਿੰਘ ਲਹਿਣਾ ਸਿੰਘ ਦੀ ਅਗਵਾਈ ਵਿਚ ਬੁੱਚੜਾਂ ਤੋਂ ਬਦਲਾ ਲੈਣ ਲਈ; ਤਿੰਨ ਸੌ ਦੇ ਕਰੀਬ ਸਿੰਘਾਂ ਦਾ ਜਥਾ ਮਲੇਰ ਕੋਟਲੇ ਨੂੰ ਚੱਲ ਪਿਆ। ਮਲੇਰ ਕੋਟਲੇ ਦੀ ਪੁਲੀਸ ਤੇ ਮੁਸਲਮਾਨ ਬੁੱਚੜਾਂ ਨਾਲ ਜੰਮ ਕੇ ਮੁਕਾਬਲਾ ਹੋਇਆ। ਬੁੱਚੜ ਤੇ ਸਿਪਾਹੀ ਮਾਰੇ ਗਏ; ਕੁਝ ਸਿੰਘਾਂ ਦਾ ਵੀ ਨੁਕਸਾਨ ਹੋਇਆ। ਸਿੰਘਾਂ ਨੇ ਦੇਸ਼ ਧਰਮ ਤੋਂ ਕੁਰਬਾਨੀਆਂ ਦੇਣ ਲਈ ਸ਼ਹੀਦੀ ਸਿਹਰੇ ਬੰਨ੍ਹ ਲਏ। ਲੜਾਈ ਤੋਂ ਦੂਸਰੇ ਦਿਨ ਰੜ ਪਿੰਡ ਤੋਂ ਨਾਮਧਾਰੀ ਫੌਜ ਸਿੰਘਾਂ ਨੂੰ ਮਲੇਰ ਕੋਟਲੇ ਦੇ ਖੁੱਲੇ ਮੈਦਾਨ ਵਿਚ ਲਿਆ ਕੇ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਕਾਵਨ ਨੇ ਬਿਨਾਂ ਮੁੱਕਦਮਾ ਚਲਾਏ ਤੋਪਾਂ ਨਾਲ 66 ਸਿੰਘਾਂ ਨੂੰ ਸ਼ਹੀਦ ਕਰ ਦਿਤਾ। ਸਿੰਘਾ ਨੇ ਆਪ ਤੋਪਾਂ ਦੇ ਸਾਹਮਣੇ ਖੜੇ ਹੋ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਉਂ ਸਿੰਘਾਂ ਨੂੰ ਸ਼ਹੀਦ ਹੁੰਦਿਆਂ ਪਬਲਿਕ ਨੇ ਵੇਖਿਆ; ਜਿਸ ਤੋਂ ਲੋਕਾਂ ਅੰਦਰ ਅੰਗਰੇਜ਼ਾਂ ਵਿਰੁਧ ਰੋਸ ਵਧ ਗਿਆ। ਮਲੇਰ ਕੋਟਲੇ ਸਿੰਘਾ ਨੂੰ ਤੋਪਾਂ ਨਾਲ ਸ਼ਹੀਦ ਕਰਨ ਪਿਛੋਂ ਹਕੂਮਤ ਨੇਂ ਕੂਕਾ ਲਹਿਰ ਨੂੰ ਦਬਾਉਣ ਵਾਸਤੇ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਕੁਝ ਸੂਬਿਆਂ ਨੂੰ ਹਿਰਾਸਤ ਵਿਚ ਲੈ ਲੁਧਿਆਣੇ ਲੇ ਆਂਦਾ ਅਤੇ ਇਥੋਂ ਸਪੈਸ਼ਲ ਰੇਲ ਰਾਹੀਂ ਇਲਾਹਾਬਾਦ ਦੇ ਕਿਲੇ ਵਿਚ ਬੰਦ ਕਰ ਦਿਤਾ ਅਤੇ ਕੁਝ ਸਮਾਂ ਇਲਾਹਾਬਾਦ ਰਖ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿਤਾ ਅਤੇ ਉਹਨਾਂ ਦੇ ਨਾਲ ਆਂਦੇ ਸੂਬਿਆਂ ਨੂੰ ਵਖ ਵਖ ਜੇਲ੍ਹਾਂ ਵਿਚ ਉਮਰ ਭਰ ਲਈ ਡੱਕ ਦਿਤਾ।

ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਨ ਪਿਛੋਂ ਅੰਗ੍ਰੇਜ਼ ਹਕੂਮਤ ਨੇ

ਕੂਕਾ ਲਹਿਰ ਨੂੰ ਕੁਚਲਣ ਵਾਸਤੇ; ਅੱਡੀ ਚੋਟੀ ਦਾ ਜ਼ੋਰ ਲਾ ਦਿਤਾ। ਵੱਧ ਤੋਂ ਵੱਧ ਸਿੰਘਾਂ ਤੇ ਤਸ਼ੱਦਦ ਢਾਹੇ ਗਏ। ਕਈ ਸੂਬਿਆਂ ਨੂੰ ਦੇਸ਼ ਦੀਆਂ ਜੇਲ੍ਹਾਂ ਵਿਚ ਅਤੇ ਕਈਆਂ ਨੂੰ ਜਲਾਵਤਨ ਕਰ ਦਿਤਾ। ਪਰ ਅਜ਼ਾਦੀ ਦੀ ਲੱਗੀ ਅੱਗ ਸੁਲਘਦੀ ਮੱਚਦੀ ਰਹੀ।

ਸਤਿਗੁਰੂ ਰਾਮ ਸਿੰਘ ਜੀ ਤੋਂ ਪਿਛੋਂ ਕੂਕਾ ਪੰਥ ਦੀ ਵਾਗ ਡੋਰ (ਰਹਿਨੁਮਾਈ) ਸ੍ਰੀ ਗੁਰੂ ਹਰੀ ਸਿੰਘ ਜੀ ਨੇ ਸੰਭਾਲ ਲਈ। ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਹਰੀ ਸਿੰਘ ਜੀ ਨੂੰ ਵੀ ਨਜ਼ਰਬੰਦ ਕਰ ਦਿਤਾ ਗਿਆ। ਸ੍ਰੀ ਭੈਣੀ ਸਾਹਿਬ ਸੰਗਤਾਂ ਦਾ ਆਉਣਾ ਬੰਦ ਕਰ ਦਿਤਾ। ਪੁਲੀਸ ਦੀ ਚੌਕੀ ਬਿਠਾ ਦਿਤੀ। ਜੋ 1923 ਈ: ਪੰਜਾਹ ਸਾਲ ਤਕ ਕਾਇਮ ਰਹੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਨਮ ਵੀ ਪੁਲੀਸ ਦੇ ਪਹਿਰੇ ਵਿਚ ਹੀ ਹੋਇਆ। ਸ਼ਾਂਤੀ ਸਰੂਪ ਸ੍ਰੀ ਗੁਰੂ ਹਰੀ ਸਿੰਘ ਜੀ ਨੇ ਲੱਖਾਂ ਤਸੀਹੇ ਹੰਢਾਏ, ਪਰ ਸਿਖੀ ਦੀ ਫੁਲਵਾੜੀ ਨੂੰ ਹਰਾ ਭਰਾ ਰਖਿਆ । ਸ੍ਰੀ ਗੁਰੂ ਹਰੀ ਸਿੰਘ ਜੀ ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਕੂਕਾ ਪੰਥ ਦੇ ਰਹਿਨੁਮਾ ਬਣੇ। ਇਸ ਲੰਮੇ ਸਮੇਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਬਾਲੀ ਆਜ਼ਾਦੀ ਦੀ ਸ਼ਮਾਂ ਲਟ ਲਟ ਬਲ ਰਹੀ ਸੀ ਜਿਸ ਦੀ ਰੋਸ਼ਨੀ ਹਰ ਹਿੰਦੋਸਤਾਨ ਦੇ ਅੰਦਰ ਦੇਸ਼ ਅਜ਼ਾਦੀ ਲਈ ਕਈ ਰੂਪਾਂ ਵਿਚ ਜੁਆਲਾ ਬਣ ਚੁਕੀ ਸੀ। ਅਮਰੀਕਾ ਵਿਚ ਰੋਜ਼ੀ ਰੋਟੀ ਲਈ ਗਏ ਪੰਜਾਬੀ ਕਿਰਤੀਆਂ ਨੇ ਗੁਲਾਮੀ ਨੂੰ ਜਹਿਮਤ ਸਮਝਿਆ; ਦੇਸ਼ ਦੀ ਅਜ਼ਾਦੀ ਲਈ ਅਮਰੀਕਾ ਵਿਚ ਰਹਿੰਦਿਆਂ ਦੇਸ਼ ਦੀ ਅਜ਼ਾਦੀ ਲਈ ਅਵਾਜ਼ ਬੁਲੰਦ ਕਰ ਦਿਤੀ। ਇਹਨਾਂ ਸੂਰਬੀਰਾਂ ਨੇ ਨਵੇਂ ਸਾਧਨਾਂ ਦਾ ਇਸਤੇਮਾਲ ਕਰਦਿਆਂ ਇਕ ਅਖ਼ਬਾਰ ਕਢਿਆ; ਜਿਸਦਾ ਨਾਮ ਗਦਰ ਦੀ ਗੂੰਜ ਰਖਿਆ। ਉਸ ਅਖ਼ਬਾਰ ਰਾਹੀਂ ਹਰ ਹਿੰਦੁਸਤਾਨੀਆਂ ਦੇ ਦਿਲਾਂ ਤਕ ਅਵਾਜ਼ ਪਹੁੰਚਾਉਣ ਲੱਗੇ।

## ਅਮਰੀਕਾ ਵਿਚ ਗਦਰ ਦੀ ਗੂੰਜ

ਅਮਰੀਕਾ ਵਿਚ ਰਹਿੰਦੇ ਸਿੰਘਾਂ ਵਿਚੋਂ ਕੈਲੀਫੋਰਨੀਆ ਸਟੇਟ ਦੇ ਇਕ ਛੋਟੇ ਜਿਹੇ ਕੌਟਲੈਂਡ ਨਾਮ ਦੇ ਪਿੰਡ ਵਿਚ ਬਾਬਾ ਜੁਆਲਾ ਸਿੰਘ ਜੀ ਰਹਿੰਦੇ ਸੀ । ਇਹ ਇਥੇ ਠੇਕੇ ਤੇ ਜ਼ਮੀਨ ਲੈ ਕੇ ਆਲੂਆਂ ਦੀ ਕਾਸ਼ਤ ਕਰਦੇ ਸੀ ਅਤੇ ਉਸ ਸਮੇਂ ਬਾਬਾ ਜੁਆਲਾ ਸਿੰਘ ਨੂੰ ਅਮਰੀਕਾ ਵਿਚ ਆਲੂਆਂ ਦਾ ਬਾਦਸ਼ਾਹ ਦੇ ਖਿਤਾਬ ਨਾਲ ਜਾਣਿਆ ਜਾਂਦਾ ਸੀ। ਜਿਸ ਤਰ੍ਹਾਂ ਅਜ ਦੇ ਵਕਤ ਵਿਚ ਸਰਦਾਰ ਦੀਦਾਰ ਸਿੰਘ ਬੈਂਸ ਨੂੰ ਫਾਰਮਰ, ਚਰਨਜੀਤ ਸਿੰਘ ਬਾਠ ਨੂੰ ਸੌਂਗੀ ਦਾ ਬਾਦਸ਼ਾਹ ਤੇ ਦਰਸ਼ਨ ਸਿੰਘ ਮਿਲਵਾਕੀ ਪਟਰੌਲ ਪੰਪਾਂ ਕਰਕੇ ਮਸ਼ਹੂਰ ਹਨ। ਪਰ ਅੱਜ ਵਾਲੇ ਰੁਤਬਿਆਂ ਨਾਲੋਂ ਬਾਬਾ ਜੁਆਲਾ ਸਿੰਘ ਹੁਰਾਂ ਦਾ ਰੁਤਬਾ ਵਖਰਾ ਸੀ।

ਬਾਬਾ ਜੁਆਲਾ ਸਿੰਘ ਜੀ ਭਾਰਤ ਤੋਂ ਆਕੇ ਬਾਦਸ਼ਾਹ ਦਾ ਰੁਤਬਾ ਰਖਦੇ ਸੀ



Sri Satguru Jagjit Singh Ji eLibrary NamdhariElibrary@gmail.com

ਅਤੇ ਇਥੋਂ ਦੇ ਕੋਥਰੇ ਦਿਲ ਵਾਲੇ ਵਾਸੀਆਂ ਨੂੰ ਇਹ ਉਹਨਾਂ ਦੀ ਇਹ ਸ਼ਾਨ ਨਹੀਂ ਸੀ ਭਾਉਂਦੀ। ਇਸੇ ਵਜ੍ਹਾ ਕਾਰਨ ਇਕ ਗੋਰੇ ਨੇ ਬਾਬਾ ਜੀ ਨੂੰ ਕਿਸੇ ਗਲ ਤੋਂ ਗੁਲਾਮ ਦੇਸ਼ ਦੇ ਵਾਸੀ ਹੋਣ ਦਾ ਮਿਹਣਾ ਮਾਰਿਆ। ਜਿਸ ਦਾ ਘਾਅ ਬਾਬੇ ਜੁਆਲਾ ਸਿੰਘ ਦੇ ਦਿਲ ਵਿਚ ਡੂੰਘਾ ਉਤਰ ਗਿਆ। ਇਹਨਾਂ ਬਾਬਾ ਵਿਸਾਖਾ ਸਿੰਘ ਜੀ ਨੂੰ ਮਿਲ ਕੇ ਦਿਲ ਦੀ ਵੇਦਨਾ ਦੱਸੀ ਅਤੇ ਸਟਾਕਟਨ ਸ਼ਹਿਰ ਵਿਚ ਜਗ੍ਹਾ ਖਰੀਦ ਕੇ ਗੁਰਦੁਆਰਾ ਬਣਾਇਆ। ਉਸ ਵਕਤ ਬਾਬਾ ਵਿਸਾਖਾ ਸਿੰਘ ਜੀ ਕੋਲ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਸਰੂਪ ਸੀ; ਜੋ ਉਹ ਭਾਰਤ ਤੋਂ ਆਉਣ ਸਮੇਂ ਨਾਲ ਲੈ ਕੇ ਆਏ ਸੀ। ਬਾਬਾ ਵਿਸਾਖਾ ਸਿੰਘ ਜੀ ਨੇ ਇਕ ਸਰੂਪ ਗੁਰਦੁਆਰੇ ਵਿਚ ਪ੍ਰਕਾਸ਼ ਕਰ ਦਿਤਾ ਅਤੇ ਇਕ ਆਪਣੇ ਘਰ ਰਖਿਆ। ਜਿਸ ਤੋਂ ਰੋਜ਼ਾਨਾ ਪਾਠ ਨਿਯਮ ਅਨੁਸਾਰ ਕਰਦੇ।

ਗਦਰ ਦੀ ਗੂੰਜ ਤੇ ਹੋਰ ਸਾਧਨਾਂ ਰਾਹੀਂ ਅਮਰੀਕਾ ਵਿਚ ਜਿਥੇ ਜਿਥੇ ਸਿੱਖ ਵਸਦੇ ਸੀ; ਸਭ ਨਾਲ ਸੰਪਰਕ ਕਰਕੇ ਸਟੌਕਟਨ ਵਿਚ ਇਕੱਠ ਕੀਤਾ ਅਤੇ ਸਾਰਿਆਂ ਨੇ ਮਿਲ ਕੇ ਗਦਰ ਪਾਰਟੀ ਸਥਾਪਤ ਕੀਤੀ। ਜਿਸਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਬਣਾਇਆ ਗਿਆ। ਬਾਬਾ ਸੋਹਣ ਸਿੰਘ ਭਕਨਾ ਚੰਗੀ ਜ਼ਮੀਨ ਜਾਇਦਾਦ ਵਾਲੇ ਪਿਉ ਦਾ ਪੁੱਤਰ ਸੀ। ਜੁਆਨੀ ਨੇ ਆਉਂਦਿਆਂ ਹੀ ਰੰਗ ਵਿਖਾਣੇ ਸ਼ੁਰੂ ਕਰ ਦਿਤੇ। ਬਾਬਾ ਜੀ ਖਾਣ ਪੀਣ ਵਾਲੀਆਂ ਢਾਣੀਆਂ ਦੇ ਸਰਦਾਰ ਬਣ ਗਏ। ਜਾਇਦਾਦ ਦੀ ਆਮਦਨ ਦਾ ਖੁੱਲ੍ਹਾ ਪੈਸਾ ਹੈ ਹੀ ਸੀ ਸੋ ਸਾਥੀਆਂ ਨਾਲ ਪੀਣ ਤੇ ਪਿਆਉਣ ਦਾ ਸ਼ੌਂਕ ਲੱਗੇ ਪਾਲਣ। ਪਿਉ ਭਾਵੇਂ ਪੁਤਰ ਦੀਆਂ ਅਜਿਹੀਆਂ ਹਰਕਤਾਂ ਨੂੰ ਬਹੁਤਾ ਨਾ ਗੌਲੇ; ਪਰ ਮਾਂ ਆਪਣੇ ਪੁੱਤਰ ਨੂੰ ਕੁਰਾਹੇ ਪੈਂਦਾ ਵੇਖ ਕੁਰਲਾ ਉਠਦੀ ਹੈ। ਪਰ ਮਾਂ ਦੇ ਸਮਝਾਉਣ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਇਕ ਵਾਰ ਪਿੰਡ ਭਕਨੇ ਵਿਚ ਨਾਮਧਾਰੀ ਪੰਥ ਦੇ ਮਹਾਨ ਭਜਨੀਕ ਤਪੱਸਵੀ ਸੰਤ ਕੇਸਰ ਸਿੰਘ ਜੀ ਆਏ ਤਾਂ ਬਾਬਾ ਜੀ ਦੀ ਮਾਤਾ ਨੇ ਸੰਤਾਂ ਕੋਲ ਅਰਜ਼ ਕੀਤੀ; ਸੰਤ ਜੀ ਮੇਰੇ ਪੁੱਤਰ ਨੂੰ ਸ਼ਰਾਬ ਛੁਡਾ ਕੇ ਸਿਧੇ ਰਾਹ ਪਾ ਦਿਉ। ਸੰਤਾਂ ਬਾਬਾ ਜੀ ਨੂੰ ਸੱਦ ਕੇ ਕਿਹਾ ਕਿਉਂ ਬਈ ਸ਼ਰਾਬ ਵਿਚ ਬਹੁਤ ਨਸ਼ਾ ਹੈ? ਹਾਂ ਸੰਤ ਜੀ। ਸੰਤਾਂ ਨੇ ਹੁਕਮ ਕੀਤਾ ਉਰੇ ਕੰਨ ਕਰ; ਅਸੀਂ ਤੈਨੂੰ ਨਾਮ ਦਾ ਨਸ਼ਾ ਪਿਆਂਦੇ ਹਾਂ ਨਾਮ ਜਪੀਂ ਤੇ ਸ਼ਰਾਬ ਪੀਵੀਂ ਦੋਹਾਂ ਵਿਚੋਂ ਜਿਸ ਵਿਚ ਬਹੁਤਾ ਨਸ਼ਾ ਹੋਵੇ ਉਹ ਰੱਖ ਲਵੀਂ, ਦੂਜਾ ਛਡ ਦੇਵੀਂ।

ਸੰਤਾਂ ਨੇ ਕੰਨ ਵਿਚ ਭਜਨ ਦਸ ਦਿਤਾ। ਭਜਨ ਲੈਂਦਿਆਂ ਹੀ ਨਾਮ ਦਾ ਰੰਗ ਚੜ੍ਹ ਗਿਆ। ਉਸ ਵੇਲੇ ਬਾਬਾ ਜੀ ਕੋਲ ਦੋ ਬੋਤਲਾਂ ਸ਼ਰਾਬ ਹੈ ਸੀ; ਘਰ ਜਾਕੇ ਮਾਂ ਦੇ ਸਾਹਮਣੇ ਦੋਵੇਂ ਬੋਤਲਾਂ ਤੋੜ ਦਿਤੀਆਂ; ਤੇ ਆਖਿਆ ਅਜ ਤੋਂ ਮੇਰੀ ਤੇ ਸ਼ਰਾਬ ਦੀ ਦੋਸਤੀ ਖਤਮ। ਬਾਬਾ ਸੋਹਣ ਸਿੰਘ ਜੀ ਦੀ ਮੰਜ਼ਲ ਬਦਲ ਗਈ।

ਸ਼ਰਾਬ ਤੇ ਸ਼ਰਾਬੀ ਢਾਣੀ ਨਾਲ ਕਟੀ ਕਰ ਦਿਤੀ। ਨਾਮ ਦਾ ਰੰਗ ਚੜ੍ਹ ਗਿਆ; ਬਾਬਾ ਜੀ ਥੋਹੜੇ ਸਮੇਂ ਬਾਅਦ ਅਮਰੀਕਾ ਆ ਗਏ। ਅਤੇ ਗਦਰ ਪਾਰਟੀ ਦੇ ਸਰਗਰਮ ਮੈਂਬਰ ਹੀ ਨਹੀਂ ਸਗੋਂ ਪਰਧਾਨ ਦੀ ਪਦਵੀ ਪਾ ਪਾਰਟੀ ਦੀ ਅਗਵਾਈ ਲਗੇ ਕਰਨ। 1968 ਵਿਚ ਮੈਂ ਨਾਮਧਾਰੀ ਅਖਬਾਰ ਸਤਿਜੁਗ ਦਾ ਸੰਪਾਦਕ ਸੀ; ਉਸ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਬਾਬਾ ਸੋਹਨ ਸਿੰਘ ਜੀ ਦੇ ਜੱਦੀ ਪਿੰਡ ਭਕਨਾ ਵਿਚ ਬਾਬਾ ਜੀ ਨੂੰ ਮਿਲਨ ਵਾਸਤੇ ਗਿਆ। ਬਾਬਾ ਜੀ ਉਸ ਵਕਤ ਬਹੁਤ ਬਿਰਧ ਹੋ ਚੁਕੇ ਸੀ। ਪਰ ਦੋ ਘੰਟੇ ਗਲਾਂ ਕਰਦਿਆਂ ਉਹਨਾਂ ਅੰਦਰ ਜੁਆਨੀਂ ਵਾਲੀ ਹੀ ਸ਼ਕਤੀ ਮੌਜੂਦ ਸੀ। ਨਾਮਧਾਰੀ ਪੰਥ ਦੀ ਦੇਣ ਤੇ ਗਦਰੀ ਲਹਿਰ ਦਾ ਇਤਿਹਾਸ ਸੁਣਾਦਿਆਂ ਉਹਨਾਂ ਅੰਦਰ ਅਥਾਹ ਜੋਸ਼ ਸੀ। ਅਮਰੀਕਾ ਵਿਚ ਅੱਜ ਵੀ ਗਦਰੀ ਬਾਬਿਆਂ ਦੀ ਯਾਦ ਨੂੰ ਤਾਜਾ ਰਖਣ ਲਈ ਹਰ ਸਾਲ ਸੈਕਰਾਮੈਂਟੋ ਵਿਖੇ ਗਦਰ ਪਾਰਟੀ ਦੇ ਪ੍ਰੇਮੀ ਪੁਜਾਰੀਆਂ ਵਲੋਂ ਉਹਨਾਂ ਦੀ ਯਾਦ ਵਿਚ ਮੇਲਾ ਮਨਾਇਆ ਜਾਂਦਾ ਹੈ।

## ਸਤਿਗੁਰੂ ਪ੍ਰਤਾਪ ਸਿੰਘ ਜੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗ ਡੋਰ ਸੰਭਾਲ ਦਿਆਂ ਸਿੱਖੀ ਪਰਚਾਰ ਆਰੰਭ ਕਰ ਦਿਤਾ। ਨਾਮਧਾਰੀ ਪੰਥ ਦੇ ਵਿਦਵਾਨਾਂ ਨੂੰ ਪਿੰਡਾਂ ਵਿਚ ਜਾਕੇ ਕੀਰਤਨ ਕਰਕੇ ਪੰਥ ਪ੍ਰਚਾਰ ਕਰਨ ਲਈ ਤੋਰਿਆ। ਜਿਨ੍ਹਾਂ ਨੇ ਪਿੰਡ ਪਿੰਡ ਜਾਕੇ ਨਾਮਧਾਰੀ ਸਿੰਘਾਂ ਦੇ ਘਰੀ ਢੋਲਕੀ ਛੈਣਿਆਂ ਨਾਲ ਦੀਵਾਨ ਲਾਉਣੇ ਤੇ ਸਿੱਖੀ ਦਾ ਪ੍ਰਚਾਰ ਕਰਨਾ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਕੁਝ ਸਿੰਘਾਂ ਨੂੰ ਨਾਲ ਲੈ ਘੋੜਿਆਂ ਤੇ ਅਸਵਾਰ ਹੋ ਆਪਣੇ ਸੇਵਕਾਂ ਦੇ ਘਰ ਜਾਕੇ ਚਰਨ ਪਾਉਣੇ; ਦਰਸ਼ਨ ਦੇ ਕੇ ਨਿਵਾਜਣਾ ਅਤੇ ਸਿਖੀ ਸਿਦਕ ਵਿਚ ਪ੍ਰੱਪਕ ਰਹਿਣ ਦੇ ਉਪਦੇਸ਼ ਦੇ ਕੇ ਨਿਵਾਜਣਾ ਇਸੇ ਰੀਤ ਦੇ ਮੁਤਾਬਕ ਹੀ ਪਾਕਿਸਤਾਨ ਬਨਣ ਤੋਂ ਪਹਿਲਾਂ ਪਿੰਡ ਮਲੀਆਂ ਵਿਚ ਨਾਮਧਾਰੀ ਬਜ਼ੁਰਗ ਮੇਵਾ ਸਿੰਘ ਦੇ ਘਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹੋਰਾਂ ਦਰਸ਼ਨ ਦਿਤੇ ਸੀ ;ਜਿਥੇ ਮੈਨੂੰ ਬਾਲ ਉਮਰ ਵਿਚ ਸਤਿਗੁਰੂ ਜੀ ਦੇ ਚਰਨ ਪਰਸਨ ਦਾ ਮੌਕਾ ਮਿਲਿਆ ; ਜਿਸਦਾ ਮੈਂ ਪਹਿਲਾਂ ਵਿਸਥਾਰ ਨਾਲ ਜ਼ਿਕਰ ਕਰ ਆਇਆ ਹਾਂ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਮਧਾਰੀ ਸੰਗਤ ਦੇ ਦੁੱਖ ਸੁੱਖ ਸੁਣਦੇ ਅਤੇ ਨਿਵਾਰਨ ਦਾ ਹਰ ਤਰ੍ਹਾਂ ਜਤਨ ਕਰਦੇ। ਲੋੜਵੰਦ ਦੀ ਆਰਥਿਕ ਸਹਾਇਤਾ ਕਰਨੀ ਅਤੇ ਹੋਰ ਕੋਈ ਵੀ ਮੁਸ਼ਕਲ ਹੋਵੇ ਉਸਦਾ ਹਲ ਕਢਣਾ। ਹਰ ਪਿੰਡ ਵਿਚ ਜਾਕੇ ਸਤਿਗੁਰੂ ਜੀ ਸੰਗਤਾਂ ਨੂੰ ਦਰਸ਼ਨ ਦੇਣੇ; ਆਪਣੇ ਥਾਪੇ ਨੁਮਾਇੰਦਿਆਂ ਨਾਲ ਜ਼ਮੀਨ ਦੀ ਵੰਡ ਤੇ ਹੋਰ ਕੰਮਾਂ ਬਾਰੇ ਜਾਣਕਾਰੀ ਲੈਣੀ; ਹਰ ਕੰਮ ਪੁਛਣਾ ਤੇ ਦਸਣਾ।



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਪ੍ਰਤਾਪ ਸਿੰਘ ਜੀ ਧਰਮ ਤੋਂ ਇਲਾਵਾ ਗ੍ਰਿਸਤੀ ਜੀਵਨ ਦੀਆਂ ਲੋੜਾਂ ਨੂੰ ਜਾਨਣ ਸਮਝਣ ਵਿਚ ਨਿਪੁੰਨ ਸਨ। ਉਹ ਜਦੋਂ ਵੀ ਬਾਹਰੋਂ ਦੌਰੇ ਤੋਂ ਆਉਂਦੇ ਸੰਗਤਾਂ ਤੇ ਆਗੂਆਂ ਨੂੰ ਘੋਖਵੀਂ ਨਜ਼ਰ ਨਾਲ ਵੇਖਦੇ।

ਸਿਖ ਕੌਮ ਬੜੀ ਮੋਹਨਤੀ ਤੇ ਮਰ ਮਿਟਣ ਵਾਲੀ, ਦੁਨੀਆਂ ਦੇ ਇਤਿਹਾਸ ਵਿਚ ਮੰਨੀ ਜਾਂਦੀ ਹੈ। ਜਿਥੇ ਸਿੱਖ ਕੌਮ ਦੁਸ਼ਮਨ ਨਾਲ ਟੱਕਰ ਲੈਣ ਤੋਂ ਝਿੱਜਕਦੀ ਨਹੀਂ; ਜੇ ਦੇਸ਼ ਧਰਮ ਲਈ ਮਰਨਾਂ ਪਵੇ ਤਾਂ ਮਰਨ ਤੋਂ ਡਰਦੀ ਨਹੀਂ; ਉਥੇ ਇਸ ਕੌਮ ਵਿਚ ਆਪਸ ਵਿਚ ਧਰਮ ਦੀਆਂ ਵਿਥਾਂ ਪਾਕੇ ਸਿੱਖ ਸਿੱਖਾਂ ਵਿਚ ਹੀ ਖਹਿਬਾਜ਼ੀ ਰੱਖਣ ਦੇ ਵੀ ਆਦੀ ਹਨ। ਸੋ ਇਸੇ ਹੀ ਕੁਰੱਖਤ ਖਿਆਲੀ ਤੇ ਸੌੜੀ ਸੋਚ ਅਨੁਸਾਰ ਇਕ ਵਾਰ ਗਿਆਨੀ ਕਰਤਾਰ ਸਿੰਘ ਜੀ ਸਿਰਸਾ ਸ਼ਹਿਰ ਵਿਚ ਆਏ, ਤੇ ਉਹਨਾਂ ਨੇ ਸ਼ਹਿਰ ਵਿਚ ਇਕ ਧਾਰਮਕ ਸਭਾ ਵਿਚ ਬੋਲਦਿਆਂ ਨਾਮਧਾਰੀਆਂ ਦੇ ਨਿਯਮਾਂ ਤੇ ਨਾਮਧਾਰੀ ਸਿੱਖਾਂ ਤੇ ਸਿੱਖੀ ਬਾਰੇ ਭਾਸ਼ਨ ਦਿੱਤਾ ਸੀ ਜਿਸ ਵਿਚ ਨਾਮਧਾਰੀਆਂ ਬਾਰੇ ਜੋ ਉਹਨਾਂ ਕਿਹਾ ਉਹ ਕਹਿਣਾ ਉਹਨਾਂ ਨੂੰ ਸੋਭਾ ਨਹੀਂ ਸੀ ਦਿੰਦਾ। ਪਰ ਉਹਨਾਂ ਨੇ ਸੱਭਯ ਅਸੱਭਯ ਦੀ ਕੋਈ ਪਰਵਾਹ ਨਾ ਕਰਦਿਆਂ ਆਪਣੇ ਮਨ ਦੀ ਭੜਾਸ ਸਾਰੀ ਕੱਢੀ। ਜੋ ਉਹਨਾਂ ਨੂੰ ਪਤਾ ਨਹੀਂ ਅੰਦਰੇ ਅੰਦਰ ਕਦੋਂ ਤੋਂ ਸਤਾ ਰਹੀ ਸੀ। ਉਸ ਦੀਵਾਨ ਵਿਚ ਨਾਮਧਾਰੀ ਸਿੰਘ ਵੀ ਬੈਠੇ ਸੁਣ ਰਹੇ ਸੀ; ਉਹਨਾਂ ਦੇ ਅਜਿਹੇ ਭਾਸ਼ਨ ਨੂੰ ਸੁਣਕੇ ਸਿਰਸਾ ਸ਼ਹਿਰ ਦੇ ਨਾਮਧਾਰੀਆਂ ਨੇ ਗਿਆਨੀ ਕਰਤਾਰ ਸਿੰਘ ਦੇ ਆਖੇ ਸ਼ਬਦਾਂ ਦਾ ਜੁਆਬ ਦੇਣ ਲਈ ਇਕ ਪ੍ਰੋਗਰਾਮ ਰਖਿਆ;ਜਿਸ ਵਿਚ ਨਾਮਧਾਰੀ ਵਿਦਵਾਨ ਵੀ ਸੱਦੇ ਤੇ ਇਕ ਕਵੀ ਦਰਬਾਰ ਦਾ ਵੀ ਅਯੋਜਨ ਕੀਤਾ। ਜਿਸ ਵਿਚ ਉਥੇ ਪੰਜਾਬੀ ਦੇ ਕਵੀ ਗੁਰਦਿੱਤ ਸਿੰਘ ਕੁੰਦਨ; ਗੁਰਦੇਵ ਸਿੰਘ ਮਾਨਮਾ, ਨੱਥਾ ਸਿੰਘ ਅਤੇ ਹੋਰ ਵੀ ਕਵੀ ਸਨ।

ਸਾਰਾ ਦਿਨ ਦੀਵਾਨ ਸਜੇ, ਵਿਦਵਾਨਾਂ ਨੇ ਲੈਕਚਰ ਦਿਤੇ;ਪਰ ਗਿਆਨੀ ਕਰਤਾਰ ਸਿੰਘ ਜੀ ਨੇ ਜੋ ਕੁੱਝ ਆਖਿਆ ਸੀ;ਉਸਦਾ ਕਿਸੇ ਵੀ ਵਿਦਵਾਨ ਨੇ ਕੋਈ ਜ਼ਿਕਰ ਨਹੀਂ ਕੀਤਾ ਕਿਉਂਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕਰ ਦਿਤਾ ਸੀ ਕਿ ਗਿਆਨੀ ਜੀ ਨੇ ਜੋ ਵੀ ਆਖਿਆ ਏ ਉਹ ਉਹਨਾਂ ਨੂੰ ਸੋਭਦਾ ਹੈ; ਸਾਨੂੰ ਕੁਝ ਉਹਨਾਂ ਬਾਰੇ ਆਖਣਾ ਨਹੀਂ ਸੋਭਦਾ। ਸਤਿਗੁਰੂ ਜੀ ਦਾ ਹੁਕਮ ਮੰਨਦਿਆਂ ਕਿਸੇ ਵੀ ਬੁਲਾਰੇ ਨੇ ਉਹਨਾਂ ਦਾ ਜ਼ਿਕਰ ਤਕ ਨਹੀਂ ਕੀਤਾ। ਕਿਸੇ ਵੀ ਵਿਦਵਾਨ ਨੇ ਉਸ ਵਿਸ਼ੇ ਨੂੰ ਛੁਹਿਆ ਤਕ ਨਹੀਂ।

ਰਾਤ ਨੂੰ ਕਵੀ ਦਰਬਾਰ ਹੋਇਆ। ਕਵੀ ਦਰਬਾਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਦਰਸ਼ਨ ਦਿਤੇ। ਕਵੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕਵਿਤਾ ਪੜ੍ਹ ਕੇ ਵਾਹਵਾ ਖੱਟ ਰਹੇ ਸੀ। ਕਵੀ ਦਰਬਾਰ ਦਾ ਚੰਗਾ ਰੰਗ ਬੱਝਾ ਸੀ। ਮੈਂ ਵੀ ਸਟੇਜ ਤੇ ਕਵਿਤਾ ਵਾਲਾ ਕਾਗਜ਼ ਜੇਬ ਵਿਚ ਘੁੱਟੀ ਬੈਠਾ ਸੀ; ਪਰ ਏਡੇ ਵੱਡੇ

ਕਵੀ ਦਰਬਾਰ ਵਿਚ ਮੇਰੇ ਲਈ ਟਾਈਮ ਕਿਥੇ ਸੀ। ਮੈਂ ਵਾਰ ਵਾਰ ਸੰਤ ਘੰਧਾਰਾ ਸਿੰਘ ਜੀ ਨੂੰ ਕਹਿ ਰਿਹਾ ਸੀ ਪਰ ਉਹ ਚੁਪ ਸਨ। ਉਹ ਸਮਝਦੇ ਸਨ; ਕਿ ਇਹਨਾਂ ਕਵੀਆਂ ਵਿਚ ਕਾਕੇ ਨੂੰ ਟਾਈਮ ਕੌਣ ਦੇਵੇਗਾ। ਸੋ ਕਵੀ ਦਰਬਾਰ ਦੇ ਇਕ ਦੋ ਕਵੀ ਹੀ ਬਾਕੀ ਸਨ ਜਾਂ ਮੈਂ ਫਿਰ ਸੰਤ ਘੰਧਾਰਾ ਸਿੰਘ ਦੀ ਵੱਖੀ ਨੂੰ ਹੱਥ ਲਾਇਆ। ਇਹਨਾਂ ਮੇਰੇ ਵਲੋਂ ਵੇਖਿਆ; ਤਾਂ ਸੰਤ ਘੰਧਾਰਾ ਸਿੰਘ ਜੀ ਨੂੰ ਸਤਿਗੁਰੂ ਜੀ ਪੁਛਿਆ? ਕੀ ਕਾਕੇ ਨੇ ਵੀ ਕਵਿਤਾ ਪੜ੍ਹਨੀ ਏ? ਹਾਂ ਸੱਚੇਪਾਤਸ਼ਾਹ ਜੀ? ਤਾਂ ਸੱਚੇ ਪਾਤਸ਼ਾਹ ਜੀ ਹੋਰਾਂ ਸਟੇਜ ਸੈਕਟਰੀ ਨੂੰ ਆਖਿਆ ਇਸ ਕਾਕੇ ਦੀ ਵੀ ਕਵਿਤਾ ਸੁਣ ਲਵੋ? ਬਸ ਹੁਕਮ ਦੀ ਦੇਰ ਸੀ। ਸੈਕਟਰੀ ਨੇ ਆਖਿਆ ਹੁਣ ਕਾਕਾ ਸੰਤੋਖ ਸਿੰਘ ਆਪਣੀ ਕਵਿਤਾ ਸੁਨਾਏਗਾ। ਇਹ ਮੇਰੀ ਖੁਸ਼ ਕਿਸਮਤੀ ਸੀ ਕਿ ਮੈਨੂੰ ਦੂਜੀ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਪੜੇ ਹੋਣ ਦਾ ਮੌਕਾ ਮਿਲ ਗਿਆ। ਮੈਂ ਕਵਿਤਾ ਬੋਲੀ ; ਮੈਨੂੰ ਹੋਰ ਦਾ ਤਾਂ ਪਤਾ ਨਹੀਂ ਕਿਸੇ ਵਾਹਵਾ ਆਖਿਆ ਹੋਵੇ ਜਾਂ ਨਾ; ਪਰ ਸੰਤ ਘੰਧਾਰਾ ਸਿੰਘ ਜੀ ਮੁੜ ਮੁੜ ਵਾਹ ਵਾਹ ਆਖ ਰਹੇ ਸੀ। ਮੈਂ ਕਵਿਤਾ ਬੋਲ ਕੇ ਬਹਿਣ ਲਗਿਆਂ ਸਤਿਗੁਰੂ ਜੀ ਨੂੰ ਮਥਾ ਟੇਕਿਆ; ਤਾਂ ਉਹਨਾਂ ਹੁਕਮ ਕੀਤਾ; ਕਵਿਤਾ ਸਤਿਜੁਗ ਦੇ ਅੰਕ ਵਿਚ ਛਪਣ ਵਾਸਤੇ ਦੇ ਦੇਵੀਂ। ਮੈਂ ਸ੍ਰੀ ਜੀਵਨ ਨਗਰ ਆ ਕੇ ਸਤਿਜੁਗ ਦੇ ਦਫਤਰ ਵਿਚ ਕਵਿਤਾ ਦੇ ਦਿਤੀ ਜੋ ਪਹਿਲੀ ਵਾਰ ਸੰਮਤ ਦੋ ਹਜਾਰ ਦਸ ਦੇ ਬਸੰਤ ਅੰਕ ਵਿਚ ਮੇਰੀ ਕਵਿਤਾ ਛਪੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਬਾਹਰ ਦੌਰੇ ਤੇ ਜਾ ਕੇ ਜਦੋਂ ਵੀ ਵਾਪਸ ਸ੍ਰੀ ਜੀਵਨ ਨਗਰ ਆਉਂਦੇ ਸੰਤ ਨਗਰ ਬਿਨਾ ਕਿਸੇ ਦੇ ਅਰਜ਼ ਕਰਨ ਤੇ ਵੀ ਸੰਤ ਨਗਰ ਦਰਸ਼ਨ ਦਿੰਦੇ। ਕਿਉਂਕਿ ਇਥੇ ਸੰਤ ਆਲਾ ਸਿੰਘ ਜੀ ਰਹਿੰਦੇ ਸਨ। ਉਹਨਾਂ ਦੇ ਬਹਾਨੇ ਸਤਿਗੁਰੂ ਜੀ ਦੇ ਦਰਸ਼ਨ ਛੇਤੀ ਹੀ ਹੋ ਜਾਂਦੇ। ਸੰਤ ਨਗਰ ਪਿੰਡ ਦੇ ਐਨ ਵਿਚਕਾਰ ਕਾਫੀ ਥਾਂ ਖਾਲੀ ਸੀ; ਸਤਿਗੁਰੂ ਜੀ ਆਉਂਦੇ ਤਾਂ ਇਸੇ ਚੌਂਕ ਵਿਚ ਪਰਾਲੀ ਵਿਛਾ ਕੇ ਆਸਾ ਦੀ ਵਾਰ ਦਾ ਕੀਰਤਨ ਤੇ ਹੋਰ ਦੀਵਾਨ ਸਜਦੇ। ਕੀਰਤਨ ਵਿਚ ਵੱਜਦ ਵਿਚ ਆਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਤੂਸ਼ ਵਜਾ ਕੇ ਸ਼ਬਦ ਪੜ੍ਹਦੇ ਤਾਂ ਅਨੋਖਾ ਹੀ ਆਨੰਦ ਉਪਜ ਪਲੋਂਦਾ। ਸ਼ਬਦ ਪੜ੍ਹਦਿਆਂ ਵਕਤ ਦਾ ਕੋਈ ਧਿਆਨ ਨਹੀਂ ਸੀ ਰਖਿਆ ਜਾਂਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੰਤ ਨਗਰ ਤੇ ਖਾਸ ਬਖਸ਼ਿਸ ਸੀ।

### ਹੋਲਾ ਸੰਤ ਨਗਰ

ਪਾਕਿਸਤਾਨ ਤੋਂ ਉਜੜ ਕੇ ਆਇਆਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਹੋਰਾਂ ਤੰਗੀਆਂ ਤੁਰਸ਼ੀਆਂ ਵਿਚੋਂ ਕੱਢ ਦਿਤਾ ਸੀ। ਇਸ ਸਮੇਂ ਤਕ ਸਿੰਘ ਫਸਲਾਂ ਦੀ



Sri Satguru Jagjit Singh Ji eLibrary NamdhariElibrary@gmail.com

ਆਮਦਨ ਤੋਂ ਚੰਗਾ ਗੁਜ਼ਾਰਾ ਕਰਨ ਲਗ ਗਏ ਸੀ। ਅਤੇ ਹਰ ਘਰ ਕੋਲ ਹਰ ਵਸਤੂ ਮੌਜੂਦ ਸੀ। ਸੋ ਪਿਛਲੇ ਹੋਲੇ ਮੇਲੇ ਤੇ ਸੰਤ ਨਗਰ ਦੀ ਸਾਧ ਸੰਗਤ ਨੇ;ਸਤਿਗੁਰੂ ਜੀ ਕੋਲ ਅਰਜ਼ ਕੀਤੀ ਸੀ ਕੇ ਅਗਲਾ ਹੋਲਾ ਮਹੱਲਾ ਸੰਤ ਨਗਰ ਵਿਖੇ ਮਨਾਇਆ ਜਾਵੇ ਜਿਸਦੀ ਮਨਜ਼ੂਰੀ ਸਤਿਗੁਰੂ ਜੀ ਹੋਰਾਂ ਨੇ ਦਿਤੀ। ਸਾਰਾ ਪਿੰਡ ਹੋਲੇ ਮਹੱਲੇ ਦਾ ਮੇਲਾ ਮਨਾਉਣ ਲਈ ਚਾਂਈ ਰਜ ਰਿਹਾ ਸੀ। ਮੇਲੇ ਦੀ ਮੁਕੰਮਲ ਤਿਆਰੀ ਹੋ ਚੁਕੀ ਸੀ। ਨਾਮਧਾਰੀ ਪੰਥ ਦੇ ਵਿਦਵਾਨਾ ਜਥੇਦਾਰਾਂ ਨੂੰ ਆਉਣ ਵਾਸਤੇ ਰਸਮੀ ਤੌਰ ਤੇ ਸੱਦਾ ਪੱਤਰ ਭੇਜੇ ਗਏ। ਇਸ ਇਲਾਕੇ ਵਿਚ ਕੁਝ ਕਵੀ ਵੀ ਹੈ ਸਨ। ਜਿਵੇਂ ਬਖਸ਼ੀਸ਼ ਸਿੰਘ ਸਵਰੀ, ਕਰੀ ਵਾਲਾ ਸਰਧਾ ਸਿੰਘ ਨਿਮਾਣਾ, ਹਰਬੰਸ ਸਿੰਘ ਬੁਢੀ ਮਾੜੀ ਅਤੇ ਸੰਤ ਨਗਰ ਵਿਚ ਨਾਮਧਾਰੀ ਪੰਥ ਦੇ ਮਹਾਨ ਲੇਖਕ ਤੇ ਕਵੀ ਸੰਤ ਤਰਨ ਸਿੰਘ ਜੀ “ਵਹਿਮੀ” ਰਹਿੰਦੇ ਸਨ। ਜਿਨ੍ਹਾਂ ਦੇ ਉੱਦਮ ਸਦਕਾ ਇਕ ਕਵੀ ਦਰਬਾਰ ਵੀ ਰਖਿਆ ਗਿਆ। ਕਵੀ ਦਰਬਾਰ ਦੀ ਸ਼ੋਭਾ ਵਧਾਉਣ ਵਾਸਤੇ ਉਘੇ ਕਵੀ ਗੁਰਦਿਤ ਸਿੰਘ ਕੁੰਦਨ, ਗੁਰਦੇਵ ਸਿੰਘ ਮਾਨ ਅਤੇ ਹੋਰ ਇਕ ਦੋ ਮਸ਼ਹੂਰ ਕਵੀਆਂ ਨੂੰ ਚਿਠੀਆਂ ਲਿਖ ਕੇ ਸੱਦਿਆ ਗਿਆ। ਇਸ ਕਵੀ ਦਰਬਾਰ ਵਾਸਤੇ ਵਹਿਮੀ ਜੀ ਨੇ ਦੋ ਸਮਸਿਆਵਾਂ ਦਿਤੀਆਂ, ਜਿਨ੍ਹਾਂ ਤੇ ਸਾਰੇ ਕਵੀਆਂ ਨੇ ਆਪਣੀਆਂ ਕਵਿਤਾਵਾਂ ਲਿਖਣੀਆਂ ਤੇ ਬੋਲਣੀਆਂ ਸਨ। ਇਹ ਸਮਸਿਆ ਸਨ 1. ਗਊ ਚਾਂਹਵਦੀ ਦਿਲੀ ਪਿਆਰ ਤੇਰਾ 2. ਚੀਨੀ ਅਸਵਾਰ ਜਿਹਾ 3. ਤੇਰਾ ਇਤਿਹਾਸ ਏ।

ਮੇਲੇ ਦਾ ਅਰੰਭ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਇਆ। ਜਿਸ ਵਿਚ ਸੰਤ ਗਿਆਨਾ ਸਿੰਘ ਦੀ ਭਾਰੀ ਭਰਕਮ ਅਵਾਜ਼ ਅਕਾਸ਼ ਵਿਚ ਗੂੰਜਦੀ। ਸਾਰਾ ਦਿਨ ਜਥੇਦਾਰਾਂ ਦੇ ਦੀਵਾਨ ਸਜੇ । ਦੂਜੇ ਰੋਜ ਆਸਾ ਦੀ ਵਾਰ ਦਾ ਕੀਰਤਨ ਸੰਤ ਪ੍ਰੀਤਮ ਸਿੰਘ ਪੱਦੀ ਵਾਲਿਆਂ ਨੇ ਕੀਤਾ। ਸੰਤ ਪ੍ਰੀਤਮ ਸਿੰਘ ਦੀ ਮਧੁਰ ਸੁਰ ਦਾ ਕੋਈ ਸਾਨੀ ਨਹੀਂ ਸੀ। ਹਰ ਰੋਜ਼ ਆਸਾ ਦੀ ਵਾਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਤੂਸ਼ ਵਜਾ ਕੇ ਕੀਰਤਨ ਕਰਦੇ ਤਾਂ ਅਨੋਖਾ ਹੀ ਰੰਗ ਬੱਝ ਜਾਂਦਾ। ਗੁਰੂ ਕਾ ਲੰਗਰ ਚੌਵੀ ਘੰਟੇ ਵਰਤਦਾ। ਸਵੇਰੇ ਮੇਲੇ ਦਾ ਭੋਗ ਪੈਣਾ ਸੀ । ਅੱਜ ਰਾਤ ਕਵੀ ਦਰਬਾਰ ਵਿਚ ਹਿੱਸਾ ਲੈਣ ਵਾਲੇ ਨਿਮੰਤਰਤ ਕਵੀ ਪਹੁੰਚ ਚੁਕੇ ਸੀ। ਇਲਾਕੇ ਦੇ ਤੇ ਹੋਰ ਨਾਮਧਾਰੀ ਪੰਥ ਦੇ ਕਵੀ ਮੌਜੂਦ ਸੀ। ਕਵੀ ਦਰਬਾਰ ਆਰੰਭ ਹੋਇਆ। ਸਟੇਜ ਦੀ ਜ਼ਿਮੇਵਾਰੀ ਸੰਤ ਮੰਗਲ ਸਿੰਘ ਲਾਇਲਪੁਰੀ ਨਿਭਾ ਰਹੇ ਸੀ।

ਕਵੀ ਦਰਬਾਰ ਆਰੰਭ ਹੋਇਆ; ਸੰਤ ਮੰਗਲ ਸਿੰਘ ਜੀ ਲਾਇਲਪੁਰੀ ਸੁਲਝੇ ਹੋਏ ਵਿਦਵਾਨ ਤੇ ਹੰਢੇ ਵਰਤੇ ਵਿਅਕਤੀ ਸਨ। ਉਹਨਾਂ ਨੂੰ ਪਤਾ ਸੀ ਕਿਹੜੇ



Sri Satguru Jagjit Singh Ji eLibrary NamdhariElibrary@gmail.com

ਕਵੀ ਨੂੰ ਕਿਸ ਵਕਤ ਬੋਲਣ ਦਾ ਮੌਕਾ ਦੇਣਾ ਹੈ। ਉਹਨਾਂ ਨੇ ਸੋਚ ਲਿਆ ਕਿ ਮਹਾਨ ਕਵੀਆਂ ਵਿਚ ਮਾੜੇ ਕਵੀ ਨੂੰ ਟਾਈਮ ਦੇ ਕੇ ਸੰਗਤ ਦਾ ਸੁਆਦ ਨਹੀਂ ਖਰਾਬ ਕਰਨਾ। ਉਹਨਾਂ ਨੇ ਪਹਿਲਾਂ ਹੀ ਇਹ ਲਿਸਟ ਵਖਰੀ ਬਣਾ ਰਖੀ ਸੀ ਜਿਨ੍ਹਾਂ ਦੀ ਕਵਿਤਾ ਦਿਲ ਰਖਣ ਵਾਸਤੇ ਜਾਂ ਮਹਾਨ ਕਵੀਆਂ ਦਾ ਮਹੌਲ ਬਨਾਉਣ ਵਾਸਤੇ ਸੁਣੀ ਜਾਂਦੀ ਹੈ। ਸੋ ਲਾਇਲਪੁਰੀ ਜੀ ਨੇ ਸਮਸਿਆ ਆਰੰਭ ਕੀਤੀ।

"ਚੀਨੀ ਅਸਵਾਰ ਜਿਹਾ"। ਸਭ ਤੋਂ ਪਹਿਲਾਂ ਮਾੜੇ ਕਵੀਆਂ ਨੂੰ ਪੇਸ਼ ਕੀਤਾ ਜਾਣ ਲੱਗਾ। ਮੈਨੂੰ ਯਕੀਨ ਸੀ ਮੇਰਾ ਨਾਮ ਵੀ ਇਹਨਾਂ ਹੀ ਕਵੀਆਂ ਵਿਚ ਹੈ; ਸੋ ਮੈਂ ਵਾਰ ਵਾਰ ਕਵਿਤਾ ਵਾਲੇ ਕਾਗਜ਼ ਨੂੰ ਖੋਲ੍ਹ ਵਲੇਟ ਰਿਹਾ ਸਾਂ। ਮੈਨੂੰ ਇਹ ਨਹੀਂ ਸੀ ਕਿ ਮੈਂ ਮਹਾਨ ਕਵੀਆਂ ਵਿਚ ਬੋਲਾਂ ; ਮੈਨੂੰ ਤਾਂ ਇਹ ਸੀ ਕੇ ਮੈਨੂੰ ਬੋਲਣ ਦਾ ਮੌਕਾ ਮਿਲ ਜਾਵੇ। ਕਿਤੇ ਮੇਰੀ ਉਮਰ ਤੇ ਅਣਜਾਨਤਾ ਮੇਰਾ ਪੱਤਾ ਹੀ ਨਾ ਕਟ ਦੇਵੇ। ਸੋ ਮੇਰਾ ਛੇਤੀ ਹੀ ਇਹ ਤੌਖਲਾ ਖਤਮ ਹੋ ਗਿਆ; ਲਾਇਲਪੁਰੀ ਜੀ ਨੇ ਕਿਹਾ; ਹੁਣ ਤੁਹਾਡੇ ਸਾਹਮਣੇ ਕਾਕਾ ਸੰਤੋਖ ਸਿੰਘ ਪੇਸ਼ ਹੈ ਜੋ ਇਸੇ ਪਿੰਡ ਦਾ ਹੈ ਤੇ ਵਹਿਮੀ ਜੀ ਦਾ ਸ਼ਾਗਿਰਦ ਹੈ ਸੁਣੋ ਕੀ ਕਹਿੰਦਾ ਹੈ।

ਮੈਂ ਝੱਟ ਉਠਿਆ ਕਿ ਮਤਾਂ ਕੋਈ ਹੋਰ ਹੀ ਨਾ ਮੇਰੀ ਥਾਂ ਉਠ ਖਲੋਵੇ। ਝਿੱਜਕ, ਡਰ ਤਾਂ ਮੈਨੂੰ ਆਉਂਦਾ ਹੀ ਨਹੀਂ ਸੀ। ਮੈਂ ਆਪਣੀ ਕਵਿਤਾ ਬੋਲਦਾ ਰਿਹਾ ਤੇ ਬਾਂਹ ਮਾਰਦਾ ਰਿਹਾ। ਬਾਂਹ ਮਾਰਨ ਦੀ ਜਾਚ ਮੈਂ ਪਿਛਲੇ ਸਾਲ ਸਿਰਸੇ ਹੋਏ ਕਵੀ ਦਰਬਾਰ ਵਿਚ ਸਿਖ ਲਈ ਸੀ। ਮੈਂ ਓਥੇ ਵੇਖਿਆ ਸੀ ਕਿ ਮਹਾਨ ਕਵੀ ਆਪਣੀ ਹਰ ਲਾਈਨ ਬੋਲਣ ਪਿਛੋਂ ਬਾਂਹ ਜ਼ਰੂਰ ਮਾਰਦੇ ਸੀ। ਸੋ ਮੈਂ ਵੀ ਪੂਰੀਆਂ ਬਾਹਾਂ ਮਾਰ ਮਾਰ ਆਪਣੀ ਕਵਿਤਾ ਪੜ੍ਹੀ। ਸੰਗਤ ਵਿਚੋਂ ਰੁਪਏ ਵੀ ਵਾਹਵਾ ਮਿਲ ਗਏ। ਪਿੰਡ ਦਾ ਹੋਣ ਕਾਰਨ ਜਾਂ ਕਿ ਕਾਕਾ ਹੋਣ ਕਾਰਨ। ਕਵੀ ਦਰਬਾਰ ਦਾ ਦੂਜਾ ਦੌਰ ਸ਼ੁਰੂ ਹੋਇਆ। ਹੁਣ ਸਮਸਿਆ ਸੀ "ਗਉ ਚਾਂਹਵਦੀ ਦਿਲੀ ਪਿਆਰ ਤੇਰਾ" ਉਸੇ ਤਰ੍ਹਾਂ ਲਿਸਟ ਮੁਤਾਬਕ ਮੇਰਾ ਨਾਂ ਬੋਲਿਆ। ਮੈਂ ਆਪਣੀ ਸਮੱਸਿਆ ਦੀ ਕਵਿਤਾ ਪੜ੍ਹੀ। ਪੈਸੇ ਇਸ ਵਾਰ ਪਹਿਲਾਂ ਨਾਲੋਂ ਜ਼ਿਆਦਾ ਮਿਲ ਗਏ। ਮੈਂ ਪੂਰਾ ਖੁਸ਼ ਸਾਂ। ਮੈਨੂੰ ਬੋਲਣ ਦਾ ਮੌਕਾ ਵੀ ਮਿਲਿਆ ਸੀ ਤੇ ਨੋਟ ਵੀ ਸੰਗਤ ਨੇ ਖੁੱਲ੍ਹੇ ਦਿਲ ਦਿਤੇ।

ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਦੇ ਨਾਲ ਹੀ ਮੇਲੇ ਦੀ ਸਮਾਪਤੀ ਵੀ ਸੀ। ਅੱਜ ਬੱਕਰੀਆਂ ਚਾਰਨ ਜਾਣ ਦੀ ਮੇਰੀ ਵਾਰੀ ਸੀ। ਮੈਂ ਆਪਣੀਆਂ ਤੇ ਜੋਟੀਦਾਰ ਪਿਆਰੇ ਜੰਡੂ ਵਾਲੇ ਦੀਆਂ ਬੱਕਰੀਆਂ ਲੈਕੇ ਹਾਲਾਂ ਪਿੰਡੋਂ ਬਾਹਰ ਗਿਆ ਹੀ ਸੀ ਕਿ ਦੀਵਾਨ ਵਾਲੇ ਸਪੀਕਰ ਵਿਚ ਮੰਗਲ ਸਿੰਘ ਜੀ ਲਾਇਲਪੁਰੀ ਕਹਿ ਰਹੇ ਸੀ; ਕਾਕਾ ਸੰਤੋਖ ਸਿੰਘ ਜਿਥੇ ਮੇਰੀ ਅਵਾਜ਼ ਸੁਣਦਾ ਹੋਵੇ ਦੀਵਾਨ ਵਿਚ ਪਹੁੰਚ ਜਾਵੇ ਸਤਿਗੁਰੂ ਜੀ ਦਾ ਹੁਕਮ ਹੈ। ਮੈਂ ਬੱਕਰੀਆਂ ਲੈ ਕੇ ਜਾ



Sri Satguru Jagjit Singh Ji eLibrary NamdhariElibrary@gmail.com

ਰਿਹਾ ਸੀ । ਅਵਾਜ਼ ਸੁਣੀ ਪਰ ਸੋ ਕੁ ਬੱਕਰੀਆਂ ਦੀ ਜ਼ਿਮੇਂਵਾਰੀ; ਨਾਲ ਕੋਈ ਹੈ ਨਹੀਂ ; ਕੀ ਕਰਾਂ; ਪਰ ਇਕ ਮਿੰਟ ਕੁ ਹੀ ਸੋਚੀਂ ਪਿਆ ਅਤੇ ਬੱਕਰੀਆਂ ਦਾ ਇੱਜੜ ਸੁੰਞਾਂ ਛੱਡ ਕੇ ਦੌੜਿਆ ਤੇ ਸਿਧਾ ਦੀਵਾਨ ਵਾਲੇ ਥਾਂ ਚੌਂਕ ਵਿਚ ਪਹੁੰਚ ਗਿਆ। ਸੱਚੇ ਪਾਤਸ਼ਾਹ ਜੀ ਨੂੰ ਮੱਥਾ ਟੇਕਿਆ; ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੇਰੇ ਮੱਥਾ ਟੇਕਦਿਆਂ ਖ਼ੁਸ਼ੀਆਂ ਦੇ ਭੰਡਾਰ ਖੋਹਲ ਦਿਤੇ। ਚਰਨਾਂ ਤੇ ਨਿਵੇ ਹੋਏ ਨੂੰ ਸਤਿਗੁਰੂ ਜੀ ਧੌਣ ਤੋਂ ਫੜ ਕੇ ਆਖਿਆ; ਰਾਤੀਂ ਤੂੰ ਸੰਗਤ ਨੂੰ ਕਵਿਤਾ ਸੁਣਾਈ ਏ ਹੁਣ ਮੈਨੂੰ ਵੀ ਸੁਣਾ ਦੇਹ। ਮੇਰਾ ਦਿਲ ਖੁਸ਼ੀ ਨਾਲ ਧੜਕਦਾ ਸੰਭਾਲਿਆ ਨਹੀਂ ਸੀ ਜਾ ਰਿਹਾ। ਲਾਇਲਪੁਰੀ ਜੀ ਲੈਕਚਰ ਦੇ ਰਹੇ ਸੀ; ਸੱਚੇ ਪਾਤਸ਼ਾਹ ਕਿਹਾ ਸੰਤ ਜੀ ਕਾਕਾ ਆ ਗਿਆ ਹੈ। ਲਾਇਲਪੁਰੀ ਜੀ ਨੇ ਅਨਾਊਂਸ ਕੀਤਾ; ਕਾਕਾ ਸੰਤੋਖ ਸਿੰਘ ਰਾਤ ਦੇ ਕਵੀ ਦਰਬਾਰ ਵਿਚ ਪੜ੍ਹੀ ਗਈ ਕਵਿਤਾ "ਗਊ ਚਾਹੁੰਦੀ ਦਿਲੀ ਪਿਆਰ ਤੇਰਾ" ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੁਣਾਏਗਾ ਸੋ ਸੰਗਤ ਧਿਆਨ ਨਾਲ ਸੁਣੇ। ਮੈਂ ਸਤਿਗੁਰੂ ਜੀ ਦੇ ਸਾਹਮਣੇ ਖੜੇ ਹੋ ਕੇ ਜਿਥੇ ਆਸਾ ਦੀ ਵਾਰ ਦਾ ਕੀਰਤਨੀ ਜਥਾ ਸੀ, ਕਵਿਤਾ ਬੋਲੀ। ਸਤਿਗੁਰੂ ਸੱਚੇ ਪਾਤਸ਼ਾਹ ਜੀ ਹੋਰਾਂ ਕਵਿਤਾ ਸੁਣੀ, ਬਾਅਦ ਵਿਚ ਮੈਂ ਚਰਨਾਂ ਤੇ ਮੱਥਾ ਟੇਕਿਆ ਤਾਂ ਸੱਚੇ ਪਾਤਸ਼ਾਹ ਜੀ ਨੇ ਕੰਡ ਤੇ ਥਾਪਣਾ ਦੇ ਕੇ ਬਖਸ਼ਿਸ਼ਾਂ ਕੀਤੀਆਂ।

**ਸ਼ੇਸ਼ ਦੀ ਹਜ਼ਾਰ ਜੀਭ ਜੱਸ ਨਾ ਉਚਾਰ ਸਕੇ**
**ਮਹਿਮਾਂ ਹੈ ਅਗ੍ਹਾਧ ਬੋਧ ਸਰਬ ਵਿਆਪੀ ਦੀ**

ਇਹ ਕਵਿਤਾ ਦੀ ਲਾਈਨ ਮੇਰੀ ਹੀ ਇਕ ਕਵਿਤਾ ਦੀ ਲਾਈਨ ਹੈ। ਮੈਂ ਸੋਚਦਾ ਹਾਂ ਪਤਾ ਨਹੀਂ ਮੈਂ ਉਦੋਂ ਕਿਹੜੀ ਖਿਰਤੀ ਜਾਂ ਸਰੂਰ ਵਿਚ ਸੀ; ਜਦੋਂ ਇਹ ਲਾਈਨ ਲਿਖੀ ਅਤੇ ਅੱਜ ਮੈਂ ਇਕੱਲਾ ਬੈਠਾ ਆਪਣੇ ਅੰਦਰ ਸੋਚਦਾ ਹਾਂ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਮਧਾਰੀ ਪੰਥ ਤੇ ਕੀਤੇ ਉਪਕਾਰ ਗਿਣੇ ਨਹੀਂ ਜਾ ਸਕਦੇ। ਮੈਂ ਤਾਂ ਸਿਰਫ ਕੁਝ ਕੁ ਆਪਣੇ ਨਾਲ ਉਹਨਾਂ ਦੇ ਸਵੱਲੀ ਨਜ਼ਰ ਦੇ ਪਲਾਂ ਨੂੰ ਹੀ ਯਾਦ ਕਰ ਰਿਹਾ ਹਾਂ। ਮੈਂ ਇਕ ਵਾਰ ਸੰਗਤ ਦੇ ਨਾਲ ਸ੍ਰੀ ਜੀਵਨ ਨਗਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਗਿਆ। ਸੱਚੇ ਪਾਤਸ਼ਾਹ ਜੀ ਕਿਤੇ ਬਾਹਰ ਚਲੇ ਸੀ; ਤਾਂ ਸੰਤ ਨਗਰ ਦੀ ਸੰਗਤ ਪਹੁੰਚ ਗਈ। ਸਤਿਗੁਰੂ ਜੀ ਸੰਗਤ ਨੂੰ ਦਰਸ਼ਨ ਦੇਣ ਲਈ ਵਿਹੜੇ ਵਿਚ ਖਲੋ ਗਏ। ਸੰਗਤ ਚਰਨ ਪਰਸ ਰਹੀ ਸੀ; ਮੈਂ ਵੀ ਚਰਨਾਂ ਤੇ ਮੱਥਾ ਟੇਕਿਆ; ਪਿਛੇ ਖੜੇ ਹੋ ਕੇ ਸਤਿਗੁਰੂ ਜੀ ਦੇ ਚੇਹਰੇ ਵੱਲ ਤਕਿਆ; ਉਹ ਐਨ ਸਿਧੇ ਖੜੋਤੇ ਸੀ ਸਰੀਰ ਵਿਚ ਕੋਈ ਝੁਕਾਅ ਨਹੀਂ ਸੀ। ਭਰਵੇਂ ਚਿਹਰੇ ਤੇ ਚਿੱਟਾ ਦਾਹੜਾ ਤੇ ਸੱਜੇ ਹੱਥ ਵਿਚ ਸੇਲੇ ਵਾਲਾ ਸੋਟਾ; ਉਹਨਾਂ ਦੇ ਚੇਹਰੇ ਦਾ ਪ੍ਰਭਾਵ ਝੱਲਿਆ ਨਹੀਂ ਸੀ ਜਾ ਰਿਹਾ। ਮੈਂ ਸੋਚ ਰਿਹਾ ਸੀ ਸੱਚ ਮੁੱਚ



Sri Satguru Jagjit Singh Ji eLibrary NamdhariElibrary@gmail.com

ਹੀ ਇਹ ਸਤਿਗੁਰੂ ਜੀ ਹਨ; ਮੇਰੀ ਬਾਲ ਬੁੱਧੀ ਵੀ ਅਤੀ ਪ੍ਰਭਾਵਤ ਹੋ ਰਹੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਦੇਹ ਦਾ ਉਹਲਾ ਕੀਤਿਆਂ ਪੰਜਾਹ ਸਾਲ ਤੋਂ ਉਪਰ ਬੀਤ ਚੁਕੇ ਹਨ ਪਰ ਅੱਜ ਵੀ ਮੈਨੂੰ ਉਸ ਵਕਤ ਵਲ ਤਕਿਆਂ ਸਾਖਿਆਤ ਉਹੀ ਚਿਹਰਾ ਅੱਖਾਂ ਅੱਗੇ ਆ ਜਾਂਦਾ ਹੈ। ਮੈਂ ਕਦੇ ਜੋ ਬਾਲ ਉਮਰ ਵਿਚ ਪਹਿਲੀ ਵਾਰ ਪਿੰਡ ਮਲੀਆਂ ਵਿਚ ਵੇਖਿਆ ਸੀ।

**ਗੁਰੂ ਹਰੀ ਸਿੰਘ ਮਹਾਂਵਿਦਿਆਲਾ ਦੀ ਸਥਾਪਨਾ**

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਦੀਆਂ ਨਿੱਕੀਆਂ ਤੋਂ ਨਿੱਕੀਆਂ ਤੇ ਵੱਡੀਆਂ ਤੋਂ ਵੱਡੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਸੀ। ਵੱਡੀਆਂ ਲੋੜਾਂ ਵਿਚੋਂ ਉਹਨਾਂ ਨੂੰ ਚਿੰਤਾ ਸੀ ਕਿ ਇਕ ਥਾਂ ਇਕੱਠੇ ਹੋਏ ਨਾਮਧਾਰੀ ਖਿੰਡ ਨਾ ਜਾਣ। ਉਹ ਆਪਣੇ ਇਸ ਸਿੱਖੀ ਬਾਗ ਨੂੰ ਹਰਾ ਭਰਾ ਖੁਸ਼ਹਾਲ ਵੇਖਣਾ ਚਾਹੁੰਦੇ ਸੀ। ਉਹਨਾਂ ਨੇ ਆਪਣੇ ਸਰਕਾਰੀ ਰਸੂਖ ਨਾਲ ਉਸ ਵਕਤ ਦੇ ਮਾਲ ਮੰਤਰੀ ਤੇ ਹੋਰ ਸਰਕਾਰੀ ਅਫਸਰਾਂ ਨੂੰ ਮਿਲ ਕੇ ਸਾਰੇ ਨਾਮਧਾਰੀਆਂ ਦੀ ਪਾਕਿਸਤਾਨ ਵਾਲੀ ਜ਼ਮੀਨ ਦੀ ਅਲਾਟਮੈਂਟ ਵੀ ਇਹਨਾਂ ਹੀ ਪਿੰਡਾਂ ਵਿਚ ਕਰਵਾ ਦਿਤੀ। ਜਿਥੇ ਸਿੱਖਾਂ ਦੀ ਜਾਇਦਾਦ ਵਾਲੀ ਲੋੜ ਪੂਰੀ ਕੀਤੀ ਉਥੇ ਉਹ ਆਉਣ ਵਾਲੀ ਪਨੀਰੀ ਦੀ ਲੋੜ ਤੋਂ ਵੀ ਭਲੀ ਭਾਂਤ ਸੁਚੇਤ ਸਨ। ਉਹਨਾਂ ਨੂੰ ਯਾਦ ਸੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਵਿਚੋਂ ਆਪਣੇ ਹੁਕਮ ਨਾਮੇ ਵਿਚ ਲਿਖ ਭੇਜਿਆ ਸੀ ਗੁਰਮੁਖੀ ਅੱਖਰ ਹਰ ਮਾਈ ਭਾਈ ਨੇ ਪੜ੍ਹਨੇ। ਵਰਤਮਾਨ ਅਤੇ ਆਉਣ ਵਾਲੀ ਪੀੜ੍ਹੀ ਵਾਸਤੇ ਅੰਗ੍ਰੇਜ਼ੀ ਤਾਂ ਕੀ ਹੋਰ ਇਲਮ ਪੜ੍ਹਨ ਵਾਸਤੇ ਜਾਂ ਗੁਰਮੁਖੀ ਅੱਖਰ ਪੜ੍ਹਨ ਵਾਸਤੇ ਵੀ ਕੋਈ ਸਕੂਲ ਨਹੀਂ ਸੀ। ਬੱਸ ਹੈ ਸੀ ਤਾਂ ਇਕੋ ਇਕ ਮਾਸੀ ਸਾਹਿਬ ਕੌਰ ਜੀ ਦੇ ਘਰ ਦੇ ਵਿਹੜੇ ਵਿਚ ਸਕੂਲ ਜੋ ਆਪਣੇ ਪਿੰਡ ਦੇ ਬੱਚਿਆਂ ਵਾਸਤੇ ਵੀ ਥੋੜ੍ਹਾ ਸੀ। ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਤਾਂ ਸਾਰੇ ਸਿੱਖਾਂ ਦੀ ਚਿੰਤਾ ਸੀ ਸੋ ਸਤਿਗੁਰੂ ਜੀ ਨੇ ਇਸ ਲੋੜ ਨੂੰ ਪੂਰਾ ਕਰਨ ਲਈ ਜਿਸ ਤਰ੍ਹਾਂ ਚੰਚਾਲ ਕੋਠੀ ਦਾ ਨਾਮ ਸ੍ਰੀ ਜੀਵਨ ਨਗਰ ਮਾਤਾ ਜੀਵਨ ਕੌਰ ਦੇ ਨਾਮ ਤੇ ਰੱਖਿਆ ਹੈ, ਇਸੇ ਤਰ੍ਹਾਂ ਸ੍ਰੀ ਜੀਵਨ ਨਗਰ ਤੇ ਸੰਤ ਨਗਰ ਦੋਨਾਂ ਪਿੰਡਾਂ ਨੂੰ ਜੋੜਨ ਵਾਲੀ ਸੜਕ ਦੇ ਉਪਰ ਦੋਹਾਂ ਪਿੰਡਾਂ ਦੇ ਐਨ ਵਿਚਕਾਰ ਆਪਣੀ ਜ਼ਮੀਨ ਦੇ ਬਾਰਾਂ ਏਕੜ ਵਲ ਕੇ ਸੰਨ ਉਨੀ ਸੌ ਸਤਵੰਜਾ ਈਸਵੀ ਨੂੰ ਆਪਣੇ ਪਿਤਾ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਨਾਮ ਤੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਸਥਾਪਤ ਕੀਤਾ। ਜਿਸਦੇ ਪਹਿਲੇ ਮਾਸਟਰ ਅਮਰੀਕ ਸਿੰਘ ਜੀ ਲਾਲਪੁਰ ਅਤੇ ਹੈਡ ਮਾਸਟਰ ਸ. ਸੁਹਾਵਾ ਸਿੰਘ ਜੀ ਬਣੇ। ਮਾਸਟਰ ਅਮਰੀਕ ਸਿੰਘ ਜੀ ਨੇ ਆਪਣੀ ਉਮਰ ਦੇ ਸੁਨਹਿਰੀ ਸਾਲ ਇਸੇ ਸ੍ਰੀ ਗੁਰੂ ਹਰੀ ਸਿੰਘ ਜੀ ਮਹਾਂ ਵਿਦਿਆਲਾ ਨੂੰ ਹੀ ਸਮਰਪਤ ਕਰ ਦਿਤੇ।



Sri Satguru Jagjit Singh Ji eLibrary NamdhariElibrary@gmail.com

ਇਸ ਵਿਦਿਆਲੇ ਦੀ ਸਥਾਪਨਾ ਦਿਵਸ ਦੀ ਖੁਸ਼ੀ ਵਿਚ ਵਿਦਿਆਲੇ ਦੇ ਖੁਲ੍ਹੇ ਮੈਦਾਨ ਵਿਚ ਮੇਲੇ ਦਾ ਅਯੋਜਨ ਕੀਤਾ ਗਿਆ। ਜਿਸ ਵਿੱਚ ਇਲਾਕੇ ਦੀਆ ਸੰਗਤਾਂ ਤੋਂ ਇਲਾਵਾ ਪੂਰੇ ਪੰਜਾਬ ਤੇ ਦਿਲੀ ਦੀਆਂ ਸੰਗਤਾਂ ਵੀ ਪੁਜੀਆਂ। ਨਾਮਧਾਰੀ ਪੰਥ ਦੇ ਵਿਦਵਾਨ ਜਥੇਦਾਰਾਂ ਨੇ ਦੋ ਦਿਨ ਦੀਵਾਨ ਸਜਾਏ। ਸਾਰਾ ਦਿਨ ਦੀਵਾਨਾਂ ਦਾ ਪ੍ਰਵਾਹ ਚਲਦਾ ਸ਼ਾਮ ਦੇ ਦੀਵਾਨ ਤੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਸੰਗਤਾਂ ਨੂੰ ਦਰਸਨ ਦੇ ਕੇ ਨਿਵਾਜ਼ਦੇ। ਦੀਵਾਨ ਵਿਚ ਵਿਦਵਾਨ ਸਜਣਾ ਨੇ ਆਪਣੀ ਤਕਰੀਰ ਰਾਹੀਂ ਵਿਦਿਆਲੇ ਦੇ ਲਾਭ ਤੇ ਖੁਲ੍ਹ ਕੇ ਚਾਨਣਾ ਪਾਇਆ ਇਸ ਮੇਲੇ ਵਿਚ ਇਕ ਲਾਈਨ ਵਿਚ ਦੁਕਾਨਾਂ ਵੀ ਸਜੀਆਂ ਹੋਈਆਂ ਸੀ ਇਕ ਦੁਕਾਨ ਬਾਬਾ ਦੌਲਤ ਸਿੰਘ ਦੀ ਸੀ ਜੋ ਪਕੌੜੇ ਵੇਚਦਾ ਸੀ। ਇਹ ਬਾਬਾ ਦੌਲਤ ਸਿੰਘ ਦੁਕਾਨਦਾਰੀ ਤੋਂ ਇਲਾਵਾ ਬਹੁਤ ਹੀ ਸਾਧੂ ਸੁਭਾ ਤੇ ਬੰਦਗੀ ਵਾਲਾ ਸੀ। ਇਸਨੇ ਰੋਜ਼ਾਨਾ ਬਾਹਰ ਕਿਕਰਾਂ ਤੋਂ ਦਾਤਣਾਂ ਲਿਆ ਕੇ ਸਾਰੇ ਪਿੰਡ ਵਿਚ ਵੰਡਣ ਦੀ ਸੇਵਾ ਕਰਦਾ ਸੀ । ਇਹ ਪਕੌੜੇ ਵੇਚਦਾ ਸੀ, ਪਰ ਜੇ ਕੋਈ ਪਕੌੜਿਆਂ ਦੇ ਪੈਸੇ ਨਾ ਦਿੰਦਾ ਤਾਂ ਇਹ ਕਹਿੰਦਾ ਚਲੋ ਯਾਰ ਇਹਦੇ ਕੋਲ ਨਹੀਂ ਹੋਣੇ ਜੇ ਹੁੰਦੇ ਤਾਂ ਇਹ ਜ਼ਰੂਰ ਦੇ ਦਿੰਦਾ।

### ਕਵਿਤਾ ਦੀ ਜਾਚ

ਬਾਬਾ ਦੌਲਤ ਸਿੰਘ ਦੀ ਦੁਕਾਨ ਦੇ ਨਾਲ ਹੀ ਦੋ ਦੁਕਾਨਾਂ ਹੋਰ ਸੀ ਇਕ ਸਰਧਾ ਸਿੰਘ ਕਰੀਵਾਲਾ ਦੀ ਤੇ ਦੂਸਰੀ ਈਸ਼ਰ ਸਿੰਘ ਖੋਏ ਵਾਲਾ ਦੀ। ਉਹ ਇਲਾਕੇ ਵਿਚ ਖੋਇ ਵਾਲੇ ਨਾਮ ਨਾਲ ਮਸ਼ਹੂਰ ਸੀ ਜੋ ਮੇਰੇ ਹੀ ਪਿਤਾ ਜੀ ਸਨ। ਹੋਰ ਮਰੂੰਡੇ ਤੇ ਖਿਡੌਣੇ ਵਾਲੀਆਂ ਦੁਕਾਨਾਂ ਵੀ ਸਨ। ਮੇਲੇ ਤੋਂ ਪਹਿਲਾਂ ਹੀ ਮੈਨੂੰ ਵਹਿਮੀ ਜੀ ਨੇ ਕਿਹਾ ਸੀ ਕਿ ਮੇਲੇ ਤੇ ਬੋਲਣ ਵਾਸਤੇ ਕਵਿਤਾ ਲਿਖ। ਮੈਂ ਸਤਿਗੁਰੂ ਜੀ ਕੋਲ ਅਰਜ਼ ਕਰਕੇ ਟਾਈਮ ਲੈ ਦਿਆਂਗਾ। ਮੈਂ ਬੱਕਰੀਆਂ ਚਾਰਦਿਆਂ ਇਕ ਕਵਿਤਾ ਲਿਖੀ। ਰਾਤ ਨੂੰ ਵਹਿਮੀ ਜੀ ਦੇ ਘਰ ਜਾ ਕੇ ਸੁਣਾਈ ਤਾਂ ਉਹਨਾਂ ਕਿਹਾ ਨਹੀਂ ਇਹ ਨਹੀਂ ਹੋਰ ਲਿਖ। ਮੈਂ ਦੂਸਰੇ ਦਿਨ ਹੋਰ ਕਵਿਤਾ ਲਿਖ ਸੁਣਾਈ ਤਾਂ ਉਹਨਾਂ ਫਿਰ ਹੋਰ ਲਿਖਣ ਲਈ ਕਹਿ ਦਿਤਾ। ਮੈਂ ਤੀਜੇ ਦਿਨ ਕਬਿਤ ਛੰਦ ਵਿਚ ਕਵਿਤਾ ਲਿਖ ਆਉਂਦੀ; ਜਿਸਦੀਆਂ ਅੱਜ ਵੀ ਮੈਨੂੰ ਦੋ ਲਾਈਨਾਂ ਜ਼ਬਾਨੀ ਯਾਦ ਹਨ । ਮੈਨੂੰ ਆਪਣੀ ਪੂਰੀ ਕਵਿਤਾ ਇਕ ਵੀ ਯਾਦ ਨਹੀਂ ਸੋ ਮੈਂ ਦੋ ਲਾਈਨਾਂ ਹੀ ਪਾਠਕਾਂ ਦੀ ਭੇਟ ਕਰ ਰਿਹਾ ਹਾਂ।

"ਹਾਇ ਰੱਬਾ ਮੇਰਿਆ ਤੂੰ ਕੇਹੜੀ ਘੜੀ ਬੈਠਕੇ ਤੇ ਦੁੱਖਾਂ ਦੇ ਪਹਾੜ ਲਿਖ ਦਿਤੇ ਮੇਰੇ ਭਾਗ ਵਿਚ ਰੰਡੀਆਂ ਦੇ ਨਾਲੋਂ ਨੀ ਵਧੇਰੇ ਮੈਨੂੰ ਜਾਪਦਾ ਏ ਮਾਹੀ ਦਾ ਵਿਛੋੜਾ ਜਿਹੜਾ ਪੈ ਗਿਆ ਸੁਹਾਗ ਵਿਚ।"



Sri Satguru Jagjit Singh Ji eLibrary NamdhariElibrary@gmail.com

ਮੇਰੀ ਇਹ ਕਵਿਤਾ ਵਹਿਮੀ ਜੀ ਨੇ ਪਾਸ ਕਰ ਦਿਤੀ। ਸਵੇਰੇ ਆਸਾ ਦੀ ਵਾਰ ਦੇ ਭੋਗ ਉਪਰੰਤ ਵਹਿਮੀ ਜੀ ਸੱਚੇਪਾਤਸ਼ਾਹ ਜੀ ਕੋਲ ਅਰਜ਼ ਕੀਤੀ ਤਾਂ ਪ੍ਰਵਾਨਗੀ ਮਿਲ ਗਈ। ਇਸ ਤੋਂ ਪਹਿਲਾਂ ਨਿਮਾਣਾ ਜੀ ਨੇ ਵੀ ਅਰਜ਼ ਕੀਤੀ ਸੀ। ਕਵਿਤਾ ਵਾਸਤੇ। ਸੋ ਪਹਿਲਾਂ ਨਿਮਾਣਾ ਜੀ ਨੂੰ ਹੁਕਮ ਹੋਇਆ। ਨਿਮਾਣਾ ਜੀ ਕਵਿਤਾ ਬੋਲ ਰਹੇ ਸੀ ਤੇ ਉਹਨਾਂ ਦੇ ਹੱਥ ਤਾਂ ਕੀਅ ਲੱਤਾਂ ਵੀ ਕੰਬ ਰਹੀਆ ਸੀ। ਮੈਨੂੰ ਵਹਿਮੀ ਜੀ ਨੇ ਕਿਹਾ ਇਉਂ ਨਹੀਂ ਕੰਬਣਾ; ਡਰਨਾ ਨਹੀਂ; ਸੱਚੇ ਪਾਤਸ਼ਾਹ ਜੀ ਹੋਰਾਂ ਤੈਨੂੰ ਆਪ ਮਨਜ਼ੂਰੀ ਦਿਤੀ ਹੈ ; ਫਿਰ ਡਰ ਕਾਹਦਾ। ਵਹਿਮੀ ਜੀ ਨੂੰ ਚਿੰਤਾ ਸੀ ਮੇਰਾ ਸ਼ਾਗਿਰਦ ਡੋਲ ਨਾ ਜਾਵੇ।

ਮੈਨੂੰ ਹੁਕਮ ਹੋਇਆ; ਮੈਂ ਆਪਣੀ ਕਵਿਤਾ ਬੋਲਦਾ ਗਿਆ; ਮੈਂ ਸੰਗਤ ਵਲ ਵੇਖਦਾ ਹੀ ਨਹੀਂ ਸੀ। ਕੋਈ ਕੀ ਸੋਚ ਰਿਹਾ ਹੈ ਸੋਚੀ ਜਾਵੇ; ਮੈਂ ਆਪਣੀ ਕਵਿਤਾ ਉਚੀ ਅਵਾਜ਼ ਵਿਚ ਬੋਲ ਰਿਹਾ ਸੀ। ਵਹਿਮੀ ਜੀ ਪੂਰੇ ਖੁਸ਼ ਸੀ।

ਮੇਰੀ ਕਵਿਤਾ ਖਤਮ ਹੋਈ ਤਾਂ ਨਿਮਾਣਾ ਜੀ ਇਕ ਹੋਰ ਕਵਿਤਾ ਬੋਲਣ ਵਾਸਤੇ ਸਤਿਗੁਰੂ ਜੀ ਪਾਸ ਅਰਜ਼ ਕੀਤੀ ਗਰੀਬ ਨਿਵਾਜ਼ ਮੈਂ ਮੇਲੇ ਵਾਸਤੇ ਦੋ ਕਵਿਤਾਵਾਂ ਲਿਖੀਆਂ ਹਨ ਪਰ ਵਹਿਮੀ ਜੀ ਮੌਕੇ ਨੂੰ ਸੰਭਾਲ ਰਹੇ ਸੀ; ਵਹਿਮੀ ਜੀ ਅਰਜ਼ ਕੀਤੀ ਗਰੀਬ ਨਿਵਾਜ਼ ਨਿਮਾਣਾ ਜੀ ਮੇਲੇ ਵਾਸਤੇ ਦੋ ਕਵਿਤਾ ਲਿਖੀਆਂ ਹਨ ਤੇ ਕਾਕੇ ਨੇ ਮੇਲੇ ਵਾਸਤੇ ਤਿੰਨ ਕਵਿਤਾ ਲਿਖੀਆਂ ਹਨ। ਉਸਦੀਆਂ ਤਿੰਨ ਹੀ ਸੁਣੀਆ ਜਾਣ।

ਪਰ ਸੱਚੇ ਪਾਤਸ਼ਾਹ ਜੀ ਹੋਰਾਂ ਹੁਕਮ ਕੀਤਾ ;ਨਿਮਾਣਾ ਜੀ ਤੁਸੀ ਦੂਜੀ ਕਵਿਤਾ ਸਤਿਜੁਗ ਵਿਚ ਛਪਵਾ ਦੇਣੀ; ਉਥੋਂ ਪੜ੍ਹ ਲਵਾਂਗੇ। ਪਰ ਮੇਰੇ ਸਤਿਗੁਰੂ ਜੀ ਹੋਰਾਂ ਨੇ ਮੈਨੂੰ ਕਿਹਾ ਕਾਕਾ ਤੂੰ ਆਪਣੀ ਕਵਿਤਾ ਮੈਨੂੰ ਦੇ ਦੇ। ਮੈਂ ਕਵਿਤਾ ਵਾਲਾ ਕਾਗਜ਼ ਸਤਿਗੁਰੂ ਜੀ ਨੂੰ ਦੇ ਦਿਤਾ; ਤਾਂ ਉਹਨਾਂ ਕਾਗਜ਼ ਫੜ ਮੈਨੂੰ ਕਿਹਾ ਵੇਖ ਕਾਕਾ ਤੂੰ ਲਿਖਿਆ ਹੈ ਚੀਨੀ ਅਸਵਾਰ ਆਜਾ। ਪਰ ਜੇ ਤੂੰ ਲਿਖਦਾ; ਹੁਣ ਤੇ ਵਤਨ ਨੂੰ ਚੀਨੀ ਅਸਵਾਰ ਆਵੇ। ਇੰਨੇ ਨਾਲ ਸਤਿਕਾਰ ਵਧ ਜਾਣਾ ਸੀ; ਕਵਿਤਾ ਦੀ ਛੱਬ ਵੱਧਣੀ ਸੀ ਅਤੇ ਕਵਿਤਾ ਦੇ ਬਹਿਰ ਤੇ ਅੱਖਰਾਂ ਵਿਚ ਕੋਈ ਫਰਕ ਨਹੀਂ ਸੀ ਪੈਣਾ। ਨਾਲੇ ਵੱਡਿਆਂ ਨੂੰ ਆਜਾ ਨਹੀਂ ਆਖੀਦਾ ਆਵੋ ਆਖੀਦਾ ਹੈ ਅਤੇ ਤੂੰ ਜੀਹਨੂੰ ਕਹਿ ਰਿਹਾ ਹੈਂ ਉਹ ਤਾਂ ਸ੍ਰਿਸ਼ਟੀ ਦਾ ਮਾਲਕ ਹੈ।

ਅੱਜ ਤੋਂ ਪਿਛੋਂ ਸਤਿਗੁਰੂ ਜੀ ਵਾਸਤੇ ਆਜਾ ਜਾਂ ਆਦਰ ਤੋਂ ਬਿਨਾਂ ਕੋਈ ਸ਼ਬਦ ਨਹੀਂ ਵਰਤਣਾ। ਤੇਰੀ ਕਵਿਤਾ ਨਿਮਾਣਾ ਜੀ ਤੋਂ ਵਧੀਆ ਹੈ ਅਤੇ ਉਹਨਾਂ ਮੇਰਾ ਕੰਨ ਫੜ ਕੇ ਆਖਿਆ ਅੱਗੋਂ ਗਲਤੀ ਨਹੀ ਕਰਨੀ। ਮੈਂ ਹੱਥ ਜੋੜ ਕੇ ਸਤਿ ਬਚਨ ਆਖਿਆ। ਮੈਨੂੰ ਪਤਾ ਨਹੀਂ ਕੀ ਹੋ ਰਿਹਾ ਸੀ। ਮੇਰਾ ਸਾਰਾ ਸਰੀਰ ਸਰੂਰ ਨਾਲ ਭਰਪੂਰ ਹੋਇਆ ਪਿਆ ਸੀ। ਵਹਿਮੀ ਜੀ ਦਾ ਰੰਗ ਖੁਸ਼ੀ ਨਾਲ ਸੁਰਖ ਹੋ



Sri Satguru Jagjit Singh Ji eLibrary NamdhariElibrary@gmail.com

ਗਿਆ ਸੀ । ਮੈਂ ਜਦੋਂ ਕਵਿਤਾ ਬੋਲਣ ਲੱਗਾ ਸੀ; ਮੇਰੇ ਪਿਤਾ ਜੀ ਦੁਕਾਨ ਛੱਡ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੁੱਤਰ ਨੂੰ ਕਵਿਤਾ ਪੜ੍ਹਦਾ ਸੁਣਨ ਵੇਖਣ ਲਈ ਆ ਗਏ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਮੈਨੂੰ ਸਿਖਿਆ ਦੇ ਰਹੇ ਸੀ; ਤੇ ਅਖੀਰ ਤੇ ਕੰਨ ਫੜ ਕੇ ਬਖਸ਼ਿਸ ਕੀਤੀ; ਮੇਰੇ ਪਿਤਾ ਜੀ ਦੀਆਂ ਅੱਖਾਂ ਵਿਚੋਂ ਖੁਸ਼ੀ ਨਾਲ ਪਾਣੀ ਵਗ ਤੁਰਿਆ ਸੀ। ਸਤਿਗੁਰੂ ਜੀ ਦੇ ਚਰਨਾਂ ਵਿਚੋਂ ਏਧਰ ਹੋਇਆ ਤਾਂ ਵਹਿਮੀ ਜੀ ਨੇ ਮੈਨੂੰ ਨਾਲ ਘੁਟ ਲਿਆ ਤੇ ਫਿਰ ਮੇਰੇ ਪਿਤਾ ਜੀ ਨੇ ਮੈਨੂੰ ਛਾਤੀ ਨਾਲ ਲਾ ਕੇ ਮੂੰਹ ਚੁੰਮਿਆ। ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਪਾ ਮਖਮੂਰ ਹੋਇਆ ਪਿਆ ਸੀ। ਮੈਂ ਸਾਰਾ ਦਿਨ ਆਪਣੇ ਆਪ ਨੂੰ ਹੋਰ ਤਰ੍ਹਾਂ ਦਾ ਹੀ ਮਹਿਸੂਸ ਕਰ ਰਿਹਾ ਸੀ।



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਛੋੜਾ

ਦੋ ਸਾਲ ਲੰਘ ਗਏ ਮੈਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕਵਿਤਾ ਪੜ੍ਹਨ ਦਾ ਕੋਈ ਮੌਕਾ ਨਹੀਂ ਸੀ ਮਿਲਿਆ। ਮੈਂ ਕਵਿਤਾ ਲਿਖਦਾ ਰਿਹਾ ਪੜ੍ਹਦਾ ਰਿਹਾ। ਮੇਰੇ ਨਾਲੋਂ ਕਾਕਾ ਸ਼ਬਦ ਹਟ ਕੇ ਕਵੀ ਸ਼ਬਦ ਜੁੜ ਗਿਆ ਸੀ। ਇਸ ਸਮੇਂ ਤਕ ਮੇਰੀ ਮੰਗਣੀ ਹੋ ਚੁਕੀ ਸੀ। ਕਰੀ ਵਾਲਾ ਪਿੰਡ ਦੇ ਸ. ਸੁੰਦਰ ਸਿੰਘ ਦੀ ਬੇਟੀ ਪੂਰੋ ਨਾਲ; ਜੋ ਸਹੁਰੇ ਘਰ ਆ ਕੇ ਕਪੂਰ ਕੌਰ ਬਣ ਗਈ। ਉਹਨਾਂ ਦਿਨਾਂ ਵਿਚ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਣ ਵਾਸਤੇ ਇਕ ਅਸੂਲ ਬਣਾਇਆ ਗਿਆ; ਕਿ ਜੋ ਲੜਕੀ ਲੜਕਾ ਵਿਆਹ ਸਮੇਂ ਜਪੁਜੀ ਸਾਹਿਬ ਦਾ ਪਾਠ ਨਾ ਸੁਣਾ ਸਕੇ ਉਸਦਾ ਵਿਆਹ ਨਹੀਂ ਕਰਨਾ। ਇਸ ਡਰ ਕਰਕੇ ਲੜਕੀਆਂ ਲੜਕੇ ਪੜ੍ਹਨ ਵੱਲ ਖਾਸ ਧਿਆਨ ਦਿੰਦੇ ਸੀ; ਮਾਪੇ ਵੀ ਕੋਸ਼ਿਸ਼ ਕਰਦੇ ਕਿ ਇਹ ਜਪੁਜੀ ਸਾਹਿਬ ਜ਼ਰੂਰ ਪੜ੍ਹ ਜਾਣ; ਕਿਤੇ ਕੁਵਾਰੇ ਹੀ ਨਾ ਰਹਿ ਜਾਣ। ਪਰ ਇਹ ਹੁਕਮ ਪਤਾ ਨਹੀਂ ਮੇਰੇ ਸਹੁਰੇ ਪਰਿਵਾਰ ਨੇ ਸੁਣਿਆ ਹੀ ਨਹੀਂ ਜਾਂ ਕਿ ਉਹਨਾਂ ਕਿਸੇ ਮਜਬੂਰੀ ਕਾਰਨ ਆਪਣੀ ਬੇਟੀ ਨੂੰ ਜਪੁਜੀ ਸਾਹਿਬ ਦਾ ਪਾਠ ਤਕ ਵੀ ਨਾ ਪੜ੍ਹਾ ਸਕੇ। ਪਰ ਵਿਆਹ ਤਾਂ ਕਰਨਾ ਹੀ ਸੀ। ਮੈਨੂੰ ਨਹੀਂ ਪਤਾ ਉਹਨਾਂ ਕਿਵੇਂ ਜੁਗਾੜ ਫਿੱਟ ਕੀਤਾ; ਕਿ ਪਾਠ ਸੁਨਾਉਣ ਤੋਂ ਬਿਨਾਂ ਹੀ ਵਿਆਹ ਹੋ ਜਾਣ ਦੀ ਮਨਜ਼ੂਰੀ ਲੈ ਲਈ ਅਤੇ ਮੇਰੇ ਪਿਤਾ ਜੀ ਨੂੰ ਵੀ ਸਹਿਮਤ ਕਰ ਲਿਆ। ਉਹਨਾਂ ਨੇ ਉਹ ਤਰੀਕ ਮਿਥੀ ਜਿਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਹਰ ਦੌਰੇ ਤੇ ਗਏ ਹੋਏ ਸੀ। ਮੇਰੇ ਮਨ ਵਿਚ ਵਿਆਹ ਕਰਾਉਣ ਦਾ ਤਾਂ ਚਾਅ ਸੀ ; ਪਰ ਇਸ ਤੋਂ ਵੱਧ ਮੇਰੇ ਮਨ ਵਿਚ ਚਾਅ ਇਹ ਸੀ ਕੇ ਮੈਂ ਕਵੀ ਹਾਂ ਤੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕਵਿਤਾ ਬੋਲਣ ਵਾਲਾ ਕਵੀ ਹਾਂ ;ਇਸ ਲਈ ਮੇਰਾ ਵਿਆਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹੋਵੇਗਾ ਤੇ ਮੈਂ ਫੇਰਿਆਂ ਤੋਂ ਪਿਛੋਂ ਸਤਿਗੁਰੂ ਜੀ ਦੇ ਚਰਨਾਂ ਵਿਚ ਕਵਿਤਾ ਪੜ੍ਹ ਕੇ ਖੁਸ਼ੀਆਂ ਲਵਾਂਗਾ। ਨਾਲੇ ਸੋਚਦਾ ਸੀ; ਜਿਨ੍ਹਾਂ ਦੇ ਵਿਆਹ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੁੰਦੇ ਹਨ; ਉਹ ਕਿੰਨੇ ਭਾਗਾਂ ਵਾਲੇ ਹਨ ਤੇ ਇਹਨਾਂ ਵਾਂਗ ਮੈਂ ਵੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਵਿਆਹ ਕਰਵਾ ਕੇ; ਭਾਗਾਂ ਵਾਲਾ ਬਣਨ ਦੀ ਰੀਝ ਪਾਲ ਰੱਖੀ ਸੀ। ਪਰ ਸਹੁਰੇ ਪਰਵਾਰ ਦੀ ਮਜਬੂਰੀ ਨੂੰ ਮੈਂ ਨਹੀਂ ਸਾਂ ਜਾਣਦਾ। ਮੇਰਾ ਵਿਆਹ ਸ੍ਰੀ ਜੀਵਨ ਨਗਰ ਹੋ ਗਿਆ;ਪਰ ਮੈਨੂੰ ਉਸਦੀ ਭੋਰਾ ਜਿੰਨੀ ਵੀ ਖੁਸ਼ੀ ਨਹੀਂ ਸੀ ਹੋਈ। ਮੇਰੇ ਅੰਦਰ ਦੀ ਰੀਝ ਨਾ ਪੂਰੀ ਹੋਣ ਕਾਰਨ ਮੇਰੇ ਮਨ ਨੂੰ ਚੋਟ ਪਹੁੰਚੀ। ਮੈਂ ਮਾਤਾ ਪਿਤਾ ਨੂੰ ਤਾਂ ਕੁਝ ਨਾ ਕਿਹਾ; ਪਰ ਮਾਯੂਸ ਰਹਿਣ ਲੱਗਾ। ਕਿਸੇ ਨਾਲ ਗੱਲ ਨਾ ਕਰਨੀ



Sri Satguru Jagjit Singh Ji eLibrary NamdhariElibrary@gmail.com

ਚੁੱਪ ਚੁਪੀਤੇ ਕੰਮ ਕਰੀ ਜਾਣਾ। ਇਸ ਤਰ੍ਹਾਂ ਕਰੀਬ ਕਰੀਬ ਅੱਠ ਮਹੀਨੇ ਬੀਤ ਗਏ। ਮੇਰੇ ਇਸ ਰਵਈਏ ਤੋਂ ਮਾਤਾ ਪਿਤਾ ਦੁਖੀ ਸਨ। ਉਹ ਕਾਰਨ ਪੁੱਛਦੇ ਤਾਂ ਮੈਂ ਕੁਝ ਨਾ ਦਸਦਾ। ਇਕ ਦਿਨ ਮੇਰੇ ਮਾਤਾ ਪਿਤਾ ਨੇ ਮੈਨੂੰ ਇਕੱਲਿਆਂ ਬਿਠਾ ਕੇ ਪੁੱਛਿਆ, ਮੈਂ ਪਹਿਲੇ ਵਾਲਾ ਹੀ ਜੁਆਬ ਦਿੱਤਾ। ਤਾਂ ਉਹਨਾਂ ਕਿਹਾ ਅਸੀਂ ਤੇਰੇ ਮਾਤਾ ਪਿਤਾ ਹਾਂ, ਜੇ ਤੇਰਾ ਪਤਨੀ ਨਾਲ ਕੋਈ ਸ਼ੌਲ ਕਸ਼ੌਲ ਹੋ ਗਿਆ ਹੈ ਤਾਂ ਅਤੇ ਜੇ ਤੇਰੇ ਉਹ ਪਸੰਦ ਨਹੀਂ ਤਾਂ ਅਸੀਂ ਤੇਰਾ ਰਿਸ਼ਤਾ ਉਥੋਂ ਤੋੜ ਲੈਂਦੇ ਹਾਂ। ਇਹ ਸੁਣ ਕੇ ਮੈਂ ਕਿਹਾ ਗਲ ਅਜਿਹੀ ਕੋਈ ਨਹੀਂ । ਮੇਰੀ ਤਾਂ ਰੀਝ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਵਿਆਹ ਕਰਾਉਣ ਦੀ ਸੀ;

ਪਰ ਤੁਸਾਂ ਮੇਰਾ ਉਹਨਾਂ ਤੋਂ ਚੋਰੀ ਵਿਆਹ ਕੀਤਾ ਹੈ; ਮੇਰੇ ਅੰਦਰੋਂ ਇਹ ਗੱਲ ਨਹੀਂ ਜਾਂਦੀ। ਮੇਰੇ ਮਾਤਾ ਪਿਤਾ ਕੋਲ ਇਸ ਗੱਲ ਦਾ ਕੋਈ ਤੋੜ ਨਹੀਂ ਸੀ; ਪਰ ਪੁੱਤਰ ਦੀ ਉਦਾਸੀ ਵੀ ਨਹੀਂ ਸੀ ਜਰ ਸਕਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਕੂਕਿਆਂ ਦੇ ਪੂਹ ਤੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦਿੱਤੇ ਤਾਂ ਮੇਰੇ ਪਿਤਾ ਜੀ ਨੇ ਉਪਰਲੀ ਗੱਲ ਸਾਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਖੜੇ ਹੋ ਕੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਕਾਕਾ ਕਿਥੇ ਹੈ ? ਮੈਂ ਸੰਗਤ ਵਿਚ ਹੀ ਬੈਠਾ ਸੀ, ਮੈਨੂੰ ਬੁਲਾਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਮੈਨੂੰ ਕੋਲ ਬਿਠਾ ਕੇ ਕਿਹਾ, ਮੈਂ ਵਿਆਹ ਵੇਲੇ ਤੇਰੇ ਸਾਹਮਣੇ ਬੈਠਾ ਹੁੰਦਾ; ਤਾਂ ਤੂੰ ਖੁਸ਼ ਸੈਂ ? ਪਰ ਮੈਂ ਤਾਂ ਉਸ ਤੇ ਖੁਸ਼ ਹੋਨਾਂ ਜਿਹੜਾ ਮੈਨੂੰ ਯਾਦ ਕਰਦਾ ਹੈ। ਤੂੰ ਤਾਂ ਮੈਨੂੰ ਵਿਆਹ ਵੇਲੇ ਯਾਦ ਕਰੀ ਜਾਂਦਾ ਸੈਂ ? ਜੇ ਤੂੰ ਮੈਨੂੰ ਉਤੋਂ ਉਤੋਂ ਸਾਹਮਣੇ ਵੇਖਣਾ ਹੈ ਤਾਂ ਮੈਂ ਤੇਰੇ ਸਹੁਰੇ ਘਰ ਤੇਰੇ ਨਾਲ ਚਲਾ ਜਾਵਾਂਗਾ। ਜਦੋਂ ਤੂੰ ਜਾਣਾ ਹੋਵੇ ਦੱਸੀਂ। ਉਂਜ ਮੈਂ ਤੇਰੇ ਤੇ ਇਸ ਤਰ੍ਹਾਂ ਜ਼ਿਆਦਾ ਤੇ ਪੂਰਾ ਖੁਸ਼ ਹਾਂ । ਸਤਿਗੁਰੂ ਜੀ ਹੋਰਾਂ ਮੇਰੀ ਕੰਡ ਤੇ ਹੱਥ ਫੇਰਿਆ। ਮੈਂ ਖਿਨਾਂ ਕੁਝ ਬੋਲਿਆਂ ਉਠ ਖੜਾ ਹੋਇਆ; ਪਰ ਸਤਿਗੁਰੂ ਜੀ ਦੀਆਂ ਖੁਸ਼ੀਆਂ ਨੇ ਮੈਨੂੰ ਭਰਪੂਰ ਕਰ ਦਿਤਾ। ਮੈਂ ਹਰ ਵੇਲੇ ਖੁਸ਼ ਰਹਿਣ ਲੱਗਾ। ਸੰਮਤ 2016 ਦਾ ਚੇਤਰ ਮਹੀਨਾ ਸੀ; ਜਦੋਂ ਇਕ ਦਿਨ ਪਤਾ ਲੱਗਾ ਕਿ ਸਤਿਗੁਰੂ ਜੀ ਸੰਤ ਆਲਾ ਸਿੰਘ ਜੀ ਦੇ ਡੇਰੇ ਦਰਸ਼ਨ ਦੇਣ ਆ ਰਹੇ ਹਨ। ਜਿਸ ਜਿਸ ਨੂੰ ਵੀ ਪਤਾ ਲੱਗਾ ਉਹ ਦੌੜਿਆ ਦੌੜਿਆ ਆਇਆ ਤੇ ਰਸਤੇ ਵਿਚ ਜੋ ਮਿਲਿਆ ਉਸਨੂੰ ਵੀ ਦੱਸ ਦਿਤਾ। ਸਤਿਗੁਰੂ ਜੀ ਸੰਤਾਂ ਦੇ ਡੇਰੇ ਦਰਸ਼ਨ ਦੇਣ ਆ ਰਹੇ ਹਨ। ਸੰਗਤ ਇਕੱਠੀ ਹੋ ਗਈ; ਮੈਂ ਵੀ ਦਰਸ਼ਨ ਕਰਨ ਗਿਆ। ਸੰਗਤ ਨੂੰ ਦਰਸ਼ਨ ਦੇਣ ਬਾਅਦ ਸਤਿਗੁਰੂ ਜੀ ਸੰਤ ਆਲਾ ਸਿੰਘ ਜੀ ਨੂੰ ਨਾਲ ਲੈ ਕੋਠੇ ਤੇ ਚਲੇ ਗਏ। ਕਿੰਨਾ ਚਿਰ ਹੀ ਸਤਿਗੁਰੂ ਜੀ ਸੰਤਾਂ ਨਾਲ ਬਚਨ ਕਰਦੇ ਰਹੇ; ਜਿਨ੍ਹਾਂ ਬਾਰੇ ਸੰਗਤ ਵਿਚੋਂ ਕਿਸੇ ਨੂੰ ਵੀ ਪਤਾ ਨਹੀਂ। ਇਸ ਤੋਂ ਮਹੀਨੇ ਕੁ ਪਿਛੋਂ ਹੀ ਸੰਤ ਆਲਾ ਸਿੰਘ ਜੀ ਅਕਾਲ ਚਲਾਣਾ ਕਰ ਗਏ। ਸੰਗਤ ਨੇ ਸੰਤਾਂ ਦੇ ਚਲੇ ਜਾਣ ਦਾ ਬਹੁਤ ਹੀ ਦੁੱਖ ਮਹਿਸੂਸ



Sri Satguru Jagjit Singh Ji eLibrary NamdhariElibrary@gmail.com

ਕੀਤਾ। ਸਾਰੇ ਪਿੰਡ ਨੂੰ ਇਉਂ ਲਗ ਰਿਹਾ ਸੀ; ਜਿਵੇਂ ਉਹਨਾਂ ਦਾ ਆਪਣਾ ਵਿਛੜ ਗਿਆ ਹੋਵੇ। ਪਰ ਸੰਤ ਤਾਂ ਸਾਰੇ ਪਿੰਡ ਦੇ ਆਪਣੇ ਸਨ। ਸਾਰਾ ਪਿੰਡ ਉਹਨਾਂ ਨੂੰ ਆਪਣਾ ਸਮਝਦਾ ਸੀ । ਸੰਤ ਨਗਰ ਤੇ ਇਲਾਕੇ ਦੀ ਸੰਗਤ ਸੰਤਾਂ ਦੇ ਅੰਤਮ ਸਸਕਾਰ ਸਮੇਂ ਢੁਕੀ ਹੋਈ ਸੀ। ਉਸ ਵੇਲੇ ਐਨ ਪਿੰਡ ਦੇ ਨੇੜੇ ਮੁਸਲਮਾਨਾਂ ਦੀਆਂ ਕਬਰਾਂ ਵਾਲੀ ਜਗ੍ਹਾ ਤੇ ਸਿਵੇ ਬਣਾਏ ਹੋਏ ਸੀ। ਢੋਲਕੀ ਛੈਣਿਆਂ ਦੀ ਗੂੰਜ ਨਾਲ ਸੰਤਾਂ ਦਾ ਬਿਬਾਣ ਨਿਕਲਿਆ; ਸੰਤਾਂ ਦੇ ਪਿਛੇ ਇਕ ਭਰਵਾਂ ਜਲੂਸ ਚਲ ਰਿਹਾ ਸੀ। ਸਿਵਿਆਂ ਵਿਚ ਅੰਤਮ ਦਰਸ਼ਨ ਕਰਾਏ ਗਏ; ਮੈਂ ਅੱਗੇ ਹੋ ਕੇ ਕਿਹਾ ਮੈਂ ਸੰਤਾਂ ਬਾਰੇ ਕਵਿਤਾ ਲਿਖੀ ਹੈ; ਸਾਰੀ ਸੰਗਤ ਨੇ ਕਿਹਾ ਜ਼ਰੂਰ ਪੜ੍ਹ । ਮੈਂ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਵਿਤਾ ਪੜ੍ਹੀ ਜਿਸਦੀਆਂ ਦੋ ਲਾਈਨਾਂ ਲਿਖ ਰਿਹਾ ਹਾਂ:

"ਆਲਾ ਸਿੰਘ ਜੀ ਸੰਤ ਸਨ ਦੁਨੀਆ ਵਿਚ ਮਸ਼ਹੂਰ।
ਮੁੱਖੜੇ ਉੱਤੋਂ ਵਰਸਦਾ ਹੈਸੀ ਰੱਬੀ ਨੂਰ।"

ਮੈਨੂੰ ਇਹ ਵੀ ਯਾਦ ਹੈ ਮੈਂ ਉਸ ਕਵਿਤਾ ਵਿਚ ਲਿਖਿਆ ਸੀ ਗੁਰ ਵਾਕ:

"ਜਿਸ ਪਿਆਰੇ ਸਿਉਂ ਨੇਹੁ ਤਿਸ ਆਗੇ ਮਰ ਚਲੀਏ।
ਧ੍ਰਿਗ ਜੀਵਨ ਸੰਸਾਰ ਤਾਕੇ ਪਾਛੈ ਜੀਵਣਾ।"

ਅਤੇ ਅੱਗੇ ਸੰਤਾਂ ਤੇ ਸਤਿਗੁਰੂ ਜੀ ਦੇ ਪਿਆਰ ਦਾ ਵਰਨਣ ਕੀਤਾ ਸੀ। ਸੰਤਾਂ ਦਾ ਸਸਕਾਰ ਹੋ ਗਿਆ। ਸੰਗਤ ਨੇ ਪਿੰਡ ਵਿਚ ਸੰਤਾਂ ਦੀ ਯਾਦ ਵਿਚ ਮੇਲਾ ਮਨਾਉਣ ਦਾ ਪ੍ਰੋਗਰਾਮ ਬਣਾਇਆ। ਸੰਗਤ ਵਲੋਂ ਸਤਿਗੁਰੂ ਜੀ ਕੋਲ ਜਾ ਕੇ ਮੇਲੇ ਸਮੇਂ ਦਰਸ਼ਨ ਦੇਣ ਦੀ ਅਰਜ਼ ਕੀਤੀ; ਪਰ ਸਤਿਗੁਰੂ ਜੀ ਹੋਰਾਂ ਹੁਕਮ ਕੀਤਾ; ਤੁਸੀਂ ਮੇਲਾ ਕਰ ਲਵੋ ਮੈਂ ਨਹੀਂ ਆ ਸਕਣਾ। ਮੇਲਾ ਹੋ ਗਿਆ, ਭੋਗ ਪੈ ਗਿਆ, ਪਰ ਸੰਤਾਂ ਦੇ ਚਲੇ ਜਾਣ ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਤ ਨਗਰ ਵਿਚ ਦਰਸ਼ਨ ਨਹੀਂ ਦਿਤੇ।

ਸੰਤ ਆਲਾ ਸਿੰਘ ਜੀ ਦੇ ਚਲੇ ਜਾਣ ਪਿਛੋਂ ਪਿੰਡ ਸੰਤ ਨਗਰ ਦੀ ਸੰਗਤ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਨਸੀਬ ਨਹੀਂ ਹੋਏ। ਇਸ ਗੱਲ ਨੂੰ ਕੁੱਝ ਮਹੀਨੇ ਹੀ ਬੀਤੇ ਸਨ ਜਾਂ ਇਕ ਦਿਨ 20 ਅਗਸਤ 1959 ਪੰਜ ਭਾਦਰੋਂ, ਸੰਮਤ 2016 ਦਾ ਦਿਨ ਚੜ੍ਹਿਆ। ਮੈਂ ਪਿੰਡ ਦੀ ਗਲੀ ਵਿਚ ਤੁਰਿਆ ਜਾ ਰਿਹਾ ਸੀ ਜਾਂ ਭਾਈ ਪ੍ਰੇਮ ਸਿੰਘ ਉਚੀ ਉਚੀ ਤੇ ਕਾਹਲੀ ਕਾਹਲੀ ਕਹਿੰਦਾ ਜਾ ਰਿਹਾ ਸੀ; ਸਤਿਗੁਰੂ ਪ੍ਰਤਾਪ ਸਿੰਘ ਜੀ ਚੜ੍ਹਾਈ ਕਰ ਗਏ । ਸਤਿਗੁਰੂ ਪ੍ਰਤਾਪ ਸਿੰਘ ਜੀ ਚੜ੍ਹਾਈ ਕਰ ਗਏ। ਮੈਂ ਦੌੜ ਕੇ ਭਾਈ ਪ੍ਰੇਮ ਸਿੰਘ ਨੂੰ ਬਾਹੋਂ ਫੜ ਕੇ ਝੱਟਕਾ ਦੇ ਕੇ ਕਿਹਾ ਭਾਈ ਹੋਸ਼ ਕਰ ਪਤੈ ਤੂੰ ਕੀ ਕਹਿ ਰਿਹਾ ਏਂ? ਸਤਿਗੁਰੂ ਜੀ ਬਾਰੇ ਇਸ ਤਰ੍ਹਾਂ ਨਹੀਂ ਕਹੀਦਾ। ਭਾਈ ਉਚੀ ਉਚੀ ਰੋਣ ਲੱਗਾ ਤੇ ਕਹਿਣ ਲੱਗਾ ਕਵੀਆ ਇਹ ਸੱਚ ਹੈ; ਸਤਿਗੁਰੂ ਪ੍ਰਤਾਪ ਸਿੰਘ ਜੀ ਚੜ੍ਹਾਈ ਕਰ ਗਏ ਹਨ, ਮੈਨੂੰ ਇਕ ਦਮ ਧੱਕਾ ਲਗਾ;



Sri Satguru Jagjit Singh Ji eLibrary NamdhariElibrary@gmail.com

ਮੈਂ ਭਾਈ ਪ੍ਰੇਮ ਸਿੰਘ ਨੂੰ ਛੱਡ ਦਿਤਾ ਅਤੇ ਸੰਤ ਆਲਾ ਸਿੰਘ ਜੀ ਦੇ ਡੇਰੇ ਦੌੜ ਕੇ ਗਿਆ। ਮੇਰੇ ਜਾਂਦਿਆਂ ਨੂੰ ਉਥੇ ਕਾਫੀ ਲੋਕ ਇੱਕਠੇ ਹੋ ਚੁੱਕੇ ਸੀ। ਕੋਈ ਉਚੀ ਤੇ ਕੋਈ ਅੰਦਰੇ ਅੰਦਰ ਰੋ ਰਿਹਾ ਸੀ। ਸੰਤ ਸੁੰਦਰ ਸਿੰਘ ਜੀ ਫਰੀਦ ਸਾਧੂ ਤੇ ਵਿਦਵਾਨ ਹੋਣ ਨਾਤੇ ਸੰਗਤ ਨੂੰ ਸੰਬੋਧਨ ਕਰ ਰਹੇ ਸੀ। ਸਤਿਗੁਰੂ ਆਪਣੀ ਰਜ਼ਾ ਨਾਲ ਆਉਂਦੇ ਹਨ ਅਤੇ ਆਪਣੀ ਹੀ ਰਜ਼ਾ ਨਾਲ ਜਾਂਦੇ ਹਨ। ਕਈ ਸਿੱਖ ਸ੍ਰੀ ਭੈਣੀ ਸਾਹਿਬ ਪਹੁੰਚਣ ਲਈ ਤੁਰ ਚੁੱਕੇ ਸੀ; ਮੈਂ ਆਪਣੇ ਘਰ ਗਿਆ ਤਾਂ ਮੇਰੇ ਮਾਤਾ ਪਿਤਾ ਤੇ ਭੈਣ ਭਰਾ ਨਿੰਮੋਝੂਣੇ ਬੈਠੇ ਸੀ। ਮੈਂ ਉਸ ਵਕਤ ਇਨੀਂ ਹਿੰਮਤ ਤੇ ਸੂਝ ਨਹੀਂ ਸੀ ਰੱਖਦਾ ਕਿ ਅੰਤਮ ਦਰਸ਼ਨ ਕਰਨ ਲਈ ਸ੍ਰੀ ਭੈਣੀ ਸਾਹਿਬ ਪਹੁੰਚ ਜਾਂਦਾ। ਸੋ ਘਰ ਵਿਚ ਹੀ ਸੋਗੀ ਮਾਹੌਲ ਵਿਚ ਦਿਨ ਗੁਜ਼ਰ ਗਿਆ।

ਰਾਤ ਨੂੰ ਮੇਰੇ ਸਹੁਰੇ ਪਰਿਵਾਰ ਵਲੋਂ ਸੁਨੇਹਾ ਮਿਲਿਆ ਕਿ ਮੇਰੇ ਘਰ ਬੇਟੀ ਨੇ ਜਨਮ ਲਿਆ ਹੈ, ਮੈਂ ਉਸੇ ਦਿਨ ਇਕ ਬੇਟੀ ਦਾ ਬਾਪ ਬਣ ਗਿਆ ਸੀ। ਮੇਰੀ ਪਤਨੀ ਨੇ ਪੇਕੇ ਘਰ ਹੀ ਬੇਟੀ ਨੂੰ ਜਨਮ ਦਿਤਾ ਸੀ। ਮੈਂ ਬੇਟੀ ਨੂੰ ਵੇਖਣ ਨਹੀਂ ਗਿਆ; ਪਿਤਾ ਜੀ ਨੂੰ ਕਿਹਾ ਮੇਰਾ ਸ੍ਰੀ ਭੈਣੀ ਸਾਹਿਬ ਜਾਣ ਨੂੰ ਜੀਅ ਕਰਦਾ ਹੈ। ਪਿਤਾ ਜੀ ਪੁੱਛਿਆ ਬੇਟੀ ਵੇਖਣ ਨਹੀਂ ਜਾਣਾ। ਮੈਂ ਕਿਹਾ ਭੈਣੀ ਸਾਹਿਬ ਜਾਣਾ ਚਾਹੁੰਦਾ ਹਾਂ। ਪਿਤਾ ਜੀ ਨੇ ਖਰਚ ਤੇ ਕਿਰਾਇਆ ਦੇ ਦਿਤਾ। ਮੈਂ ਤੇ ਬਖਤੌਰ ਸਿੰਘ ਭਗਤਾ ਦਾ ਦੋਵੇਂ ਰੇਲ ਰਾਹੀਂ ਸ੍ਰੀ ਭੈਣੀ ਸਾਹਿਬ ਪਹੁੰਚ ਗਏ।

ਸ੍ਰੀ ਭੈਣੀ ਸਾਹਿਬ ਵਿਚ ਸੰਗਤ ਦਾ ਕੋਈ ਪਾਰਾਵਾਰ ਨਹੀਂ ਸੀ। ਰੋਜ਼ਾਨਾ ਸੰਗਤਾਂ ਬਾਹਰੋਂ ਆਈ ਜਾ ਰਹੀਆ ਸਨ। ਲੰਗਰ ਦਾ ਪ੍ਰਬੰਧ ਚਾਰ ਗਰੁੱਪਾਂ ਵਿਚ ਵੰਡਿਆ ਹੋਇਆ ਸੀ। ਆਪਣੇ ਆਪਣੇ ਸਮੇ ਵਿਚ ਲੰਗਰ ਤਿਆਰ ਕਰਨਾ ਤੇ ਵਰਤਾਉਣ ਦੀ ਜ਼ਿੰਮੇਵਾਰੀ ਇਨ੍ਹਾਂ ਗਰੁੱਪਾਂ ਦੀ ਸੀ। ਮੈਂ ਸੰਤ ਨਗਰ ਦੀ ਸੰਗਤ ਵਿਚ ਲੰਗਰ ਦੀ ਸੇਵਾ ਕਰ ਰਿਹਾ ਸੀ। ਮੇਲੇ ਦੇ ਭੋਗ ਪੈਣ ਤੋਂ ਤਿੰਨ ਦਿਨ ਪਹਿਲਾਂ ਸੰਗਤ ਦਾ ਕੋਈ ਧੁਰ ਧੱਜ ਨਹੀਂ ਸੀ। ਲੱਖਾਂ ਦੀ ਗਿਣਤੀ ਵਿਚ ਸੰਗਤ ਸੀ। ਸਾਧੂ ਸਮਾਜ ਗ੍ਰਹਿਸਤੀ ਧਾਰਮਕ ਸਿਆਸੀ ਪਾਰਟੀਆਂ ਦੇਸ਼ ਵਿਦੇਸ਼ ਤੋਂ ਸਭ ਸਤਿਗੁਰੂ ਜੀ ਨੂੰ ਆਪਣੀ ਆਪਣੀ ਸ਼ਰਧਾ ਦੇ ਫੁਲ ਭੇਟ ਕਰਨ ਪੁੱਜੇ ਹੋਏ ਸੀ। ਮੈਨੂੰ ਸਿਰਫ ਇਨਾ ਹੀ ਪਤਾ ਸੀ ਕਿ ਮੇਰਾ ਪਿਆਰਾ ਸਤਿਗੁਰ ਵਿਛੋੜਾ ਦੇ ਗਿਆ ਹੈ। ਅੱਗੇ ਕੀ ਹੋਣਾ ਤੇ ਕੀ ਹੋ ਰਿਹਾ ਹੈ, ਇਹ ਮੇਰੀ ਸਮਝ ਤੋਂ ਬਾਹਰ ਸੀ। ਮੇਰੀ ਸੋਚ ਇਥੋਂ ਤਕ ਹੀ ਸੀਮਤ ਸੀ। ਇਕ ਤਾਂ ਮੇਰੀ ਉਮਰ ਵੀ ਛੋਟੀ ਸੀ; ਉਚੇ ਨੀਵੇਂ ਸਮੇਂ ਨੂੰ ਤੱਕਣ ਸਮਝਣ ਲਈ ਘੱਸਿਡਆ ਹੋਇਆ ਨਹੀਂ ਸੀ। ਦੂਜਰਾ ਨਾਮਧਾਰੀ ਬਣੇ ਨੂੰ ਵੀ ਹਾਲਾਂ ਕੁਝ ਹੀ ਸਾਲ ਹੋਏ ਸਨ। ਮਰਿਆਦਾ ਤੇ ਰਹੁ ਰੀਤੀਆਂ ਦਾ ਬਹੁਤਾ ਗਿਆਨ ਨਹੀਂ ਸੀ। ਏਸ ਥੋੜ੍ਹੇ ਜਿਹੇ ਸਮੇਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਿਆਰ ਤੇ ਖੁਸ਼ੀਆਂ ਬਹੁਤ ਮਿਲੀਆਂ ਸਨ। ਇਸ ਪੱਖੋਂ ਮੇਰੇ ਭਾਗਾਂ ਦਾ ਕੋਈ ਸਾਨੀ



Sri Satguru Jagjit Singh Ji eLibrary NamdhariElibrary@gmail.com

ਨਹੀਂ ਸੀ । ਮੈਂ ਸਤਿਗੁਰੂ ਜੀ ਦੇ ਵਿਛੋੜੇ ਨੂੰ ਕਾਫੀ ਮਹਿਸੂਸ ਕਰ ਰਿਹਾ ਸੀ। ਅੱਗੋਂ ਕੀ ਹੋਣਾ ਹੈ ਜਾਂ ਕੀ ਕਰਨਾ ਚਾਹੀਦਾ ਹੈ; ਇਸਦੀ ਕੁਝ ਸਮਝ ਨਹੀਂ ਸੀ। ਲੰਗਰ ਵਿਚ ਭਵਿਖ ਦੀ ਕੋਈ ਗੱਲ ਕਰਦਾ ਵੀ ਤਾਂ ਮੈਂ ਉਸ ਚਰਚਾ 'ਤੇ ਵਿਚਾਰ ਕਰਨ ਦੀ ਸਮਰੱਥਾ ਨਹੀਂ ਸੀ ਰੱਖਦਾ। ਅਗਲੇ ਗੱਦੀ ਨਸ਼ੀਨ ਲਈ ਕਈ ਵਿਚਾਰਾਂ ਹੋ ਰਹੀਆਂ ਸਨ; ਜਿਹਨਾਂ ਤੋਂ ਮੈਂ ਅਨਜਾਣ ਸੀ। ਮੈਨੂੰ ਪਤਾ ਲਗਾ ਭੋਗ ਪੈਣ ਤੋਂ ਇਕ ਦਿਨ ਪਹਿਲਾਂ ਕਵੀ ਦਰਬਾਰ ਹੋਵੇਗਾ। ਸੋ ਮੈਂ ਵੀ ਕਵਿਤਾ ਲਿਖ ਲਈ। ਰਾਤ ਕਵੀ ਦਰਬਾਰ ਵਿਚ ਮੈਂ ਵੀ ਪੁੱਜਾ; ਘੁਸਰ ਕੇ ਸਟੇਜ ਤੇ ਜਾ ਬੈਠਾ। ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਸਟੇਜ ਸੰਚਾਲਨ ਦਾ ਕਰਤਵ ਨਿਭਾ ਰਹੇ ਸਨ। ਬਾਹਰੋਂ ਵੱਡੇ ਵੱਡੇ ਵਿਦਵਾਨ, ਬੁਲਾਰੇ ਤੇ ਮਹਾਨ ਕਵੀ ਆਏ ਹੋਏ ਸੀ। ਕੁਝ ਕੁ ਨਾਮਧਾਰੀ ਕਵੀ ਵੀ ਹੈ ਸਨ। ਕਵੀ ਦਰਬਾਰ ਦੇ ਆਰੰਭ ਤੋਂ ਦੋ ਤਿੰਨ ਕਵੀਆਂ ਪਿਛੋਂ ਇਕ ਨਾਮਧਾਰੀ ਕਵੀ ਦਾ ਚਕ੍ਰਵਰਤੀ ਜੀ ਨੇ ਨਾਮ ਅਨਾਊਂਸ ਕੀਤਾ ਤੇ ਨਾਲ ਹੀ ਕਿਹਾ ਲਉ ਜੀ ਹੁਣ ਤੁਸੀਂ ਕਵਿਤਾ ਸੁਣੋ। ਮੈਂ ਨਾਮਧਾਰੀ ਕਵੀ ਦੀ ਬੇਇੱਜ਼ਤੀ ਜਿਹੀ ਹੁੰਦੀ ਵੇਖ ਆਪਣੀ ਕਵਿਤਾ ਜੇਬ ਵਿਚ ਹੀ ਘੁਟ ਲਈ। ਨਾ ਹੀ ਨਾਮ ਲਿਖਵਾਇਆ ਤੇ ਨਾ ਹੀ ਟਾਈਮ ਮੰਗਿਆ; ਨਾ ਕਵਿਤਾ ਬੋਲੀ। ਜਿਸ ਸਤਿਗੁਰੂ ਜੀ ਤੋਂ ਖੁਸ਼ੀਆਂ ਪ੍ਰਾਪਤ ਕੀਤੀਆਂ ਸੀ; ਉਹਨਾਂ ਦੇ ਇਸ ਸਮੇਂ ਤੇ ਸ਼ਰਧਾ ਦੇ ਫੁਲ ਨਾ ਭੇਟ ਕਰ ਸਕਿਆ।

### ਸਾਹਿਤ ਸਭਾ ਸ੍ਰੀ ਜੀਵਨ ਨਗਰ

ਇਸ ਤੋਂ ਥੋਹੜੇ ਸਮੇਂ ਪਿਛੋਂ ਹੀ ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਨੇ ਜਨਮ ਲਿਆ। ਸ੍ਰੀ ਜੀਵਨ ਨਗਰ ਇਲਾਕੇ ਦੇ ਕਵੀਆਂ ਨੇ ਸੰਤ ਨਗਰ ਵਿਖੇ ਇਕ ਕਵੀ ਦਰਬਾਰ ਰੱਖ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਆਪਣੀ ਸ਼ਰਧਾ ਦੇ ਫੁਲ ਭੇਟ ਕੀਤੇ। ਇਸ ਕਵੀ ਦਰਬਾਰ ਵਿਚ ਜਸਵੰਤ ਸਿੰਘ "ਜੋਸ਼" ਦੀ ਕਵਿਤਾ ਨੂੰ ਬਹੁਤ ਹੀ ਸਲਾਹਿਆ ਗਿਆ। ਉਸ ਕਵਿਤਾ ਦੀ ਇਕ ਲਾਈਨ ਲਿਖ ਕੇ ਪਾਠਕਾਂ ਦੀ ਭੇਟ ਕਰ ਰਿਹਾ ਹਾਂ।

ਭੁਬਾਂ ਮਾਰ ਰੋਇਆ ਬ੍ਰਹਿਮੰਡ ਸਾਰਾ
ਜਦੋਂ ਦਲੀਪ ਆਪਣੇ ਹੱਥੀਂ ਲੰਬੂ ਲਾਉਣ ਲੱਗਾ।



Sri Satguru Jagjit Singh Ji eLibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com



ਸੰਤੋਖ ਸਿੰਘ ਸਾਜਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com



ਲੇਖਕ ਦੇ ਪਿਤਾ ਸ. ਦਿਸ਼ਰ ਸਿੰਘ ਜੀ ਅਤੇ ਮਾਤਾ ਸ੍ਰੀਮਤੀ ਬਲ ਕੌਰ ਜੀ

Sri Satguru Jagjit Singh Ji eLibrary NamdhariElibrary@gmail.com



ਲੇਖਕ ਸੰਤੋਖ ਸਿੰਘ ਸਾਜਨ

Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ ਜੀ

ਬਾਕੀ ਕਵੀਆਂ ਦੀਆਂ ਕਵਿਤਾਵਾਂ ਵੀ ਸਲਾਹੁਣ ਯੋਗ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਉਹਲਾ ਕਰ ਗਏ; ਉਹ ਵਕਤ ਬਹੁਤ ਹੀ ਦੁਖਦਾਈ ਅਤੇ ਸੁਖਦਾਈ ਸਮੇਂ ਦਾ ਮਿਲਗੋਭਾ ਬਣਿਆ ਹੋਇਆ ਸੀ। ਇਕ ਪਾਸੇ ਸੁੱਖਾਂ ਦਾ ਸੂਰਜ ਅਸਤ ਹੋਇਆ ਸੀ; ਤੇ ਦੂਸਰੇ ਪਾਸੇ ਨਵੀਆਂ ਕਿਰਨਾਂ ਲੈ ਸੂਰਜ ਉਦੈ ਹੋ ਰਿਹਾ ਸੀ। ਇਕ ਪਾਸੇ ਗੁਰਬਾਣੀ ਦੇ ਮਹਾਂ ਵਾਕ ਅਨੁਸਾਰ ਜੋਤੀ ਜੋਤ ਮਿਲੀ ਜਲ ਕਾ ਜਲ ਹੂਆ ਰਾਮ ਤੇ ਦੂਜੇ ਪਾਸੇ ਜੋਤ ਓਹਾ ਜੁਗਤ ਸਾਈ ਸਹਿ ਕਾਇਆਂ ਫੇਰ ਪਲਟੀਏ। ਇਸ ਵਕਤ ਨਿਰਣਾ ਨਹੀਂ ਸੀ ਹੋ ਰਿਹਾ ਸੋਗੀ ਮਾਹੌਲ ਹੈ; ਜਾਂ ਖੁਸ਼ੀਆਂ ਦਾ ਸਮਾਂ? ਪਰ ਵਿਛੋੜੇ ਦੀ ਚੀਸ ਵਿਚੋਂ ਹੀ ਹਾਸੇ ਦੀ ਛਣਕਾਰ ਉਪਜ ਰਹੀ ਸੀ। ਦੁਨੀਆਂ ਦੀ ਰਸਮ ਨੂੰ ਪੂਰਾ ਕਰਦਿਆਂ ਪਿਤਾ ਵਾਲੀ ਪੱਗ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਜੀ ਸੇਵਕ ਭਾਈ ਵਜੀਰ ਸਿੰਘ ਜੀ ਨੇ ਨਾਮਧਾਰੀ ਸਮੁਚੀ ਸੰਗਤ ਵਲੋਂ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਨੂੰ ਭੇਟ ਕੀਤੀ। ਛੋਟੇ ਭਰਾ ਦੀ ਪਦਵੀ ਤੇ ਸ਼ਸ਼ੋਭਤ ਮਹਾਰਾਜ ਬੀਰ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਭ ਤੋਂ ਪਹਿਲਾਂ ਮੱਥਾ ਟੇਕਿਆ। ਫਿਰ ਸੰਗਤਾਂ ਲਾਈਨ ਵਿਚ ਲਗ ਸਤਿਗੁਰੂ ਜੀ ਦੇ ਚਰਨ ਪਰਸਨ ਲੱਗੀਆਂ।

ਸਤਿਗੁਰੂ ਜਗਜੀਤ ਸਿੰਘ ਜੀ ਮੇਲੇ ਤੋਂ ਪਿਛੋਂ ਦਰਸ਼ਨ ਦਿੰਦੇ। ਨਾਮ ਬਾਣੀ ਦਾ ਪ੍ਰਵਾਹ ਬਕਾਇਦਾ  ਪਹਿਲਾਂ ਵਾਂਗ ਹੀ ਚਲ ਰਿਹਾ ਸੀ। ਸ਼ਾਮ ਦੇ ਦੀਵਾਨ ਵਿਚ ਤੇ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਵਿਚ ਦਰਸ਼ਨ ਦਿੰਦੇ। ਰਾਗੀ ਸਿੰਘ ਕੀਰਤਨ ਕਰਦੇ ਪਰ ਸਤਿਗੁਰੂ ਜੀ ਵੀ ਵਜਦ ਵਿਚ ਹੋ ਆਪ ਆਪਣੇ ਸਾਜ ਦੀਆਂ ਤਾਰਾਂ ਤੇ ਉਂਗਲਾਂ ਘੁੰਮਾਉਂਦੇ ਹੋਏ ਸ਼ਬਦ ਗਾਇਨ ਕਰਨ ਲੱਗ ਜਾਂਦੇ। ਜਦੋਂ ਸਤਿਗੁਰੂ ਜੀ ਸ਼ਬਦ ਗਾਇਨ ਕਰਦੇ ਤਾਂ ਮਹਾਰਾਜ ਬੀਰ ਸਿੰਘ ਜੀ ਆਪ ਤਬਲਾ ਵਜਾਉਂਦੇ। ਮਹਾਰਾਜ ਬੀਰ ਸਿੰਘ ਜੀ ਦਾ ਧੱਰੁਪਦ ਵਜਾਉਣ ਵਿਚ ਕੋਈ ਸਾਨੀ ਨਹੀਂ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਤ੍ਰਸ਼ ਵਜਾ ਕੇ ਦੀਵਾਨ ਵਿਚ ਸ਼ਬਦ ਪੜ੍ਹਦੇ ਸੀ ਤਾਂ ਸੰਗਤ ਕਿਸੇ ਅਗੰਮੀ ਸਰੂਰ ਦਾ ਆਨੰਦ ਮਾਣਦੀ। ਸਤਿਗੁਰੂ ਪ੍ਰਤਾਪ ਸਿੰਘ ਜੀ ਪੱਕੇ ਰਾਗਾਂ ਨੂੰ ਸੁਧ ਗਾਇਣ ਕਰਨ ਦੇ ਧਨੀ ਸਨ। ਉਹਨਾਂ ਨੇ ਸ੍ਰੀ ਭੈਣੀ ਸਾਹਿਬ ਵਿਚ ਹਿੰਦੋਸਤਾਨ ਦੇ ਮਹਾਨ ਰਾਗੀਆਂ ਨੂੰ ਬੁਲਾ ਕੇ ਪੱਕੇ ਰਾਗਾਂ ਦੀ ਸਿੱਖਿਆ ਆਪਣੇ ਦੋਨਾਂ ਸਪੁੱਤਰਾਂ ਨੂੰ ਦਿਵਾਈ ਸੀ। ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਦੀ ਤੀਖਣ ਬੁੱਧੀ ਸਦਕਾ ਇਕ ਵਾਰ



Sri Satguru Jagjit Singh Ji eLibrary NamdhariElibrary@gmail.com

ਸਿੱਖਣ ਤੇ ਸੁਨਣ ਨਾਲ ਨਿਪੁੰਨ ਹੋ ਜਾਂਦੇ। ਇਸ ਲਈ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਕਲਾਸੀਕਲ ਰਾਗਾਂ ਦੇ ਮਾਹਿਰ ਸੀ। ਗੁਰਬਾਣੀ ਦਾ ਸ਼ੁੱਧ ਪਾਠ ਕਰਨਾ ਤਾਂ ਖਾਨਦਾਨ ਦਾ ਹਿਸਾ ਸੀ। ਸੋ ਜਦੋਂ ਵੀ ਦੀਵਾਨ ਵਿਚ ਸਤਿਗੁਰੂ ਜੀ ਤੇ ਮਹਾਰਾਜ ਜੀ ਸ਼ਬਦ ਗਾਇਣ ਕਰਦੇ ਸੰਗਤ ਝੂਮ ਉਠਦੀ।

ਸਤਿਗੁਰੂ ਜੀ ਸੇਵਕਾਂ ਦੀ ਅਰਜ਼ ਪ੍ਰਵਾਨ ਕਰ ਉਹਨਾਂ ਦੇ ਘਰੀ ਦੀਵਾਨ ਰੱਖ ਚਰਨ ਪਾ ਦਰਸ਼ਨ ਦਿੰਦੇ। ਗੁਰਗੱਦੀ ਤੇ ਬਿਰਾਜਮਾਨ ਹੋਣ ਪਿਛੋਂ ਸਤਿਗੁਰੂ ਜੀ ਹੋਰਾਂ ਸੰਤ ਨਗਰ ਵਿਖੇ ਸਰੈਣ ਸਿੰਘ ਵਰਨਾ ਵਾਲੇ ਦੇ ਘਰੀ ਦਰਸ਼ਨ ਦਿਤੇ; ਆਸਾ ਦੀ ਵਾਰ ਦੀ ਅਰਦਾਸ ਪਿਛੋਂ ਕਵੀ ਪ੍ਰੀਤਮ ਸਿੰਘ ਜੀ ਸਤਿਗੁਰੂ ਜੀ ਤੋਂ ਆਗਿਆ ਲੈ ਭਾਸ਼ਣ ਦੇਣ ਲੱਗੇ; ਕਵੀ ਪ੍ਰੀਤਮ ਸਿੰਘ ਜੀ ਸਤਿਗੁਰੂ ਜੀ ਦੇ ਬਚਪਨ ਦੇ ਹਮਜੋਲੀ ਸਨ। ਇਹਨਾਂ ਇਕੱਠਿਆਂ ਹੀ ਸ੍ਰੀ ਭੈਣੀ ਸਾਹਿਬ ਸਕੂਲ ਵਿਚ ਪੜ੍ਹਾਈ ਕੀਤੀ ਸੀ। ਬਚਪਨ ਤੋਂ ਜੁਆਨੀ ਦੀ ਦਹਿਲੀਜ਼ ਤਕ ਇਕੱਠੇ ਹੀ ਕਦਮ ਪੱਟਦੇ ਧਰਦੇ ਰਹੇ। ਪਰ ਕਵੀ ਪ੍ਰੀਤਮ ਸਿੰਘ, ਮੰਗਲ ਸਿੰਘ ਲਾਇਲ ਪੁਰੀ, ਡਾਕਟਰ ਧਿਆਨ ਸਿੰਘ ਤੇ ਕੁਝ ਹੋਰ ਸਾਥੀ ਬਾਗੀ ਸੁਰਾਂ ਅਲਾਪਣ ਲਗੇ। ਜਦੋਂ ਇਹਨਾਂ ਦੇ ਵਿਦਿਆ ਗੁਰੂ ਮਾਸਟਰ ਬਲਵੰਤ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਸ਼ਿਕਾਇਤ ਕੀਤੀ ਤਾਂ ਇਹ ਭੈਣੀ ਸਾਹਿਬ ਛੱਡ ਆਪਣੇ ਘਰੀਂ ਚਲੇ ਗਏ। ਘਰ ਜਾ ਕਵੀ ਪ੍ਰੀਤਮ ਸਿੰਘ ਜੀ ਕਾਮਰੇਡ ਪਾਰਟੀ ਦੇ ਮੈਂਬਰ ਬਣ ਗਏ ਪਰ ਭਾਰਤ ਪਾਕ ਦੀ ਵੰਡ ਪਿਛੋਂ ਦਿੱਲੀ ਜਾ ਵੱਸੇ। 1957 ਵਿਚ ਇਕ ਵਾਰ ਕਵੀ ਪ੍ਰੀਤਮ ਸਿੰਘ ਜੀ ਆਪਣੇ ਪੁਰਾਣੇ ਮਿਤਰਾਂ ਨੂੰ ਮਿਲਣ ਵਾਸਤੇ ਪਿੰਡ ਕਰੀਵਾਲਾ ਵਿਖੇ ਆਏ ਤਾਂ ਸਤਿਗੁਰੂ ਪ੍ਰਤਾਪ ਸਿੰਘ ਦੇ ਦਰਸ਼ਨ ਕਰਨ ਸ੍ਰੀ ਜੀਵਨ ਨਗਰ ਵੀ ਗਏ। ਸਤਿਗੁਰੂ ਪ੍ਰਤਾਪ ਸਿੰਘ ਨੇ ਪੁਛਿਆ ਕਵੀ ਅੱਜ ਕੱਲ ਕੀ ਕਰ ਰਿਹਾ ਹੈਂ? ਤਾਂ ਕਵੀ ਜੀ ਨੇ ਕਿਹਾ ਦਿੱਲੀ ਲੋਕਾਂ ਦੇ ਘਰਾਂ ਵਿਚ ਪਾਠ ਕਰਕੇ ਗੁਜ਼ਾਰਾ ਕਰ ਰਿਹਾ ਹਾਂ ਤਾਂ ਸਤਿਗੁਰੂ ਜੀ ਨੇ ਕਵੀ ਜੀ ਨੂੰ ਸਤਿਜੁਗ ਅਖਬਾਰ ਦੇ ਸੰਪਾਦਕ ਦੀ ਡਿਊਟੀ ਸੌਂਪ ਦਿੱਤੀ। ਕਵੀ ਪ੍ਰੀਤਮ ਸਿੰਘ ਸਤਿਜੁਗ ਦੀ ਡਿਊਟੀ ਨੂੰ ਬਾਖੂਬੀ ਨਿਭਾ ਰਹੇ ਸੀ ਤਾਂ ਇਸੇ ਹੀ ਸਮੇਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਉਹਲਾ ਕਰ ਗਏ; ਅਤੇ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਸ਼ੁਸ਼ੋਭਿਤ ਹੋਏ। ਕਵੀ ਜੀ ਨੂੰ ਬਾਲ ਸਖਾਈ ਮਿੱਤਰ ਸਤਿਗੁਰੂ ਰੂਪ ਵਿਚ ਨਜ਼ਰੀਂ ਆਉਣ ਲਗੇ। ਸਰੈਣ ਸਿੰਘ ਦੇ ਘਰ ਕਵੀ ਜੀ ਨੇ ਬੜੇ ਸੁੱਚਜੇ ਢੰਗ ਨਾਲ ਸਤਿਗੁਰੂ ਜੀ ਦੇ ਆਗਮਨ ਵਿਚ ਸ਼ਬਦ ਆਖੇ; ਉਹਨਾਂ ਨੇ ਆਪਣੇ ਭਾਸ਼ਣ ਵਿਚ ਦੋ ਵਾਰ ਨਵੇਂ ਸਤਿਗੁਰੂ ਜੀ ਸ਼ਬਦ ਦੀ ਵਰਤੋਂ ਕੀਤੀ। ਕਵੀ ਜੀ ਦੇ ਭਾਸ਼ਨ ਪਿਛੋਂ ਵਹਿਮੀ ਜੀ ਨੇ ਸਤਿਗੁਰੂ ਤੋਂ ਜੀ ਬੋਲਨ ਲਈ ਆਗਿਆ ਮੰਗੀ ਜੋ ਮਿਲ ਗਈ। ਵਹਿਮੀ ਜੀ ਆਪਣੇ ਭਾਸ਼ਨ ਦੀ ਸ਼ੁਰੂਆਤ ਹੀ ਕਵੀ ਜੀ ਨੂੰ ਸੰਬੋਧਨ ਕਰ ਕੇ ਕੀਤੀ। ਵਹਿਮੀ ਜੀ



Sri Satguru Jagjit Singh Ji eLibrary NamdhariElibrary@gmail.com

ਸੰਗਤ ਨੂੰ ਕਿਹਾ, ਸਾਧ ਸੰਗਤ ਜੀ ਕਵੀ ਜੀ ਦੇ ਅੰਦਰੋਂ ਬੋਲਦਿਆਂ ਸਤਿਗੁਰੂ ਜੀ ਬਾਰੇ ਦੋ ਪਹਿਲੂ ਦਿਸ ਰਹੇ ਸੀ; ਇਕ ਸਤਿਗੁਰੂ ਜੀ ਨਾਲ ਇਹਨਾਂ ਦੀ ਬਚਪਨ ਦੀ ਸਾਂਝ ਤੇ ਦੂਸਰੀ ਕਾਮਰੇਡੀ ਉਘੜ ਰਹੀ ਸੀ। ਕਵੀ ਜੀ ਨਵੇਂ ਸਤਿਗੁਰੂ; ਨਵੇਂ ਸਤਿਗੁਰੂ ਜੀ ਆਖਕੇ ਸੰਗਤ ਨੂੰ ਗੁਮਰਾਹ ਕਰਨਾਂ ਇਹਨਾ ਦਾ ਪਰੱਤਖ ਸਬੂਤ ਹਨ। ਮੈਂ ਕਵੀ ਜੀ ਨੂੰ ਦੱਸਣਾ ਚਾਹੁੰਦਾ ਹਾਂ; ਸਤਿਗੁਰੂ ਕਦੇ ਨਵਾ ਨਹੀਂ ਹੁੰਦਾ; ਸਤਿਗੁਰੂ ਜੁੱਗਾ ਜੁਗਾਤਰਾਂ ਤੋਂ ਇਕੋ ਚਲਿਆ ਆ ਰਿਹਾ ਹੈ; ਰੂਪ ਬਦਲਣ ਨਾਲ ਸਰੀਰ ਬਦਲਣ ਨਾਲ ਸਤਿਗੁਰੂ ਨਵਾਂ ਪੁਰਾਣਾ ਨਹੀਂ ਹੋ ਜਾਂਦਾ। ਸੋ ਕਵੀ ਜੀ ਨੂੰ ਮੈਂ ਏਨਾ ਹੀ ਕਹਾਂਗਾ ਜਾਂ ਸੰਗਤ ਵਿਚ ਸਿੱਧ ਕਰਨ ਸਤਿਗੁਰੂ ਪੁਰਾਣਾ ਤੇ ਨਵਾਂ ਹੁੰਦਾ ਹੈ; ਤੇ ਜਾਂ ਫਿਰ ਆਪਣੇ ਗਲਤ ਸ਼ਬਦ ਵਰਤਣ ਦੀ ਸੰਗਤ ਤੋਂ ਖਿਮਾ ਮੰਗਣ। ਵਹਿਮੀ ਜੀ ਦੀ ਗਲ ਖਤਮ ਹੁੰਦਿਆਂ ਹੀ ਕਵੀ ਜੀ ਫੋਰਨ ਉਠੇ ਤੇ ਸੰਗਤ ਵਿਚ ਖੜ੍ਹੇ ਹੋ ਕੇ ਕਿਹਾ; ਸਾਧ ਸੰਗਤ ਜੀ ਸਤਿਗੁਰੂ ਜੀ ਨਾਲ ਬਚਪਨ ਮੇਰਾ ਜ਼ਰੂਰ ਬੀਤਿਆ ਹੈ; ਪਰ ਜੇ ਮੈਂ ਗੁਰੂ ਘਰ ਵਿਚ ਆਇਆ ਹਾਂ ਤਾਂ ਆਪਣੀ ਕਾਮਰੇਡੀ ਬਿਲਕੁਲ ਨਾਲ ਲੈ ਕੇ ਨਹੀਂ ਆਇਆ; ਨਵਾਂ ਸਤਿਗੁਰੂ ਆਖਣਾ ਮੇਰਾ ਅੰਦਰਲਾ ਪਿਆਰ ਸੀ। ਸੰਗਤ ਜਾਂ ਵਹਿਮੀ ਜੀ ਨੇ ਇਸ ਸ਼ਬਦ ਨੂੰ ਮਹਿਸੂਸ ਕੀਤਾ ਹੈ ਤਾਂ ਮੈਂ ਸੱਚੀ ਭਾਵਨਾ ਨਾਲ ਸੰਗਤ ਅਤੇ ਵਹਿਮੀ ਜੀ ਤੋਂ ਖਿਮਾ ਮੰਗਦਾ ਹਾਂ। ਨਾਲ ਹੀ ਇਹ ਇਕਰਾਰ ਕਰਦਾ ਹਾਂ ਕਾਮਰੇਡ ਦੇ ਤੌਰ ਤੇ ਨਹੀਂ ਸੱਚਾ ਸੁੱਚਾ ਨਾਮਧਾਰੀ ਬਣ ਕੇ ਹੀ ਜੀਵਾਂਗਾ। ਇਸ ਪਿਛੋਂ ਵਹਿਮੀ ਜੀ ਤੇ ਕਵੀ ਜੀ ਦੀ ਹੋਰ ਨੇੜਤਾ ਹੋ ਗਈ।



Sri Satguru Jagjit Singh Ji eLibrary NamdhariElibrary@gmail.com

# ਕਵੀ 'ਸਾਜਨ'

ਮੈਂ ਵਹਿਮੀ ਜੀ ਕੋਲ ਕਰੀਬ ਰੋਜ਼ ਹੀ ਜਾਂਦਾ ਸਾਂ। ਇਸ ਸਮੇਂ ਤਕ ਵਹਿਮੀ ਜੀ ਤੇ ਮੇਰਾ ਨਾਮ ਗੁਰੂ ਚੇਲਾ ਦੇ ਨਾਂ ਨਾਲ ਜਾਣਿਆ ਜਾਣ ਲਗਾ ਸੀ। ਇਕ ਦਿਨ ਵਹਿਮੀ ਜੀ ਨੇ ਮੈਨੂੰ ਕਿਹਾ, ਤੂੰ ਕੋਈ ਆਪਣੇ ਨਾਮ ਨਾਲ ਉਪਨਾਮ ਜੋੜ ਲੈ ਜਿਵੇਂ ਮੇਰੇ ਨਾਮ ਨਾਲ ਵਹਿਮੀ ਹੈ; ਇਹ ਮੇਰਾ ਨਾਮ ਮੇਰੀ ਆਦਤ ਵੇਖ ਕੇ ਮੇਰੀ ਮਾਂ ਨੇ ਹੀ ਰਖਿਆ ਸੀ। ਮੈਂ ਬਚਪਨ ਵਿਚ ਜੇਹੜੀ ਗੱਲ ਮੇਰੇ ਸਾਹਮਣੇ ਆਉਂਦੀ ਮੈਂ ਉਸਦੀ ਤਹਿ ਤਕ ਜਾਣ ਦੀ ਕੋਸ਼ਿਸ਼ ਕਰਨੀ। ਹਰ ਗੱਲ ਨੂੰ ਘੋਖਣਾ ਪਰਖਣਾ। ਜਦੋਂ ਮੈਂ ਕਿਸੇ ਗੱਲ ਦਾ ਨਿਕਾ ਜਿਹਾ ਜੁਆਬ ਸੁਣਕੇ ਤਸੱਲੀ ਨਾ ਕਰਨੀ ਅਤੇ ਵਾਰ ਵਾਰ ਪੁਛੀ ਜਾਣਾ ਤਾਂ ਮੇਰੀ ਮਾਂ ਨੇ ਕਿਹਾ ਤੂੰ ਕਿਸੇ ਗੱਲ ਤੇ ਤਸੱਲੀ ਨਹੀਂ ਕਰਦਾ ਤੂੰ ਬੜਾ ਵਹਿਮੀ ਹੈਂ। ਉਹਨਾਂ ਨੇ ਕਈ ਵਾਰ ਵਾਜ ਮਾਰਨੀ ਤਾਂ ਤਰਨ ਆਖਨ ਦੀ ਬਜਾਇ ਆਖ ਦੇਣਾਂ ਵੇ ਵਹਿਮੀਆਂ ਉਰੇ ਆ।

ਜਦੋਂ ਮੈਂ ਲਿਖਣ ਲੱਗ ਗਿਆ ਤਾਂ ਮੈਨੂੰ ਮਾਂ ਦਾ ਰੱਖਿਆ ਨਾਮ ਹੀ ਸਭ ਤੋਂ ਪਿਆਰਾ ਲੱਗਾ; ਤਾਂ ਮੈਂ ਆਪਣਾ ਨਾਮ ਵਹਿਮੀ ਲਿਖਣਾ ਸ਼ੁਰੂ ਕਰ ਦਿਤਾ। ਤੂੰ ਵੀ ਕੋਈ ਆਦਤ ਜਾਂ ਗੋਤ ਜਾਂ ਜੋ ਹੋਰ ਤੇਰੇ ਪਸੰਦ ਆਵੇ ਰੱਖ ਲੈ । ਉਪਨਾਮ ਨਾਲ ਵਖਰੀ ਪਹਿਚਾਣ ਬਣਦੀ ਹੈ। ਮੈਂ ਆਪਣੇ ਪਿਤਾ ਜੀ ਨੂੰ ਪੁਛਿਆ;ਉਹਨਾਂ ਮੈਨੂੰ ਇਕ ਦੋ ਨਾਮ ਦੱਸੇ; ਜਿਵੇਂ ਨਿਮਾਣਾ, ਰਾਹੀ, ਪਰਦੇਸੀ, ਸਫਰੀ, ਦਿਲਗੀਰ, ਚੰਦਨ ਆਦਿ; ਪਹਿਲੇ ਨਾਮ ਮੈਨੂੰ ਸਾਰੇ ਘਸੇ ਪਿਟੇ ਸਾਹਸ ਹੀਨ ਲਗੇ। ਪਰ ਚੰਦਨ ਕੁਝ ਕੁ ਜਚ ਗਿਆ। ਮੈਂ ਦੋ ਤਿੰਨ ਕਵਿਤਾਵਾਂ ਵਿਚ ਚੰਦਨ ਨਾਮ ਲਿਖਿਆ ਪਰ ਮਨ ਨੂੰ ਨਾ ਜਚਿਆ। ਇਕ ਦਿਨ ਇਕ ਸਿੱਖ ਜਿਸਨੂੰ ਮੈਂ ਜਾਣਦਾ ਨਹੀਂ ਸਾਂ; ਉੱਚੀ ਉੱਚੀ ਕਿਸੇ ਰੰਗ ਵਿਚ ਪੜ੍ਹ ਰਿਹਾ ਸੀ:

**"ਸਾਜਨ ਦੇਸ ਵਦੇਸੜੀਏ ਸੁਨੇਹੜੇ ਦਿੰਦੀ**
**ਸਾਰ ਸਮ੍ਹਾਲੀ ਤਿੰਨ ਸਜਨਾ ਮੁੰਦ ਨੈਣ ਭਰੇਂਦੀ।"**

ਮੈਂ ਸ਼ਬਦ ਸੁਣਿਆ ਤਾਂ ਮੇਰੇ ਮਨ ਵਿਚ ਆਈ; ਚੰਦਨ ਨਾਲੋਂ ਤਾਂ ਸਾਜਨ ਨਾਮ ਬਹੁਤ ਜੱਚਦਾ ਹੈ। ਮੈਂ ਨਵੀਂ ਲਿਖੀ ਕਵਿਤਾ ਵਿਚੋਂ ਚੰਦਨ ਕਟਕੇ ਸਾਜਨ ਲਿਖ ਦਿਤਾ। ਰਾਤ ਨੂੰ ਵਹਿਮੀ ਜੀ ਨੂੰ ਸਾਜਨ ਨਾਮ ਨਾਲ ਲਿਖੀ ਕਵਿਤਾ ਸੁਣਾਈ ਤਾਂ ਉਹਨਾਂ ਨੇ ਮੋਹਰ ਜੜ ਦਿਤੀ।



Sri Satguru Jagjit Singh Ji eLibrary NamdhariElibrary@gmail.com

## ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਬਣੀ

ਸੰਤ ਨਗਰ ਵਿਚ ਮੇਰੇ ਹਾਣੀ ਵੀ ਕਵਿਤਾ ਲਿਖਣ ਲਗ ਗਏ ਸਨ। ਵਹਿਮੀ ਜੀ ਦਾ ਦੂਜਾ ਚੇਲਾ ਸੁਵਰਨ ਸਿੰਘ ਬਣਿਆ ਸੀ ਜੋ ਬਹੁਤ ਹੀ ਵਧੀਆ ਕਵਿਤਾ ਲਿਖਦਾ ਸੀ ; ਪਰ ਇਹ ਛੇਤੀ ਹੀ ਦਿਲੀ ਕੰਮ ਸਿੱਖਣ ਚਲਾ ਗਿਆ; ਤੇ ਉਥੋਂ ਦਾ ਹੀ ਵਾਸੀ ਬਣ ਗਿਆ। ਪਰ ਸੰਤ ਨਗਰ ਦੇ ਇਲਾਕੇ ਦੇ ਨੇੜੇ ਤੇੜੇ ਪਿੰਡਾਂ ਦੇ ਪੁਰਾਣੇ ਕਵੀ ਕਾਫੀ ਨਜ਼ਰ ਆਉਣ ਲਗੇ। ਇਕ ਰੋਜ਼ ਤਰਨ ਸਿੰਘ ਵਹਿਮੀ ਤੇ ਕਵੀ ਪ੍ਰੀਤਮ ਸਿੰਘ ਜੀ ਨੇ ਆਪਸ ਵਿਚ ਵਿਚਾਰ ਕੀਤਾ ਕਿ ਆਪਣੇ ਇਲਾਕੇ ਵਿਚ ਕਾਫੀ ਕਵੀ ਤੇ ਲੇਖਕ ਲੁਕੇ ਬੈਠੇ ਹਨ;ਕਿਉਂ ਨਾ ਇਹਨਾਂ ਨੂੰ ਇਕਠਿਆਂ ਕੀਤਾ ਜਾਵੇ। ਵਹਿਮੀ ਜੀ ਤੇ ਕਵੀ ਜੀ ਨੇ ਇਲਾਕੇ ਦੇ ਕਵੀਆਂ ਨੂੰ ਸਨੇਹੇ ਭੇਜ ਕੇ ਸੰਤ ਨਗਰ ਵਿਖੇ ਪੁੰਨਿਆ ਦੀ ਰਾਤ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਕਵੀ ਦਰਬਾਰ ਰਖਿਆ; ਜਿਸਦੀ ਇਕ ਸਮੱਸਿਆ ਤੇ ਕਵਿਤਾ ਲਿਖਣ ਦਾ ਨਿਯਮ ਬਣਾਇਆ। ਅਤੇ ਇਹ ਸਮੱਸਿਆ ਸਾਰੇ ਕਵੀਆਂ ਨੂੰ ਭੇਜ ਦਿਤੀ।

ਪੁੰਨਿਆਂ ਦੀ ਰਾਤ ਨੂੰ ਸੰਤ ਨਗਰ ਦੇ ਖੁਲ੍ਹੇ ਪੰਡਾਲ ਵਿਚ ਪਰਾਲੀ ਵਿਛਾਈ ਗਈ ਅਤੇ ਇਕ ਲੱਕੜ ਦਾ ਤਖਤਪੋਸ਼ ਲਿਆ ਕੇ ਸਟੇਜ ਬਣਾ ਦਿਤੀ। ਸੰਤ ਨਗਰ ਵਿਚ ਦਲੀਪ ਸਿੰਘ ਕਿਲੇ ਵਾਲੇ ਨੇ ਲਾਊਡ ਸਪੀਕਰ ਰਖਿਆ ਹੋਇਆ ਸੀ; ਜੋ ਵਿਆਹ ਸ਼ਾਦੀ ਵਾਲੇ ਘਰ ਲਾਊਡ ਸਪੀਕਰ ਲਾ ਕੇ 25 ਰੁਪਏ ਲੈਂਦਾ ਸੀ ਤੇ ਰਿਕਾਰਡ ਲਾਈ ਰਖਦਾ ਸੀ। ਕਵੀਆਂ ਨੇ ਦਲੀਪ ਸਿੰਘ ਨੂੰ ਸਪੀਕਰ ਵਾਸਤੇ ਪੁਛਿਆ। ਉਸ ਕਿਹਾ ਇਹ ਪਿੰਡ ਦਾ ਸਾਂਝਾ ਕੰਮ ਹੈ ਮੈਂ ਸਪੀਕਰ ਮੁਫਤ ਲਗਾਵਾਂਗਾ। ਸਪੀਕਰ ਪੰਜ ਵਜੇ ਫਿਟ ਕੀਤਾ ਗਿਆ; ਤੇ ਵਾਰ ਵਾਰ ਕਵੀ ਦਰਬਾਰ ਦੀ ਅਨਾਊਂਸਮਿੰਟ ਹੋਣ ਲਗੀ। ਰਾਤ ਦੇ ਸੱਤ ਵਜੇ ਪੰਡਾਲ ਵਿਚ ਬਹਿਣ ਲਈ ਥਾਂ ਨਹੀਂ ਸੀ ਮਿਲ ਰਹੀ। ਵਹਿਮੀ ਜੀ ਅਤੇ ਪਿੰਡ ਦੇ ਬਜ਼ੁਰਗ ਸਟੇਜ ਤੇ ਸੁਭਾਏ ਮਾਨ ਸਨ। ਕਵੀ ਪ੍ਰੀਤਮ ਸਿੰਘ ਜੀ ਨੇ ਅੱਧੇ ਘੰਟੇ ਵਿਚ ਕਵੀ ਦਰਬਾਰ ਦਾ ਮਨੋਰਥ ਦਸਿਆ। ਇਲਾਕੇ ਦੇ ਲੇਖਕਾਂ ਨੂੰ ਉਤਸ਼ਾਹਤ ਕਰਨਾ, ਸਤਿਗੁਰੂ ਜੀ ਦੀ ਯਾਦ ਨੂੰ ਦਿਲਾਂ ਵਿਚ ਤਾਜਾ ਕਰਨਾ ਅਤੇ ਵਰਤਮਾਨ ਸਤਿਗੁਰੂ ਜੀ ਦਾ ਜੱਸ ਕਰਨਾ। ਕਵੀ ਜੀ ਦੀ ਤਕਰੀਰ ਬਹੁਤ ਪ੍ਰਭਾਵਸ਼ਾਲੀ ਸੀ; ਕਵੀ ਜੀ ਨੇ ਕਵੀ ਦਰਬਾਰ ਦਾ ਆਰੰਭ ਕਰਨ ਲਈ ਵਹਿਮੀ ਜੀ ਤੋਂ ਆਗਿਆ ਮੰਗੀ। ਕਿਉਂ ਕਿ ਅੱਜ ਦੇ ਕਵੀ ਦਰਬਾਰ ਦੇ ਪ੍ਰਧਾਨ ਸੰਤ ਤਰਨ ਸਿੰਘ ਜੀ ਵਹਿਮੀ ਹੀ ਸਨ। ਕਵੀ ਦਰਬਾਰ ਚਾਰ ਘੰਟੇ ਚਲਿਆ; ਸਮਾਪਤੀ ਤੱਕ ਇਕ ਵੀ ਸਰੋਤਾ ਉਠ ਕੇ ਨਹੀਂ ਗਿਆ। ਕਵੀ ਦਰਬਾਰ ਦੀ ਸਮਾਪਤੀ ਪਿਛੋਂ ਸਟੇਜ ਤੇ ਹੀ ਕਵੀਆਂ ਦੀ ਮੀਟਿੰਗ ਹੋਈ; ਅਤੇ ਅਗਲੀ ਪੁੰਨਿਆਂ ਨੂੰ ਫਿਰ ਕਵੀ ਦਰਬਾਰ ਸੰਤ ਨਗਰ ਵਿਚ ਹੀ ਰਖਿਆ ਗਿਆ। ਪਰ ਇਸ ਤੋਂ ਪਹਿਲਾਂ ਦੋ ਹਫਤਿਆਂ ਨੂੰ ਦਿਨ ਵੇਲੇ ਇਕ ਲੇਖਕਾਂ ਤੇ



Sri Satguru Jagjit Singh Ji eLibrary NamdhariElibrary@gmail.com

ਕਵੀਆਂ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਸਭ ਤੋਂ ਪਹਿਲਾਂ ਵਹਿਮੀ ਜੀ ਨੇ ਤੇ ਫਿਰ ਕਵੀ ਪ੍ਰੀਤਮ ਸਿੰਘ ਜੀ ਨੇ ਮੀਟਿੰਗ ਦੇ ਮਕਸਦ ਤੇ ਚਾਨਣਾ ਪਾਇਆ। ਕਈ ਵਿਚਾਰਾਂ ਹੋਣ ਪਿਛੋਂ ਤਹਿ ਹੋਇਆ ਕਿ ਇਸ ਇਲਾਕੇ ਵਿਚ ਇਕ ਸਾਹਿਤ ਸਭਾ ਬਣਾਈ ਜਾਵੇ। ਜਿਸਦਾ ਕੋਈ ਨਿਜੀ ਨਾਮ ਛੱਡ ਨਾਮਧਾਰੀ ਜੋੜਿਆ ਜਾਵੇ। ਤੇ ਫਿਰ ਮਸਲਾ ਆਇਆ ਕੇ ਲੇਖਕ ਸਾਰੇ ਇਲਾਕੇ ਦੇ ਹਨ; ਸੋ ਕਿਸੇ ਜਾਤੀ ਨਾਮ ਨੂੰ ਭੁਲ ਸਭ ਦੀ ਸਾਂਝੀ ਥਾਂ ਸ੍ਰੀ ਜੀਵਨ ਨਗਰ ਨੂੰ ਤਰਜੀਹ ਦਿਤੀ ਜਾਵੇ। ਸੋ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਸਭਾ ਦਾ ਨਾਮ ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਰਖਿਆ ਜਾਵੇ। ਫਿਰ ਸਭਾ ਦੇ ਨਿਯਮ ਬਣਾਏ ਗਏ। ਫੰਡ ਇਕੱਠਾ ਕਰਨ ਲਈ ਪਰ ਮੈਂਬਰ ਮੰਥਲੀ ਇਕ ਰੁਪਿਆ ਚੰਦਾ ਰੱਖਿਆ ਗਿਆ। ਪ੍ਰਧਾਨ, ਉਪ ਪ੍ਰਧਾਨ, ਸਕੱਤਰ, ਉਪ ਸਕੱਤਰ, ਖਜ਼ਾਨਚੀ ਅਤੇ ਕਾਰਜ ਕਾਰਨੀ ਕਮੇਟੀ ਦੇ ਹੋਰ ਤਿੰਨ ਮੈਂਬਰ ਚੁਣੇ ਗਏ। ਹਰ ਸਾਲ ਕਮੇਟੀ ਦੀ ਨਵੀਂ ਚੋਣ ਦਾ ਨਿਯਮ ਬਣਾਇਆ ਗਿਆ। ਮੀਟਿੰਗ ਦੀ ਕਾਰਵਾਈ ਲਿਖਤੀ ਕੀਤੀ ਗਈ । ਮੀਟਿੰਗ ਵਿਚ ਸਭ ਕੁਝ ਪਾਸ ਹੋ ਗਿਆ ਪਰ ਸਤਿਗੁਰੂ ਜੀ ਤੋਂ ਮਨਜ਼ੂਰੀ ਲੈਣੀ ਬਾਕੀ ਸੀ। ਸੋ ਇਹ ਜਿਮੇਂਵਾਰੀ ਵਹਿਮੀ ਜੀ ਤੇ ਕਵੀ ਜੀ ਨੂੰ ਸੌਂਪੀ ਗਈ। ਸਵੇਰੇ ਵਹਿਮੀ ਜੀ ਤੇ ਕਵੀ ਜੀ ਸੱਚੇ ਪਾਤਸ਼ਾਹ ਜੀ ਕੋਲ ਸ੍ਰੀ ਜੀਵਨ ਨਗਰ ਜਾ ਕੇ ਅਰਜ਼ ਕੀਤੀ। ਰਾਤ ਦੀ ਮੀਟਿੰਗ ਬਾਰੇ ਸਭ ਵੇਰਵੇ ਨਾਲ ਦਸਿਆ ਤੇ ਪ੍ਰਵਾਨਗੀ ਲਈ ਬੇਨਤੀ ਕੀਤੀ। ਸਤਿਗੁਰੂ ਸੱਚੇ ਪਾਤਸ਼ਾਹ ਜੀ ਕੁਝ ਕੁ ਸਿੱਖੀ ਮਾਰਗ ਤੇ ਚੱਲਣ ਅਤੇ ਗੁਰੂ ਜੱਸ ਦੀਆਂ ਹਦਾਇਤਾਂ ਨਾਲ ਨਾਮਧਾਰੀ ਸਾਹਿਤ ਸਭਾ ਸ੍ਰੀਜੀਵਨ ਨਗਰ ਦੀ ਪ੍ਰਵਾਨਗੀ ਦੇ ਦਿਤੀ। ਸਤਿਗੁਰੂ ਜੀ ਵਲੋਂ ਮਿਲੀ ਪ੍ਰਵਾਨਗੀ ਬਾਰੇ ਮੈਂਬਰਾਂ ਨੂੰ ਸਨੇਹੇ ਭੇਜ ਕੇ ਦੱਸ ਦਿਤਾ। ਸੰਗਤ ਵਿਚ ਅਗਲੀ ਪੁੰਨਿਆਂ ਦੇ ਕਵੀ ਦਰਬਾਰ ਦਾ ਐਲਾਨ ਕੀਤਾ ਗਿਆ ਅਤੇ ਪੰਜਾਬੀ ਸਾਹਿਤ ਸਭਾ ਪੰਜਾਬ ਨਾਲ ਕਾਨੂੰਨਣ ਤੌਰ ਤੇ ਸਭਾ ਨੂੰ ਰਜਿਸਟਰ ਕਰਵਾਉਣ ਦੀ ਜ਼ਿਮੇਂਵਾਰੀ ਕਵੀ ਪ੍ਰੀਤਮ ਸਿੰਘ ਜੀ ਨੇ ਆਪਣੇ ਜ਼ਿੰਮੇ ਲਈ।

ਹਰ ਪੁੰਨਿਆ ਦੀ ਰਾਤ ਸੰਤ ਨਗਰ ਵਿਚ ਕਵੀ ਦਰਬਾਰ ਹੁੰਦਾ ਜੋ ਚਾਰ ਤੋਂ ਪੰਜ ਘੰਟੇ ਵੀ ਚਲਦਾ। ਹਰ ਮਹੀਨੇ ਨਵੀਂ ਸਮੱਸਿਆ ਤੇ ਨਵੀ ਕਵਿਤਾ ਪੇਸ਼ ਕੀਤੀ ਜਾਂਦੀ। ਕੁਝ ਕੁ ਮਹੀਨਿਆਂ ਵਿਚ ਹੀ ਨਾਮਧਾਰੀ ਸਾਹਿਤ ਸਭਾ ਦੀ ਮੈਂਬਰਸ਼ਿਪ ਤੀਹ ਦੇ ਕਰੀਬ ਪਹੁੰਚ ਗਈ। ਹਰ ਇਲਾਕੇ ਦੇ ਮੇਲੇ ਅਤੇ ਸ੍ਰੀ ਭੈਣੀ ਸਾਹਿਬ ਦੇ ਪ੍ਰਯੋਗ ਦੇ ਮੇਲੇਂ ਦੀ ਸਮਾਪਤੀ ਤੋਂ ਪਹਿਲੀ ਰਾਤ ਕਵੀ ਦਰਬਾਰ ਹੁੰਦਾ; ਜਿਸ ਵਿਚ ਹਜਾਰਾਂ ਦੀ ਗਿਣਤੀ ਵਿਚ ਸਰੋਤੇ ਸ਼ਸ਼ੋਭਿਤ ਹੁੰਦੇ।

## ਨਿਵਾਜਸ਼

ਗਰਮੀਆਂ ਦੀ ਰੁਤ ਸੀ; ਇਕ ਸਿੰਘ ਘੋੜੀ ਤੇ ਸੰਤ ਨਗਰ ਆਇਆ। ਉਸ



Sri Satguru Jagjit Singh Ji eLibrary NamdhariElibrary@gmail.com

ਕੋਲ ਨਾਮਧਾਰੀ ਸਾਹਿਤ ਸਭਾ ਦੇ ਮੈਂਬਰਾਂ ਦੀ ਲਿਸਟ ਸੀ। ਉਸ ਹਰ ਮੈਂਬਰ ਦੇ ਘਰ ਘਰ ਜਾ ਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਹੁਕਮ ਸੁਣਾਇਆ ਕਿ ਕੱਲ ਨੂੰ ਦਿਨ ਦੇ ਦਸ ਵਜੇ ਤੁਹਾਨੂੰ ਸਤਿਗੁਰੂ ਜੀ ਨੇ ਸ੍ਰੀ ਜੀਵਨ ਨਗਰ ਵਿਖੇ ਬੁਲਾਇਆ ਹੈ। ਸੁਨੇਹਾ ਦੇਣ ਵਾਲੇ ਸਿੱਖ ਦੇ ਚੇਹਰੇ ਨੂੰ ਪੜ੍ਹਨਾ ਔਖਾ ਸੀ ਕਿ ਹੁਕਮ ਖੁਸ਼ੀ ਦਾ ਹੈ ਜਾਂ ਕਿਸੇ ਗਲਤੀ ਦਾ ਕਾਰਨ ਹੈ। ਸੋ ਹੁਕਮ ਤਾਂ ਹੁਕਮ ਹੀ ਹੈ। ਸਾਰੇ ਕਵੀ ਕਿਰਮੇਂ ਕਿਰਮੀਂ ਸ੍ਰੀ ਜੀਵਨ ਨਗਰ ਪਹੁੰਚ ਗਏ। ਪਰ ਹਰ ਇਕ ਦਾ ਇਕੋ ਹੀ ਸੁਆਲ ਸੀ; ਪਤਾ ਨਹੀਂ ਕੀ ਹੁਕਮ ਹੈ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਆਪਣੀ ਰਿਹਾਇਸ਼ ਵਾਲੀ ਕੋਠੀ ਵਿਚ ਆਣ ਬੈਠੇ। ਸਾਰੇ ਕਵੀਆਂ ਨੇ ਚਰਨ ਪਰਸੇ, ਸਤਿਗੁਰੂ ਜੀ ਵਲੋਂ ਖੈਰ ਸੁਖ ਪੁਛੀ ਗਈ ਤੇ ਆਮ ਗੱਲਾਂ ਦਾ ਦੌਰ ਸ਼ੁਰੂ ਹੋ ਗਿਆ। ਕੋਈ ਨਿਸ਼ਾਨਾ ਨਹੀਂ ਸੀ। ਕੋਈ ਮਸਲਾ ਨਹੀਂ ਸੀ  ਜਿਸ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ। ਹੁਕਮ ਤੇ ਪਾਬੰਦੀ ਦੋਵੇਂ ਹੀ ਨਹੀਂ ਸੀ। ਸਿਰਫ ਗੱਲਾਂ ਹੀ ਗੱਲਾਂ ਸਨ। ਕੋਈ ਆਪਣੀ ਹੱਡ ਬੀਤੀ ਦਾ ਜ਼ਿਕਰ ਕਰਦਾ; ਤੇ ਕੋਈ ਲਤੀਫਾ ਸੁਣਾ ਕੇ ਹਸਾ ਰਿਹਾ ਸੀ। ਨਾ ਕੋਈ ਕਵਿਤਾ ਦੀ ਗੱਲ ਹੋ ਰਹੀ ਸੀ ਨਾ ਸਾਹਿਤ ਨੂੰ ਘੋਖਣ ਦਾ ਸਮਾਂ ਸੀ। ਸਿਰਫ ਹੇ ਸੀ ਤੇ ਸਿਰਫ ਹਾਸਾ ਠੱਠਾ ਤੇ ਚੁਟਕਲੇ ਸੀ। ਸਤਿਗੁਰੂ ਜੀ ਵੀ ਕਵੀਆਂ ਵਾਂਗ ਹੀ ਚੁਟਕਲੇ ਸੁਣਾ ਰਹੇ ਸੀ। ਤਿੰਨ ਘੰਟੇ ਇੰਜ ਹੀ ਸ਼ੁਗਲ ਵਿਚ ਬੀਤ ਗਏ। ਪਰ ਇਸ ਸਮੇਂ ਵਿਚ ਬਦਾਮਾਂ ਦੀ ਗਾੜ੍ਹੀ ਸ਼ਰਦਾਈ ਪੀਣ ਲਈ ਵਾਧੂ ਸੀ। ਕਰੀਬ ਦੋ ਕੁ ਵਜੇ ਹੋਣਗੇ ਤਾਂ ਸਤਿਗੁਰੂ ਜੀ ਕਿਹਾ; ਤੁਹਾਨੂੰ ਕਿਸੇ ਨੂੰ ਘਰ ਜਾਣ ਦੀ ਕਾਹਲੀ ਨਹੀਂ। ਕੋਈ ਕਹਿੰਦਾ ਹੀ ਨਹੀਂ ਕਿ ਮੈਂ ਘਰ ਜਾਣਾ ਹੈ। ਚੰਗਾ ਜੇ ਤੁਸੀਂ ਨਹੀਂ ਕਹਿੰਦੇ ਤਾਂ ਮੈਂ ਆਪਣੇ ਘਰ ਚਲਿਆ ਹਾਂ; ਅਤੇ ਸਤਿਗੁਰੂ ਜੀ ਉਠ ਖੜੇ ਹੋਏ। ਨਾਲ ਹੀ ਸਾਰੇ ਕਵੀ ਉਠ ਖੜੇ ਹੋਏ। ਸਤਿਗੁਰੂ ਜੀ ਹੁਕਮ ਕੀਤਾ ਚਲੋ ਜੇ ਉਠ ਹੀ ਖਲੋਤੇ ਹੋ; ਤਾਂ ਤੁਸੀ ਵੀ ਮੇਰੇ ਨਾਲ ਅੰਦਰ ਆ ਜਾਵੋ। ਸਤਿਗੁਰੂ ਜੀ ਅਗੇ ਤੁਰੇ ਤਾਂ ਅਸੀਂ ਸਾਰੇ ਕਵੀ ਮਗਰ ਤੁਰ ਪਏ। ਸਤਿਗੁਰੂ ਜੀ ਸਾਰੇ ਕਵੀਆਂ ਨੂੰ ਅੰਦਰ ਲੈ ਗਏ। ਇਹ ਜਗ੍ਹਾ ਸਤਿਗੁਰੂ ਜੀ ਦੀ ਕੋਠੀ ਦੇ ਕੋਲ ਹੀ ਦੀਵਾਰ ਵਲ ਕੇ ਨਿਜੀ ਲੰਗਰ ਤੇ ਇਸ਼ਨਾਨ ਵਾਸਤੇ ਜਗ੍ਹਾ ਬਣਾਈ ਹੋਈ ਹੈ। ਦਰਵਾਜ਼ਾ ਅੰਦਰ ਲੰਘੇ ਤਾਂ ਅੰਦਰ ਪੰਗਤਾਂ ਲਾਉਣ ਵਾਸਤੇ ਟਾਟ ਵਿਛੇ ਹੋਏ ਸੀ। ਸਤਿਗੁਰੂ ਜੀ ਹੁਕਮ ਕੀਤਾ; ਟਾਟ ਤਾਂ ਪੰਗਤਾਂ ਲਾਉਣ ਵਾਂਗ ਵਿਛੇ ਹੋਏ ਹਨ; ਪਰ ਪੰਗਤ ਕੋਈ ਵੀ ਨਹੀਂ ਲੱਗੀ ਹੋਈ; ਚਲੋ ਜੇ ਨਹੀਂ ਲੱਗੀ ਤਾਂ ਫਿਰ ਤੁਸੀਂ ਹੀ ਪੰਗਤ ਲਾ ਦਿਉ। ਹੁਕਮ ਦੀ ਦੇਰ ਸੀ ; ਨਾਮਧਾਰੀ ਸਾਹਿਤ ਸਭਾ ਦੇ ਕਵੀ ਪੰਗਤ ਲਾ ਝੱਟ ਗਏ। ਸਤਿਗੁਰੂ ਜੀ ਹੁਕਮ ਕੀਤਾ ਤਾਂ ਦੋ ਸਿੰਘ ਦੁਸਹਿਰੀ ਅੰਬਾਂ ਦੇ ਟੋਕਰੇ ਚੁੱਕ ਲਿਆਏ ਜੋ ਪਹਿਲਾਂ ਤੋਂ ਹੀ ਬਰਫ ਵਿਚ ਲਾ ਰਖੇ ਸੀ। ਸਤਿਗੁਰੂ ਜੀ ਹੋਰਾਂ ਅੰਬ ਵਰਤਾਉਣ ਤੋਂ ਪਹਿਲਾਂ

ਹੁਕਮ ਕੀਤਾ; ਮੈਨੂੰ ਤੁਹਾਡੇ ਨਾਲ ਕੰਮ ਕੋਈ ਨਹੀਂ ਸੀ; ਮੈਂ ਤਾਂ ਤੁਹਾਨੂੰ ਏਸ ਲਈ ਇਥੇ ਸਦਿਆ ਏ ਕਿ ਵੇਖੀਏ ਤੁਹਾਡੇ ਵਿਚੋਂ ਅੰਬ ਕੇਹੜਾ ਜ਼ਿਆਦਾ ਚੂਪ ਸਕਦੈ ? ਸੋ ਹੁਣ ਪਤਾ ਲੱਗ ਜਾਂਦੈ ਕਿ ਕੇਹੜਾ ਇਸ ਵਿਚ ਬਾਜ਼ੀ ਮਾਰਦਾ ਹੈ ?

ਸਿੱਖ ਨੇ ਟੋਕਰਾ ਚੁਕਿਆ ਤੇ ਸਤਿਗੁਰੂ ਜੀ ਕਵੀਆਂ ਨੂੰ ਆਪਣੇ ਕਰ-ਕੰਵਲਾਂ ਦੁਆਰਾ ਅੰਬ ਵਰਤਾਉਣ ਲੱਗੇ। ਸਤਿਗੁਰੂ ਜੀ ਹਰੇਕ ਨੂੰ ਪੰਜ-ਪੰਜ ਅੰਬ ਦੇ ਰਹੇ ਸੀ; ਕਵੀ ਲੱਗੇ ਠੰਡੇ ਅੰਬਾਂ ਦਾ ਆਨੰਦ ਮਾਨਣ। ਸਤਿਗੁਰੂ ਜੀ ਨਾਲ ਨਾਲ ਕੋਈ ਨਾ ਕੋਈ ਬਚਨ ਵੀ ਕਰੀ ਜਾਂਦੇ। ਮਾਹੌਲ ਸਵੇਰ ਤੋਂ ਹੀ ਖੁਸ਼ ਗਵਾਰ ਸੀ। ਪੰਗਤ ਵਿਚ ਮੈਂ ਤੇ ਜਸਵੰਤ ਸਿੰਘ ਜੋਸ਼ ਨਾਲ ਨਾਲ ਬੈਠੇ ਸੀ। ਅੰਬ ਖਾਂਦਿਆਂ ਮੈਨੂੰ ਸ਼ਰਾਰਤ ਸੁੱਝੀ ਮੈਂ ਅੰਬ ਚੂਪ ਕੇ ਛਿਲੜਾਂ ਤੇ ਗਿਟਕਾਂ ਜੋਸ਼ ਦੇ ਅੱਗੇ ਰੱਖੀ ਜਾਂਦਾ। ਸਾਰੇ ਅੰਬ ਚੂਪੇ ਗਏ। ਜੋਸ਼ ਨੇ ਵੇਖਿਆ ਮੈਂ ਆਪਣੀਆਂ ਗਿਟਕਾਂ ਉਸਦੇ ਅੱਗੇ ਰੱਖ ਦਿਤੀਆਂ ਹਨ;ਬੱਸ ਜੋਸ਼; ਜੋਸ਼ ਵਿਚ ਆ ਗਿਆ ਤੇ ਉਸਨੇ ਸਾਰੀਆਂ ਛਿਲੜਾਂ ਦੀ ਢੇਰੀ ਆਪਣੇ ਅੱਗੋਂ ਚੁੱਕ ਕੇ ਮੇਰੇ ਅੱਗੇ ਕਰ ਦਿਤੀ। ਜੋਸ਼ ਦੇ ਅੱਗੇ ਇਕ ਵੀ ਛਿਲੜ ਨਹੀਂ ਸੀ। ਸਤਿਗੁਰੂ ਜੀ ਦੁਬਾਰਾ ਅੰਬ ਵਰਤਾਉਂਦੇ ਸਾਡੇ ਦੋਹਾਂ ਦੇ ਸਾਹਮਣੇ ਆ ਕੇ ਰੁਕ ਗਏ। ਛਿਲੜਾਂ ਦੀ ਢੇਰੀ ਮੇਰੇ ਅੱਗੇ ਵੇਖ ਕੇ ਜੋਸ਼ ਨੂੰ ਸਤਿਗੁਰੂ ਜੀ ਹੋਰਾਂ ਕਿਹਾ; ਜੋਸ਼ ਜੀ ਤੁਸਾਂ ਮੇਰੇ ਤੋਂ ਹੋਰ ਅੰਬ ਲੈ ਲੈਂਦੇ ਤੁਸੀਂ ਤਾਂ ਛਿਲੜਾਂ ਗਿਟਕਾ ਸਭ ਹੀ ਛਕ ਗਏ ਤੇ ਫਿਰ ਸਤਿਗੁਰੂ ਜੀ ਨੇ ਮੇਰੀ ਤੇ ਜੋਸ਼ ਦੀਆਂ ਝੋਲੀਆਂ ਅੰਬਾਂ ਨਾਲ ਭਰ ਦਿਤੀਆਂ। ਸਾਰੀ ਪੰਗਤ ਵਿਚ ਹਾਸਾ ਮਚ ਗਿਆ। ਸਾਨੂੰ ਅੰਬ ਦੇ ਕੇ ਸਤਿਗੁਰੂ ਜੀ ਅੱਗੇ ਵਧ ਗਏ ਤਾਂ ਜੋਸ਼ ਨੇ ਮੇਰੀ ਕੰਡ ਵਿਚ ਮੁਕਾ ਜੜਦਿਆਂ ਆਖਿਆ; ਸਾਜਨ ਸ਼ਰਾਰਤ ਤੇਰੀ ਤੇ ਖੱਚ ਮੈਂ ਹੋ ਗਿਆ। ਸਤਿਗੁਰੂ ਜੀ ਨੇ ਨਾਮਧਾਰੀ ਸਾਹਿਤ ਸਭਾ ਨੂੰ ਆਪਣਾ ਪਿਆਰ ਦਰਸਾਉਣ ਲਈ; ਇਉਂ ਨਿਵਾਜਿਆ। ਥੋਹੜੇ ਸਮੇਂ ਬਾਅਦ ਸਤਿਗੁਰੂ ਜੀ ਕਵੀਆਂ ਨੂੰ ਖੁਸ਼ੀਆਂ ਬਖਸ਼ਦਿਆਂ ਕਿਹਾ ਇਹ ਗੁਰੂ ਦਾ ਘਰ ਹੈ; ਤੁਹਾਡਾ ਘਰ ਹੈ, ਸਭ ਦਾ ਸਾਂਝਾ ਘਰ ਹੈ ਆਉਂਦੇ ਰਿਹਾ ਕਰੋ।



Sri Satguru Jagjit Singh Ji eLibrary NamdhariElibrary@gmail.com

# ਕਸ਼ਮੀਰ ਦੀ ਯਾਤਰਾ

ਸਤਿਗੁਰੂ ਜੀ ਮੇਲ ਮਿਲਾਪ ਵਾਲਾ ਵਰਤਾਉ ਕਰ ਰਹੇ ਸੀ। ਸੰਤਾਂ ਸਾਧੂਆਂ ਦੀ ਸੁਖ ਸੁਵਿਧਾ ਦਾ ਖਿਆਲ ਰੱਖਣਾ। ਬਿਰਧਾਂ ਨੂੰ ਘਰ ਜਾ ਕੇ ਦਰਸ਼ਨ ਦੇਣੇ ਅਤੇ ਵਿਰੋਧੀਆਂ ਨਾਲ ਵੀ ਨੇੜਤਾ ਕਰਨੀ; ਸੰਗਤ ਨਾਲ ਰਲ ਮਿਲ ਕੇ ਵਿਚਰਨਾ। ਨੌ ਜੁਆਨ ਪੀੜ੍ਹੀ ਦੀਆਂ ਰੁਚੀਆਂ ਦਾ ਖਿਆਲ ਰੱਖਣਾ। ਧਾਰਮਿਕ ਤੇ ਸਮਾਜਿਕ ਇਕੱਠ ਕਰਨੇ; ਅਜਿਹੇ ਕੰਮਾਂ ਵਲ ਖਾਸ ਰੁਚੀ ਰੱਖਣੀ; ਸੁਭਾਅ ਬਣ ਗਿਆ ਸੀ। ਇਸੇ ਹੀ ਸੁਭਾਅ ਮੁਤਾਬਿਕ ਸਤਿਗੁਰੂ ਸੱਚੇ ਪਾਤਸ਼ਾਹ ਜੀ ਕਸ਼ਮੀਰ ਜਾਣ ਦਾ ਪ੍ਰੋਗਰਾਮ ਬਣਾਇਆ। ਸਤਿਜੁਗ ਅਖਬਾਰ ਵਿਚ ਖਬਰ ਦਿਤੀ ਕਿ ਸੱਚੇ ਪਾਤਸ਼ਾਹ ਜੀ ਜੰਮੂ ਕਸ਼ਮੀਰ ਦੇ ਦੌਰੇ ਤੇ ਜਾ ਰਹੇ ਹਨ । ਜੋ ਸਿੱਖ ਨਾਲ ਜਾਣਾ ਚਾਹੇ; ਕਵੀ ਪ੍ਰੀਤਮ ਸਿੰਘ ਜੀ ਨੂੰ ਆਪਣਾ ਨਾਮ ਲਿਖਾ ਦੇਵੇ। ਨਾਮਧਾਰੀ ਸਾਹਿਤ ਸਭਾ ਦੀ ਮੀਟਿੰਗ ਵਿਚ ਕਵੀ ਜੀ ਨੇ ਕਿਹਾ; ਜੇ ਕੋਈ ਤੁਹਾਡੇ ਵਿਚੋਂ ਕਸ਼ਮੀਰ ਵੇਖਣਾ ਚਾਹੇ ਤਾਂ ਸੁਨਹਿਰੀ ਮੌਕਾ ਹੈ। ਖਰਚਾ ਤਾਂ ਕਾਫੀ ਹੋਵੇਗਾ; ਪਰ ਨਾਲ ਜਾਣ ਵਾਲੇ ਨੂੰ ਸਿਰਫ ਤਿੰਨ ਸੌ ਰੁਪਏ ਹੀ ਦੇਣੇ ਪੈਣਗੇ। ਜੀਅ ਤਾਂ ਸਭ ਦਾ ਕੀਤਾ; ਪਰ ਤਿੰਨ ਸੌ ਰੁਪਏ ਦਾ ਖਰਚਾ ਸਾਡੀ ਪੱਧਰ ਵਾਲੇ ਲਈ ਵਿਤੋਂ ਬਾਹਰ ਸੀ। ਜਸਵੰਤ ਸਿੰਘ ਜੋਸ਼ ਨੇ ਕਿਹਾ ਮੈਂ ਤਾਂ ਜਾਵਾਂਗਾ। ਮੈਂ ਕਈ ਦਿਨ ਸੋਚੀਂ ਪਿਆ ਰਿਹਾ। ਇਕ ਰਾਤ ਪਿਤਾ ਜੀ ਕੋਲ ਜਾ ਕੇ ਬੈਠ ਗਿਆ; ਪਰ ਚੁੱਪ ਕਰਕੇ। ਪਿਤਾ ਜੀ ਬੁਲਾਉਣ ਤਾਂ ਮੈਂ ਗੱਲ ਦਾ ਹੁੰਗਾਰਾ ਸਿਰਫ ਹੂੰ ਹਾਂ ਵਿਚ ਹੀ ਦੇ ਰਿਹਾ ਸੀ। ਪਿਤਾ ਜੀ ਨੂੰ ਪਤਾ ਸੀ; ਜਦੋਂ ਵੀ ਕੋਈ ਆਪਣੇ ਬਾਰੇ ਗੱਲ ਕਰਨੀ ਹੋਵੇ; ਇੰਨੀ ਛੋਟੀ ਕਰਨ ਦੀ ਹਿੰਮਤ ਨਹੀਂ ਸਾਂ ਰੱਖਦਾ। ਪਿਤਾ ਜੀ ਨੇ ਸਾਨੂੰ ਕਿਸੇ ਵੀ ਭੈਣ ਭਰਾ ਨੂੰ ਨੁਕਸਾਨ ਹੋਏ ਤੇ ਕਦੇ ਡਾਂਟਿਆ ਨਹੀਂ ਸੀ। ਜੇ ਕਿਸੇ ਤੋਂ ਕੋਈ ਨੁਕਸਾਨ ਹੋ ਜਾਵੇ ਤਾਂ ਕਹਿੰਦੇ ਜੇ ਤੂੰ ਧਿਆਨ ਦੇਂਦਾ ਤਾਂ ਇਹ ਨੁਕਸਾਨ ਨਹੀਂ ਸੀ ਹੋਣਾ। ਪਰ ਜੋ ਹੋ ਗਿਆ ਸੋ ਹੋ ਗਿਆ। ਅੱਗੋਂ ਤੇਰੀ ਅਣਗਹਿਲੀ ਮੁਆਫ ਨਹੀਂ ਕੀਤੀ ਜਾਵੇਗੀ। ਬੱਸ ਇਹ ਇਕੋ ਸ਼ਬਦ ਹੀ ਸਾਡੇ ਡਰ ਦਾ ਕਾਰਨ ਬਣਿਆ ਰਹਿੰਦਾ। ਮੈਂ ਚੁੱਪ ਬੈਠਾ ਸੀ; ਪਿਤਾ ਜੀ ਨੇ ਕਿਹਾ ਤੂੰ ਕੋਈ ਗੱਲ ਕਹਿਣੀ ਹੈ, ਕਹਿ ਨਹੀਂ ਰਿਹਾ। ਤੂੰ ਆਪਣੀ ਗੱਲ ਕਰ, ਝਿਜਕਦਾ ਕਿਉਂ ਹੈਂ? ਤੇ ਮੈਂ ਕਸ਼ਮੀਰ ਜਾਣ ਵਾਲੀ ਸਾਰੀ ਗੱਲ ਸੁਣਾ ਦਿਤੀ। ਪਿਤਾ ਜੀ ਤਿੰਨ ਸੌ ਰੁਪਏ ਦਾ ਖਰਚ ਸੁਣਕੇ ਚੁਪ ਰਹੇ; ਥੋੜ੍ਹੀ ਦੇਰ ਬਾਅਦ ਮੇਰੇ ਵੱਡੇ ਭਰਾ ਹਰਨਾਮ ਸਿੰਘ ਨੂੰ ਸੱਦ ਕੇ ਕਿਹਾ, ਇਹ ਸਤਿਗੁਰੂ ਜੀ

ਨਾਲ ਕਸ਼ਮੀਰ ਜਾਣਾ ਚਾਹੁੰਦਾ ਏ; ਤਿੰਨ ਸੌ ਰੁਪਏ ਖਰਚ ਹੈ; ਮੈਂ ਸਮਝਦਾ ਇਹਦਾ ਪੰਦਰਾਂ ਦਿਨ ਸਤਿਗੁਰੂ ਜੀ ਦੇ ਨਾਲ ਰਹਿਣਾ ਤਿੰਨ ਸੌ ਰੁਪਏ ਵਿਚ ਮਹਿੰਗਾ ਨਹੀਂ। ਇਹਨੂੰ ਛੇ ਸੌ ਦਾ ਪ੍ਰਬੰਧ ਕਰ ਦੇਹ। ਤਿੰਨ ਸੌ ਰੁਪਏ ਖਰਚ ਕਰਾਇਆ ਤੇ ਤਿੰਨ ਸੌ ਜੇ ਉਥੋਂ ਕੁਝ ਖਰੀਦਣਾ ਪਵੇ ਤਾਂ ਖਰੀਦ ਸਕੇ। ਮੈਂ ਪਿਤਾ ਜੀ ਦੇ ਪੈਰਾਂ ਨੂੰ ਹੱਥ ਲਾਕੇ ਮੱਥੇ ਨੂੰ ਲਾਏ ਤਾਂ ਉਹਨਾਂ ਮੈਨੂੰ ਛਾਤੀ ਨਾਲ ਲਾ ਲਿਆ ਤੇ ਕਿਹਾ ਜਾਹ ਸਤਿਗੁਰਾਂ ਨਾਲ ਜਾਹ। ਪਿਤਾ ਜੀ ਨੇ ਮੈਨੂੰ ਕਸ਼ਮੀਰ ਜਾਣ ਲਈ ਪੈਸੇ ਨਹੀਂ ਸੀ ਦਿਤੇ; ਪਰ ਸਤਿਗੁਰੂ ਜੀ ਦੇ ਨਾਲ ਜਾਣ ਵਾਸਤੇ ਤਿੰਨ ਸੌ ਦੀ ਥਾਂ ਛੇ ਸੌ ਰੁਪੈ ਦੇ ਦਿਤੇ। ਜੋਸ਼ ਹੈ ਹੀ ਲੈਂਡ ਲਾਰਡ ਸੀ। ਮੈਨੂੰ ਪੈਸੇ ਮਿਲ ਗਏ। ਮਾਸਟਰ ਅਮਰੀਕ ਸਿੰਘ ਨੇ ਇਕ ਮਹੀਨੇ ਦੀ ਤਨਖਾਹ ਸਕੂਲ ਚੋਂ ਅਡਵਾਂਸ ਲੈ ਲਈ। ਸਾਧੂ ਸਿੰਘ ਪੈਸੇ ਵਾਲਾ ਸੀ, ਸੋ ਨਾਮਧਾਰੀ ਸਾਹਿਤ ਸਭਾ ਦੇ ਚਾਰ ਮੈਂਬਰਾਂ ਨੇ ਪੈਸੇ ਜ਼ੁਮਾਂ ਕਰਵਾ ਦਿਤੇ।

ਮਿਥੀ ਤਾਰੀਖ ਤੇ ਅਸੀਂ ਸਾਰੇ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਸਵੇਰੇ ਕਸ਼ਮੀਰ ਲਈ ਜਥਾ ਰਵਾਨਾ ਹੋਇਆ। ਸਾਡੇ ਸੰਤ ਨਗਰ ਇਲਾਕੇ ਦੇ ਮੈਂਬਰਾਂ ਬਿਨਾਂ ਸਾਰੇ ਹੀ ਅਮੀਰ ਕਾਰਾਂ ਵਾਲੇ ਸਨ। ਸਾਡੀ ਉਹਨਾਂ ਦੀ ਬਰਾਬਰੀ ਨਹੀਂ ਸੀ। ਸਾਡਾ ਪਹਿਰਾਵਾ, ਸਾਡੀ ਬੋਲ ਚਾਲ, ਖਾਣ ਪੀਣ, ਰਹਿਣ ਸਹਿਣ, ਆਟੇ ਚੋਂ ਛਾਣੇ ਛਾਣ ਵਾਂਗ ਸੀ। ਅਸਾਂ ਚੌਹਾਂ ਨੇ ਮਹਿਸੂਸ ਕਰਦਿਆਂ ਆਖਿਆ; ਯਾਰੋ ਸਾਡਾ ਇਹਨਾਂ ਦਾ ਫਰਕ ਇਕ ਦਰੱਖਤ ਵਿੱਚ ਲੱਗੇ ਕਿੱਲ ਵਾਂਗ ਹੈ। ਪਰ ਜੇ ਕਿੱਲ ਪੂਰੀ ਤਰ੍ਹਾਂ ਦਰੱਖਤ ਵਿਚ ਠੁਕ ਜਾਵੇ ਨਿਕਲਦਾ ਸੰਨੀ ਨਾਲ ਪੁਟਿਆਂ ਵੀ ਨਹੀਂ। ਬਣ ਜਾਉ ਕਿੱਲ ਤੇ ਠੁੱਕ ਜਾਉ ਦਰਖਤ ਵਿਚ, ਵੇਖਾਂਗੇ ਕੌਣ ਕੱਢਦਾ ਏ। ਸਵੇਰੇ ਸਵੇਰੇ ਅਮੀਰ ਕਾਰਾਂ ਤੇ ਤਿਆਰ ਹੋ ਤੁਰੇ ਅਤੇ ਸਾਹਿਤ ਸਭਾ ਦੇ ਚਾਰ ਮੈਂਬਰ, ਜਥੇਦਾਰ ਦਲੀਪ ਸਿੰਘ ਸੰਤਨਗਰ ਤੇ ਉਸਦੇ ਸਾਥੀ ਕੀਰਤਨੀਏ; ਬਲੀ ਸਿੰਘ ਹਿੰਦੂ ਚੱਕ, ਗੁਰਮੁਖ ਸਿੰਘ ਖਾਰੇ ਵਾਲਾ ਅਤੇ ਧਰਮ ਸਿੰਘ ਮੁਕਤਾ। ਸਾਨੂੰ ਅੱਠ ਆਦਮੀਆਂ ਨੂੰ ਲੁਧਿਆਣੇ ਤੋਂ ਟੈਕਸੀ ਵੈਨ ਕਿਰਾਏ ਤੇ ਲੈ ਦਿੱਤੀ। ਟੈਕਸੀ ਦਾ ਡਰਾਈਵਰ ਰੌਣਕ ਸਿੰਘ ਚੰਗੀ ਡੀਲ ਡੌਲ ਵਾਲਾ ਸੀ। ਟੈਕਸੀ ਚੰਗੀ ਸੀ, ਜ਼ਰਾ ਸੀਟਾਂ ਟੁਟੀਆਂ ਹੋਈਆਂ ਸਨ, ਹਾਰਨ ਵੱਜਦਾ ਨਹੀਂ ਸੀ, ਪਰ ਰੌਣਕ ਸਿੰਘ ਨੂੰ ਪਤਾ ਲੱਗ ਜਾਂਦਾ ਸੀ ਕਿ ਮੈਂ ਹਾਰਨ ਵਜਾਇਆ ਹੈ, ਅੱਗੇ ਆਉਣ ਵਾਲੇ ਨੂੰ ਨਹੀਂ ਸੁਣਦਾ ਤਾਂ ਰੌਣਕ ਸਿੰਘ ਕੀ ਕਰੇ। ਬਰੇਕ ਥੋੜ੍ਹੀ ਜਿਹੀ ਘੱਟ ਹੀ ਲੱਗਦੀ ਸੀ ਅਤੇ ਲਾਈਟਾਂ ਜ਼ਰਾ ਠੀਕ ਕਰਾਉਣ ਵਾਲੀਆਂ ਸੀ। ਟਾਇਰ ਤਾਂ ਨਵੇਂ ਕਿਤੋਂ ਵੀ ਖਰੀਦੇ ਜਾ ਸਕਦੇ ਸੀ, ਉਹ ਟੈਕਸੀ ਸਸਤੇ ਰੇਟ ਤੇ ਮਿਲ ਗਈ ਸੀ। ਅਸੀਂ ਟੈਕਸੀ ਵਿਚ ਸੁਆਰ ਹੋ ਹਾਸਾ ਠੱਠਾ ਕਰਦੇ ਜਾ ਰਹੇ ਸਾਂ ਪਰ ਮੁਕੇਰੀਆਂ ਤੋਂ ਪਹਿਲਾਂ ਦੋ ਕੁ ਮੀਲ ਟੈਕਸੀ ਦਾ ਪਹਿਲਾ ਟਾਇਰ ਪਾਟ ਗਿਆ। ਪੈਂਚਰ ਲਵਾਉਣ ਵਾਲੀ



Sri Satguru Jagjit Singh Ji eLibrary NamdhariElibrary@gmail.com

ਟਾਇਰ ਦੀ ਪੁਜੀਸ਼ਨ ਨਹੀਂ ਸੀ। ਸੋ ਰੌਣਕ ਸਿੰਘ ਇਕ ਮੁਫਤ ਵਾਲੇ ਟੱਰਕ ਤੇ ਚੜ ਵਾਪਸ ਲੁਧਿਆਣੇ ਟਾਇਰ ਲੈਣ ਚਲਾ ਗਿਆ।

ਅਸੀਂ ਰਾਤ ਖਾਣ ਤੇ ਸੋਣ ਬਾਰੇ ਸੋਚਣ ਲੱਗੇ। ਪੁੱਛਣ ਤੇ ਪਤਾ ਲੱਗਾ ਕਿ ਇਥੋਂ ਮੀਲ ਕੁ ਤੇ ਇਕ ਚਾਹ ਵਾਲੀ ਦੁਕਾਨ ਹੈ; ਅਸੀ ਪੰਜ ਜਣੇ ਪੈਦਲ ਦੁਕਾਨ ਤੇ ਪਹੁੰਚੇ ; ਖਾਣ ਲਈ ਪੁਛਿਆ; ਉਸ ਕਿਹਾ ਜੀ ਮੇਰੇ ਕੋਲ ਤਾਂ ਚਾਹ ਬਿਸਕੁਟ ਭੁੱਜੀਆ ਹੈ। ਚਾਹ ਅਸੀਂ ਪੀਂਦੇ ਨਹੀਂ ਸਾਂ; ਦੁਕਾਨਦਾਰ ਨੇ ਹਮਦਰਦੀ ਜਤਾਉਂਦਿਆਂ ਕਿਹਾ ਖਾਲਸਾ ਜੀ ਮੇਰੇ ਕੋਲ ਫੈਣੀਆਂ ਹਨ; ਤੁਸੀ ਦੁੱਧ ਫੈਣੀਆਂ ਖਾ ਲਵੋ। ਅਸੀਂ ਉਸ ਤੋਂ ਅੱਧਾ ਕਿਲੋ ਫੈਣੀਆਂ ਲਈਆਂ ਦੁੱਧ ਅੱਧਾ ਕਿਲੋ ਪ੍ਰਤੀ ਬੰਦਾ ਮੰਗਿਆ। ਪਰ ਓਹਦੇ ਕੋਲ ਸਾਰਾ ਦੁੱਧ ਪੰਜ ਕਿਲੋ ਹੀ ਸੀ। ਉਸਨੇ ਦੋ ਕਿਲੋ ਦੁਧ ਚਾਹ ਵਾਸਤੇ ਰੱਖ ਕੇ ਤਿੰਨ ਕਿਲੋ ਸਾਨੂੰ ਦੇ ਦਿਤਾ। ਫੇਣੀਆਂ ਖਾਣ ਦਾ ਤਜਰਬਾ ਸਾਨੂੰ ਕਿਸੇ ਨੂੰ ਨਹੀਂ ਸੀ; ਅਸਾਂ ਤਿੰਨ ਕਿਲੋ ਦੁਧ ਵਿਚ ਅੱਧਾ ਕਿਲੋ ਫੈਣੀਆਂ ਪਾ ਦਿਤੀਆਂ ਤੇ ਫੈਣੀਆਂ ਸਾਡੇ ਵੇਖਦਿਆਂ ਵੇਖਦਿਆਂ ਹੀ ਖਿਚੜੀ ਬਣ ਗਈਆਂ। ਦੁਕਾਨਦਾਰ ਵੇਖ ਕੇ ਹੱਸ ਰਿਹਾ ਸੀ। ਉਸ ਸਾਨੂੰ ਮਜ਼ਾਕ ਨਾਲ ਆਖਿਆ ਤੁਸੀ ਭਾਂਡਾ ਮੇਰਾ ਮੈਨੂੰ ਦੇ ਜਾਵੋ ਤੇ ਫੈਣੀਆਂ ਕੱਪੜੇ ਵਿਚ ਬੰਨ੍ਹ ਲਵੋ ਇਹ ਡੁੱਲਦੀਆਂ ਨਹੀਂ। ਪਰ ਅਸੀਂ ਵੀ ਲੋਹੇ ਦੇ ਕਿਲ ਬਣੇ ਬੈਠੇ ਸੀ। ਅਸੀਂ ਫੈਣੀਆਂ ਦੇ ਲੱਡੂ ਖਾ ਰਹੇ ਸਾਂ, ਜੋ ਅੱਜ ਤਕ ਕਿਸੇ ਵੀ ਨਹੀਂ ਸੀ ਖਾਧੇ।

ਰਾਤ ਗੱਡੇ ਠੇਡੀ ਨੂੰ ਲਗਾਉਂਦਿਆਂ ਨਿਕਲ ਗਈ। ਸਵੇਰੇ ਅੱਠ ਕੁ ਵਜੇ ਰੌਣਕ ਸਿੰਘ ਟਾਇਰ ਲੈਕੇ ਪੰਹੁਚ ਗਿਆ। ਟਾਇਰ ਚੜ੍ਹਾ ਕੇ ਜੰਮੂ ਪੁੱਜੇ ਤਾਂ ਸਾਰੇ ਕਾਰਾਂ ਵਾਲੇ ਸਾਥੀ ਅਗਲੇ ਪੜ੍ਹਾ ਲਈ ਤਿਆਰ ਖੜੇ ਸੀ। ਅਸਾ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਰੱਜ ਕੇ ਪਰਸਾਦੇ ਛਕੇ ਤੇ ਹੱਡ ਬੀਤੀ ਦਿਲ ਦੇ ਮਹਿਰਮ ਨੂੰ ਕਹਿ ਸੁਣਾਈ। ਸਤਿਗੁਰੂ ਜੀ ਨੇ ਸਾਨੂੰ ਸਾਰਿਆਂ ਨੂੰ ਕੱਲੇ ਕੱਲੇ ਨੂੰ ਕਾਰਾਂ ਵਿਚ ਵੰਡ ਕੇ ਬਿਠਾ ਦਿਤਾ, ਕਾਰਾਂ ਫਰਾਟੇ ਮਾਰਦੀਆਂ ਜਾ ਰਹੀਆਂ ਸਨ, ਪਰ ਸਾਡੇ ਸਾਰੇ ਸਾਥੀਆਂ ਤੇ ਇਕੋ ਭਾਵੀ ਵਰਤ ਰਹੀ ਸੀ। ਸਾਹੂੰ ਸਭ ਨੂੰ ਸਾਹ ਲੈਣਾ, ਖੰਘਣਾ ਤੇ ਗੱਲ ਕਰਨੀ ਦੁਬਰ ਸੀ । ਸਾਡੀ ਹਰ ਹਰਕਤ ਅਮੀਰਾਂ ਦੇ ਮੇਚ ਨਹੀਂ ਸੀ ਆਉਂਦੀ। ਅਸੀਂ ਫੈਣੀਆਂ ਦੇ ਲੱਡੂ ਖਾਂਦਿਆਂ ਰਾਤ ਠੰਡ ਨਾਲ ਕੁੰਗੜਦਿਆਂ ਵੀ ਖਿੜ ਖਿੜ ਹੱਸਣ ਵਾਲੇ ਬੰਦੇ ਕੁੜਿਕੀ ਵਿਚ ਫਸੇ ਗਿੱਦੜ ਵਾਂਗ ਫਸੇ ਬੈਠੇ ਸੀ। ਕਾਰਾਂ ਦਾ ਕਾਫਲਾ ਸ੍ਰੀ ਨਗਰ ਨੂੰ ਜਾਣ ਵਾਲੀ ਸੜਕ ਤੇ ਰੁਕਿਆ। ਇਕ ਨਾਮਧਾਰੀ ਸਿੰਘ ਬਰਫੀ ਵੰਡ ਰਿਹਾ ਸੀ, ਨਾਲ ਹੀ ਦੱਸ ਰਿਹਾ ਸੀ, ਸੰਤ ਜੀ ਕੁੱਦ ਦੀ ਬਰਫੀ ਬੜੀ ਸੁਆਦ ਤੇ ਮਸ਼ਹੂਰ ਹੈ। ਉਹ ਛੋਟਾ ਜਿਹਾ ਕਸਬਾ ਕੁੱਦ ਨਾਮ ਨਾਲ ਜਾਣਿਆਂ ਜਾਂਦਾ ਸੀ। ਕੁੱਦ ਦੀ ਬਰਫੀ ਖਾਂਦਿਆਂ ਇਕ ਘੰਟਾ ਨਿਕਲ ਗਿਆ ਤਾਂ ਇਨੇ ਚਿਰ ਤਕ ਰੌਣਕ ਸਿੰਘ ਨੇ ਵੀ ਖਾਲੀ ਟੈਕਸੀ ਲਿਆ ਖੜਾਈ। ਰੌਣਕ ਸਿੰਘ ਨੂੰ ਵੀ



Sri Satguru Jagjit Singh Ji eLibrary NamdhariElibrary@gmail.com

ਬਰਫੀ ਦਿਤੀ। ਸਤਿਗੁਰੂ ਜੀ ਸੰਗਤ ਨੂੰ ਆਪਣੀਆਂ ਗੱਡੀਆਂ ਵਿਚ ਬੈਠਣ ਦਾ ਹੁਕਮ ਕੀਤਾ। ਅਸੀਂ ਅੱਠੋਂ ਸਾਥੀ ਮੁੜ ਰੌਣਕ ਸਿੰਘ ਵਾਲੀ ਟੈਕਸੀ ਵਿਚ ਆਣ ਬੈਠੇ। ਸਤਿਗੁਰੂ ਜੀ ਸਾਨੂੰ ਟੈਕਸੀ ਵਿਚ ਬੈਠਿਆਂ ਵੇਖ ਸਾਡੇ ਕੋਲ ਆਏ, ਤਾਂ ਆਖਿਆ, ਤੁਸੀਂ ਕਾਰਾਂ ਛੱਡ ਟੈਕਸੀ ਵਿਚ ਕਿਉਂ ਆਣ ਬੈਠੇ? ਮਾਸਟਰ ਅਮਰੀਕ ਸਿੰਘ ਜੀ ਆਖਿਆ: ਸੱਚੇ ਪਾਤਸ਼ਾਹ ਜੀ ਸਤਿਗੁਰੂ ਤਾਂ ਆਪਣੇ ਸਿੱਖਾਂ ਨੂੰ ਨਰਕ ਵਿਚੋਂ ਧੂਹ ਕੇ ਬਾਹਰ ਕੱਢਦਾ ਹੈ ਤੇ ਤੁਸੀਂ ਸਾਨੂੰ...... ਬੱਸ ਇਨ੍ਹਾਂ ਹੀ ਸੁਣ ਸੱਚੇ ਪਾਤਸ਼ਾਹ ਜੀ ਖਿੜ ਖਿੜ ਹੱਸਦੇ ਆਪਣੀ ਕਾਰ ਵਿਚ ਜਾ ਬੈਠੇ।

## ਸੈਰ ਲਈ ਨਿਕਲੇ

ਕਾਫਲਾ ਚਲਦਾ ਸ੍ਰੀ ਨਗਰ ਮਿਥੇ ਟਿਕਾਣੇ ਤੇ ਪਹੁੰਚ ਗਿਆ, ਪਰ ਸਾਡੀ ਟੈਕਸੀ ਸ਼ਹਿਰ ਵਿਚ ਦਾਖਲ ਨਹੀਂ ਸੀ ਹੋ ਸਕਦੀ, ਕਿਉਂਕਿ ਟੈਕਸੀ ਦੀਆਂ ਲਾਈਟਾਂ ਨਹੀਂ ਸਨ। ਲਾਈਟਾਂ ਬਿਨਾਂ ਪੁਲੀਸ ਨੇ ਚਲਾਨ ਕਰ ਦੇਣਾ ਸੀ। ਸੋ ਟੈਕਸੀ ਦੋ ਮੀਲ ਬਾਹਰ ਹੀ ਰੁਕ ਗਈ। ਅਸੀਂ ਜਦ ਦੇਰ ਤਕ ਨਾ ਪਹੁੰਚੇ ਤਾਂ ਇਕ ਕਾਰ ਸਾਡੀ ਭਾਲ ਵਿਚ ਸੱਚੇ ਪਾਤਸ਼ਾਹ ਜੀ ਹੋਰਾਂ ਦੋ ਸਿੰਘਾਂ ਸਹਿਤ ਭੇਜੀ। ਕਾਰ ਟੈਕਸੀ ਕੋਲ ਆਣ ਰੁਕੀ। ਪੰਜਾਬੀ ਦਿਮਾਗ ਨੇ ਕਾਢ ਕੱਢੀ। ਫੈਸਲਾ ਕੀਤਾ ਕਿ ਕਾਰ ਟੈਕਸੀ ਦੇ ਅੱਗੇ ਲਾਈਟਾਂ ਜਗਾ ਕੇ ਸਹਿਜੇ ਸਹਿਜੇ ਚੱਲੇ ਤੇ ਮਗਰ ਟੈਕਸੀ ਬਿਨਾਂ ਵਿੱਥ ਦੇ ਚਲਾਈ ਜਾਵੇ। ਸਾਡੀ ਸਕੀਮ ਕਾਮਯਾਬ ਰਹੀ, ਪੁਲੀਸ ਨੂੰ ਇਸ ਤਰ੍ਹਾਂ ਚਕਮਾਂ ਦੇ ਕੇ ਸਿਰੇ ਲੱਗ ਗਏ।

ਸਵੇਰੇ ਕਸ਼ਮੀਰ ਦੀ ਸੈਰ ਲਈ ਸੰਗਤਾਂ ਨਿਕਲ ਪਈਆਂ। ਨਾਮਧਾਰੀ ਸਿੰਘ ਚਿੱਟੇ ਬਸਤਰਾਂ ਵਿਚ ਲੰਮੀ ਲਾਈਨ ਬਣਾ ਜਿਧਰੋਂ ਲੰਘਦੇ ਲੋਕੀ ਖੜੇ ਹੋ ਕੇ ਵੇਖਦੇ। ਸਵੇਰੇ ਨਿਸ਼ਾਤ ਬਾਗ, ਸ਼ਾਹੀ ਚਸ਼ਮੇ ਦੀ ਸੁੰਦਰਤਾ ਦਾ ਆਨੰਦ ਮਾਣਿਆ। ਡੱਲ ਝੀਲ ਵਿਚ ਚਲਦੇ ਸ਼ਿਕਾਰੇ ਚੀਲ੍ਹ ਤੇ ਦਿਆਰ ਦੇ ਅਸਮਾਨ ਛੂੰਹਦੇ ਦਰੱਖਤ; ਹਰਿਆਲੀ ਤੇ ਫੁੱਲਾਂ ਦੀ ਮਹਿਕ; ਅਲੋਕਕ ਜਲਵਾ ਬਖੇਰ ਰਹੇ ਸਨ। ਇਕ ਥਾਂ ਤੇ ਪੁੱਜੇ ਤਾਂ ਇਕ ਬਕਰੀ ਤੂਤ ਦੇ ਉਤੇ ਚੜ੍ਹ ਕੇ ਤੂਤ ਦੀਆਂ ਲਗਰਾਂ ਖਾ ਰਹੀ ਸੀ। ਅਸਾਂ ਸਾਰਿਆਂ ਦਰਖੱਤ ਤੇ ਬਕਰੀ ਚੜ੍ਹੀ ਪਹਿਲੀ ਵਾਰ ਵੇਖੀ ਸੀ। ਸੋ ਲੱਗੇ ਸੋਚਣ; ਇਹ ਤੂਤ ਤੇ ਚੜ੍ਹੀ ਕਿਵੇਂ? ਰੁੱਖ ਉਤੇ ਬਕਰੀ ਚੜ੍ਹ ਨਹੀਂ ਸਕਦੀ। ਕੀ ਇਹਨੂੰ ਕੋਈ ਚੁਕ ਕੇ ਚੜ੍ਹਾ ਗਿਆ ਏ, ਸਾਰੇ ਆਪਣੀਆਂ ਆਪਣੀਆਂ ਕਿਆਸਰਾਈਆਂ ਲਾ ਰਹੇ ਸੀ ਜਾਂ ਲੰਬਰ ਦਾਰ ਅਮਰ ਸਿੰਘ ਨੇ ਬੱਕਰੀ ਨੂੰ ਢੇਮਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਬੱਕਰੀ ਆਪਣੇ ਪੁਠੀਂ ਪੈਰੀਂ ਦਰੱਖਤ ਤੋਂ ਥੱਲੇ ਲੱਗੀ ਉਤਰਨ। ਬੱਕਰੀ ਪਿਛਲੇ ਪੈਰ ਤੂਤ ਦੇ ਨਾਲ ਅੜਾ ਅੜਾ ਕੇ ਪੁਠੇ ਪੈਰੀਂ ਥੱਲੇ ਉਤਰ ਕੇ ਦੌੜ ਗਈ। ਦਿੱਲੀ ਦੇ ਇਕ ਸਿੰਘ ਨੇ ਅਮਰ ਸਿੰਘ ਨੂੰ ਕਿਹਾ ਤੂੰ ਵਧੀਆ ਸੋਚਿਆ ਕਿ ਉਤਰਦੀ



Sri Satguru Jagjit Singh Ji eLibrary NamdhariElibrary@gmail.com

ਕਿਵੇਂ ਹੈ? ਇਸੇ ਤੋਂ ਅੰਦਾਜ਼ਾ ਲੱਗ ਜਾਵੇਗਾ ਕਿ ਇਹ ਤੂਤ ਤੇ ਚੜ੍ਹੀ ਕਿਵੇਂ ਸੀ। ਪਰ ਸਤਿਗੁਰੂ ਜੀ ਹੋਰਾਂ ਝੱਟ ਕਿਹਾ, ਨਹੀਂ ਸੰਤ ਜੀ ਸ਼ਰਾਰਤੀ ਨੂੰ ਪਤਾ ਹੁੰਦਾ ਹੈ ਕਿ ਇਹ ਸ਼ਰਾਰਤ ਕਿਵੇਂ ਹੋ ਸਕਦੀ ਹੈ। ਸਤਿਗੁਰੂ ਜੀ ਨੇ ਅਮਰ ਦੇ ਗਿਟੇ ਤੇ ਜੜ ਦਿਤੀ। ਨਿਸ਼ਾਤ ਬਾਗ ਵਿਚ ਬੱਚਿਆਂ ਦੇ ਉਪਰੋਂ ਰਿੜਨ ਵਾਲਾ ਫੱਟਾ (ਸਿਲਾਈਡ) ਲੱਗਾ ਹੋਇਆ ਸੀ। ਬਾਕੀ ਸੈਲਾਨੀਆਂ ਦੇ ਬੱਚੇ ਬਾਗ ਵਿਚ ਕਈ ਤਰ੍ਹਾਂ ਦੀਆਂ ਖੇਡਾਂ ਖੇਡ ਰਹੇ ਸੀ। ਪਰ ਸਾਡੇ ਜਥੇ ਵਿਚ ਨਾ ਕੋਈ ਬੱਚਾ ਸੀ ਤੇ ਨਾ ਹੀ ਬੱਚਿਆਂ ਦੀ ਮਾਂ, ਸਾਰੇ ਬੱਚਿਆਂ ਦੇ ਬਾਪ ਹੀ ਸਨ।

ਬੱਚੇ ਖੇਡ ਰਹੇ ਸਨ ਅਸੀਂ ਉਹਨਾਂ ਨੂੰ ਤੇ ਬਾਗ ਦੀ ਸੁੰਦਰਤਾ ਨੂੰ ਨਿਹਾਰ ਰਹੇ ਸੀ। ਅਸੀਂ ਕੁਝ ਸਾਥੀ ਤੁਰਦੇ ਤੁਰਦੇ ਜਿਥੇ ਬੱਚੇ ਪਿਛੋਂ ਦੀ ਪਾਉੜੀ ਰਾਹੀਂ ਉਤੇ ਚੜ੍ਹ ਕੇ ਥਲੇ ਰਿੜ੍ਹ ਰਿੜ੍ਹ ਕੇ ਖੇਡ ਰਹੇ ਸੀ ; ਉਥੇ ਅਸੀਂ ਪਹੁੰਚ ਗਏ। ਬਚੇ ਸਾਡਾ ਇਕੋ ਜਿਹਾ ਚਿਟਾ ਝੁੰਡ ਵੇਖ ਕੇ ਆਪਣੀਆਂ ਮਾਵਾਂ ਕੋਲ ਦੌੜ ਗਏ। ਪਰ ਇਧਰ ਸ੍ਰ: ਅਮਰ ਸਿੰਘ ਨੂੰ ਹੋਰ ਸੁਝ ਗਈ, ਤਾਂ ਉਹਨਾਂ ਕਿਹਾ, ਉਪਰੋਂ ਤਾਂ ਥੱਲੇ ਸਾਰੇ ਰਿੜਦੇ ਨੇ, ਥੱਲਿਓਂ ਕੋਈ ਉਪਰ ਚੜ੍ਹ ਕੇ ਵਿਖਾਉ। ਸਤਿਗੁਰੂ ਜੀ ਹੱਸਦਿਆਂ ਕਿਹਾ ਅਮਰ ਸਿੰਘ ਹੋਰ ਤਾਂ ਸਾਰੇ ਦੌੜ ਕੇ ਚੜ੍ਹਨਗੇ ਪਰ ਤੂੰ ਤਾਂ ਟਪੂਸੀ ਮਾਰ ਕੇ ਹੀ ਚੜ੍ਹ ਜਾਣਾ ਹੈ।

ਵੇਖੋ ਵੇਖੀ ਦੌੜ ਸ਼ੁਰੂ ਹੋ ਗਈ, ਦਿੱਲੀ ਦੇ ਸਿੰਘਾਂ ਨੇ ਪਹਿਲ ਕੀਤੀ, ਪਰ ਦੂਰੋਂ ਦੌੜ ਕੇ ਆਉਣ ਤੇ ਇਥੇ ਪਹੁੰਚਦਿਆਂ ਨੂੰ ਉਹਨਾਂ ਦਾ ਸਾਹ ਫੁੱਲ ਜਾਂਦਾ। ਪਰ ਖੇਡ ਬੜੀ ਦਿਲਚਸਪ ਸੀ, ਸਭ ਚੜ੍ਹਦਿਆਂ ਢਿੱਡ ਪਰਨੇ ਥੱਲੇ ਡਿਗ ਕੇ ਥਲੇ ਰਿੜ ਰਹੇ ਸਨ। ਅਮਰ ਸਿੰਘ ਨੰਬਰਦਾਰ ਦੌੜ ਕੇ ਚੜ੍ਹਿਆ ਅਤੇ ਨੇੜੇ ਪਹੁੰਚ ਗਿਆ ਪਰ ਸਿਰੇ ਨਾ ਲਗ ਸਕਿਆ। ਸੰਤ ਨਗਰ ਦੇ ਗੁਰਬਖਸ਼ ਸਿੰਘ ਨੰਬਰਦਾਰ ਦਾ ਡਿਗ ਕੇ ਦੰਦ ਟੁਟ ਗਿਆ। ਪਰ ਉਸਦੇ ਦੰਦਾਂ ਦਾ ਵਗਦਾ ਲਹੂ ਹਾਸੇ ਦੀ ਛਣਕਾਰ ਬਣ ਕੇ ਹੀ ਰਹਿ ਗਿਆ। ਮੈਂ ਤੇ ਜੋਸ਼ ਸੰਗਦੇ ਪਾਸੇ ਖਲੋਤੇ ਸੀ, ਸੱਚੇ ਪਾਤਸ਼ਾਹ ਜੀ ਨੇ ਸਾਨੂੰ ਬੁਲਾ ਕੇ ਆਖਿਆ ਤੁਸੀਂ ਵੀ ਵਿਖਾਉ ਜੌਹਰ, ਪਹਿਲਾਂ ਜੋਸ਼ ਦੌੜਿਆ, ਪਿਛੋਂ ਮੈਨੂੰ ਸੱਚੇ ਪਾਤਸ਼ਾਹ ਜੀ ਹੁਕਮ ਕੀਤਾ, ਤੂੰ ਤਾਂ ਬੱਕਰੀਆਂ ਚਾਰਦਾ ਰਿਹਾ ਹੈਂ, ਬੱਕਰੀਆਂ ਚਾਰਨ ਵਾਲੇ ਬੜੇ ਤਿਖੇ ਹੁੰਦੇ ਹਨ, ਚਲ ਲਾ ਦੇ ਜ਼ੋਰ। ਸੱਚੇ ਪਾਤਿਸ਼ਾਹ ਜੀ ਕਿਹਾ ਪਿਛੋਂ ਜ਼ੋਰ ਨਾਲ ਦੌੜ ਕੇ ਆ, ਪਰ ਆਪਣੇ ਸਰੀਰ ਦਾ ਬੈਲਂਸ ਅੱਗੇ ਨੂੰ ਨਹੀਂ ਝੁਕਣ ਦੇਣਾ, ਫਿਰ ਨਹੀਂ ਡਿਗਦਾ। ਮੈਂ ਸਤਿਗੁਰੂ ਜੀ ਦਾ ਇਸ਼ਾਰਾ ਪਾ ਦੌੜਿਆ, ਤਾਂ ਐਨ ਸਿਰੇ 'ਤੇ ਪਹੁੰਚ ਗਿਆ। ਸਤਿਗੁਰੂ ਜੀ ਦੇ ਦੱਸੇ ਤਰੀਕੇ ਅਨੁਸਾਰ ਅੱਗੇ ਨੂੰ ਨਹੀਂ ਝੁਕਿਆ, ਉਪਰ ਸਿਰੇ ਤੇ ਪਹੁੰਚ ਕੇ ਐਨ ਸਿੱਧਾ ਹੀ ਰਿਹਾ ਤੇ ਉਸੇ ਤਰ੍ਹਾਂ ਖੜੋਤਾ ਹੀ ਥੱਲੇ ਰਿੜ ਆਇਆ। ਨੰਬਰਦਾਰ ਅਮਰ ਸਿੰਘ ਨੇ ਕਿਹਾ ਨਹੀਂ ਦੁਬਾਰਾ ਚੜ੍ਹ ਕੇ ਵਿਖਾ, ਤੂੰ ਸਿਰੇ ਨਹੀਂ ਪਹੁੰਚਿਆ। ਨੰਬਰਦਾਰ



Sri Satguru Jagjit Singh Ji eLibrary NamdhariElibrary@gmail.com

ਚਾਹੁੰਦਾ ਸੀ ਕਿ ਮੈਂ ਡਿੱਗ ਪਵਾਂ। ਪਰ ਜਾਮ ਗੁਰੂ ਹੋਇ ਵੱਲ ਲਖ ਬਾਹੇ ਕਿਆ ਕਿਜੇ। ਚੱਲ ਸਤਿਗੁਰੂ ਜੀ ਕਿਹਾ, ਮੇਰੇ ਇਸ ਖੁਸ਼ੀ ਨਾਲ ਧਰਤੀ ਤੇ ਪੱਬ ਹੀ ਨਹੀਂ ਸੀ ਲੱਗ ਰਹੇ। ਮੈਂ ਦੌੜਿਆ ਤੇ ਫਿਰ ਸਿਰੇ ਤੇ ਪਹੁੰਚ ਗਿਆ। ਸਤਿਗੁਰੂ ਜੀ ਨੇ ਅਮਰ ਸਿੰਘ ਨੂੰ ਪੁੱਛਿਆ ਇਸ ਵਾਰ ਵੇਖ ਲਿਆ ਹੈ ਕਿ ਫਿਰ ਚੜ੍ਹੇ ? ਨੰਬਰਦਾਰ ਨੇ ਕੋਈ ਜੁਆਬ ਨਾ ਦਿਤਾ।

## ਖ਼ੂਬਸੂਰਤ ਇਲਾਕਾ

ਸ੍ਰੀ ਨਗਰ ਦੀ ਖ਼ੂਬਸੂਰਤੀ ਨਾਲ ਅੱਖਾਂ ਮੰਤਰ ਮੁਗਧ ਹੋ ਰਹੀਆਂ ਸਨ। ਦੂਜੇ ਦਿਨ ਬਾਜ਼ਾਰ ਵਿਚਦੀ ਤੁਰੇ ਜਾ ਰਹੇ ਸਾਂ ਕਿ ਸਤਿਗੁਰੂ ਜੀ ਨੇ ਮੈਨੂੰ ਤੇ ਜੋਸ਼ ਨੂੰ ਆਪਣੇ ਕੋਲ ਬੁਲਾ ਕੇ ਆਖਿਆ ਜੋਸ਼ ਤੇ ਸਾਜਨ ਧਿਆਨ ਨਾਲ ਰਹਿਣਾ ਹੈ, ਕਿਤੇ ਐਕਸੀਡੈਂਟ ਨਾ ਹੋ ਜਾਵੇ। ਮੈਂ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਇਥੇ ਤਾਂ ਬਾਜ਼ਾਰ ਵਿਚ ਕਾਰਾਂ ਹੈ ਨਹੀਂ, ਸਿਰਫ ਰਿਕਸ਼ੇ ਟਾਂਗੇ ਹੀ ਹਨ ਤੇ ਟਾਂਗੇ ਨਾਲ ਕਿਥੋਂ ਐਕਸੀਡੈਂਟ ਹੋ ਜਾਣੈ। ਸੱਚੇ ਪਾਤਸ਼ਾਹ ਜੀ ਕਿਹਾ ਇਹ ਕਸ਼ਮੀਰ ਦਾ ਸ੍ਰੀ ਨਗਰ ਹੈ, ਇਥੇ ਟਾਂਗੇ ਨਾਲ ਐਕਸੀਡੈਂਟ ਦਾ ਕੋਈ ਖਾਸ ਫਰਕ ਨਹੀਂ ਪੈਂਦਾ, ਟਾਂਗੇ ਵਾਲੀ ਨਾਲ ਨਾ ਐਕਸੀਡੈਂਟ ਹੋ ਜਾਵੇ ਇਸਦਾ ਖਿਆਲ ਰੱਖਣਾ ਹੈ। ਸੱਤ ਬਚਨ ਗਰੀਬ ਨਿਵਾਜ਼ ਜੀ ਐਕਸੀਡੈਂਟ ਸਾਡੇ ਦੋਹਾਂ ਦਾ ਹੀ ਹੋਣ ਦਾ ਖਤਰਾ ਹੈ ? ਸਤਿਗੁਰੂ ਜੀ ਹੱਸਦਿਆਂ ਕਿਹਾ ਉਹਨਾਂ ਸਾਰਿਆਂ ਕੋਲ ਲਾਈਸੰਸ ਹਨ।

ਦੂਜਾ ਦਿਨ ਵੀ ਸ਼ਿਕਾਰਿਆਂ ਵਿਚ ਸੈਰ ਡੱਲ ਝੀਲ ਦਾ ਆਨੰਦ ਲੈਂਦਿਆਂ ਬੀਤ ਗਿਆ। ਤੀਸਰੇ ਦਿਨ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਪਿਛੋਂ ਮੈਂ ਅਰਜ਼ ਕੀਤੀ; ਸੱਚੇ ਪਾਤਸ਼ਾਹ ਜੀ ਮੈਂ ਕਵਿਤਾ ਲਿਖੀ ਹੈ, ਹੁਕਮ ਹੋਵੇ ਤਾਂ ? ਹੁਕਮ ਹੋਇਆ ਸੁਣਾ। ਮੈਂ ਰਾਤ ਇਹ ਕਵਿਤਾ ਲਿਖੀ ਸੀ।

"ਸਵਰਗਾਂ ਦਾ ਨਕਸ਼ੈ ਕਸ਼ਮੀਰ ਦੀ ਧਰਤੀ।
ਬਣੀ ਹੋਈ ਏ ਮਾਨੋਂ ਤਸਵੀਰ ਦੀ ਧਰਤੀ।
ਕਿਸੇ ਸੂਫੀ ਪੁੰਨੇ ਫਕੀਰ ਦੀ ਧਰਤੀ ।
ਸਚੀਂ ਹੈ ਰਾਂਝੇ ਤੇ ਹੀਰ ਦੀ ਧਰਤੀ।"

ਮੈਂ ਕੂਤ ਤੇ ਚੜ੍ਹੀ ਖੱਕਰੀ ਤੋਂ ਲੈ ਕੇ ਫੁੱਲ, ਹਰਿਆਲੀ, ਚਸ਼ਮੇ, ਝੀਲ ਦੇ ਮਾਣੇ ਨਜ਼ਾਰਿਆਂ ਦਾ ਬੁੱਧੀ ਅਨੁਸਾਰ ਬਿਆਨ ਕੀਤਾ ਸੀ। ਆਪਣੇ ਵਲੋਂ ਕਿਸੇ ਵੀ ਚੀਜ ਨੂੰ ਅਣਗੌਲਿਆ ਨਹੀਂ ਸੀ ਰਹਿਣ ਦਿਤਾ। ਅੱਜ ਉਪਰ ਪਹਾੜੀਆਂ ਦੀ ਚੜ੍ਹਾਈ ਚੜ੍ਹ ਕੇ ਇਕ ਝੀਲ ਦਾ ਆਨੰਦ ਮਾਨਣ ਵਾਸਤੇ ਪੁਜੇ। ਚੜ੍ਹਾਈ ਭਾਵੇਂ ਕਿੰਨੀ ਵੀ ਹੋਵੇ ਪਰ ਉਤਸ਼ਾਹ ਭਰੇ ਪਲ ਹਰ ਵਸਤੂ ਨੂੰ ਨਜ਼ਦੀਕ ਲੈ ਆਉਂਦੇ



Sri Satguru Jagjit Singh Ji eLibrary NamdhariElibrary@gmail.com

ਹਨ। ਝੀਲ ਦਾ ਦ੍ਰਿਸ਼ ਵਿਲੱਖਣ ਹੀ ਨਜ਼ਾਰਾ ਪੇਸ਼ ਕਰ ਰਿਹਾ ਸੀ। ਉਥੇ ਹੀ ਇਕ ਉਥੋਂ ਦਾ ਵਸਨੀਕ ਬਿਰਧ ਮਿਲਿਆ ਜਿਸ ਨੇ ਝੀਲ ਬਾਰੇ ਪੁਰਾਤਨ ਇਤਿਹਾਸ ਦਾ ਜ਼ਿਕਰ ਕੀਤਾ ਜਦ ਉਸਨੂੰ ਪੁੱਛਿਆ ਕਿ ਤੁਸੀਂ ਇੱਥੇ ਕਿੰਨੇ ਚਿਰ ਤੋਂ ਰਹਿ ਰਹੇ ਹੋ? ਤਾਂ ਉਸ ਕਿਹਾ ਬਾਪ ਦਾਦਾ ਦੇ ਸਮੇਂ ਤੋਂ ਇਥੇ ਹੀ ਰਹਿ ਰਹੇ ਹਾਂ। ਤੁਹਾਡੇ ਖਾਣ ਪੀਣ ਦੀ ਆਮਦਨ ਦਾ ਕੀ ਵਸੀਲਾ ਹੈ? ਤਾਂ ਉਸ ਦੱਸਿਆ ਫਲ ਸਬਜ਼ੀਆਂ ਬੀਜ ਲੈਂਦੇ ਹਾਂ ਅਤੇ ਝੀਲ ਵਿਚੋਂ ਸੰਘਾੜੇ ਇੱਕਠੇ ਕਰ ਕੇ ਰੱਖ ਲੈਂਦੇ ਹਾਂ ਤੇ ਇਹਨਾਂ ਦਾ ਆਟਾ ਪੀਸ ਪੀਸ ਕੇ ਖਾਂਦੇ ਹਾਂ। ਉਸਨੇ ਸਰਦੀ ਤੋਂ ਬਚਣ ਵਾਸਤੇ ਮਿਟੀ ਦੀ ਕੁੱਜੀ ਜਿਹੀ ਵਿਚ ਕੋਲੇ ਭਖਾ ਕੇ ਬੁੱਕਲ ਵਿਚ ਛੋਟੇ ਜਿਹੇ ਛਿਕੇ ਵਿਚ ਰੱਖ ਕੇ ਛਾਤੀ ਦੇ ਨੇੜੇ ਰਖੀ ਹੋਈ ਸੀ ; ਮੈਂ ਉਸਨੂੰ ਕਿਹਾ ਤੁਸੀਂ ਇਥੇ ਇਨੀ ਸਰਦੀ ਵਿਚ ਰਹਿੰਦੇ ਹੋ, ਥੱਲੇ ਕਿਉਂ ਨਹੀਂ ਚਲੇ ਜਾਂਦੇ ਤਾਂ ਉਸਦਾ ਜਵਾਬ ਸੀ ਸਰਦਾਰ ਬਾਪ ਦਾਦੇ ਦੀ ਜਗ੍ਹਾ ਛੱਡੀ ਤਾਂ ਨਹੀਂ ਜਾ ਸਕਦੀ। ਮਿਟੀ ਦਾ ਮੋਹ ਕਿਤੇ ਟੁੱਟ ਸਕਦਾ ਹੈ, ਮੈਂ ਇਥੇ ਬਹੁਤ ਖੁਸ਼ ਹਾਂ ।

ਇਕ ਦਿਨ ਆਸਾ ਦੀ ਵਾਰ ਦੀ ਸਮਾਪਤੀ ਪਿਛੋਂ ਸ੍ਰੀ ਨਗਰ ਦੇ ਰਹਿਣ ਵਾਲੀ ਇਕ ਬਿਰਧ ਮਾਈ ਆਈ। ਸਤਿਗੁਰੂ ਜੀ ਨੂੰ ਆ ਕੇ ਮੱਥਾ ਟੇਕਿਆ ਤੇ ਅਰਜ਼ ਕੀਤੀ; ਸੱਚੇ ਪਾਤਿਸ਼ਾਹ ਜੀ ਆਪਣੀ ਗਊ ਦਾ ਸਾਰਾ ਦੁਧ ਆਪ ਜੀ ਵਾਸਤੇ ਲੈ ਕੇ ਆਈ ਹਾਂ, ਆਪ ਜੀ ਕਿਰਪਾ ਕਰਕੇ ਮੇਰੀ ਗਊ ਦਾ ਦੁੱਧ ਜ਼ਰੂਰ ਛਕਣਾ। ਸੱਚੇ ਪਾਤਿਸ਼ਾਹ ਜੀ ਬਚਨ ਕੀਤਾ, ਮਾਈ ਇਹ ਦੁੱਧ ਮੈਂ ਹੀ ਛਕਾਂਗਾ। ਸੱਚੇ ਪਾਤਸ਼ਾਹ ਜੀ ਸੰਤ ਰਤਨ ਸਿੰਘ ਜੀ ਨੂੰ ਦੁੱਧ ਲੰਗਰ ਵਿਚ ਲੈ ਜਾਣ ਲਈ ਆਖਿਆ। ਸੰਤਾਂ ਨੇ ਦੁੱਧ ਵਾਲੀ ਗੜਵੀ ਦੇਸੀ ਘਿਊ ਦੀ ਲੰਗਰ ਵਿਚ ਬਣੀ ਬੂੰਦੀ ਨਾਲ ਭਰ ਕੇ ਮਾਈ ਨੂੰ ਦੇ ਦਿਤੀ।

ਬਾਰਾਮੂਲਾ, ਵੈਰੀ ਨਾਗ, ਅਨੰਤ ਨਾਗ ਦੀ ਖੂਬ ਸੈਰ ਕੀਤੀ ਗਈ। ਜਿਥੇ ਵੀ ਗਏ ਹਰਿਆਲੀ ਫੁੱਲ ਬਗੀਚੇ, ਚੀਲ, ਦਿਆਰ, ਸਫੈਦੇ; ਉੱਚੀਆਂ ਨੀਵੀਆਂ ਪਹਾੜੀਆਂ, ਹਰ ਪਾਸੇ ਸੁੰਦਰਤਾ ਦਾ ਹੀ ਜਾਲ ਵਿਛਿਆ ਦਿਖਾਈ ਦਿੰਦਾ। ਕਸ਼ਮੀਰੀ ਸੇਬ ਦੀ ਮਿਠਾਸ ਤੇ ਸੁਆਦ ਅਨੋਖਾ ਹੀ ਲਗਦਾ। ਮੈਂ ਤੇ ਜੋਸ਼ ਹੱਥਾਂ ਵਿਚ ਸੇਬ ਫੜ ਗੱਲਾਂ ਕਰਦੇ ਦੰਦਾਂ ਦੇ ਚੱਕ ਮਾਰ ਮਾਰ ਸੇਬ ਖਾ ਰਹੇ ਸੀ। ਸਾਨੂੰ ਇਸ ਤਰ੍ਹਾਂ ਸੇਬ ਖਾਂਦੇ ਵੇਖ ਦਿੱਲੀ ਦੇ ਸ. ਕਰਤਾਰ ਸਿੰਘ ਜੀ ਸੋਖੀ, ਮੈਂਬਰ ਦਿੱਲੀ ਅਸੈਂਬਲੀ ਸਾਡੇ ਕੋਲ ਆ ਕੇ ਕਹਿਣ ਲੱਗੇ, "ਕਾਕਾ ਸੇਬ ਛਿਲ ਕੇ ਖਾਈਦਾ ਹੈ? ਇਸਦੀ ਛਿਲੜ ਅੰਦਰ ਗਲਦੀ ਨਹੀਂ।" ਇਹ ਸੁਣ ਕੇ ਮੈਂ ਕਿਹਾ ਸੋਖੀ ਸਾਹਿਬ ਸਾਡੇ ਅੰਦਰ ਤਾਂ ਪੰਡ ਪੰਡ ਗੋਂਗਲੂ ਗਲ ਜਾਂਦੇ ਹਨ; ਕੀ ਸੇਬ ਨਾ ਗਲਣਗੇ। ਤੁਸੀਂ ਸਾਡੀ ਚਿੰਤਾ ਛੱਡਕੇ ਆਪਣੀ ਸਿਹਤ ਦਾ ਖਿਆਲ ਰੱਖੋ। ਸੋਖੀ ਸਾਹਿਬ ਨੇ ਸਤਿਗੁਰੂ ਜੀ ਕੋਲ ਜਾ ਕੇ ਦੱਸ ਦਿਤਾ। ਸੱਚੇ ਪਾਤਸ਼ਾਹ ਸੋਖੀ ਸਾਹਿਬ ਨੂੰ ਕਿਹਾ ਸੋਖੀ



Sri Satguru Jagjit Singh Ji eLibrary NamdhariElibrary@gmail.com

ਸਾਹਿਬ ਗਿਲਾ ਨਾ ਕਰਨਾ ਪੋਡੂ ਨੇ ਅਤੇ ਮੁੰਡੇ ਨੇ, ਪਰ ਬਚ ਕੇ ਰਹਿਣਾ ਹਨ ਨਿਰੇ ਡੇਮੂੰ ? ਸੋਖੀ ਸਾਹਿਬ ਖੁਸ ਹੋ ਗਏ। ਬਾਅਦ ਵਿਚ ਸਾਨੂੰ ਸੱਚੇ ਪਾਤਸ਼ਾਹ ਜੀ ਨੇ ਇਕੱਲਿਆ ਕਰਕੇ ਕਿਹਾ ? ਸ਼ਹਿਰੀ ਕੱਚੇ ਘੜੇ ਹੁੰਦੇ ਹਨ, ਬਚਾ ਕੇ ਠੋਕਰ ਮਾਰੀਦੀ ਹੇ। ਊਂ ਮੈਂ ਓਹਨਾਂ ਨੂੰ ਖੁਸ਼ ਕਰ ਦਿਤਾ ਹੈ।

ਕਿਸੇ ਨੂੰ ਕੁਝ ਪਤਾ ਹੀ ਨਹੀਂ ਲੱਗਾ ਕਦੋਂ ਦੋ ਹਫਤੇ ਬੀਤ ਗਏ। ਕਸ਼ਮੀਰ ਦੀ ਧਰਤੀ ਮਨ ਮੋਲੀ  ਸਿਆਣੇ ਤੇ ਇਆਂਣਿਆ ਦਾ ਸੁਮੇਲ। ਗੁਰਬਾਣੀ ਦਾ ਕੀਰਤਨ, ਸਸਤੇ ਸੇਬ, ਅਖਰੋਟ ਤੇ ਫੁੱਲਾਂ ਦੀ ਮਹਿਕ ਰੋਮ ਰੋਮ ਵਿਚ ਸਮਾ ਗਈ ਸੀ। ਸਤਿਗੁਰੂ ਜੀ ਦੇ ਹਰ ਵੇਲੇ ਕੋਲ ਰਹਿਣ ਦਾ ਸੁਭਾਗ ਦਰਸ਼ਨ ਪਿਆਰ ਬਖਸ਼ਿਸ਼ਾਂ ਸੰਭਾਲੀਆਂ ਨਹੀਂ ਸੀ ਜਾਂਦੀਆਂ। ਦੋ ਹਫਤਿਆਂ ਪਿਛੋਂ ਸ੍ਰੀ ਭੈਣੀ ਸਾਹਿਬ ਆਣ ਲੰਗਰ ਛਕਿਆ। ਜਦੋਂ ਸਵੇਰੇ ਸ੍ਰੀ ਭੈਣੀ ਸਾਹਿਬ ਤੋਂ ਤੁਰਨ ਲੱਗੇ ਤਾਂ ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਇਹਨਾਂ ਮੁੰਡਿਆਂ ਦੇ ਪੈਸੇ ਵਾਪਸ ਦੇ ਦਿਉ ? ਖਜ਼ਾਨਚੀ ਨੇ ਸਾਡੇ ਜਮਾਂ ਕੀਤੇ ਤਿੰਨ ਤਿੰਨ ਸੌ ਰੁਪਏ ਤੇ ਸੰਤ ਨਗਰ ਪਹੁੰਚਣ ਤਕ ਦਾ ਕਿਰਾਇਆ ਵੀ ਦੇ ਦਿਤਾ।



Sri Satguru Jagjit Singh Ji eLibrary NamdhariElibrary@gmail.com

# ਮਿਹਰਬਾਨ ਸਤਿਗੁਰੂ ਜਗਜੀਤ ਸਿੰਘ ਜੀ

ਸਿਰਸਾ ਤੋਂ ਸ੍ਰੀ ਜੀਵਨ ਨਗਰ ਨੂੰ ਜਾਣ ਵਾਲੀ ਸੜਕ ਦੇ ਰਸਤੇ ਵਿਚ ਓਟੂ ਪਿੰਡ ਹੈ । ਇਥੇ ਹੀ ਪੰਜਾਬ ਵਲੋਂ ਆਈ ਘੱਗਰ ਨਦੀ ਦਾ ਬਰਸਾਤੀ ਪਾਣੀ, ਬੇਸ਼ੁਮਾਰ ਆਉਂਦਾ ਹੈ; ਜਿਸ ਨੂੰ ਇਸ ਓਟੂ ਪਿੰਡ ਦੇ ਕੋਲ ਸਰਕਾਰ ਨੇ ਪਾਣੀ ਕੱਠਾ ਕਰਕੇ ਦੋ ਨਹਿਰਾਂ ਕੱਢੀਆਂ ਗਈਆਂ ਹਨ। ਇਸਦਾ ਨਾਮ ਓਟੂ ਹੈਡ ਹੈ। ਇਹਦੀ ਇਕ ਨਹਿਰ ਪਿੰਡਾਂ ਵਿਚੋਂ ਹੁੰਦੀ ਹੋਈ ਐਮਨਾਬਾਦ ਸ਼ਹਿਰ ਨੂੰ ਚਲੀ ਜਾਂਦੀ ਹੈ ਅਤੇ ਦੂਸਰੀ ਸ੍ਰੀ ਜੀਵਨ ਨਗਰ ਸੰਤ ਨਗਰ ਕਰੀ ਵਾਲਾ ਤੋਂ ਹੋਕੇ ਰਾਜਸਥਾਨ ਦੇ ਪਿੰਡ ਸੂਰੇ ਵਾਲੇ ਦੇ ਨਾਲੋਂ ਖਹਿੰਦੀ ਹੋਈ ਹਨੂੰਮਾਨ ਗੜ੍ਹ ਸ਼ਹਿਰ ਨੂੰ ਚਲੀ ਜਾਂਦੀ ਹੈ। ਇਹ ਦੋ ਨਹਿਰਾਂ ਬਰਸਾਤ ਦਾ ਪਾਣੀ ਸੰਭਾਲ ਨਹੀਂ ਸਕਦੀਆਂ। ਇਹਨਾਂ ਨਹਿਰਾਂ ਤੋਂ ਜਿੰਨਾਂ ਪਾਣੀ ਵਾਧੂ ਹੁੰਦਾ ਹੈ; ਇਸ ਓਟੂ ਹੈਡ ਤੋਂ ਇਕ ਬਰਸਾਤੀ ਨਦੀ ਵਿਚ ਛੱਡ ਦਿੱਤਾ ਜਾਂਦਾ ਹੈ। ਇਸ ਹੈੱਡ ਤੋਂ ਪਿਛੇ ਪੰਜਾਬ ਵਿਚ ਇਸ ਨਦੀ ਦਾ ਨਾਮ ਘੱਗਰ ਨਦੀ ਹੈ ਅਤੇ ਹੈੱਡ ਤੋਂ ਅੱਗੇ ਰਹਿਣ ਵਾਲੇ ਇਸ ਨਦੀ ਨੂੰ ਨਾਲੀ ਆਖਦੇ ਹਨ। ਇਸ ਨਾਲੀ ਦਾ ਪਾਣੀ ਬਰਸਾਤ ਵਿਚ ਇੰਨਾਂ ਜ਼ਿਆਦਾ ਆਉਂਦਾ ਹੈ ਕਿ ਉਹ ਨਾਲੀ ਦੇ ਕੰਢਿਆਂ ਦੀ ਨਾ ਪਰਵਾਹ ਕਰਦਾ ਹੋਇਆ ਇਸ ਇਲਾਕੇ ਦੇ ਦਸ ਦਸ ਮੀਲ ਦੇ ਨੇੜੇ ਪਿੰਡਾਂ ਦੀ ਫਸਲ ਤਬਾਹ ਕਰਦਾ ਰਾਜਸਥਾਨ ਨੂੰ ਨਿਕਲ ਜਾਂਦਾ ਹੈ। ਇਸ ਇਲਾਕੇ ਦੇ ਕਿਸਾਨ ਹਰ ਸਾਲ ਇਸ ਦੀ ਮਾਰ ਦਾ ਸੰਤਾਪ ਹੰਢਾ ਰਹੇ ਸੀ।

ਆਪਣੇ ਸਿੱਖਾਂ ਦੀ ਫਸਲ ਤਬਾਹ ਹੁੰਦੀ ਵੇਖ; ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪਿੰਡਾਂ ਦੇ ਸਿੱਖਾਂ ਨੂੰ ਉਦਮ ਦੇ ਕੇ ਨਕੌੜਾ ਪਿੰਡ ਦੀ ਹੱਦ ਵਿਚ ਨਾਲੀ ਦੇ ਕੰਢੇ ਉਚੇ ਕਰਨ ਦਾ ਉਪਰਾਲਾ ਕੀਤਾ। ਕਿਉਂ ਕਿ ਨਕੌੜਾ ਪਿੰਡ ਹਰ ਸਾਲ ਇਸ ਦੀ ਲਪੇਟ ਵਿਚ ਆ ਜਾਂਦਾ ਸੀ। ਸਤਿਗੁਰੂ ਜੀ ਨੇ ਸਿਖਾਂ ਨੂੰ ਹੁਕਮ ਦੇ ਕੇ ਸਾਰੇ ਨਾਮਧਾਰੀ ਪਿੰਡਾਂ ਦੀ ਸੰਗਤ ਨੂੰ ਨਾਲੀ ਦਾ ਬੰਨ੍ਹ ਬੰਨਣ ਲਈ ਪ੍ਰੇਰਿਆ। ਸੰਗਤ ਕਹੀਆਂ, ਬਾਟੇ ਤੇ ਹੋਰ ਸਾਧਨਾਂ ਨਾਲ ਮਿੱਟੀ ਪੱਟ ਪੱਟ ਕੇ ਸਿਰਾਂ 'ਤੇ ਚੁੱਕ ਚੁੱਕ ਕੇ ਬੰਨ੍ਹ ਬੰਨ੍ਹ ਰਹੀ ਸੀ। ਸੰਗਤ ਸੈਂਕੜਿਆਂ ਦੀ ਗਿਣਤੀ ਵਿਚ ਸੀ। ਸਤਿਗੁਰੂ ਜੀ ਸਾਰਾ ਦਿਨ ਆਪ ਉਥੇ ਸੰਗਤ ਵਿਚ ਵਿਚਰਦੇ ਰਹਿੰਦੇ । ਇਸ ਸਮੇਂ ਤੋਂ ਦੋ ਕੁ ਮਹੀਨੇ ਪਹਿਲਾਂ ਸਤਿਗੁਰੂ ਜੀ ਨੇ ਸ੍ਰੀ ਜੀਵਨ ਨਗਰ ਜ਼ਮੀਨ ਵਾਹੁਣ ਵਾਸਤੇ ਲਾਲ ਰੰਗ ਦਾ ਮੈਸੀ ਫਰਗੂਸ਼ਨ ਟਰੈਕਟਰ ਖਰੀਦਿਆ ਸੀ ਜਿਸ ਦੀ ਦਿਖ ਤੇ ਤਾਕਤ ਨੂੰ ਹਾਲਾਂ ਕੋਈ ਆਂਚ ਨਹੀਂ ਸੀ ਆਈ। ਇਸ ਟਰੈਕਟਰ ਦੇ ਪਿੱਛੇ ਕਰਾਹਿਆ ਪਾਕੇ ਦੂਜੇ ਟਰੈਕਟਰ ਨਾਲ ਵਾਹੀ ਜ਼ਮੀਨ ਵਾਲੀ ਮਿਟੀ ਕਰਾਹੇ ਨਾਲ ਨਾਲੀ ਵਾਲੇ ਬੰਨ੍ਹ



Sri Sat... NamdhariElibrary@gmail.com

ਵਾਲੀ ਜਗ੍ਹਾ ਦੇ ਨੇੜੇ ਲਿਜਾਈ ਜਾਂਦੀ। ਨਵੇਂ ਟਰੈਕਟਰ ਤੇ ਨੌਂ ਜੁਆਨ ਡਰਾਇਵਰ ਸੀ। ਸਤਿਗੁਰੂ ਜੀ ਸੰਗਤ ਨੂੰ ਕੰਮ ਕਰਦਿਆਂ ਖਲੋਤੇ ਵੇਖ ਰਹੇ ਸੀ। ਮੈਂ ਸਤਿਗੁਰੂ ਜੀ ਦੇ ਕੋਲ ਹੀ ਖਲੋਤਾ ਸੀ; ਡਰਾਇਵਰ ਟਰੈਕਟਰ ਦੀ ਰੇਸ ਲੁਆਈ, ਗੇੜੇ ਤੇ ਗੇੜਾ ਦੇ ਰਿਹਾ ਸੀ। ਉਹ ਸਤਿਗੁਰੂ ਜੀ ਨੂੰ ਦਿਖਾਉਣਾ ਚਾਹੁੰਦਾ ਸੀ; ਕਿ ਮੈਂ ਕਿੰਨਾਂ ਕੰਮ ਕਰ ਰਿਹਾ ਹਾਂ। ਸਤਿਗੁਰੂ ਜੀ ਜਿਥੇ ਖਲੋਤੇ ਸੀ; ਡਰਾਇਵਰ ਟਰੈਕਟਰ ਦਾ ਕਰਾਹਿਆ ਭਰ ਐਨ ਸਤਿਗੁਰੂ ਜੀ ਦੇ ਕੋਲੋਂ ਦੀ ਲੰਘਿਆ। ਸਤਿਗੁਰੂ ਜੀ ਟਰੈਕਟਰ ਨੂੰ ਲਗਾਤਾਰ ਵੇਖ ਰਹੇ ਸੀ। ਡਰਾਇਵਰ ਟਰੈਕਟਰ ਨੂੰ ਕੋਲੋਂ ਉਡਾ ਕੇ ਲੈ ਗਿਆ, ਤਾਂ ਸੱਚੇ ਪਾਤਸ਼ਾਹ ਜੀ ਹੋਰਾਂ ਮੇਰੇ ਵੱਲ ਚਿਹਰਾ ਕਰਕੇ ਆਖਿਆ, ਸਾਜਨ? ਇਹ ਟਰੈਕਟਰ ਦੋ ਮਹੀਨੇ ਪਹਿਲਾਂ ਨਵਾਂ ਆਂਦਾ ਏ। ਵੇਖ ਇਹ ਕਿਵੇਂ ਚਲਦਾ ਏ। ਸਾਜਨ ਮੈਂ ਚਾਹੁੰਦਾ ਹਾਂ ਇਹੋ ਜਿਹਾ ਟਰੈਕਟਰ ਇਕ ਤੇਨੂੰ ਲੇ ਦੇਵਾਂ? ਜਿਸ ਨਾਲ ਤੂੰ ਆਪਣੀ ਖੇਤੀ ਕਰ ਸਕੇਂ। ਸਤਿਗੁਰੂ ਜੀ ਅੰਦਰ ਮੇਰੇ ਲਈ ਅਥਾਹ ਹਮਦਰਦੀ ਭਰੀ ਬਖਸ਼ਿਸ਼ ਆਈ ਵੇਖ ਮੈਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਕੋਲ ਦੋਵੇਂ ਹੱਥ ਜੋੜ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਇਹੋ ਜਿਹਾ ਟਰੈਕਟਰ ਮੈਨੂੰ ਲੈ ਕੇ ਨਾ ਦਿਉ, ਬੱਸ ਦੇ ਦਿਉ? ਸੱਚੇ ਪਾਤਸ਼ਾਹ ਉਸ ਵੇਲੇ ਪੂਰੇ ਤਰੁੱਠਦਿਆਂ ਬਚਨ ਕੀਤਾ ; ਚੰਗਾ ਜੇ ਤੂੰ ਇਸ ਤਰ੍ਹਾਂ ਚਾਹੁੰਦਾ ਏਂ ਤਾਂ ਦੇ ਦਿਤਾ। ਇਸ ਸਮੇਂ ਤੋਂ ਪਿਛੋਂ ਸੱਚੇ ਪਾਤਸ਼ਾਹ ਜੀ ਦੇ ਮੁਖ ਵਿਚੋਂ ਨਿਕਲਿਆ ਬਚਨ ਫਲੀਭੂਤ ਹੋ ਗਿਆ। ਛੇ ਮਹੀਨਿਆਂ ਬਾਅਦ ਹੀ ਅਸਾਂ ਮੱਧ ਪ੍ਰਦੇਸ਼ ਵਿਚੋਂ ਜਾ ਕੇ ਚਲਦਾ ਬਹੁਤ ਵਧੀਆ ਹਾਲਤ ਵਿਚ ਟਰੈਕਟਰ ਹਿੰਦੋਸਤਾਨ ਖਰੀਦ ਲਿਆਂਦਾ। ਟਰੈਕਟਰ ਖਰੀਦਣ ਮੇਰਾ ਭਰਾ ਹਰਨਾਮ ਸਿੰਘ ਅਤੇ ਛੋਟੇ ਅਮਰਾਸਰ ਪਿੰਡ ਦਾ ਮਹਿੰਦਰ ਸਿੰਘ ਗਏ ਸਨ। ਇਹ ਟਰੈਕਟਰ ਖਰੀਦਣ ਲਈ ਜਿੰਨੇ ਪੈਸੇ ਲੈ ਕੇ ਗਏ ਸੀ, ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਟਰੈਕਟਰ ਵਧੀਆ ਤੇ ਸਸਤਾ ਮਿਲ ਗਿਆ ਤਾਂ ਬਚਦੇ ਪੈਸਿਆਂ ਦੀ ਦਿੱਲੀ ਮੋਤੀਆ ਖਾਨ ਤੋਂ ਇਕ ਜੀਪ ਵੀ ਖਰੀਦ ਕੇ ਲੈ ਆਂਦੀ। ਸਤਿਗੁਰੂ ਸੱਚੇ ਪਾਤਸ਼ਾਹ ਜੀ ਤੋਂ ਇਕ ਟਰੈਕਟਰ ਮੰਗਿਆ ਸੀ ਉਹਨਾਂ ਨਾਲ ਇਕ ਜੀਪ ਵੀ ਬਖਸ਼ ਦਿਤੀ? ਟਰੈਕਟਰ ਦਾ ਡਰਾਇਵਰ ਹੋਰ ਰਖ ਲਿਆ ਅਤੇ ਜੀਪ ਦਾ ਡਰਾਇਵਰ ਮਹਿੰਦਰ ਸਿੰਘ ਪੱਕਾ ਹੋ ਗਿਆ। ਮਾਤਾ ਪਿਤਾ ਜੀ ਨੂੰ ਇਹ ਜੀਪ ਤੇ ਡਰਾਈਵਰ ਸੌਂਪ ਦਿਤਾ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਬਾਹਰ ਦੌਰੇ ਤੇ ਗਏ ਹੋਏ ਸੀ। ਜਦੋਂ ਦੌਰੇ ਤੋਂ ਵਾਪਸ ਸ੍ਰੀ ਜੀਵਨ ਨਗਰ ਆਏ ਤਾਂ ਪਤਾ ਲਗਾ ਸਾਜਨ ਨੇ ਟਰੈਕਟਰ ਤੇ ਜੀਪ ਖਰੀਦੀ ਹੈ। ਮੈਂ ਤਾਂ ਘਰ ਨਹੀਂ ਸਾਂ। ਸੱਚੇ ਪਾਤਸ਼ਾਹ ਜੀ ਮਸਤਾਨ ਗੜ੍ਹ ਬੈਠੇ ਸਨ ਉਥੋਂ ਇਕ ਸਿੰਘ ਨੂੰ ਹੁਕਮ ਕੀਤਾ, ਜਾਹ ਸਾਜਨ ਨੂੰ ਕਹੁ ਜੀਪ ਘੱਲੇ। ਅਸਾਂ ਪਿੰਡਾਂ ਵਿਚ ਜਾਣਾ ਹੈ? ਸਤਿਗੁਰੂ ਜੀ ਕੋਲ ਜੀਪਾਂ ਕਾਰਾਂ ਦੀ ਕਮੀ ਕੋਈ ਨਹੀਂ ਸੀ ਪਰ ਉਹਨਾਂ ਤਾਂ ਮੇਰੇ ਤੇ ਬਖਸ਼ਿਸ਼ ਕਰਨੀ ਸੀ।



Sri Satguru Jagjit Singh Ji eLibrary NamdhariElibrary@gmail.com

ਦੁਪਹਿਰ ਦਾ ਵੇਲਾ ਸੀ। ਮਹਿੰਦਰ ਸਿੰਘ ਖੂਹ ਤੇ ਜੀਪ ਨੂੰ ਧੋ ਰਿਹਾ ਸੀ। ਸਤਿਗੁਰੂ ਜੀ ਦਾ ਹੁਕਮ ਲੈ ਕੇ ਸਿੰਘ ਮੇਰੇ ਘਰ ਪੁੱਜਾ। ਅੱਗੇ ਮੇਰੇ ਪਿਤਾ ਜੀ ਸੂ; ਈਸ਼ਰ ਸਿੰਘ ਜੀ ਬੈਠੇ ਸਨ। ਉਹਨਾਂ ਆਏ ਸਿੰਘ ਨੂੰ ਜੀ ਆਇਆਂ ਆਖਕੇ ਪਾਣੀ ਪੁਛਿਆ ? ਤਾਂ ਉਸ ਸਿੰਘ ਨੇ ਮੇਰੇ ਪਿਤਾ ਜੀ ਨੂੰ ਸਤਿਗੁਰੂ ਜੀ ਦਾ ਹੁਕਮ ਸੁਣਾਉਂਦਿਆ ਕਿਹਾ ਕਿ ਸੱਚੇ ਪਾਤਸ਼ਾਹ ਜੀ ਪਿੰਡਾਂ ਵਿਚ ਸੰਗਤਾਂ ਨੂੰ ਦਰਸ਼ਨ ਦੇਣ ਜਾਣਾ ਹੈ ਇਸ ਲਈ ਉਹਨਾਂ ਨੇ ਜੀਪ ਮੰਗਾਈ ਹੈ। ਪਿਤਾ ਜੀ ਹੁਕਮ ਸੁਣਦਿਆਂ ਕਿਸੇ ਵਜ਼ਦ ਵਿਚ ਆ ਗਏ। ਉਹਨਾਂ ਮਹਿੰਦਰ ਸਿੰਘ ਨੂੰ ਆਖਿਆ ? ਛੇਤੀ ਕਰ ਮੇਰੇ ਸਤਿਗੁਰੂ ਜੀ ਦਾ ਹੁਕਮ ਆਇਆ ਹੈ। ਮੇਰੇ ਸਤਿਗੁਰੂ ਦਾ ਹੁਕਮ ਆਇਆ ਹੈ ਜੀਪ ਲੈ ਜਾਹ ? ਛੇਤੀ ਲੈ ਜਾਹ ਮਸਤਾਨ ਗੜ੍ਹ ਅਤੇ ਜਿੰਨਾਂ ਚਿਰ ਸਤਿਗੁਰੂ ਜੀ ਆਪ ਹੁਕਮ ਨਾ ਕਰਨ ਤੂੰ ਜੀਪ ਲੈ ਕੇ ਘਰ ਨਹੀਂ ਆਉਣਾ ? ਮੈਂ ਇਸ ਵਾਰਤਾ ਨੂੰ ਸੰਖੇਪ ਵਿਚ 'ਤੋਪ ਦਾ ਹਾਣੀ' ਕਿਤਾਬ ਵਿਚ 'ਕੱਲਰ ਦਾ ਬੀਜ' ਨਾਮ ਦੀ ਕਹਾਣੀ ਵਿਚ ਵੀ ਜ਼ਿਕਰ ਕੀਤਾ ਹੈ।

ਮੇਰੀ ਬਹੁਤ ਦੇਰ ਦੀ ਖਾਹਿਸ਼ ਸੀ ਕਿ ਮੈਂ ਆਪਣੀ ਜ਼ਿੰਦਗੀ ਦੇ ਸਤਿਗੁਰੂ ਜੀ ਨਾਲ ਬਿਤਾਏ ਪਲ ਯਾਦ ਕਰਾਂ ਪਰ ਵਕਤ ਤੋਂ ਪਹਿਲਾਂ ਕੋਈ ਕੁਝ ਨਹੀਂ ਕਰ ਸਕਦਾ ਅਤੇ ਜਿੰਨਾਂ ਚਿਰ ਉਹ ਆਪ ਨਾ ਕਰਾਏ ਕੁਝ ਨਹੀਂ ਹੋ ਸਕਦਾ। ਮੈਂ ਬਾਰਾਂ ਸਾਲ ਤੋਂ ਕੁਝ ਨਹੀਂ ਸਾਂ ਲਿਖ ਰਿਹਾ। ਮੇਰੇ ਮਿੱਤਰ ਕਈ ਵਾਰ ਲਿਖਣ ਨੂੰ ਆਖਦੇ। ਮੈਂ ਜਤਨ ਕਰਦਾ ਪਰ ਇਕ ਅੱਖਰ ਵੀ ਨਹੀਂ ਸੀ ਲਿਖਿਆ ਜਾਂਦਾ। ਕਰੀਬ - ਕਰੀਬ ਲਿਖਣਾ ਭੁਲ ਹੀ ਚੁਕਾ ਸਾਂ ਅਤੇ ਨਾ ਲਿਖਣ ਦਾ ਕਾਰਨ ਵੀ ਸਤਿਗੁਰੂ ਜੀ ਨਾਲ ਹੀ ਜੁੜਦਾ ਹੈ।

ਨਾਮਧਾਰੀ ਪੰਥ ਦੇ ਮਹਾਨ ਲੇਖਕ ਕਵੀ ਪ੍ਰੀਤਮ ਸਿੰਘ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਲਾ ਕੇ ਵਰਤਮਾਨ ਸਤਿਗੁਰੂ, ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਦਾ ਇਤਿਹਾਸ ਬੀਤੇ ਦੀਆਂ ਪੈੜਾਂ ਲਿਖ ਰਹੇ ਸੀ । ਉਹਨਾਂ ਦੀ ਖੋਜ ਅਤੇ ਲੇਖਣੀ ਨਾਮਧਾਰੀ ਪੰਥ ਨੂੰ ਵਡਮੁੱਲੀ ਦੇਣ ਸੀ ਪਰ ਜੋ ਉਹ ਲਿਖ ਰਹੇ ਸੀ ਉਹ ਸਿਰਫ ਬੀਤੇ ਦੀਆਂ ਪੈੜਾਂ ਤਕ ਹੀ ਸੀਮਤ ਸੀ। ਅੱਖੀਂ ਡਿਠਾ ਹਾਲ ਅਤੇ ਵਕਤ ਦੇ ਕਿਰਦਾਰ ਨੂੰ ਉਹ ਅੱਖੋਂ ਪਰੋਖੇ ਰੱਖ ਰਹੇ ਸੀ । ਮੈਂ ਉਹਨਾਂ ਦੀ ਇਹ ਮਿਹਨਤ ਕੂਕਾ ਪੰਥ ਨੂੰ ਦੇਣ ਦਾ ਰਿਣੀ ਸਾਂ ਪਰ ਜੋ ਇਸ ਵਕਤ ਪੰਥ ਵਿਚ ਗਿਰਾਵਟਾਂ ਆ ਰਹੀਆਂ ਸੀ ਜਿਨ੍ਹਾਂ ਨਾਲ ਪੰਥ ਦੀ ਛੱਬੀ ਨੂੰ ਢਾਹ ਲੱਗ ਰਹੀ ਸੀ। ਕਵੀ ਜੀ ਉਸ ਨੂੰ ਅੱਖੋਂ ਪਰੋਖੇ ਰੱਖ ਰਹੇ ਸੀ। ਮੈਂ ਇਹ ਸਭ ਵੇਖ ਕੇ ਨਾ ਰਹਿ ਸਕਿਆ ਅਤੇ ਚੁਪ ਕੀਤੇ ਬਿਨਾਂ ਕਿਸੇ ਦੀ ਸਲਾਹ ਲਿਆਂ ਅਤੇ ਬਿਨਾਂ ਕਿਸੇ ਨੂੰ ਦੱਸਣ ਦੇ ਲਿਖਣਾ ਸ਼ੁਰੂ ਕਰ ਦਿਤਾ। ਕਵੀ ਜੀ ਨੇ ਆਪਣੀ ਇਤਿਹਾਸਕ ਪੁਸਤਕ ਦਾ ਨਾਮ "ਬੀਤੇ ਦੀਆਂ ਪੈੜਾਂ" ਰੱਖਿਆ ਸੀ ਅਤੇ ਮੈਂ ਇਸ ਦੇ ਉਲਟ ਆਪਣੀ



Sri Satguru Jagjit Singh Ji eLibrary NamdhariElibrary@gmail.com

ਕਿਤਾਬ ਦਾ ਨਾਮ ਅੱਜ ਦੇ ਕਦਮ ਰੱਖ ਲਿਆ । ਮੈਂ ਰੋਜ ਜਿੰਨਾ ਲਿਖ ਸਕਦਾ, ਲਿਖਦਾ ਰਹਿੰਦਾ। ਮੈਂ ਲੰਬੇ ਸਮੇਂ ਵਿਚ ਇਸ ਕਿਤਾਬ ਦੇ ਕਰੀਬ ਤਿੰਨ ਕੁ ਸੌ ਪੇਜ਼ ਲਿਖ ਚੁੱਕਾ ਸੀ ਅਤੇ ਮੇਰੇ ਲਿਖਣ ਬਾਰੇ ਕਿਸੇ ਨੂੰ ਪਤਾ ਨਹੀਂ ਸੀ। ਇਹ ਮੈਂ ਆਪਣੇ ਲੇਖਕ ਗੁਰੂ ਸੰਤ ਤਰਨ ਸਿੰਘ ਜੀ ਵਹਿਮੀ ਤੋਂ ਸਿਖਿਆ ਸੀ। ਉਹਨਾਂ ਨੇ ਨਾਮਧਾਰੀ ਪੰਥ ਦਾ ਇਤਿਹਾਸ ਲਿਖਿਆ ਬਿਨਾਂ ਕਿਸੇ ਲਾਲਚ ਦੇ, ਬਿਨਾਂ ਕਿਸੇ ਦਬਾਅ ਦੇ। ਕਿਤੋਂ ਕੁਝ ਮਿਲਣ ਦੀ ਆਸ ਨਹੀਂ ਰੱਖੀ। ਨਾ ਪੈਸਾ ਤੇ ਨਾ ਹੀ ਸ਼ਾਬਾਸ਼ ਵਾਸਤੇ ਇੱਛਾ ਰੱਖੀ। ਬੱਸ ਜੋ ਵੇਖਿਆ, ਲਿਖਿਆ। ਮੈਂ ਵੀ ਇਸੇ ਬਿਨਾਂ ਤੇ ਅੱਖੀਂ ਵੇਖੇ ਹਾਲਾਤ ਲਿਖਣੇ ਸ਼ੁਰੂ ਕਰ ਦਿਤੇ ਅਤੇ ਕਿਤਾਬ ਦਾ ਨਾਮ "ਅੱਜ ਦੇ ਕਦਮ" ਰੱਖਿਆ। ਇਕ ਦਿਨ ਮੋਹਨ ਸਿੰਘ ਸੈਣੀ ਸੰਤ ਨਗਰ, ਮੇਰੇ ਘਰ ਆਇਆ ਤਾਂ ਮੈਂ ਉਹਦੇ ਵਾਸਤੇ ਦੂਜੇ ਕਮਰੇ ਵਿਚ ਪਾਣੀ ਲੈਣ ਗਿਆ ਤਾਂ ਮੇਰੇ ਆਉਣ ਤੱਕ ਉਸਨੇ ਮੇਰੇ ਤਾਜੇ ਲਿਖੇ ਇਕ ਦੋ ਪੇਜ਼ ਪੜ੍ਹ ਲਏ। ਕੁਝ ਸਮੇਂ ਬਾਅਦ ਮੋਹਨ ਸਿੰਘ ਨੇ ਸਤਿਗੁਰੂ ਜੀ ਨੂੰ ਦੱਸਿਆ ਕਿ ਸਾਜਨ ਅਜਿਹਾ ਕੁਝ ਲਿਖ ਰਿਹਾ ਹੈ। ਸਤਿਗੁਰੂ ਜੀ ਗੁਰਦੇਵ ਸਿੰਘ ਮੁਦਾਰ ਨੂੰ ਸਿਰਸਾ ਮੇਰੇ ਘਰ ਭੇਜ ਮੈਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ। ਮੈਂ ਹੁਕਮ ਪਾ ਕੇ ਸ੍ਰੀ ਭੈਣੀ ਸਾਹਿਬ ਗਿਆ। ਅੰਦਰਲੀ ਕੋਠੀ ਜਿਥੇ ਸਤਿਗੁਰੂ ਜੀ ਦਾ ਨਿਵਾਸ ਅਸਥਾਨ ਹੈ, ਉਸਦੇ ਬਾਹਰ ਘਾਹ ਉਤੇ ਕੁਰਸੀ ਤੇ ਆਣ ਬੈਠੇ। ਕੋਲ ਹੀ ਸੰਤ ਤਰਸੇਮ ਸਿੰਘ ਜੀ ਪ੍ਰੀਤਮ ਸਿੰਘ ਜੀ ਕਵੀ ਅਤੇ ਮੈਂ ਸਤਿਗੁਰੂ ਚਰਨਾਂ ਵਿਚ ਬੈਠ ਗਏ। ਕੁਝ ਚਿਰ ਏਧਰ ਉਧਰ ਦੇ ਬਚਨ ਕਰਨ ਪਿਛੋਂ ਸਤਿਗੁਰੂ ਜੀ ਹੋਰਾਂ ਫੁਰਮਾਇਆ ਸਾਜਨ, ਅੱਜ ਕਲ ਲੱਗਦੈ ਤੈਨੂੰ ਬਹੁਤ ਮਿਹਨਤ ਕਰਨੀ ਪੈ ਰਹੀ ਹੈ, ਥਕਾਵਟ ਕਾਫੀ ਹੋ ਜਾਂਦੀ ਹੋਵੇਗੀ ? ਮੈਂ ਕਿਹਾ, "ਦੀਨ ਦਿਆਲ ਮੈਂ ਆਪ ਜੀ ਦੀ ਇਹ ਰਮਜ ਜਾਣ ਨਹੀਂ ਸਕਿਆ" ਤਾਂ ਸਤਿਗੁਰੂ ਜੀ ਕਿਹਾ "ਅੱਜ ਦੇ ਕਦਮ ਲਿਖਣ ਦੀ ਗੱਲ ਕਰ ਰਿਹਾ ਹਾਂ, ਰਮਜ ਤਾਂ ਕੋਈ ਨਹੀਂ।" ਮੈਂ ਕਿਹਾ ਗਰੀਬ ਨਿਵਾਜ਼ ਮਿਹਨਤ ਕਾਹਦੀ ਹੈ ਜੋ ਲਿਖਾਉਂਦੇ ਹੋ, ਲਿਖੀ ਜਾ ਰਿਹਾ ਹਾਂ। ਚਲੋ ਜੇ ਮੈਂ ਹੀ ਲਿਖਾ ਰਿਹਾ ਹਾਂ ਤਾਂ ਮੈਂ ਹੀ ਇਹ ਕਹਿੰਦਾ ਹਾਂ ਬੀਤੇ ਦੀਆਂ ਪੈੜਾਂ ਠੀਕ ਹਨ ਅਤੇ ਅੱਜ ਦੇ ਕਦਮ ਠੀਕ ਨਹੀਂ। ਮੈਂ ਅਰਜ਼ ਕੀਤੀ ਸੱਚੇ ਪਾਤਸ਼ਾਹੋ ਕਵੀ ਜੀ ਨੂੰ ਜਿਸ ਤਰ੍ਹਾਂ ਬੀਤੇ ਦੀਆਂ ਪੈੜਾਂ ਠੀਕ ਦਿੱਸਦੀਆਂ ਹਨ। ਮੈਨੂੰ ਅੱਜ ਦੇ ਕਦਮ ਠੀਕ ਦਿੱਸਦੇ ਹਨ। ਸਤਿਗੁਰੂ ਜੀ ਹੋਰਾਂ ਬਚਨ ਕੀਤਾ ਇਹ ਵੀ ਦੱਸ ਨਾ, ਮੈਨੂੰ ਕੀ ਠੀਕ ਦਿਸਦਾ ਹੈ, ਮੈਨੂੰ ਤੇਰੇ ਅੱਜ ਦੇ ਕਦਮ ਚੰਗੇ ਨਹੀਂ ਲੱਗਦੇ , ਜੇ ਮੈਂ ਤੇਰਾ ਕੁਝ ਲੱਗਦਾ ਹਾਂ ਤਾਂ ਸਰਸੇ ਜਾ ਕੇ ਸੰਤ ਗੁਰਦਿਆਲ ਸਿੰਘ ਸਾਬਕਾ ਐਡੀਟਰ ਸਤਿਜੁੱਗ ਦੇ ਸਾਹਮਣੇ ਸਾਰਾ ਲਿਖਿਆ ਸਾੜ ਦੇਹ ਅਤੇ ਅਗੋਂ ਕਦੇ ਅੱਜ ਦੇ ਕਦਮ ਵਰਗਾ ਨਹੀਂ ਲਿਖਣਾ, ਇਹ ਮੇਰਾ ਤੇਰੇ ਵਾਸਤੇ ਹੁਕਮ ਹੈ। ਮੈਂ ਬਿਨਾ ਕੁਝ ਬੋਲੇ ਸਿਰ ਨਿਵਾ ਸਰਸੇ ਆ ਕੇ ਸੰਤ ਗੁਰਦਿਆਲ ਸਿੰਘ ਜੀ ਸਾਬਕਾ ਐਡੀਟਰ ਦੇ ਸਾਹਮਣੇ ਸਾਰਾ ਲਿਖਿਆ ਸਾੜ ਦਿੱਤਾ ਅਤੇ ਮੁੜ ਕੇ ਕਦੇ ਕੁਝ ਨਾ ਲਿਖਿਆ।



Sri Satguru Jagjit Singh Ji eLibrary NamdhariElibrary@gmail.com

ਇਕ ਲੰਮਾ ਸਮਾਂ ਬਿਨਾਂ ਲਿਖਿਆਂ ਗੁਜ਼ਰ ਜਾਣ ਪਿੱਛੋਂ ਇਕ ਕਿਸਮ ਦੀ ਲਿਖਣ ਦੀ ਮੈਨੂੰ ਜਾਚ ਹੀ ਨਹੀਂ ਸੀ ਰਹਿ ਗਈ।

ਸਤਿਗੁਰ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਮੈਂ ਪਹਿਲੀ ਵਾਰ ਥਾਈਲੈਂਡ ਦੀ ਰਾਜਧਾਨੀ ਬੰਕੋਕ ਵਿੱਚ ਸਤਿਗੁਰੂ ਜੀ ਨਾਲ ਹਵਾਈ ਜਹਾਜ ਦਾ ਸਫ਼ਰ ਅੱਠਾਰਾਂ ਸੌ ਬਹੱਤਰ ਵਿਚ ਕੀਤਾ। ਇਸ ਤੋਂ ਪਿਛੋਂ ਕਈ ਵਾਰ ਥਾਈਲੈਂਡ, ਮਲੇਸ਼ੀਆ, ਸਿੰਘਾਪੁਰ, ਇੰਡੋਨੇਸ਼ੀਆ, ਹਾਂਗਕਾਂਗ ਤੇ ਇੱਕ ਵਾਰ ਜਪਾਨ ਵੀ ਵੇਖ ਆਇਆ ਪਰ ਇੰਗਲੈਂਡ ਅਤੇ ਅਮਰੀਕਾ ਜਾਣ ਦੀ ਦਿਲ ਵਿਚ ਤਾਂਘ ਲੱਗੀ ਰਹਿੰਦੀ। ਇਕ ਵਾਰ ਇੰਗਲੈਂਡ ਦੇ ਵੀਜ਼ੇ ਦੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋ ਸਕਿਆ। ਇਕ ਦਿਨ ਦਿੱਲੀ ਤੋਂ ਮੇਰੇ ਮਿੱਤਰ ਜਸਵਿੰਦਰ ਸਿੰਘ ਹਿਸਟੋਰੀਅਨ ਨੇ ਫੋਨ ਤੇ ਦੱਸਿਆ ਕਿ ਅਮਰੀਕਾ ਵਿਚ ਸ. ਦਰਸ਼ਨ ਸਿੰਘ ਮਿੱਲਵਾਕੀ ਵੱਲੋਂ ਇਟਲਾਂਟਾ ਵਿੱਚ ਪੰਜਾਬੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ ਹੈ ਅਤੇ ਪੰਜਾਬ ਵਿਚਲੇ ਸਾਰੇ ਪ੍ਰਬੰਧ ਦੇ ਜ਼ਿੰਮੇਵਾਰੀ ਹਰਵਿੰਦਰ ਸਿੰਘ ਜੀ ਹੰਸਪਾਲ ਹੁਰਾਂ ਦੀ ਹੈ । ਇਸ ਵਿੱਚ ਨਾਮਧਾਰੀ ਲੇਖਕ ਵੀ ਭਾਗ ਲੈਣ ਜਾ ਰਹੇ ਹਨ, ਤੂੰ ਹੰਸਪਾਲ ਜੀ ਨਾਲ ਗੱਲ ਕਰ ਲੈ। ਮੈਂ ਉਹਨਾਂ ਦੇ ਦੱਸਣ ਤੇ ਹੰਸਪਾਲ ਜੀ ਨਾਲ ਗੱਲ ਕੀਤੀ ਤਾਂ ਮੈਨੂੰ ਪੰਜਾਬੀ ਕਾਨਫਰੰਸ ਵਿਚ ਜਾਣ ਵਾਲੇ ਲੇਖਕਾਂ ਵਿਚ ਸ਼ਾਮਲ ਕਰ ਵੀਜ਼ਾ ਲੁਆਉਣ ਲਈ ਅੰਬੈਸੀ ਨੂੰ ਮੇਰਾ ਪਾਸਪੋਰਟ ਹੰਸਪਾਲ ਜੀ ਨੇ ਦਿੱਤਾ ਪਰ ਦੂਸਰੇ ਹੀ ਦਿਨ ਮੇਰੇ ਪਾਸਪੋਰਟ ਤੇ ਕੋਈ ਅਬਜੈਕਸ਼ਨ ਲੱਗ ਗਿਆ ਜਿਸ ਕਾਰਨ ਮੈਨੂੰ ਵੀਜ਼ਾ ਨਾ ਮਿਲਿਆ। ਪੰਜਾਬੀ ਕਾਨਫਰੰਸ ਵਾਲੇ ਸੱਜਣ ਅਮਰੀਕਾ ਹੋ ਕੇ ਵਾਪਸ ਆ ਗਏ ਸੀ। ਦੋ ਮਹੀਨੇ ਪਿਛੋਂ ਅੰਬੈਸੀ ਵਲੋਂ ਚਿੱਠੀ ਮਿਲੀ ਜਿਸ ਵਿੱਚ ਪਾਸਪੋਰਟ ਲਏ ਜਾਣ ਲਈ ਲਿਖਿਆ ਸੀ। ਮੈਂ ਅੰਬੈਸੀ ਤੋਂ ਪਾਸਪੋਰਟ ਲੈ ਕੇ ਵੇਖਿਆ ਤਾਂ ਉਸ ਤੇ ਮਲਟੀਪਲ ਵੀਜ਼ਾ ਲੱਗਾ ਹੋਇਆ ਸੀ। ਕਾਨਫੰਰਸ ਦਾ ਸਮਾਂ ਲੰਘ ਚੁੱਕਾ ਸੀ। ਮੈਂ ਫਿਰ ਵੀ ਹਿੰਮਤ ਕਰ ਤਿੰਨ ਹਜ਼ਾਰ ਡਾਲਰ ਦਾ ਪ੍ਰਬੰਧ ਕਰ ਅਮਰੀਕਾ ਇਹ ਸੋਚ ਕੇ ਚਲਾ ਗਿਆ ਕਿ ਜਿਸ ਦਿਨ ਡਾਲਰ ਖਤਮ ਹੋ ਜਾਣਗੇ ਵਾਪਸ ਮੁੜ ਆਵਾਂਗਾ। ਇੱਥੇ ਇਕ ਗੱਲ ਦਾ ਜ਼ਿਕਰ ਜ਼ਰੂਰ ਕਰਾਂਗਾ । ਮੈਂ ਜਿਸ ਦਿਨ ਨਿਊਯਾਰਕ ਪੁੱਜਾ ਤਾਂ ਘਰ ਟੈਲੀਫੋਨ ਕਰਨ ਵਾਸਤੇ ਇਕ ਸਰਦਾਰ ਦੀ ਦੁਕਾਨ ਤੋਂ ਕਾਲਿੰਗਕਾਰਡ ਲੈਣ ਗਿਆ । ਉਸ ਸਰਦਾਰ ਨੇ ਕਾਰਡ ਦੇਣ ਤੋਂ ਪਹਿਲਾਂ ਮੈਨੂੰ ਪੁੱਛਿਆ ਸਰਦਾਰ ਜੀ ਰਾਤ ਹੀ ਆਏ ਹੋ ? ਮੈਂ ਹਾਂ ਕਿਹਾ ਤਾਂ ਉਸ ਦੱਸਿਆ ਮੈਨੂੰ ਇੱਥੇ ਆਏ ਨੂੰ ਅੱਠਾਰਾਂ ਸਾਲ ਹੋ ਗਏ ਹਨ, ਮੈਂ ਇੱਥੇ ਬਹੁਤ ਦੁਖੀ ਹਾਂ। ਮੈਂ ਕਿਹਾ ਸਰਦਾਰ ਜੀ ਜੇ ਤੁਸੀ ਅਠਾਰਾਂ ਸਾਲ ਤੋਂ ਦੁਖੀ ਹੋ ਤਾਂ ਵਾਪਸ ਭਾਰਤ ਚਲੇ ਕਿਉਂ ਨਹੀਂ ਜਾਂਦੇ, ਇੱਥੇ ਕਿਉਂ ਦੁੱਖ ਪਾ ਰਹੇ ਹੋ। ਸਰਦਾਰ ਜੀ ਨੇ ਕਿਹਾ ਤੁਸੀ ਰਾਤ ਆਏ ਹੋ ? ਮੈਂ ਫਿਰ ਕਿਹਾ ਹਾਂ ਜੀ ਤਾਂ ਸਰਦਾਰ ਜੀ ਕਿਹਾ ਤੁਸੀਂ ਰਾਤ ਆਏ ਹੋ ਤਾਂ ਜਿਸ ਦਿਨ ਅਮਰੀਕਾ ਛੱਡ ਕੇ ਵਾਪਸ ਜਾਵੋਗੇ ਜ਼ਰਾ ਮੈਨੂੰ ਜ਼ਰੂਰ ਕਹਿਕੇ ਜਾਣਾ ਕਿ ਮੈਂ ਅਮਰੀਕਾ ਛੱਡ ਕੇ ਜਾ

ਰਿਹਾ ਹਾਂ। ਸਰਦਾਰ ਜੀ ਮੈਂ ਅਠਾਰਾਂ ਸਾਲ ਤੋਂ ਇੱਥੇ ਦੁੱਖ ਪਾ ਰਿਹਾ ਹਾਂ ਪਰ ਗਿਆ ਨਹੀਂ ਅਤੇ ਤੁਸੀਂ ਵੀ ਦੁੱਖ ਪਾਵੋਗੇ ਪਰ ਅਮਰੀਕਾ ਛੱਡ ਕੇ ਨਹੀਂ ਜਾ ਸਕੋਗੇ। ਮੈਂ ਉਸ ਦਿਨ ਤਾਂ ਉਸਦੀ ਗੱਲ ਨੂੰ ਹਾਸੇ ਹੀਣਾ ਸਮਝਿਆ ਸੀ ਪਰ ਇਹ ਸਚਾਈ ਮੈਨੂੰ ਛੇਤੀ ਹੀ ਨਜ਼ਰ ਆ ਗਈ। ਅਮਰੀਕਾ ਵਿੱਚ ਕਹਾਵਤ ਪ੍ਰਚੱਲਤ ਹੈ ਕਿ ਅਮਰੀਕਾ ਵਿਚ ਦਾਖਲ ਹੋਣ ਵਾਸਤੇ ਇਕ ਸੌ ਬਵਿੰਜਾ ਰਸਤੇ ਹਨ ਪਰ ਬਾਹਰ ਨਿਕਲਣ ਵਾਸਤੇ ਇਕ ਵੀ ਨਜ਼ਰ ਨਹੀਂ ਆਉਂਦਾ। ਜਿਹੜਾ ਇਕ ਵਾਰ ਇਸ ਵਿੱਚ ਵੜ ਗਿਆ, ਉਹ ਨਿਊਯਾਰਕ ਵਾਲੇ ਸਰਦਾਰ ਵਾਂਗ ਅੱਠਾਰਾਂ ਸਾਲ ਦੁੱਖ ਤਾਂ ਪਾ ਸਕਦਾ ਹੈ ਪਰ ਅਮਰੀਕਾ ਛੱਡ ਕੇ ਨਹੀਂ ਜਾ ਸਕਦਾ, ਸੋ ਸਰਦਾਰ ਸਾਹਿਬ ਦੀ ਆਖੀ ਗੱਲ ਮੇਰੇ ਤੇ ਵੀ ਫਿੱਟ ਬੈਠ ਗਈ। ਮੈਂ ਵੀ ਅਮਰੀਕਾ ਵੜਿਆ ਅਮਰੀਕਾ ਜੋਗਾ ਹੀ ਹੋ ਗਿਆ।

ਮੈਂ ਨਿਊਯਾਰਕ ਤੋਂ ਕੈਲੀਫੋਰਨੀਆ ਸਟੇਟ ਦੇ ਸ਼ਹਿਰ ਸੱਨਹੋਜੇ ਯੂਥ ਅਕਾਲੀਦਲ ਦੇ ਪ੍ਰਧਾਨ ਸ. ਸ਼ੇਰ ਸਿੰਘ ਡੂਮਛੇੜੀ ਦੇ ਛੋਟੇ ਲੜਕੇ ਕੋਲ ਪਹੁੰਚ ਗਿਆ। ਇਸ ਪਰਿਵਾਰ ਨਾਲ ਮੇਰੇ ਬਹੁਤ ਹੀ ਨਜ਼ਦੀਕੀ ਸਬੰਧ ਸਨ। ਮੈਂ ਦੋ ਮਹੀਨੇ ਇਹਨਾਂ ਕੋਲ ਰਿਹਾ ਅਤੇ ਇਸੇ ਸਮੇਂ ਵਿੱਚ ਉਹਨਾਂ ਮੈਨੂੰ ਪ੍ਰੇਰ ਕੇ ਪੁਲੀਟੀਕਲ ਕੇਸ ਕਰਾ ਦਿੱਤਾ। ਮੇਰੇ ਕੇਸ ਦੀ ਤਾਰੀਕ ਇੱਕ ਸਾਲ ਦੀ ਪੈ ਗਈ ਤੇ ਮੈਂ ਤਿੰਨ ਹਜ਼ਾਰ ਡਾਲਰ ਵਕੀਲ ਨੂੰ ਦਿੱਤੀ ਫੀਸ ਛੱਡ ਅੱਠ ਮਹੀਨੇ ਬਾਅਦ ਵਾਪਸ ਘਰ ਆ ਗਿਆ, ਪਰ ਇਨ੍ਹਾਂ ਨੂੰ ਕਹਿ ਆਇਆ ਕਿ ਜੇ ਮੈਨੂੰ ਮੁੜ ਵੀਜ਼ਾ ਮਿਲ ਗਿਆ ਤਾਂ ਮੈਂ ਆ ਜਾਵਾਂਗਾ। ਮੇਰੇ ਵਾਪਸ ਆਉਣ ਸਮੇਂ ਮੇਰੇ ਪੁੱਤਰਾਂ ਨੇ ਇਕ ਪਲਾਟ ਲੈ ਕੇ ਮਕਾਨ ਬਣਾਉਣਾ ਸ਼ੁਰੂ ਕੀਤਾ, ਜੋ ਦਸ ਫਰਵਰੀ 1999 ਨੂੰ ਤਿਆਰ ਹੋ ਗਿਆ। 20 ਫਰਵਰੀ 1999 ਨੂੰ ਚੰਡੀਗੜ੍ਹ ਨਾਮਧਾਰੀ ਧਰਮਸ਼ਾਲਾ ਸ਼ਾਮ ਦੇ ਦੀਵਾਨ ਵਿੱਚ ਸਤਿਗੁਰੂ ਜੀ ਹੋਰਾਂ ਦਰਸ਼ਨ ਦਿਤੇ। ਦੀਵਾਨ ਵਿੱਚ ਜਾ ਕੇ ਮੈਂ ਤੇ ਮੇਰੇ ਬੱਚਿਆਂ ਨੇ ਸਤਿਗੁਰੂ ਜੀ ਦੇ ਚਰਨਾਂ ਵਿਖੇ ਨਵੇਂ ਘਰ ਵਿਚ ਚਰਨ ਪਾਉਣ ਵਾਸਤੇ ਅਰਜ਼ ਕੀਤੀ ਤਾਂ ਸੇਵਕ ਰਛਪਾਲ ਸਿੰਘ ਜੀ ਨੇ ਕਿਹਾ ਸਾਜਨ, ਸਤਿਗੁਰੂ ਜੀ ਕੁਝ ਸਮੇਂ ਤੋਂ ਕਿਸੇ ਦੇ ਘਰ ਚਰਨ ਨਹੀਂ ਪਾਉਂਦੇ, ਪਰ ਸੱਚੇ ਪਾਤਿਸ਼ਾਹ ਜੀ ਕਿਰਪਾ ਕਰਦਿਆਂ ਸੰਤ ਤਰਸੇਮ ਸਿੰਘ ਨੂੰ ਕਿਹਾ ਤਰਸੇਮ ਸਾਜਨ ਦਾ ਘਰ ਤਾਂ ਚੰਡੀਗੜ੍ਹ ਨੂੰ ਜਾਂਦਿਆ ਰਾਹ ਵਿੱਚ ਹੀ ਹੈ ਚਲੇ ਜਾਵਾਂਗੇ। ਮੈਂ ਘਰ ਪਹੁੰਚ ਤਿਆਰੀ ਕੀਤੀ ਤਾਂ ਸੱਚੇ ਪਾਤਿਸ਼ਾਹ ਜੀ ਘੰਟੇ ਬਾਅਦ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪਰਿਵਾਰ ਤੇ ਸਭ ਸੰਗਤਾਂ ਨੇ ਚਰਨ ਪਰਸ ਲਏ ਤਾਂ ਸਤਿਗੁਰੂ ਜੀ ਸੰਗਤ ਨੂੰ ਹੁਕਮ ਕੀਤਾ ਤੁਸੀਂ ਬਾਹਰ ਉਡੀਕ ਕਰੋ ਮੈਂ ਸਾਜਨ ਨਾਲ ਕੁਝ ਗੱਲਾਂ ਕਰਨੀਆਂ ਹਨ। ਸਤਿਗੁਰੂ ਜੀ, ਸੇਵਕ ਰਛਪਾਲ ਸਿੰਘ, ਬਲਬੀਰ ਸਿੰਘ ਢਿਲੋਂ ਨੂੰ ਕੋਲ ਬਿਠਾ ਲਿਆ। ਸੱਚੇ ਪਾਤਸ਼ਾਹ ਜੀ ਹੋਰਾਂ ਘੱਟੋ ਘੱਟ ਪੌਣਾ ਘੰਟਾ ਬਚਨ ਕੀਤੇ। ਹੋਰ ਬਚਨਾਂ ਤੋਂ ਇਲਾਵਾ ਖਾਸ ਕਰਕੇ ਕਿਹਾ ਕਿ ਵੱਡਾ ਕਾਕਾ ਤੇਰੇ ਘਰ ਆਉਂਦਾ ਹੈ, ਰਾਤਾਂ ਰਹਿੰਦਾ ਹੈ



Sri Satguru Jagjit Singh Ji eLibrary NamdhariElibrary@gmail.com

ਮੈਨੂੰ ਪਤਾ ਹੈ। ਮੈਂ ਹੋਰ ਸਿੱਖਾਂ ਨੂੰ ਕਾਕੇ ਨੂੰ ਘਰ ਵੜਨ ਦੇਣ ਤੋਂ ਰੋਕਦਾ ਹਾਂ ਪਰ ਤੈਨੂੰ ਨਹੀਂ ਰੋਕਦਾ, ਇਸ ਕਰਕੇ ਮੈਨੂੰ ਕਈ ਜਾ ਕੇ ਆਖਦੇ ਹਨ ਕਿ ਤੁਸੀਂ ਸਾਜਨ ਨੂੰ ਕਿਉਂ ਨਹੀਂ ਰੋਕਦੇ ਕਿ ਠਾਕਰ ਜੀ ਨੂੰ ਘਰ ਨਾ ਵੜਨ ਦੇਣ। ਮੈਂ ਉਹਨਾ ਦੀ ਗੱਲ ਅਣਸੁਣੀ ਕਰ ਦੂਜੇ ਪਾਸੇ ਧਿਆਨ ਕਰ ਲੈਂਦਾ ਹਾਂ। ਵੇਖ ਲਏ ਮੈਂ ਦੂਜਿਆਂ ਦੇ ਸ਼ਿਕਾਇਤ ਕਰਨ ਤੇ ਵੀ ਤੈਨੂੰ ਨਹੀਂ ਕਹਿੰਦਾ। ਮੈਂ ਹੱਥ ਜੋੜ ਕੇ ਅਰਜ਼ ਕੀਤੀ ਦੀਨ ਦਿਆਲ ਜੀ ਆਪ ਜੀ ਨੇ ਬਹੁਤ ਹੀ ਕਿਰਪਾ ਕੀਤੀ ਹੈ ਮੈਨੂੰ ਹੁਕਮ ਨਹੀਂ ਕੀਤਾ ਅਤੇ ਮੇਰੀ ਬੇਨਤੀ ਹੈ ਇਸੇ ਤਰ੍ਹਾਂ ਕਿਰਪਾ ਕਰਦਿਆਂ ਅੱਗੋਂ ਵੀ ਹੁਕਮ ਨਾ ਕਰੋ ਕਿਉਂ ਕਿ ਠਾਕਰ ਜੀ ਨੇ ਕਿਸੇ ਦੇ ਘਰੋਂ ਤਾਂ ਪਰਸਾਦਾ ਛੱਕਣਾ ਹੀ ਹੈ, ਹੋਟਲ ਤੇ ਥੋੜਾ ਜਾਣਗੇ। ਹੁਕਮ ਹੋਇਆ ਚੱਲੋ ਠੀਕ ਹੈ। ਇਉਂ ਸਤਿਗੁਰੂ ਜੀ ਮੇਰੇ ਪਰਿਵਾਰ ਤੇ ਕਿਰਪਾ ਕਰ ਸ੍ਰੀ ਭੈਣੀ ਸਾਹਿਬ ਚਲੇ ਗਏ। ਇਸ ਤੋਂ ਪਿਛੋਂ ਰਾਤ ਗਿਆਰਾਂ ਵਜੇ ਇੱਕ ਸਿੱਖ ਨੇ ਮੇਰੇ ਘਰ ਆ ਕੇ ਸੁਨੇਹਾ ਦਿੱਤਾ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਹੁਕਮ ਹੈ ਤੂੰ ਅਤੇ ਬਲਬੀਰ ਸਿੰਘ ਢਿੱਲੋਂ ਸਵੇਰੇ ਆਸਾ ਦੀ ਵਾਰ ਵਿੱਚ ਸ੍ਰੀ ਭੈਣੀ ਸਾਹਿਬ ਪੁੱਜੋ। ਮੈਂ ਅਤੇ ਢਿੱਲੋਂ ਨੇ ਸਵੇਰੇ ਬੱਸ ਲਈ ਤੇ ਆਸਾ ਦੀ ਵਾਰ ਵਿੱਚ ਸ੍ਰੀ ਭੈਣੀ ਸਾਹਿਬ ਪਹੁੰਚ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਸਤਿਗੁਰੂ ਜੀ ਹੋਰਾਂ ਸਾਡੇ ਵੱਲ ਕੋਈ ਧਿਆਨ ਨਹੀਂ ਦਿੱਤਾ। ਭੋਗ ਪੈਣ ਉਪਰੰਤ ਸਤਿਗੁਰੂ ਜੀ ਕੋਠੀ ਵਿੱਚ ਚਲੇ ਗਏ। ਮੈਂ ਅਤੇ ਢਿਲੋਂ ਗਲੀ ਵਿੱਚ ਖਲੋਤੇ ਸੀ, ਥੋੜੀ ਹੀ ਦੇਰ ਪਿਛੋਂ ਸਤਿਗੁਰੂ ਜੀ ਨਿੱਕੀ ਜਿੰਨੀ ਠੇਲਾ ਗੱਡੀ ਉਤੇ ਸਵਾਰ ਹੋ ਸਾਡੇ ਕੋਲ ਗੱਡੀ ਰੋਕ ਕੇ ਹੁਕਮ ਕੀਤਾ, ਸਾਜਨ ਸ੍ਰੀ ਭੈਣੀ ਸਾਹਿਬ ਦੇ ਸਿਵੇ ਬਹੁਤ ਸੋਹਣੇ ਬਣਾਏ ਹਨ, ਆ ਤੈਨੂੰ ਵਿਖਾਵਾਂ। ਸਤਿਗੁਰੂ ਜੀ ਗੱਡੀ ਚਲਾ ਕੇ ਚਲੇ ਗਏ, ਮੈਂ ਤੇ ਢਿਲੋਂ ਕਾਹਲੇ ਕਦਮੀਂ ਸਿਵਿਆਂ ਵਿੱਚ ਪਹੁੰਚੇ, ਸੱਚੇ ਪਾਤਿਸ਼ਾਹ ਜੀ ਅਤੇ ਅਵਤਾਰ ਸਿੰਘ ਉਥੇ ਖੱਲੋਤੇ ਸਨ। ਅਸਾਂ ਦੋਨਾਂ ਨੇ ਨਮਸਕਾਰ ਕੀਤੀ। ਸਤਿਗੁਰੂ ਜੀ ਫੁਰਮਾਇਆ, ਸਾਜਨ ਮੈਂ ਤਾਂ ਕੱਲ ਤੇਰੇ ਘਰ ਤੇਰੇ ਨਾਲ ਬਹੁਤ ਗੱਲਾਂ ਕਰ ਲਈਆਂ ਹਨ, ਅਵਤਾਰ ਕਹਿੰਦਾ ਹੈ, ਮੈਂ ਸਾਜਨ ਨਾਲ ਤਿੰਨ ਚਾਰ ਗੱਲਾਂ ਕਰਨੀਆਂ ਹਨ, ਸੋ ਤੂੰ ਅਵਤਾਰ ਦੀਆਂ ਗੱਲਾਂ ਸੁਣ ਲੈ। ਅਵਤਾਰ ਸਿੰਘ ਨੇ ਮੇਰੇ ਨਾਲ ਤਿੰਨ ਗੱਲਾਂ ਕੀਤੀਆਂ ਜਿਨ੍ਹਾਂ ਦੇ ਮੈਂ ਆਪਣੀ ਸਮਝ ਮੁਤਾਬਕ ਜੁਆਬ ਦਿੱਤੇ। ਮੈਂ ਤੇ ਅਵਤਾਰ ਸਿੰਘ ਗੱਲਾਂ ਕਰ ਰਹੇ ਸੀ ਅਤੇ ਸਤਿਗੁਰੂ ਜੀ ਕੋਲ ਖਲੋਤੇ ਸੁਣ ਕੇ ਮੁਸਕਰਾ ਰਹੇ ਸੀ। ਅਵਤਾਰ ਸਿੰਘ ਨਾਲ ਗੱਲ ਖਤਮ ਹੋਈ, ਤਾਂ ਸੱਚੇ ਪਾਤਿਸ਼ਾਹ ਜੀ ਹੋਰਾਂ ਹੁਕਮ ਕੀਤਾ ਸਾਜਨ, ਤੂੰ ਵੱਡੇ ਕਾਕੇ ਨੂੰ ਮਨਾ ਉਹ ਛੇ ਮਹੀਨੇ ਬੰਗਲੌਰ ਚਲਾ ਜਾਵੇ ਅਤੇ ਉਥੇ ਹੀ ਰਹੇ। ਮੈਂ ਅਰਜ਼ ਕੀਤੀ ਦੀਨ ਦਿਆਲ ਜੀ ਠਾਕਰ ਜੀ ਨੂੰ ਮੈਂ ਚਾਰ ਮਾਰਚ ਨੂੰ ਦਮਦਮੇ ਬਾਜੇ ਵਾਲਿਆਂ ਦੇ ਘਰ ਮਿਲਣਾ ਹੈ, ਮੈਂ ਉਥੇ ਆਪ ਜੀ ਦਾ ਹੁਕਮ ਠਾਕਰ ਜੀ ਨੂੰ ਸੁਣਾ ਦੇਵਾਂਗਾ ਅਤੇ ਮੈਨੂੰ ਯਕੀਨ ਹੈ ਉਹ ਆਪ ਜੀ ਦਾ ਇਹ ਹੁਕਮ ਜ਼ਰੂਰ ਮੰਨਣਗੇ। ਫੇਰ ਸਤਿਗੁਰੂ ਜੀ ਹੋਰਾਂ ਕਿਹਾ ਅੱਜ ਇਥੇ ਸੰਤ ਤਰਨ



Sri Sat

ਸਿੰਘ ਜੀ ਵਹਿਮੀ ਦੀ ਇਕੀਵੀਂ ਬਰਸੀ ਮਨਾਈ ਜਾ ਰਹੀ ਹੈ, ਤੁਸੀਂ ਲੰਗਰ ਛੱਕ ਕੇ ਪ੍ਰੋਗਰਾਮ ਵਿਚ ਪੁੱਜ ਜਾਵੋ।

ਬਾਈ ਫਰਵਰੀ ਨੂੰ ਰੋਪੜ ਤੋਂ ਮੇਰੇ ਨਾਲ ਸਤਿਗੁਰੂ ਜੀ ਹੋਰਾਂ ਫੋਨ ਤੇ ਕਈ ਬਚਨ ਕੀਤੇ ਅਤੇ ਨਾਲ ਹੀ ਦੱਸਿਆ ਕਿ ਤੇਰੇ ਘਰ ਬੰਕੋਕ ਵਾਲੇ ਸੱਤਪਾਲ ਸਿੰਘ ਗੁਲ੍ਹਾਟੀ ਸਣੇ ਸਿੰਘਣੀ ਆ ਰਹੇ ਹਨ, ਇਹਨਾਂ ਦੀ ਸੇਵਾ ਕਰਨੀ।

30 ਮਾਰਚ 1999 ਨੂੰ ਸੱਚੇ ਪਾਤਿਸ਼ਾਹ ਜੀ ਨਵੇਂ ਬਖਸ਼ੇ ਘਰ ਵਿੱਚ ਅਖੰਡ ਪਾਠ ਦੀ ਮਨਜ਼ੂਰੀ ਦੇ ਦਿਤੀ। ਸ੍ਰੀ ਭੈਣੀ ਸਾਹਿਬ ਤੋਂ ਹੀ ਪਾਠੀਆਂ ਦਾ ਜਥਾ ਗੁਰਦਿਆਲ ਸਿੰਘ ਰਾਇਸਰੀ ਦੀ ਦੇਖ ਰੇਖ ਵਿੱਚ ਆਇਆ। ਇਸ ਆਖੰਡ ਪਾਠ ਦਾ ਭੋਗ ਆਸਾ ਦੀ ਵਾਰ ਦੇ ਕੀਰਤਨ ਬਾਅਦ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਿਆ। ਸਤਿਗੁਰੂ ਜੀ ਪਰਸਾਦ ਛੱਕ ਕੇ ਸ੍ਰੀ ਭੈਣੀ ਸਾਹਿਬ ਚਲੇ ਗਏ।

6 ਅਪਰੈਲ 1999 ਨੂੰ ਮੈਂ ਅਤੇ ਬ੍ਰਹਮਾ ਸਿੰਘ ਸ੍ਰੀ ਭੈਣੀ ਸਾਹਿਬ ਦਰਸ਼ਨਾ ਲਈ ਗਏ। ਮੈਂ ਸਤਿਗੁਰੂ ਜੀ ਕੋਲ ਅਰਜ਼ ਕਰਕੇ 9 ਅਪਰੈਲ ਨੂੰ ਅਮਰੀਕਾ ਜਾਣ ਲਈ ਆਗਿਆ ਲਈ ਬੇਨਤੀ ਕੀਤੀ, ਤਾਂ ਸਤਿਗੁਰੂ ਜੀ ਹੁਕਮ ਕੀਤਾ  ਸਾਜਨ, ਤੂੰ ਬ੍ਰਮ੍ਹਾ ਨੂੰ ਨਾਲ ਲੈ ਕੇ ਆਇਆ ਹੈਂ, ਆਗਿਆ ਤਾਂ ਦੇਣੀ ਹੀ ਪਵੇਗੀ, ਸੋ ਜਾਹ ਆਗਿਆ ਹੈ । ਸਤਿਗੁਰੂ ਜੀ ਨੇ ਮੁਸਕਰਾਂਦਿਆਂ ਖੁਸ਼ੀਆਂ ਬਖਸ਼ਸ਼ ਕੀਤੀਆਂ ਅਤੇ ਮੈ ਦੁਬਾਰਾ 9 ਅਪਰੈਲ 1999 ਨੂੰ  ਅਮਰੀਕਾ ਜਾ ਪੁਜਾ। ਇੱਥੇ ਬਲਦੇਵ ਸਿੰਘ ਜੰਡੂ ਅਤੇ ਉਸਦਾ ਛੋਟਾ ਭਰਾ ਜੋਗਾ ਸਿੰਘ ਨਾਮਧਾਰੀ ਪਰਿਵਾਰ ਦੇ ਫਰਜੰਦ ਹਨ। ਇਹਨਾਂ ਦੇ ਮਾਤਾ ਅਵਤਾਰ ਕੌਰ ਜੀ ਨੇ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਅੰਮ੍ਰਿਤਸਰ ਜਾਂਦਿਆਂ ਆਉਂਦਿਆਂ ਗੁਰਾਇਆਂ ਵਿਖੇ ਸਾਡੇ ਘਰ ਹੀ ਠਹਿਰਦੇ ਸਨ ਅਤੇ ਇਸੇ ਕਾਰਨ ਹੀ ਇਹਨਾਂ ਦੀ ਮਾਤਾ ਦੀ ਸਤਿਗੁਰੂ ਜੀ ਤੇ ਅਥਾਹ ਸ਼ਰਧਾ ਭਾਵਨਾ ਹੈ ।

ਉਂਝ ਤਾਂ ਸਨਹੋਜੇ ਸ਼ਹਿਰ ਵਿਚ ਨਾਮਧਾਰੀਆਂ ਦੇ ਚੌਦਾਂ ਪੰਦਰਾਂ ਪਰਿਵਾਰ ਹਨ ਪਰ ਬਲਦੇਵ ਸਿੰਘ, ਜੋਗਾ ਸਿੰਘ ਨਾਮਧਾਰੀ ਪੰਥ ਲਈ ਹਮੇਸ਼ਾ ਸਰਗਰਮ ਰਹਿੰਦੇ ਹਨ। ਇਸੇ ਹੀ ਸਾਲ ਇਕ ਜੂਨ ਉਨੀ ਸੌ ਨੜਿਨਵੇਂ ਨੂੰ ਸਤਿਗੁਰੂ ਜੀ ਅਪਾਰ ਕਿਰਪਾ ਕਰਦਿਆਂ ਲਾਸਇੰਜਲੈਸ (ਛੋਟਾ ਨਾਮ ਐਲੇ) ਨਾਮਧਾਰੀ ਸੰਗਤ ਨੂੰ ਦਰਸ਼ਨ ਦੀ ਕਿਰਪਾ ਕੀਤੀ। ਸਨਹੋਜੇ ਤੋਂ ਸਤਿਗੁਰੂ ਜੀ ਦੇ ਦਰਸ਼ਨਾਂ ਕਾਰਨ ਮੈਂ ਬਲਦੇਵ ਸਿੰਘ ਜੋਗਾ ਸਿੰਘ ਅਤੇ ਦਵਿੰਦਰ ਸਿੰਘ ਦੇ ਪਰਿਵਾਰ ਨਾਲ ਸਤਿਗੁਰੂ ਜੀ ਦਰਸ਼ਨ ਕਰਨ ਲਈ 'ਐਲੇ' ਗਿਆ। ਸਤਿਗੁਰੂ ਜੀ ਦੇ ਸੁਆਗਤ ਵਾਸਤੇ ਸਾਰੀ ਸੰਗਤ ਏਅਰਪੋਰਟ ਤੇ ਪੁਜੀ, ਏਅਰਪੋਰਟ ਤੋਂ ਸਤਿਗੁਰੂ ਜੀ ਸ. ਤਰਲੋਚਨ ਸਿੰਘ ਦੇ ਘਰ ਠਹਿਰੇ। ਇਹਨਾਂ ਦੇ ਘਰ ਹੀ ਸ਼ਾਮ ਦਾ ਨਾਮ ਸਿਮਰਨ, ਦੀਵਾਨ ਤੇ ਲੰਗਰ ਦਾ ਪ੍ਰਬੰਧ ਸੀ। ਦੀਵਾਨ ਦੇ ਭੋਗ ਉਪਰੰਤ ਮੈਂ ਪੰਗਤ ਵਿਚ ਬੈਠ ਪਰਸਾਦਾ ਛੱਕ ਰਿਹਾ ਸੀ ਜਾਂ ਸੇਵਕ ਰਛਪਾਲ ਸਿੰਘ ਜੀ ਕਿਹਾ "ਸਾਜਨ ਸਤਿਗੁਰੂ ਜੀ ਦਾ ਹੁਕਮ ਹੈ



Sri Satguru Jagjit Singh Ji eLibrary NamdhariElibrary@gmail.com

ਵੇਹਲਾ ਹੋ ਕੇ ਉਪਰ ਸਤਿਗੁਰੂ ਜੀ ਕਮਰੇ ਵਿਚ ਆਉਣਾ ਹੈ।" ਮੈਂ ਕਮਰੇ ਵਿੱਚ ਜਾ ਕੇ ਨਮਸਕਾਰ ਕੀਤੀ ਤਾਂ ਸਤਿਗੁਰੂ ਜੀ ਕਿਹਾ, "ਤੇਰੇ ਨਾਲ ਕਈ ਗੱਲਾਂ ਕਰਨੀਆਂ ਹਨ , ਸਵੇਰੇ ਜਲਦੀ ਚਲੇ ਜਾਣਾ ਹੈ, ਫਿਰ ਵਕਤ ਨਹੀਂ ਮਿਲਣਾ।"

ਸਤਿਗੁਰੂ ਜੀ ਆਪਣੀ ਰਸਨਾ ਤੋਂ ਦੱਸਿਆ ਕਿ ਬੀੜ ਵਿਚ ਮਹਾਰਾਜ ਜੀ ਗਏ ਸੀ, ਉਥੇ ਉਹਨਾਂ ਨੂੰ ਨਾਮਧਾਰੀ ਸਿੰਘਾਂ ਨੇ ਘੇਰਾ ਪਾ ਲਿਆ, ਬੜੀ ਮੁਸ਼ਕਲ ਨਾਲ ਨਿਕਲੇ। ਕਈਆਂ ਨੇ ਅਬਾ-ਤਬਾ ਵੀ ਬੋਲਿਆ। ਵਕੀਲ ਰੰਧਾਵਾ ਨੇ ਮਹਾਰਾਜ ਜੀ ਤੇ ਕੋਈ ਕੇਸ ਕਰ ਦਿੱਤਾ ਹੈ, ਕਿਉਂ, ਪਤਾ ਨਹੀਂ। ਗੁਰਦਿਆਲ ਸਿੰਘ ਮੰਜੀ, ਰਾਣੀਆਂ ਵਾਲੇ ਨੂੰ ਕੁੱਝ ਸਿੰਘਾਂ ਨੇ ਥਪੁਤ ਦਿਤਾ ਹੈ, ਉਹ ਵਿੱਤ ਤੋਂ ਬਾਹਰ ਗੱਲਾਂ ਕਰਦਾ ਸੀ। ਉਥੇ ਏਹੋ ਜਿਹਾ ਮਾਹੌਲ ਚੱਲ ਰਿਹਾ ਹੈ ਜੋ ਸੁਖਾਵਾਂ ਨਹੀਂ। ਮੈਂ ਅਰਜ਼ ਕੀਤੀ ਗਰੀਬ ਨਿਵਾਜ਼, ਇਹ ਲੀਲਾ ਸਮੇਟ ਕਿਉਂ ਨਹੀਂ ਲੈਂਦੇ? ਸਤਿਗੁਰੂ ਜੀ ਬਚਨ ਕੀਤਾ ਲੀਲਾ ਇਕ ਪਾਸੜ ਹੋਵੇ ਤਾਂ ਸਮੇਟੀ ਜਾ ਸਕਦੀ ਹੈ, ਪਰ ਇਹ ਦੁਵੱਲੀ ਹੈ। ਦੂਜਾ ਪਾਸਾ ਵੀ ਚਾਹੇ ਤਾਂ ਹੀ ਸਮੇਟੀ ਜਾਵੇ। ਮੈਂ ਕਈ ਵਾਰ ਕੋਸ਼ਿਸ਼ ਕੀਤੀ ਹੈ, ਮਹਾਰਾਜ ਕਿਸੇ ਕੁਲ੍ਹ ਤੇ ਨਹੀਂ ਆਉਂਦੇ। ਮੈਂ ਫਿਰ ਅਰਜ਼ ਕੀਤੀ ਸੱਚੇ ਪਾਤਿਸ਼ਾਹ ਜੀ, ਆਪ ਜੀ ਨੇ ਕੋਸ਼ਿਸ਼ ਕੀਤੀ ਹੈ ਲੀਲਾ ਸਮੇਟੀ ਨਹੀਂ।

ਗਰੀਬ ਨਿਵਾਜ਼ ਜੋ ਮੈਂ ਸੰਤ ਨਗਰ ਤੋਂ ਸਾਈਕਲ ਤੇ ਸ੍ਰੀ ਜੀਵਨ ਨਗਰ ਆ ਰਿਹਾ ਸੀ, ਆਪ ਜੀ ਸ੍ਰੀ ਜੀਵਨ ਨਗਰ ਤੋਂ ਮਸਤਾਨ ਗੜ੍ਹ ਵਾਲੀ ਸੜਕ ਤੇ ਆਏ ਸੀ, ਤਾਂ ਆਪ ਜੀ ਨੇ ਮੈਨੂੰ ਵੇਖ ਕੇ ਕਾਰ ਰੋਕੀ। ਮੈਂ ਸਾਈਕਲ ਤੋਂ ਉਤਰ ਮੱਥਾ ਟੇਕਿਆ ਤਾਂ ਆਪ ਜੀ ਕਾਰ ਵਿੱਚੋਂ ਉਤਰ ਪੈਦਲ ਮਸਤਾਨਗੜ੍ਹ ਵਾਲੀ ਸੜਕ ਤੇ ਤੁਰ ਪਏ। ਮੈਂ ਇਸ਼ਾਰਾ ਪਾ ਮਗਰ ਗਿਆ ਤਾਂ ਆਪ ਜੀ ਨੇ ਮੈਨੂੰ ਦੱਸਿਆ ਕਿ ਰਾਤ ਮਹਾਰਾਜ ਜੀ ਨਾਲ ਕਾਫੀ ਬਚਨ ਹੋਏ ਹਨ, ਜਦੋਂ ਉਹ ਕਿਸੇ ਤਰ੍ਹਾਂ ਵੀ ਨਾ ਟਿਕੇ ਤਾਂ ਮੈਂ ਮਹਾਰਾਜ ਜੀ ਨੂੰ ਖੁਸ਼ ਕਰਨ ਲਈ ਉਹਨਾਂ ਨੂੰ ਸਾਰਾ ਜੀਵਨ ਨਗਰ ਦੇ ਦਿਤਾ ਹੈ। ਮੈਂ ਅਰਜ਼ ਕੀਤੀ ਸੀ, ਸੱਚੇ ਪਾਤਿਸ਼ਾਹ ਜੀ ਆਪ ਜੀ ਤੁਸਾਂ ਕਿਹਾ ਭੈਣੀ ਸਾਹਿਬ ਰਹਿ ਲਵਾਂਗੇ। ਮੈਂ ਕਿਹਾ ਗਰੀਬ ਨਿਵਾਜ਼ ਲਾਲਚ ਦੀ ਕੋਈ ਹੱਦ ਨਹੀਂ ਹੁੰਦੀ ਜੇ ਕੱਲ ਨੂੰ ਮਹਾਰਾਜ ਜੀ ਨੇ ਭੈਣੀ ਸਾਹਿਬ ਮੰਗ ਲਿਆ ਤਾਂ ਫੇਰ ਕਿੱਥੇ ਜਾਉਗੇ? ਤਾਂ ਆਪ ਜੀ ਹੋਰਾਂ ਕਿਹਾ ਸਾਰੀ ਸੰਗਤ ਦੇ ਘਰ ਮੇਰੇ ਹੀ ਹਨ। ਹੋਰ ਵੀ ਕਈ ਬਚਨ ਕੀਤੇ।

ਮੈਂ ਅਜਿਹਾ ਸਮਾਂ ਵੇਖ ਅਰਜ਼ ਕੀਤੀ ਦੀਨ ਦਿਆਲ ਜੀ ਮੈਂ ਆਪ ਜੀ ਕੋਲ ਇੱਕ ਇਕੱਲਿਆਂ ਅਰਜ਼ ਕਰਨੀ ਹੈ। ਸਤਿਗੁਰੂ ਸੰਤ ਰਛਪਾਲ ਸਿੰਘ ਨੂੰ ਬਾਹਰ ਜਾਣ ਲਈ ਹੁਕਮ ਕੀਤਾ ਤਾਂ ਉਥੇ ਮਾਤਾ ਜੀ ਬੈਠੇ ਸਨ ਜੋ ਆਪ ਹੀ ਉਠ ਕੇ ਬਾਹਰ ਜਾਣ ਲੱਗੇ, ਤਾਂ ਮੈਂ ਮਾਤਾ ਜੀ ਨੂੰ ਕਿਹਾ, ਮਾਤਾ ਜੀ, ਆਪ ਜੀ ਨਾ ਜਾਵੋ ਤਾਂ ਮਾਤਾ ਜੀ ਕਿਹਾ ਸਾਜਨ, ਫੇਰ ਇਕੱਲਿਆਂ ਤਾਂ ਅਰਜ਼ ਨਾ ਹੋ ਸਕੀ।

ਕੋਈ ਗੱਲ ਨਹੀਂ ਮੈਂ ਅਰਜ ਹੋ ਜਾਣ ਬਾਅਦ ਅੰਦਰ ਆ ਜਾਵਾਂਗੀ।

ਮੈਂ ਅਰਜ਼ ਕੀਤੀ ਦੀਨਦਿਆਲ ਜੀ ਮੇਰੇ ਲੇਖਕ ਗੁਰੂ ਸੰਤ ਤਰਨ ਸਿੰਘ ਵਹਿਮੀ ਜੀ ਨੇ ਜੱਸ ਜੀਵਨ ਵਿਚ ਲਿਖਿਆ ਹੈ, ਸਤਿਗੁਰੂ ਪ੍ਰਤਾਪ ਸਿੰਘ ਜੀ ਹੁਕਮ ਕੀਤਾ ਜਿਸ ਵੱਡੇ ਕਾਕੇ ਦੇ ਹੁਕਮ ਨੂੰ ਮੰਨਣਾ ਹੈ ਉਹ ਇਥੇ ਰਹੇ , ਜਿਸ ਨਹੀਂ ਮੰਨਣਾ ਉਹ ਬੇਸ਼ਕ ਇਥੋਂ ਚਲਾ ਜਾਵੇ । ਆਪ ਜੀ ਦੀ ਗੁਰਤਾ ਗੱਦੀ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਹੋ ਹੁਕਮ ਅਟੱਲ ਹੋਇਆ। ਇਸੇ ਹੁਕਮ ਨੇ ਨਾਮਧਾਰੀ ਪੰਥ ਨੂੰ ਆਪ ਜੀ ਦੀ ਚਰਨੀ ਲਾਇਆ ਹੈ। ਇਸ ਹੁਕਮ ਨੂੰ ਲਿਖਣ ਵਾਲੇ ਮੇਰੇ ਲੇਖਕ ਗੁਰੂ ਸਨ, ਅਤੇ ਆਪ ਜੀ ਹੁਣ ਮੈਨੂੰ ਹੁਕਮ ਕਰੋ ਮੈਂ ਲਿਖ ਦੇਵਾਂ ਅੱਗੋਂ ਭੱਵਿਖ ਦੇ ਵਾਰਸ ਕੌਣ ਹੋਣਗੇ। ਸੰਗਤ ਕਿਸ ਦੀ ਚਰਨੀ ਲੱਗਣੀ ਹੈ, ਮੈਂ ਲਿਖ ਸੱਕਾਂ। ਸੱਚੇ ਪਾਤਿਸ਼ਾਹ ਜੀ ਹੁਕਮ ਕੀਤਾ, ਕਾਹਲਾ ਨਾ ਪਉ ਵਕਤ ਆਉਣ ਤੇ ਦੱਸ ਦੇਵਾਂਗੇ। ਕੁਝ ਸਮਾਂ ਹੋਰ ਬੈਠਣ ਪਿੱਛੋਂ ਹੁਕਮ ਹੋਇਆ ਰੌਛਪਾਲ ਸਿੰਘ ਤੇ ਮੇਰੀ ਸਿੰਘਨੀ ਭਾਵ ਮਾਤਾ ਜੀ ਨੂੰ ਅੰਦਰ ਬੁਲਾ ਲਏ। ਮੈਂ ਮਾਤਾ ਜੀ ਨੂੰ ਅੰਦਰ ਬੁਲਾਉਣ ਪਿਛੋਂ ਅਰਜ਼ ਕੀਤੀ ਗਰੀਬ ਨਿਵਾਜ਼ ਸੱਨਹੋਜੇ ਦੀ ਸੰਗਤ ਦੂਰੋਂ ਆਈ ਹੋਈ ਹੈ ਹੁਕਮ ਹੋਵੇ ਤਾਂ ਅੰਦਰ ਆ ਕੇ ਇਕ ਵਾਰ ਦਰਸ਼ਨ ਕਰ ਲਵੇ। ਹੁਕਮ ਹੋਇਆ ਬੁਲਾ ਲਓ। ਸੱਨਹੋਜੇ ਦੀ ਸੰਗਤ ਨੇ ਅੰਦਰ ਆਣ ਕੇ ਦਰਸ਼ਨ ਕੀਤੇ ਤਾਂ ਬਲਦੇਵ ਸਿੰਘ ਜੰਡੂ ਨੇ ਅਰਜ਼ ਕੀਤੀ ਗਰੀਬ ਨਿਵਾਜ਼ ਜਦੋਂ ਦਬਾਰਾ ਅਮਰੀਕਾ ਆਵੋ, ਸੱਨਹੋਜੇ ਵੀ ਜ਼ਰੂਰ ਦਰਸ਼ਨ ਦੇਣੇ। ਜਿਸ ਦੀ ਮਨਜੂਰੀ ਮਿਲ ਗਈ।

6 ਜੂਨ 2000 ਨੂੰ ਟੈਲੀਫੋਨ ਰਾਹੀਂ ਪਤਾ ਲੱਗਾ ਇਸ ਵਾਰ ਅਮਰੀਕਾ ਦੇ ਦੌਰੇ ਸਮੇਂ ਸਤਿਗੁਰੂ ਜੀ ਸਨੱਹੋਜੇ ਵੀ ਦਰਸ਼ਨ ਦੇਣ ਆ ਰਹੇ ਹਨ। ਸਨਹੋਜੇ ਦੀ ਸੰਗਤ ਦੀ ਰਾਤ ਕੁਲਵਿੰਦਰ ਸਿੰਘ ਦੇ ਘਰ ਮੀਟਿੰਗ ਹੋਈ। ਉਲੀਕੇ ਪ੍ਰੋਗਰਾਮ ਵਿੱਚ ਤਹਿ ਹੋਇਆ, ਸਤਿਗੁਰੂ ਜੀ ਦਾ ਨਿਵਾਸ ਅਸਥਾਨ ਕੁਲਵਿੰਦਰ ਸਿੰਘ ਦੇ ਘਰ, ਸੰਗਤ ਸਾਥੀਆਂ ਦਾ ਡੇਰਾ ਪ੍ਰਮਜੀਤ ਸਿੰਘ ਦੇ ਘਰ ਅਤੇ ਦੀਵਾਨ ਬਲਦੇਵ ਸਿੰਘ ਜੰਡੂ ਦੇ ਘਰ ਜੋ ਸਾਰੀ ਸੰਗਤ ਦੀ ਰਜ਼ਾਮੰਦੀ ਨਾਲ ਮਿਥਿਆ। ਉਗਰਾਹੀ ਵਿਤ ਮੁਤਾਬਿਕ ਇਸ ਉਗਰਾਹੀ ਵਿਚ 300 ਡਾਲਰ ਮੈਂ ਵੀ ਦਿਤੇ, ਪਰ ਸੰਗਤ ਨੇ ਮੇਰੇ 200 ਹੀ ਰੱਖੇ ਮੈਂ ਪੈਸੇ ਪੱਖੋਂ ਸਨੱਹੋਜੇ ਵਿਚ ਸਭ ਤੋਂ ਕਮਜ਼ੋਰ ਸਾਂ। 25 ਜੂਨ 2000 ਨੂੰ ਸਤਿਗੁਰੂ ਜੀ ਕਿਰਪਾ ਕਰ ਸਨਹੋਜੇ ਦੀ ਸੰਗਤ ਨੂੰ ਦਰਸ਼ਨ ਦਿਤੇ । ਸੰਗਤਾਂ ਨੇ ਸਤਿਗੁਰੂ ਜੀ ਦਾ ਏਅਰਪੋਰਟ ਤੇ ਨਿੱਘਾ ਸੁਆਗਤ ਕਰ ਜਲੂਸ ਦੀ ਸ਼ਕਲ ਵਿਚ ਸਤਿਗੁਰੂ ਜੀ ਨੂੰ ਨਿਵਾਸ ਅਸਥਾਨ ਤੇ ਲਿਆਂਦਾ। ਸ਼ਾਮ ਦਾ ਦੀਵਾਨ ਬਲਦੇਵ ਸਿੰਘ ਜੰਡੂਘਰ ਸਜਿਆ ਜਿਸ ਵਿਚ ਨਾਮਧਾਰੀ ਸੰਗਤ ਤੋਂ ਇਲਾਵਾ ਵੀ ਕਾਫੀ ਸੰਗਤ ਦਰਸ਼ਨਾਂ ਲਈ ਪੁੱਜੀ। ਮੇਰੇ ਵਲੋਂ ਦੀਵਾਨ ਵਿਚ ਸਤਿਗੁਰੂ ਜੀ ਸਨਹੋਜੇ ਦਰਸ਼ਨ ਦੇਣ ਤੇ ਸੁਆਗਤ ਪੱਤਰ ਪੜ੍ਹਿਆ ਗਿਆ ।



Sri Satguru Jagjit Singh Ji eLibrary NamdhariElibrary@gmail.com

੧ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਦੇਣ ਸਮੇਂ ਸੰਨਹੋਜੇ ਦੀ ਸੰਗਤ ਵਲੋਂ ਸੁਆਗਤ ਪੱਤਰ ਪ੍ਰੇਮ ਪੂਜਨੀਕ ਗਰੀਬ ਨਿਵਾਜ਼ ਦੀਨ ਦਿਆਲ ਮਿਹਰਾਂ ਦੇ ਮਾਲਕ ਸ਼ਾਇਨ ਸ਼ਾਹੋ ਅੰਦਰੂਨੀ ਤੇ ਬਾਹਰੀ ਬੇਨਤੀਆਂ:

ਤੂੰ ਘਰ ਆਵੇਂ ਸਜਨਾ ਦੇਖਾਂ ਦਰਸਨ ਤੇਰਾ ਰਾਮ।
ਆਪਨੜੇ ਘਰ ਖੜੀ ਤਕਾਂ ਮੈਂ ਮਨ ਚਾਉ ਘਨੇਰਾ ਰਾਮ

ਅਤੇ

ਜੇ ਤੂੰ ਵੱਤੈਂ ਅੰਙਣੈ ਹੱਭ ਧਰਤ ਸੁਹਾਵੈ ਹੋਇ।

ਨੂੰ ਪ੍ਰਵਾਨ ਕਰਦਿਆਂ ਸਨੌਹੋਜੇ ਸ਼ਹਿਰ ਵਿਚ ਵੱਸਦੇ ਸੇਵਕਾਂ ਨੂੰ ਦਰਸ਼ਨ ਦੇ ਕੇ ਕਿਰਤਾਰਥ ਕੀਤਾ ਹੈ। ਸਾਡੇ ਕੋਲ ਸਾਡੇ ਅਜਿਹੇ ਸ਼ਬਦ ਨਹੀਂ ਜਿਨ੍ਹਾਂ ਰਾਹੀਂ ਧੰਨਵਾਦ ਕਰ ਸਕੀਏ। ਅਸੀਂ ਤਾਂ ਦਿਲ ਦੀਆਂ ਲੱਖਾਂ ਰੀਝਾਂ ਚਾਵਾਂ ਨੂੰ ਨਾ ਸੰਭਾਲਦੇ ਹੋਏ ਸਿਰਫ ਜੀ ਆਇਆਂ ਹੀ ਕਹਿੰਦੇ ਹਾਂ। ਸਾਨੂੰ ਪਤਾ ਨਹੀਂ ਆਪ ਜੀ ਲਈ ਇਹ ਵਰਤੇ ਸ਼ਬਦ ਯੋਗ ਹਨ ਜਾਂ ਨਹੀਂ, ਸਾਨੂੰ ਤਾਂ ਸਿਰਫ ਇਨਾ ਹੀ ਪਤਾ ਹੈ ਕਿ ਬਖਸ਼ਨਹਾਰ ਸਾਡੇ ਘਰ ਆਇਆ ਹੈ, ਜੋ ਗੁਨਾਹਾਂ ਵੱਲ ਨਹੀਂ ਵੇਖਦਾ ਗੁਨਾਹਗਾਰ ਨੂੰ ਗਲ ਲਾਉਣਾ ਜਾਣਦਾ ਹੈ। ਅਸੀਂ ਆਪਣੀ ਦਸ਼ਾ ਭੀਲਣੀ ਦੇ ਧੀਰਜ ਵਾਲੀ ਤਾਂ ਨਹੀਂ ਕਹਿ ਸਕਦੇ ਪਰ ਉਸ ਵਾਲੀ ਬਖਸ਼ਿਸ਼ ਦੀ ਆਸ ਜ਼ਰੂਰ ਰੱਖਦੇ ਹਾਂ। ਬਿਦਰ ਅਤੇ ਬਿਦਰ ਦੀ ਪਤਨੀ ਵਾਲੀ ਸੇਵਾ ਕਰਨ ਦੀ ਸਮੱਰਥਾ ਨਹੀਂ ਪਰ ਹਿਰਦਿਆਂ ਦੇ ਚਾਵਾਂ ਨੂੰ ਵਿਖਾਇਆ ਵੀ ਨਹੀਂ ਜਾ ਸਕਦਾ।

ਸਤਿਗੁਰੂ ਸੱਚੇ ਪਾਤਸ਼ਾਹ ਜੀਉ ਅਸੀਂ ਕੁਝ ਵੀ ਹੋਈਏ ਪਰ ਤੁਸੀ ਤਾਂ ਸੁਦਾਮੇ ਨਾਲ ਯਾਰੀ ਨਿਭਾਣੀ ਨਹੀਂ ਭੁਲ ਸਕਦੇ। ਮੰਗਤਾ ਉਥੋਂ ਹੀ ਮੰਗਦਾ ਹੈ ਜਿਥੋਂ ਉਹਨੂੰ ਕੁਝ ਮਿਲਣ ਦੀ ਆਸ ਹੁੰਦੀ ਹੈ ਅਤੇ ਅਸੀਂ ਵੀ ਜੋ ਤੇਰੇ ਦਰ ਤੋਂ ਮੰਗੀਏ ਉਹ ਸਾਨੂੰ ਮਿਲ ਹੀ ਜਾਣਾ ਹੈ ਕਿਉਂਕਿ ਤੇਰੇ ਘਰ ਵਿਚ ਸਭ ਦਾਤਾਂ ਮੌਜੂਦ ਹਨ, ਗੁਰਬਾਣੀ ਵਿਚ ਤਾਂ ਇਥੋਂ ਤਕ ਲਿਖਿਆ ਹੈ "ਅਕ੍ਰਿਤੱਘਣਾਂ ਨੂੰ ਪਾਲਦਾ" ਪਰ ਅਸੀਂ ਤਾਂ ਤੇਰੇ ਨਾਲ ਭੀਲਣੀ ਵਾਲੀ ਭਗਤੀ ਬਿਦਰ ਵਾਲਾ ਪ੍ਰੇਮ ਤੇ ਸੁਦਾਮੇ ਵਾਲੀ ਯਾਰੀ ਦੀ ਡੀਂਗ ਨਹੀਂ ਮਾਰ ਸਕਦੇ। ਸਾਨੂੰ ਤੁਸਾਂ ਦਰਸ਼ਨ ਦਿੱਤੇ ਹਨ ਇਹ ਸਾਡੀ ਕਮਾਈ ਦਾ ਮੁੱਲ ਨਹੀਂ ਤੁਹਾਡੀ ਬਖਸ਼ਦੰਗੀ ਹੈ ਜਿਸਦੇ ਅਸੀਂ ਸ਼ੁਕਰ ਗੁਜ਼ਾਰ ਹਾਂ। ਅਸੀਂ ਇਹ ਲੋਚਦੇ ਹਾਂ ਜ਼ਿੰਦਗੀ ਵਿਚ ਸਾਨੂੰ ਅਜਿਹਾ ਸ਼ੁਕਰਾਨਾ ਕਰਨ ਦਾ ਅਵਸਰ ਵਾਰ ਵਾਰ ਮਿਲਦਾ ਰਹੇ। ਮਾਰੂਥਲ ਦੀ ਧਰਤ ਹਮੇਸ਼ਾ ਪਾਣੀ ਦੀ ਪਿਆਸੀ ਰਹਿੰਦੀ ਹੈ ਅਤੇ ਜਦੋਂ ਉਸ ਤੇ ਕਦੇ ਮਿਹਰ ਦਾ ਮੀਂਹ ਵਸਦਾ ਹੈ ਉਹ ਚਿਰ ਪਿਆਸੀ ਪਾਣੀ ਆਪਣੇ ਅੰਦਰ ਜ਼ੀਰਦੀ ਰੱਜਦੀ ਨਹੀਂ। ਸਾਡੀ ਵੀ ਅਜਿਹੀ ਦਸ਼ਾ ਹੈ। ਦੇਸ਼ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਮਾਰੂਥਲ ਦੀ ਧਰਤੀ ਵਾਂਗ ਦਰਸ਼ਨਾ ਦੀ ਹਮੇਸ਼ਾ ਲੰਮੀ



Sri Satguru Jagjit Singh Ji eLibrary NamdhariElibrary@gmail.com

ਉਡੀਕ ਕਰਦੇ ਹਾਂ । ਸਾਡਾ ਸੁਭਾਗ ਹੈ ਅੱਜ ਤੁਸਾਂ ਦਰਸ਼ਨ ਦਿਤੇ ਹਨ, ਪਰ ਟਿੱਬਿਆਂ ਦੀ ਰੇਤਾ ਵਾਂਗ ਰੱਜ ਤਾਂ ਸਾਡਾ ਵੀ ਨਹੀਂ ਹੋਣਾ। ਅਸੀ ਇਹ ਮੰਗ ਮੰਗਦੇ ਹਾਂ ਇਹਨਾਂ ਅੱਖੀਆਂ ਨੂੰ ਸੁਆਸ ਨਿਕਲਨ ਤੱਕ ਤੁਹਾਡੇ ਦਰਸ਼ਨਾਂ ਦੀ ਚਾਹ ਬਰਕਰਾਰ ਰਹੇ। ਮੈਂ ਸੁਣਿਆ ਹੈ ਤੁਹਾਡਾ ਬਚਪਨ ਵੇਖਣ ਵਾਲਿਆਂ ਨੇ ਤੁਹਾਨੂੰ ਬੇਅੰਤ ਨਾਮ ਸਿਮਰਿਆ ਹੈ। ਇਹ ਅਲੋਕਾਰ ਗੱਲ ਨਹੀਂ। ਗੁਰੂ ਨਾਨਕ ਨੂੰ ਰਾਇਬੁਲਾਰ ਨੇ ਵੀ ਕੁਝ ਵੇਖ ਕੇ ਹੀ ਅੱਲਾ ਕਰਤਾਰ ਤੇ ਪ੍ਰਮੇਸਰ ਨਾਮ ਨਾਲ ਸਿਮਰਿਆ ਸੀ। ਮੈਨੂੰ ਤਾਂ ਗੁਰਬਾਣੀ ਦੇ ਇਕ ਸ਼ਬਦ ਦੀਆਂ ਪੰਗਤੀਆਂ ਵਾਰ-ਵਾਰ ਯਾਦ ਆ ਰਹੀਆਂ ਹਨ।

**ਉਚ ਅਪਾਰ ਬੇਅੰਤ ਸੁਆਮੀ ਕਉਣ ਜਾਣੈ ਗੁਣ ਤੇਰੇ।**
**ਗਾਵਤ ਉਧਰੇ ਸੁਣਤੇ ਉਧਰੇ ਬਿਨਸੇ ਪਾਪ ਘਨੇਰੇ**

ਤੇ ਤੁਹਾਨੂੰ ਵੀ ਬੇਅੰਤ ਨਾਮ ਦਿੱਤਾ ਗਿਆ ਅੱਤਕਥਨੀ ਨਹੀਂ। ਹਨੇਰੇ ਕਮਰੇ ਵਿਚ ਦੀਵਾ ਬਾਲ ਦਿਤਾ ਜਾਵੇ ਤਾਂ ਸਾਰਾ ਕਮਰਾ ਚਾਨਣ ਨਾਲ ਭਰ ਜਾਂਦਾ ਹੈ। ਰਾਤ ਦੇ ਹਨੇਰੇ ਨੂੰ ਚੰਦ ਦੀ ਚਾਨਣੀ ਸਮੇਟ ਕੇ ਲੱਖਾਂ ਜੀਆਂ ਨੂੰ ਚਾਨਣ ਵੰਡਦੀ ਹੈ ਅਤੇ ਸੂਰਜ ਦੇ ਉਦੇ ਹੁੰਦਿਆਂ ਹੀ ਰਾਤ ਦਾ ਹਨੇਰਾ ਤੇ ਰੋਸ਼ਨੀ ਵਾਲਾ ਚੰਦ, ਸੂਰਜ ਦੇ ਚਾਨਣ ਵਿਚ ਸਿਮਟ ਜਾਂਦਾ ਹੈ। ਗੁਰਬਾਣੀ ਵਿਚ ਤਾਂ ਸਾਹਿਬ ਫੁਰਮਾਉਂਦੇ ਹਨ:

**ਜੇ ਸਉ ਚੰਦਾ ਉਗਵੈ ਸੂਰਜ ਚੜ੍ਹੇ ਹਜਾਰ।**
**ਏਤੇ ਚਾਨਣ ਹੁੰਦਿਆ ਗੁਰ ਬਿਨ ਘੋਰ ਅੰਧਾਰ।**

ਸਤਿਗੁਰੂ ਸੱਚੇ ਪਾਤਸ਼ਾਹ ਜੀਉ ਸਾਨੂੰ ਅਪਾਰ ਖੁਸ਼ੀ ਹੋਈ ਹੈ ਆਪ ਜੀ ਨੇ ਸਨਹੋਜੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਹੈ ਅਸੀਂ ਤੁਹਾਡੇ ਦਰਸ਼ਨ ਕਰਕੇ ਰੱਜਦੇ ਨਹੀਂ। ਸਾਡੇ ਮਨਾਂ ਨੂੰ ਸ਼ਾਂਤੀ, ਖੁਸ਼ੀ ਤੇ ਸੁਖ ਮਿਲਿਆ ਹੈ ਅਸਾਂ ਆਪ ਜੀ ਤੋਂ ਕੁਝ ਮੰਗਣਾ ਵੀ ਹੈ ਕਿਰਪਾ ਕਰਨੀ ਦਾਸਾਂ ਦੀਆਂ ਬੇਨਤੀਆਂ ਨੂੰ ਠੁਕਰਾਣਾ ਨਹੀਂ, ਪ੍ਰਵਾਨ ਕਰਨੀਆਂ। ਸਾਡੀ ਮੰਗ ਹੈ ਆਪ ਜੀ ਆਪਣੇ ਸੇਵਕਾ ਨੂੰ ਛੋਟੀ-ਛੋਟੀ ਆਪਣੇ ਚਰਨ ਕੰਵਲਾਂ ਦੀ ਧੂੜੀ ਬਖਸ਼ਦੇ ਰਹਿਣਾ। ਮੇਹਰ ਦੀ ਨਜ਼ਰ ਰੱਖਣੀ। ਤੁਹਾਡੇ ਬਣੇ ਹਾਂ ਤੁਹਾਡੇ ਬਣੇ ਰਹੀਏ। ਸਾਡੀ ਇਹ ਵੀ ਜੋਰਦਾਰ ਮੰਗ ਹੈ, ਜੇ ਭੇਖੋਂ ਇਕ ਵਾਰ ਤਾਂ ਮੁਖ ਕੀ ਮਾਹੂੰ ਬਾਹਰੇ; ਦਾਸਾਂ ਵਲੋਂ ਨਜਰ ਨਾ ਫੇਰਨੀ। ਆਖੀਰ ਤੇ ਮੈਂ ਸਨਹੋਜੇ ਦੀ ਸੰਗਤ ਵਲੋਂ ਜੀ ਆਇਆ ਕਹਿੰਦਾ ਹਾਂ ਤੇ ਗਲਤੀਆਂ ਦੀ ਭੁਲ ਬਖਸ਼ਾਉਂਦਾ ਸਾਰੀ ਸੰਗਤ ਵਲੋਂ ਬੇਨਤੀ ਕਰਦਾ ਹਾਂ:

ਦਰਸ਼ਨ ਦੇਖ ਜੀਵਾਂ ਗੁਰ ਤੇਰਾ । ਪੂਰਨ ਕਰਮ ਹੋਵੇ ਪ੍ਰਭ ਮੇਰਾ।
ਇਹ ਬੇਨੰਤੀ ਸੁਣ ਪ੍ਰਭ ਮੇਰੇ। ਦੇਹ ਨਾਮ ਕਰ ਆਪਣੇਂ ਚੇਰੇ।
ਆਪਣੀ ਸਰਨ ਰਾਖ ਪ੍ਰਭ ਦਾਤੇ ।



Sri Satguru Jagjit Singh Ji eLibrary NamdhariElibrary@gmail.com

ਗੁਰ ਪ੍ਰਸਾਦਿ ਕਿੰਨੇ ਵਿਰਲੇ ਜਾਤੇ।
ਸੁਣੋ ਬਿਨੋ ਪ੍ਰਭ ਮੇਰੇ ਮੀਤਾ।
ਚਰਨ ਕਚਲ ਵਸੇ ਮੇਰੇ ਚੀਤਾ। ਨਾਨਕ ਏਕ ਕਹੇ ਅਰਦਾਸ।
ਵਿਸਰ ਨਹੀਂ ਪੂਰਨ ਗੁਣਤਾਸ।
ਵਲੋਂ: ਨਾਮਧਾਰੀ ਸੰਗਤ ਸਨੱਹੇਜੇ ਸੰਤੋਖ ਸਿੰਘ ਸਾਜਨ।

ਮਿਥੇ ਪ੍ਰਗਰਾਮ ਵਿਚ ਥੋੜ੍ਹੀ ਜਿਹੀ ਤਬਦੀਲੀ ਕਰਨੀ ਪਈ। ਰਾਤ ਬਿਰਾਜਨ ਦਾ ਪ੍ਰਬੰਧ ਅੰਮ੍ਰਿਤਪਾਲ ਸਿੰਘ ਦੇ ਘਰ ਕੀਤਾ ਗਿਆ, ਇਸ ਤਬਦੀਲੀ ਤੋਂ ਕੁਲਵਿੰਦਰ ਸਿੰਘ ਦੇ ਮਨ ਵਿਚ ਗਿਲਾ ਆ ਗਿਆ, ਪਰ ਕੁਲਵਿੰਦਰ ਸਿੰਘ ਦਾ ਗਿਲਾ ਅੰਮ੍ਰਿਤਪਾਲ ਸਿੰਘ ਦੇ ਗੁਸੇ ਨਾਲੋਂ ਛੋਟਾ ਜਾਪਿਆ। ਕੁਲਵਿੰਦਰ ਸਿੰਘ ਨਾਲ ਗੱਲ ਕਰਕੇ ਗਿਲਾ ਦੂਰ ਕਰ ਦਿਤਾ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸੇਵਕਾਂ ਦੇ ਘਰੀਂ ਸਤਿਗੁਰੂ ਜੀ ਚਰਨ ਪਾਏ ਜਿਸ ਦੀ ਲਿਸਟ ਮੇਰੇ ਕੋਲ ਸੀ। ਸੱਨਹੋਜੇ ਚਰਨ ਪਾਉਣ ਪਿਛੋਂ ਕੈਲੀਫੋਰਨੀਆ ਦੇ ਸ਼ਹਿਰ ਯੂਬਾਸਿਟੀ ਦੇ ਸ. ਦੀਦਾਰ ਸਿੰਘ ਬੈਂਸ ਅਮਰੀਕਾ ਦੇ ਸਿਖ ਜਗਤ ਵਿਚ ਸਭ ਤੋਂ ਵੱਡੇ ਲੈਂਡਲਾਰਡ ਦੇ ਘਰ ਦਰਸ਼ਨ ਦਿਤੇ। ਜਿੱਥੇ ਸ. ਦੀਦਾਰ ਸਿੰਘ ਬੈਂਸ ਸਿੱਖ ਸੰਗਤਾਂ ਨਾਲ ਸੱਚੇ ਪਾਤਸ਼ਾਹ ਜੀ ਦੀ ਉਡੀਕ ਕਰ ਰਹੇ ਸਨ। ਸੰਗਤਾਂ ਦਰਸ਼ਨ ਕਰ ਚਰਨ ਪਰਸੇ । ਸਤਿਗੁਰੂ ਜੀ ਵਿਦੇਸ਼ਾਂ ਵਿਚ ਰਹਿ ਕੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਸਰੂਪ ਵਿਚ ਤਤਪਰ ਰਹਿਣ ਦਾ ਉਪਦੇਸ਼ ਦਿਤਾ। ਯੂਬਾਸਿਟੀ ਦੀਆਂ ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨ ਕਰ ਨਿਹਾਲ ਹੋਈਆਂ । ਸ੍ਰ: ਦੀਦਾਰ ਸਿੰਘ ਘਰ ਕਾਫੀ ਸਮਾਂ ਬੀਤਿਆ। ਸਤਿਗੁਰੂ ਜੀ ਅਤੇ ਦੀਦਾਰ ਸਿੰਘ ਬੈਂਸ ਨੇ ਕਈ ਪੱਖਾਂ ਤੇ ਬਚਨ ਬਿਲਾਸ ਕੀਤੇ। ਇਸ ਸਮੇਂ ਸਤਿਗੁਰੂ ਜੀ ਮੇਰੇ ਨਾਲ ਬਚਨ ਕਰ ਰਹੇ ਸੀ ਤਾਂ ਮੈਂ ਅਰਜ਼ ਕੀਤੀ ਗਰੀਬ ਨਿਵਾਜ਼ ਮੇਰੀ ਮੰਗ ਹੈ ਆਪ ਜੀ ਮੇਰੇ ਸਿਰ ਤੇ ਹੱਥ ਰੱਖੋ। ਸੱਚੇ ਪਾਤਸ਼ਾਹ ਜੀ ਕਿਹਾ ਸਾਜਨ ਮੈਂ ਤਾਂ ਤੇਰੇ ਸਿਰ ਤੋਂ ਅੱਜ ਤੱਕ ਕਦੇ ਹੱਥ ਚੁਕਿਆ ਹੀ ਨਹੀਂ ਤੈਨੂੰ ਕਦੇ ਕਦੇ ਭੁਲੇਖਾ ਕਿਉਂ ਲੱਗ ਜਾਂਦਾ ਹੈ, ਮੈਂ ਕਹਿੰਦਾ ਹਾਂ, ਤੂੰ ਇਹ ਭੁਲੇਖਾ ਦਿਲ ਵਿਚੋਂ ਕੱਢ ਦੇਹ। ਮੇਰੀਆਂ ਅੱਖਾਂ ਭਰ ਆਈਆਂ, ਸਤਿਗੁਰੂ ਜੀ ਹੁਕਮ ਕੀਤਾ ਰੱਛਪਾਲ ਫੋਟੋ ਖਿੱਚ। ਰਛਪਾਲ ਸਿੰਘ ਨੇ ਚਰਨਾਂ ਵਿਚ ਬੈਠਿਆਂ ਦੀ ਫੋਟੋ ਖਿਚੀ। ਮੈਨੂੰ ਨਹੀਂ ਪਤਾ ਉਹ ਫੋਟੋ ਰਛਪਾਲ ਸਿੰਘ ਦੇ ਰਿਕਾਰਡ ਵਿਚ ਹੈ ਜਾਂ ਨਹੀਂ। ਸਤਿਗੁਰੂ ਜੀ ਕੈਲੀਫੋਰਨੀਆ ਦੀ ਸੰਗਤ ਨੂੰ ਦਰਸ਼ਨ ਦੇ ਯੂਬਾਸਿਟੀ ਤੋਂ ਏਅਰਪੋਰਟ ਤੇ ਚਲੇ ਗਏ,ਇਸ ਸਾਰੇ ਸਮੇਂ ਦੌਰਾਨ ਸਤਿਗੁਰੂ ਜੀ ਬਚਨ ਕਰ ਗਾਹੇ ਬਗਾਹੇ ਕਿਰਪਾ ਕਰਦੇ ਰਹੇ ਜੋ ਮੇਰੇ ਲਈ ਮੇਰੀ ਜ਼ਿੰਦਗੀ ਦੀ ਅਭੁਲ ਯਾਦ ਬਣੀ ਹੋਈ ਹੈ।

ਇਸ ਵਾਰ ਮੈਂ ਇੰਡੀਆ ਗਿਆ ਤਾਂ ਮੇਰੇ ਪਰਮ ਮਿਤਰ ਮਾ: ਅਮਰੀਕ ਸਿੰਘ ਜੀ ਨੇ ਕਿਹਾ ਤੂੰ ਕਲਮ ਤਾਂ ਫੜ ਲਿਖਾਣਾ ਤਾਂ ਉਸ ਆਪ ਹੈ ਤੂੰ ਕੀ ਲਿਖਨੈ। ਕੀ



Sri Satguru Jagjit Singh Ji eLibrary NamdhariElibrary@gmail.com

ਤੇਰਾ ਆਪਣੇ ਸਤਿਗੁਰੂ ਤੋਂ ਭਰੋਸਾ ਉਠ ਗਿਆ ਹੈ? ਮੈਂ ਮਾਸਟਰ ਜੀ ਨੂੰ ਕਿਹਾ ਮਾਸਟਰ ਜੀ ਇਉਂ ਨਾ ਕਹੋ ਮੈਂ ਤਾਂ ਜਦੋਂ ਵੀ ਮੰਗਿਆ ਏ ਸਿਰਫ ਇਹੋ ਮੰਗਿਆ ਏ ਮੇਰਾ ਭਰੋਸਾ ਬਣਿਆ ਰਹੇ, ਮੇਰਾ ਭਰੋਸਾ ਨਾ ਟੁਟੇ? ਇਹੋ ਤਾਂ ਮੈਂ ਉਹਨਾਂ ਕੋਲੋ ਮੰਗਦਾ ਹਾਂ, ਬਾਕੀ ਤਾਂ ਉਹ ਮੈਨੂੰ ਬਿਨ ਮੰਗਿਆਂ ਹੀ ਦੇਈ ਜਾ ਰਹੇ ਹਨ। ਏਨਾਂ ਦੇਈ ਜਾ ਰਹੇ ਹਨ ਜਿਸਦਾ ਮੈਂ ਕਿਆਸ ਵੀ ਨਹੀਂ ਕਰ ਸਕਦਾ। ਮਾਸਟਰ ਜੀ ਕਿਹਾ ; ਤੂੰ ਕੁਝ ਹੋਰ ਨਾ ਲਿਖ ਸਿਰਫ ਸਤਿਗੁਰੂ ਜੀ ਨਾਲ ਬਿਤਾਏ ਪਲਾਂ ਨੂੰ ਹੀ ਯਾਦ ਕਰ।

ਮੈਨੂੰ ਇੰਡੀਆ ਤੋਂ ਆਏ ਨੂੰ ਤਿੰਨ ਮਹੀਨੇ ਬੀਤ ਗਏ ਸਨ; ਮੇਰਾ ਜੀ ਕਰੇ ਲਿਖਾਂ। ਪਰ ਸਮਝ ਨਹੀਂ ਸੀ ਆਉਂਦੀ ਕੀ ਲਿਖਾਂ? ਇਕ ਦਿਨ ਰਾਤ ਸੁੱਤਾ ਪਿਆ ਸੀ ਕਰੀਬ ਤਿੰਨ ਕੁ ਦਾ ਵਕਤ ਹੋਵੇਗਾ ਜਾਂ ਸਤਿਗੁਰੂ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਹੋਰਾਂ ਸੁਪਨੇ ਵਿਚ ਦਰਸਨ ਦਿਤੇ ਅਤੇ ਮੈਨੂੰ ਪੁਛਿਆ ਸਾਜਨ ਤੂੰ ਇੰਡੀਆ ਇਸ ਵਾਰ ਮਾਸਟਰ ਅਮਰੀਕ ਸਿੰਘ ਨੂੰ ਮਿਲ ਕੇ ਆਇਆ ਏਂ ਕਿ ਨਹੀਂ? ਇਨਾਂ ਹੀ ਬਚਨ ਕੀਤਾ ਤੇ ਅੱਖ ਖੁਲ ਗਈ। ਮਨ ਨੂੰ ਵਿਸ਼ਵਾਸ ਹੋ ਗਿਆ ਕਿ ਸਤਿਗੁਰੂ ਜੀ ਲਿਖਣ ਵਾਸਤੇ ਹੀ ਹੁਕਮ ਕੀਤਾ ਹੈ। ਜੋ ਮਾਸਟਰ ਅਮਰੀਕ ਸਿੰਘ ਨਾਲ ਗੱਲ ਹੋਈ ਸੀ ਕਿ ਆਪਣੇ ਸਤਿਗੁਰੂ ਨਾਲ ਬਿਤਾਏ ਪਲ ਲਿਖ ਜੋ ਮੈਂ ਫਿਰ ਭੁਲ ਚੁੱਕਾ ਸਾਂ; ਸੋ ਸਤਿਗੁਰੂ ਜੀ ਨੇ ਆਪ ਕਿਰਪਾ ਕਰਕੇ ਯਾਦ ਕਰਾ ਕੇ ਲਿਖਣ ਲਈ ਹੁਕਮ ਕੀਤਾ ਹੈ ਬੱਸ ਅਰਦਾਸ ਕੀਤੀ ਤੇ ਕਲਮ ਫੜ੍ਹ ਲਿਖਣ ਲੱਗਾ। ਸੋਚਣ ਦੀ ਲੋੜ ਖਤਮ ਹੋ ਗਈ ਜਿਉਂ ਜਿਉਂ ਲਿਖਦਾ ਜਾਂਦਾ ਆਪਣੇ ਆਪ ਹੀ ਬੀਤੇ ਪਲ ਤਸਵੀਰ ਵਾਂਗ ਉਘੜ ਕੇ ਸਾਹਮਣੇ ਆਈ ਜਾਂਦੇ। ਮੇਰੀ ਮਜਬੂਰੀ ਹੈ ਕਿ ਮੈਂ ਸਾਹਿਤਕਾਰਾਂ ਵਾਂਗ ਲੱਫੇਦਾਰ ਸ਼ਬਦ ਪਾਠਕਾਂ ਨੂੰ ਨਹੀਂ ਦੇ ਸਕਦਾ । ਇਸ ਦਾ ਕਾਰਨ ਹੈ ਕਿ ਮੈਂ ਤਾਂ ਕੋਰਾ ਅਨਪੜ੍ਹ ਹਾਂ ਇਹ ਦਾਤ ਤਾਂ ਮੇਰੇ ਉਸੇ ਪ੍ਰੀਤਮ ਦੀ ਹੈ ਜਿਸਦਾ ਮੈਂ ਜੱਸ ਸਮਝੋ ਜਾਂ ਉਹਦੀ ਕਿਰਪਾ ਦਾ ਪਾਤਰ ਬਣ ਗੁਜ਼ਰੇ ਵਕਤ ਨੂੰ ਯਾਦ ਕਰ ਰਿਹਾ ਹਾਂ।

ਅਰਦਾਸ ਕੀਤੀ ਕਲਮ ਫੜੀ ਤੇ ਬੈਠ ਗਿਆ। ਮੈਨੂੰ ਇਉਂ ਭਾਸਣ ਲਗਾ ਜਿਵੇਂ ਮੇਰੇ ਸਾਹਮਣੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਸ਼ਾਂ ਦੇ ਅੰਬਾਰ ਲੱਗੇ ਪਏ ਹਨ। ਮੈਂ ਤਾਂ ਉਹਨਾਂ ਅੰਬਾਰਾਂ ਵਿਚੋਂ ਇਕ ਪੜ੍ਹੋਪੀ ਵੀ ਨਹੀਂ ਵਰਤ ਸਕਨੀ। ਮੈਂ ਇਤਿਹਾਸ ਲਿਖਣ ਦੀ ਬੁੱਧੀ ਨਹੀਂ ਰਖਦਾ। ਇਤਿਹਾਸ ਲਿਖਣ ਲਈ ਨਾਮਧਾਰੀ ਪੰਥ ਵਿਚ ਬਹੁਤ ਵੱਡੇ ਵੱਡੇ ਵਿਦਵਾਨ ਬੈਠੇ ਹਨ। ਮੈਂ ਤਾਂ ਸਿਰਫ ਸਤਿਗੁਰੂ ਜੀ ਦੇ ਚਰਨਾਂ ਵਿਚ ਬਿਤਾਏ ਲਮਹੇ ਤੇ ਉਹਨਾਂ ਦੀਆਂ ਮੇਰੇ ਤੇ ਕੀਤੀਆਂ ਬਖਸ਼ਿਸ਼ਾਂ ਵਿਚੋਂ ਕੁਝ ਕੁ ਕਿਣਕਿਆਂ ਨੂੰ ਯਾਦ ਕਰਨਾ ਚਾਹੁੰਦਾ ਹਾਂ। ਗੁਰੂ ਗ੍ਰਾਥਾ ਤੇ ਗੁਰੂ ਜੱਸ ਲਿਖਣਾ ਤੇ ਕਰਨਾਂ ਮੇਰੀ ਸਮਰਥਾ ਤੋਂ ਬਾਹਰ ਹੈ। ਮੈਂ ਚਾਹੁੰਦਾ ਮੈਂ



Sri Satguru Jagjit Singh Ji eLibrary NamdhariElibrary@gmail.com

ਆਪਣੇ ਨਾਲ ਬੀਤੀਆਂ ਨੂੰ ਹੀ ਜਾਦ ਕਰਾਂ। ਮੈਂ ਆਪਣੇ ਸਤਿਗੁਰੂ ਦੇ ਚਰਨਾਂ ਵਿਚ ਖਲੋ ਕੇ ਤਾਂ ਨਹੀਂ ਅੰਦਰੋਂ ਪ੍ਰਾਰਥਨਾ ਕਰਦਾ ਹਾਂ; ਮੇਰੀ ਇਛਾ ਪੂਰੀ ਕਰਨ।

ਸਤਿਗੁਰੂ ਜੀ ਦੀ ਬਖਸ਼ਿਸ਼ ਕਰਨ ਦਾ ਵਰਨਣ ਕਰਨਾ ਬਹੁਤ ਔਖਾ ਹੈ, ਸਤਿਗੁਰੂ ਜਗਜੀਤ ਸਿੰਘ ਜੀ ਦਾ ਆਪਣੇ ਸਿੱਖ ਨੂੰ ਪਿਆਰ ਕਰਨ ਦਾ ਆਪਣਾ ਹੀ ਢੰਗ ਹੈ। ਉਹਨਾਂ ਨੇ ਹਰ ਸਿਖ ਦੀ ਨਬਜ਼ ਤੇ ਕਦੋਂ ਤੇ ਕਿਥੇ ਉਂਗਲ ਰੱਖਣੀ ਹੈ; ਇਹ ਉਹਨਾਂ ਦੀ ਆਪਣੀ ਹੀ ਵਿਲਖੱਣਤਾ ਹੈ। ਗੁਰੂ ਦੇ ਕਿਸੇ ਸਿੱਖ ਨੂੰ ਪੁਛੋ ਉਹ ਇਹੋ ਹੀ ਕਹੇਗਾ ਮੈਨੂੰ ਸਤਿਗੁਰੂ ਜੀ ਬਹੁਤ ਪਿਆਰ ਕਰਦੇ ਹਨ। ਪਰ ਅਸਲ ਵਿਚ ਉਹ ਹੈਨ ਹੀ ਪਿਆਰ ਵੰਡਣ ਵਾਸਤੇ। ਸਤਿਗੁਰੂ ਜੀ ਗੁਰੂ ਰੂਪ ਵਿਚ ਆਉਣ ਪਿਛੋਂ ਸੰਗਤ ਦੀਆਂ ਖੁਸ਼ੀਆਂ ਲੈਣੀਆਂ ਪਹਿਲਾ ਉਹਨਾ ਦਾ ਮੰਤਵ ਸੀ। ਮੇਲਾ ਕੋਈ ਵੀ ਹੋਵੇ ਕਿਤੇ ਵੀ ਹੋਵੇ, ਉਹਨਾਂ ਨੇ ਲਾਂਗਰੀਆਂ ਨੂੰ ਹੁਕਮ ਕਰਨਾ ਸਵੇਰੇ ਲੰਗਰ ਵਿਚ ਜਲੇਬੀਆਂ ਹੀ ਵਰਤਣ? ਕਦੇ ਬੂੰਦੀ, ਕਦੇ ਮੇਸੂ, ਤੇ ਕਦੇ ਪਕੌੜੇ। ਪਕੌੜੇ ਖਾ ਕੇ ਸੰਗਤ ਨੇ ਖੂਹ ਨੂੰ ਹੀ ਯਾਦ ਕਰੀ ਜਾਣਾ।

## ਬੂੰਦੀ ਦਾ ਲੰਗਰ

ਇਕ ਵਾਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਕਰੀਬ ਕਰੀਬ ਦੋ ਕੁ ਮਹੀਨਿਆਂ ਪਿਛੋਂ ਸ੍ਰੀ ਜੀਵਨ ਨਗਰ ਆਏ ਤੇ ਜਿਸ ਪਿੰਡੋਂ ਕੋਈ ਆਉਂਦਾ; ਉਸ ਨੂੰ ਕਹਿੰਦੇ ਕੋਲ੍ਹ ਨੂੰ ਸ੍ਰੀ ਜੀਵਨ ਨਗਰ ਬੂੰਦੀ ਦਾ ਲੰਗਰ ਹੈ। ਹਰ ਪਿੰਡ ਵਿਚ ਸਤਿਗੁਰੂ ਜੀ ਦੇ ਸ੍ਰੀ ਜੀਵਨ ਨਗਰ ਆਉਣ ਦਾ ਪਤਾ ਲਗ ਗਿਆ। ਅਤੇ ਨਾਲ ਹੀ ਬੂੰਦੀ ਦੇ ਲੰਗਰ ਦਾ। ਸੰਗਤ ਨੂੰ ਦੋ ਲਾਹੇ ਲੈਣ ਦਾ ਮੌਕਾ ਮਿਲ ਗਿਆ। ਸਤਿਗੁਰੂ ਜੀ ਦੇ ਦੀਦਾਰ ਤੇ ਦੇਸੀ ਘਿਉ ਦੀ ਬੂੰਦੀ ਛਕਣ ਲਈ। ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਸਮੇਂ ਕਾਫੀ ਸੰਗਤ ਜੁੜ ਗਈ। ਨਾਮਧਾਰੀ ਸਾਹਿਤ ਸਭਾ ਦੇ ਕੁਝ ਮੈਂਬਰ ਵੀ ਪਹੁੰਚ ਗਏ। ਸਭਾ ਦੇ ਮੈਂਬਰ ਇਕ ਥਾਂ ਇੱਕਠੇ ਸਾਰੇ ਬੈਠੇ ਸੀ। ਸੱਚੇ ਪਾਤਸ਼ਾਹ ਜੀ ਵੇਖਿਆ ਤਾਂ ਪੰਗਤ ਵਿਚ ਆਕੇ ਕਵੀਆਂ ਨੂੰ ਕਿਹਾ ਉਠੋ ਤੁਸੀਂ ਵਿਚ ਕਿਵੇਂ ਆਣ ਬੈਠੇ ਹੋ? ਅਸੀਂ ਜਿੰਨੇ ਮੈਂਬਰ ਸੀ ਉਠ ਖਲੋਤੇ। ਜਿਥੋਂ ਉਠੇ ਸੀ; ਪੰਗਤ ਵਿਚ ਕੋਲ ਬੈਠਿਆਂ ਨੇ ਸ਼ਰਾਰਤੀ ਨਜ਼ਰਾਂ ਨਾਲ ਮੁਸਕਰਾ ਕੇ ਵਿਦਾਇਗੀ ਦਿਤੀ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਥੋੜ੍ਹਾ ਸਬਰ ਰਖੋ ਪਹਿਲਾਂ ਸੰਗਤ ਨੂੰ ਵਰਤਾਉ ਅਤੇ ਫੇਰ ਆਪ ਖਾਉ। ਹੁਕਮ ਪਾ ਵਰਤਾਉਣ ਤਾਂ ਲਗੇ,ਪਰ ਸਾਨੂੰ ਖਾਣ ਦਾ ਤਾਂ ਚੰਗਾ ਤਜਰਬਾ ਸੀ ਪਰ ਵਰਤਾਉਣ ਵਲੋਂ ਮੂਰੇ ਹੀ ਸਾਂ। ਪਰ ਮੁਤਾ ਸੋਹਣਾ ਸਾਰ ਗਏ। ਸਾਰੀ ਸੰਗਤ ਲੰਗਰ ਛੱਕ ਲਿਆ ਤਾਂ ਵਰਤਾਉਣ ਵਾਲਿਆਂ ਦੀ ਪੰਗਤ ਲਗ ਗਈ। ਸੱਚੇ ਪਾਤਿਸ਼ਾਹ ਜੀ ਬੂੰਦੀ ਵਰਤਾ ਰਹੇ ਸੀ। ਹਰੇਕ ਥਾਲੀ ਵਿਚ ਭਰਵਾਂ ਬੁਕ ਪੈ ਰਿਹਾ ਸੀ। ਮੈਂ ਤੇ ਮਾਸਟਰ ਅਮਰੀਕ ਸਿੰਘ



Sri Satguru Jagjit Singh Ji eLibrary NamdhariElibrary@gmail.com

ਇਕ ਥਾਂ ਬੈਠੇ ਸੀ। ਉਥੋਂ ਸੱਚੇ ਪਾਤਸ਼ਾਹ ਜੀ ਲਉ ਜੀ ; ਲਉ ਜੀ ਆਖ ਕੇ ਸਾਡੇ ਤੋਂ ਅਗਲੇ ਸਿਖ ਦੀ ਥਾਲੀ ਵਿਚ ਬੁੱਕ ਜਾ ਪਾਇਆ। ਸਾਡੀਆਂ ਥਾਲੀਆਂ ਫੜੀਆਂ ਹੀ ਰਹਿ ਗਈਆਂ। ਪੰਗਤ ਬੂੰਦੀ ਛਕ ਰਹੀ ਸੀ; ਥੋੜ੍ਹੇ ਸਮੇਂ ਪਿਛੋਂ ਸੱਚੇ ਪਾਤਸ਼ਾਹ ਜੀ ਫਿਰ ਵਰਤਾਉਂਦੇ ਆਏ; ਸਾਡੀਆਂ ਥਾਲੀਆਂ ਖਾਲੀ ਵੇਖ ਕੇ ਆਖਿਆ ਸਾਜਨ ? ਤੁਸਾਂ ਬੜੀ ਛੇਤੀ ਬੂੰਦੀ ਛਕ ਲਈ ਹੈ ? ਲੋ ਹੋਰ ਲਉ, ਖੁੱਲ੍ਹੇ ਦਿਲ ਨਾਲ ਪਾਉ, ਰੱਜ ਕੇ ਖਾਉ ਅਤੇ ਬੂੰਦੀ ਦਾ ਬੁਕ ਅਗਲੇ ਸਿੰਘ ਦੀ ਥਾਲੀ ਵਿਚ ਜਾ ਲਦਿਆ। ਮੈਂ ਤੇ ਮਾਸਟਰ ਜੀ ਢੀਠ ਪੁਣੇ ਨਾਲ ਖਾਂਦਿਆਂ ਵੱਲ ਵੇਖ ਰਹੇ ਸਾਂ। ਜਦੋਂ ਸੱਚੇ ਪਾਤਸ਼ਾਹ ਜੀ ਤੀਜੀ ਵਾਰ ਆਏ ਤਾਂ ਮਾਸਟਰ ਜੀ ਆਖਿਆ ਗਰੀਬ ਨਿਵਾਜ਼ ਅਸੀਂ ਦੋ ਰਹਿ ਗਏ ਹਾਂ, ਤਾਂ ਸੱਚੇ ਪਾਤਸ਼ਾਹ ਜੀ ਬਚਨ ਕੀਤਾ ਤੁਹਾਡੇ ਕੋਲ ਤਾਂ ਸਾਰੇ ਬੈਠੇ ਹਨ ਤੁਸੀਂ ਕਹਿ ਰਹੇ ਹੋ ਅਸੀਂ ਦੋ ਰਹਿ ਗਏ ਹਾਂ, ਅਤੇ ਬੂੰਦੀ ਦਾ ਬੁਕ ਅਗਲੀ ਹੀ ਥਾਲੀ ਵਿਚ ਜਾ ਡਿਗਾ। ਸਾਰੀ ਪੰਗਤ ਨੇ ਰੱਜ ਕੇ ਬੂੰਦੀ ਛਕੀ ਪਰ ਅਸੀ ਦੋਨੋਂ ਹੀ ਖਾਲੀ ਮੁੱਛਾਂ ਤੇ ਹੱਥ ਫੇਰਦੇ ਉਠ ਖਲੋਤੇ। ਅਸੀਂ ਉਠ ਕੇ ਤੁਰੇ ਤਾਂ ਸੱਚੇ ਪਾਤਸ਼ਾਹ ਸਾਨੂੰ ਸੁਣਾ ਕੇ ਆਖਿਆ, ਮੈਂ ਤਾਂ ਹਾਲੇ ਇਸ਼ਨਾਨ ਕਰਕੇ ਪਰਸਾਦਾ ਛਕਣਾ ਹੈ। ਅਸੀਂ ਝੱਟ ਸਮਝ ਗਏ ਤੇ ਪਰਾਂ ਜਾ ਕੇ ਅਰਾਮ ਨਾਲ ਬੈਠ ਗਏ। ਸੱਚੇ ਪਾਤਸ਼ਾਹ ਜੀ ਇਸ਼ਨਾਨ ਕਰਕੇ ਸਾਨੂੰ ਅੰਦਰ ਸੱਦ ਲਿਆ। ਸੰਤ ਰਤਨ ਸਿੰਘ ਜੀ ਸਾਨੂੰ ਦੋਹਾਂ ਨੂੰ ਥਾਲੀਆਂ ਫੜਾ ਦਿਤੀਆਂ ਅਤੇ ਸੱਚੇ ਪਾਤਸ਼ਾਹ ਜੀ ਦੇ ਕੋਲ ਬਹਿ ਕੇ ਲੱਗੇ ਛੱਕਣ।

ਕਵੀ ਪ੍ਰੀਤਮ ਸਿੰਘ ਜੀ ਸਤਿਜੁਗ ਅਖਬਾਰ ਦੇ ਸੰਪਾਦਕ ਸਨ; ਇਹਨਾਂ ਦੇ ਸੰਪਾਦਕ ਬਨਣ ਤੋਂ ਪਹਿਲਾਂ ; ਸਤਿਜੁਗ ਸਪਤਾਹਿਕ ਅਖਬਾਰ ਤੋਂ ਮੰਥਲੀ ਮੈਗਜ਼ੀਨ ਦੇ ਰੂਪ ਵਿਚ ਛਪ ਰਿਹਾ ਸੀ। ਪਰ ਇਹਨਾਂ ਦੇ ਆਉਣ ਤੇ ਮੰਥਲੀ ਮੈਗਜ਼ੀਨ ਤੋਂ ਫਿਰ ਸਪਤਾਹਿਕ ਅਖਬਾਰ ਦਾ ਰੂਪ ਦੇ ਦਿਤਾ ਗਿਆ। ਕਵੀ ਜੀ ਹਰ ਪੱਖ ਤੋਂ ਸੁਲਝੇ ਹੋਏ ਲਿਖਾਰੀ ਸਨ। ਇਹਨਾਂ ਨੇ ਜਿੰਨਾਂ ਚਿਰ ਡਿਉਟੀ ਨਿਭਾਹੀ; ਈਮਾਨਦਾਰੀ ਤੇ ਸੁਚੱਜੇ ਢੰਗ ਨਾਲ ਨਿਭਾਈ। ਪਰ ਕਿਸੇ ਨਿਕੀ ਜਿਹੀ ਗੱਲ ਤੇ ਮਹਾਰਾਜ ਬੀਰ ਸਿੰਘ ਜੀ ਅੜ ਗਏ ਤੇ ਨਤੀਜਾ, ਕਵੀ ਜੀ ਸੰਪਾਦਕ ਸਤਿਜੁਗ ਦੀ ਡਿਉਟੀ ਤੋਂ ਸੇਵਾ ਮੁਕਤ ਕਰ ਦਿੱਤੇ।

### ਸੰਪਾਦਕੀ

ਇਹ ਇਕ ਹਾਦਸਾ ਹੀ ਸੀ, ਪਰ ਹੋ ਗਿਆ। ਵਕਤੀ ਤੌਰ ਤੇ ਸਤਿਜੁਗ ਦਾ ਸੰਪਾਦਕ ਕੋਈ ਹੈ ਨਹੀਂ ਸੀ। ਸੱਚੇ ਪਾਤਾਸ਼ਾਹ ਜੀ ਨੇ ਅਚਾਨਕ ਗੁਰਭਜਨ ਸਿੰਘ ਨਿਜੀ ਸਕਤਰ ਨੂੰ ਕਿਹਾ ਆਦਮੀ ਭੇਜ ਕੇ ਸੰਤਨਗਰ ਤੋਂ ਸਾਜਨ ਨੂੰ ਸੱਦ ? ਮੈਂ ਆਪਣੇ ਖੇਤ ਵਿਚ ਨਰਮਾ ਗੁੱਡ ਰਿਹਾ ਸੀ; ਸ੍ਰੀ ਜੀਵਨ ਨਗਰ ਤੋਂ ਆਏ ਸਿੰਘ



Sri Satguru Jagjit Singh Ji eLibrary NamdhariElibrary@gmail.com

ਘਰ ਆ ਕੇ ਮੇਰੇ ਪਿਤਾ ਜੀ ਨੂੰ ਕਿਹਾ: ਸੱਚੇ ਪਾਤਸ਼ਾਹ ਜੀ ਨੇ ਸਾਜਨ ਨੂੰ ਸ੍ਰੀ ਜੀਵਨ ਨਗਰ ਸੱਦਿਆ ਹੈ, ਤਿਆਰ ਹੋ ਕੇ ਸ੍ਰੀ ਜੀਵਨ ਨਗਰ ਪਹੁੰਚ ਜਾਵੇ। ਸਿੰਘ ਹੁਕਮ ਸੁਣਾ ਵਾਪਸ ਚਲਾ ਗਿਆ। ਪਿਤਾ ਜੀ ਮੈਨੂੰ ਖੇਤ ਸੁਨੇਹਾ ਭੇਜ ਦਿਤਾ ਤੇ ਮੇਰੀ ਪਤਨੀ ਕਪੂਰ ਕੌਰ ਨੂੰ ਬੁਲਾ ਕੇ ਕਿਹਾ ਸਤਿਗੁਰੂ ਜੀ ਦਾ ਹੁਕਮ ਆਇਆ ਹੈ; ਤੂੰ ਸੰਤੋਖ ਦੇ ਕਪੜੇ ਸੋਧ ਦੇ ਤਿਆਰ ਕਰ ਉਸਨੇ ਸ੍ਰੀ ਜੀਵਨ ਨਗਰ ਅਖੰਡ ਪਾਠ ਕਰਨ ਜਾਣਾ ਹੈ। ਪਿਤਾ ਜੀ ਸੋਚਿਆ, ਅਖੰਡ ਪਾਠ ਲਈ ਪਾਠੀ ਦੀ ਲੋੜ ਹੋਵੇਗੀ ਜੋ ਸਤਿਗੁਰੂ ਜੀ ਨੇ ਇਸ ਨੂੰ ਬੁਲਾਇਆ ਹੈ। ਮੈਂ ਖੇਤ ਵਿਚੋਂ ਆ ਕੇ ਸੋਧ ਦੇ ਕਪੜਿਆਂ ਵਾਲਾ ਝੋਲਾ ਚੁਕ ਸ੍ਰੀ ਜੀਵਨ ਨਗਰ ਪਹੁੰਚ ਗਿਆ। ਸ੍ਰੀ ਜੀਵਨ ਨਗਰ ਪਹੁੰਚ ਕੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ, ਸਤਿਗੁਰੂ ਮੈਨੂੰ ਤੇ ਗੁਰਭਜਨ ਸਿੰਘ ਨੂੰ ਨਾਲ ਲੈ ਕੇ ਬਾਹਰ ਨੂੰ ਤੁਰ ਪੈ। ਬਾਹਰ ਖੂਹ ਕੋਲ ਆਕੇ ਖੜੇ ਹੋ ਗਏ। ਗੁਰਭਜਨ ਸਿੰਘ ਨੂੰ ਕਿਹਾ ਮੈਨੂੰ ਸਤਿਜੁਗ ਦੇ ਦਫਤਰ ਦੀਆਂ ਚਾਬੀਆਂ ਦੇਹ। ਗੁਰਭਜਨ ਨੇ ਜੇਬ ਵਿਚੋਂ ਚਾਬੀਆਂ ਕੱਢਕੇ ਸਤਿਗੁਰੂ ਜੀ ਨੂੰ ਫੜਾ ਦਿੱਤੀਆਂ। ਸੱਚੇ ਪਾਤਸ਼ਾਹ ਜੀ ਚਾਬੀਆਂ ਫੜ ਸਤਿਜੁਗ ਦੇ ਦਫਤਰ ਅੱਗੇ ਆਣ ਰੁਕੇ ਅਤੇ ਮੈਨੂੰ ਹੁਕਮ ਕੀਤਾ, ਇਸ ਤਾਲੇ ਨੂੰ ਅਹਿ ਚਾਬੀ ਲਗਦੀ ਹੈ ਲੈ ਤਾਲਾ ਖੋਲ। ਮੈਂ ਚਾਬੀਆਂ ਲੈ ਤਾਲਾ ਖੋਲ੍ਹਿਆ, ਤਾਂ ਸਤਿਗੁਰੂ ਜੀ ਕਮਰੇ ਅੰਦਰ ਲੰਘ ਖਲੋ ਗਏ ਮੈਂ ਅੰਦਰ ਸੱਚੇਪਾਤਸ਼ਾਹ ਜੀ ਦੇ ਕੋਲ ਖਲੋਤਾ ਸੀ, ਗੁਰਭਜਨ ਸਿੰਘ ਦੋ ਮਿੰਟਾਂ ਬਾਅਦ ਬੂਹੇ ਅਗੇ ਖੜਾ ਹੋ ਕਹਿਣ ਲਗਾ ਸਤਿਜੁਗ ਦੇ ਸੰਪਾਦਕ ਸਾਜਨ ਜੀ ਮੈਂ ਅੰਦਰ ਆ ਸਕਦਾ? ਮੈਂ ਚੁਪ ਰਿਹਾ ਤਾਂ ਉਸ ਦੁਬਾਰਾ ਫੇਰ ਉਸੇ ਤਰ੍ਹਾਂ ਕਿਹਾ। ਪਰ ਮੈਨੂੰ ਤਾਂ ਪਤਾ ਨਹੀਂ ਸੀ, ਮੈਂ ਇਸ ਲਈ ਚੁਪ ਸਾਂ। ਸਤਿਗੁਰੂ ਜੀ ਕਿਹਾ ਦਸ ਉਹਨੂੰ ਅੰਦਰ ਆਵੇ ਜਾਂ ਨਾ? ਮੈਂ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਮੈਂ ਮੈਂ ਹੀ ਆਖਿਆ ਸੀ, ਜਾਂ ਹੁਕਮ ਹੋਇਆ ਉਹਨੂੰ ਅੰਦਰ ਆਉਣ ਨੂੰ ਤਾਂ ਕਹਿ ਦੇ ਬਾਕੀ ਗਲ ਫੇਰ ਕਰੀਂ? ਮੈਂ ਹੁਕਮ ਮੰਨ ਆਉ ਜੀ ਕਿਹਾ।

ਗੁਰਭਜਨ ਸਿੰਘ ਅੰਦਰ ਆਇਆ ਤਾਂ ਸੱਚੇਪਾਤਸ਼ਾਹ ਜੀ ਨੇ ਉਸਨੂੰ ਕਿਹਾ ਗੁਰਭਜਨ ਸਾਜਨ ਨੂੰ ਸੱਭ ਕੁਝ ਸਮਝਾ ਦੇਹ। ਗੁਰਭਜਨ ਨੇ ਕਿਹਾ ਸਾਜਨ ਸੱਚੇਪਾਤਸ਼ਾਹ ਜੀ ਦੇ ਹੁਕਮ ਮੁਤਾਬਕ ਤੂੰ ਅੱਜ ਤੋਂ ਸਤਿਜੁਗ ਅਖਬਾਰ ਦਾ ਸੰਪਾਦਕ ਹੈਂ। ਅਹਿ ਦਫਤਰ ਤੇਰਾ ਹੈ। ਅਤੇ ਅੱਜ ਤੋਂ ਤੂੰ ਸਤਿਜੁਗ ਅਖਬਾਰ ਦਾ ਜ਼ਿੰਮੇਵਾਰ ਹੈਂ। ਮੈਂ ਸਤਿਗੁਰੂ ਜੀ ਨੂੰ ਬੇਨਤੀ ਕੀਤੀ; ਜੀ ਮੇਰਾ ਖੇਤੀ ਦਾ ਕੰਮ ਹੈ; ਨਾਲ ਹੀ ਮੈਂ ਅਨਪੜ੍ਹ ਹਾਂ ਮੈਨੂੰ ਅਖਬਾਰ ਬਾਰੇ ਕੁਝ ਵੀ ਨਹੀਂ ਪਤਾ। ਗੁਰਭਜਨ ਨੇ ਕਿਹਾ ਤੂੰ ਚੁਪ ਕਰਕੇ ਸਤਿਗੁਰੂ ਜੀ ਦਾ ਬਚਨ ਮੰਨ ਜੋ ਸਤਿਗੁਰੂ ਜੀ ਕੀਤਾ ਹੈ ਉਹੋ ਠੀਕ ਹੈ, ਮੈਂ ਤੇਰੇ ਨਾਲ ਮਦਦ ਕਰਾਂਗਾ। ਸਤਿਗੁਰੂ ਜੀ ਹੁਕਮ ਕੀਤਾ ਮੈਂ ਤੁਹਾਡੇ ਦੋਹਾਂ ਦੀ ਮਦੱਦ ਕਰਾਂ ਗਾ। ਚਾਬੀਆਂ ਫੜ ਤੇ ਇਥੇ ਬੈਠ ਜਾਹ ਮੈਂ ਨਿਤਨੇਮ ਵਿਚ



Sri Satguru Jagjit Singh Ji eLibrary NamdhariElibrary@gmail.com

ਜਾਣਾ ਹੈ ਟਾਈਮ ਹੋ ਗਿਆ ਹੈ। ਮੈਂ ਰਾਤ ਨੂੰ ਘਰ ਆ ਕੇ ਪਿਤਾ ਜੀ ਨੂੰ ਦਸਿਆ, ਤਾਂ ਉਹ ਕਹਿਣ ਲੱਗੇ ਇਹ ਜਿੰਮੇਵਾਰੀ ਨਾ ਚੁਕ। ਗੁਰੂ ਘਰ ਵਿਚ ਸੇਵਾ ਕਰੀਦੀ ਹੈ ਤੇ ਬਦਨਾਮੀ ਪਲੇ ਪੈਂਦੀ ਹੈ। ਸਵੇਰੇ ਸਤਿਗੁਰੂ ਜੀ ਕੋਲ ਜਾਕੇ ਚਾਬੀਆਂ ਮੋੜ ਦੇ ਮੈਂ ਕਿਹਾ ਪਿਤਾ ਜੀ ਮੈਂ ਅਰਜ਼ਾਂ ਕਰ ਕਰ ਵੇਖ ਲਿਆ ਹੈ, ਸਤਿਗੁਰੂ ਜੀ ਕਹਿੰਦੇ ਹਨ ਇਹ ਮੇਰਾ ਹੁਕਮ ਹੈ। ਮੈਂ ਸਵੇਰੇ ਸ੍ਰੀ ਜੀਵਨ ਨਗਰ ਜਾਣ ਲਈ ਤਿਆਰ ਹੋਇਆ, ਤਾਂ ਪਿਤਾ ਜੀ ਨੇ ਮੈਨੂੰ ਕੋਲ ਸਦ ਕੇ ਕਿਹਾ, ਤੂੰ ਬੜੀ ਵੱਡੀ ਜ਼ਿੰਮੇਵਾਰੀ ਲੇ ਲਈ ਹੈ, ਪਰ ਮੇਰੀ ਇਕ ਗੱਲ ਯਾਦ ਰਖੀਂ ਇਹ ਗੁਰੂ ਘਰ ਹੈ ਇਥੇ ਕਿਸੇ ਵਸਤ ਦਾ ਘਾਟਾ ਨਹੀਂ। ਧਿਆਨ ਰੱਖੀਂ ਗੁਰੂ ਘਰ ਵਿਚੋਂ ਲੁਕਾ ਕੇ ਗੁੜ ਵੀ ਨਹੀਂ ਖਾਣਾ। ਲੁਕਾ ਕੇ ਖਾਧਾ ਗੁੜ ਵੀ ਮੋਹਰਾ ਬਣ ਲੜਦਾ ਹੈ। ਸੇਵਾ ਕਰੀ ਦਾਗ ਲੁਆ ਕੇ ਨਾ ਮੁੜੀਂ। ਜਾਹ ਗੁਰੂ ਦਾ ਹੁਕਮ ਵਜਾ ਗੁਰੂ ਤੇਰੇ ਨਾਲ ਹੈ।

ਮੈਂ ਅਨਪੜ੍ਹ ਅਨਟਰੇਂਡ ਸਤਿਜੁਗ ਅਖਬਾਰ ਦਾ ਸੰਪਾਦਕ ਬਣ ਬੈਠਾ। ਸੱਚੇ ਪਾਤਸ਼ਾਹ ਜੀ ਦੌਰੇ ਤੋਂ ਵਾਪਸ ਸ੍ਰੀ ਜੀਵਨ ਨਗਰ ਆਉਣਾ ਤਾਂ ਸਤਿਜੁਗ ਦੇ ਦਫਤਰ ਵਿਚ ਆਣ ਕੇ ਦਰਸ਼ਨ ਦੇਣੇ। ਕਿੰਨਾ ਕਿੰਨਾ ਚਿਰ ਬੈਠ ਕੇ ਮੇਰਾ ਹਾਲ ਪੁਛਣਾ। ਬਾਹਰ ਸੰਗਤਾਂ ਨਾਲ ਹੋਈਆਂ ਖਾਸ ਖਾਸ ਗੱਲਾਂ ਸੁਣਾਉਣੀਆਂ ਅਤੇ ਮੇਰੀਆਂ ਲੋੜਾਂ ਦਾ ਧਿਆਨ ਰਖਣਾ। ਮੈਨੂੰ ਸਤਿਜੁਗ ਦੀ ਡਿਊਟੀ ਹੁਣ ਕੋਈ ਔਖਰਦੀ ਨਹੀਂ ਸੀ। ਮੈਨੂੰ ਸਤਿਗੁਰੂ ਜੀ ਦੇ ਨੇੜੇ ਦਾ ਜੋ ਸੁਖ ਸੁਆਦ ਮਿਲਦਾ ਮੇਰੇ ਲਈ ਓਹੋ ਸਭ ਕੁਝ ਸੀ।

### ਐਡੀਟਰਜ਼ ਕਾਨਫਰੰਸ

ਹੈਦਰਾਬਾਦ ਅਖਬਾਰਾਂ ਦੇ ਐਡੀਟਰਾਂ ਦੀ ਕਾਨਫਰੰਸ ਸੀ, ਸਤਿਗੁਰੂ ਜੀ ਬਾਹਰ ਦੌਰੇ ਤੇ ਸਨ, ਚਿੱਠੀ ਰਾਹੀਂ ਮੈਨੂੰ ਹੁਕਮ ਮਿਲਿਆ, ਸਤਿਜੁਗ ਦਾ ਚਾਰ ਹਫਤਿਆਂ ਦਾ ਮੈਟਰ ਤਿਆਰ ਕਰਕੇ, ਤਰਤੀਬ ਦੇ ਕੇ ਪ੍ਰੈਸ ਵਾਲਿਆਂ ਨੂੰ ਸਮਝਾ ਦੇ, ਤੂੰ ਹੈਦਰਾਬਾਦ ਕਾਨਫਰੰਸ ਵਿਚ ਜਾਣਾ ਹੈ, ਪਿਛੇ ਕੋਈ ਦਿੱਕਤ ਨਾ ਆਵੇ। ਇਹ ਚਿਠੀ ਗੁਰਭਜਨ ਰਾਹੀ ਨਹੀਂ ਸਤਿਗੁਰੂ ਜੀ ਦੇ ਕਰ ਕੰਵਲਾਂ ਦੁਆਰਾ ਲਿਖੀ ਹੋਈ ਸੀ। ਮੈਂ ਸਤਿਗੁਰੂ ਜੀ ਦੇ ਹਸਤ ਕੰਵਲਾਂ ਦੁਆਰਾ ਲਿਖੀ ਚਿਠੀ ਪੜ ਅਨੰਦ ਵਿਭੋਰ ਹੋ ਗਿਆ। ਮੇਰੇ ਲਈ ਇਹ ਬੜੀ ਵੱਡੀ ਗੱਲ ਸੀ। ਮਿਥੀ ਤਾਰੀਕ ਦੇ ਸਮੇਂ ਸਿਰ ਮੈਂ ਤੇ ਗੁਰਭਜਨ ਸਿੰਘ ਰੇਲ ਰਾਹੀਂ ਐਡੀਟਰਾ ਦੀ ਕਾਨਫ੍ਰੰਸ ਵਿਚ ਹੈਦਰਾ ਬਾਅਦ ਪਹੁੰਚ ਗਏ। ਹੈਦਰਾਬਾਦ ਵਿਚ ਅਮੀਰ ਨਾਮਧਾਰੀ ਪਰਿਵਾਰ ਸੀ ਉਹ ਸਾਨੂੰ ਰੇਲਵੇ ਸਟੇਸ਼ਨ ਤੋਂ ਆ ਕੇ ਘਰ ਲੈ ਗਏ। ਉਹਨਾਂ ਨੂੰ ਸਤਿਗੁਰੂ ਜੀ ਵਲੋਂ ਪਹਿਲਾਂ ਹੀ ਹੁਕਮ ਮਿਲ ਚੁਕਾ ਸੀ।

ਸਾਨੂੰ ਕਾਨਫਰੰਸ ਪ੍ਰਬੰਧਕਾਂ ਦੀ ਗੱਡੀ ਸਵੇਰੇ ਇਥੋਂ ਲੈ ਜਾਂਦੀ ਅਤੇ ਰਾਤ ਨੂੰ



Sri Satguru Jagjit Singh Ji eLibrary NamdhariElibrary@gmail.com

ਘਰ ਛਡ ਜਾਂਦੀ। ਸਾਰੀ ਕਾਨਫਰੰਸ ਵਿਚ ਅਸੀਂ ਦੋ ਹੀ ਵੱਖਰੇ ਦਿਸ ਪਹਿਰਾਵੇ ਤੇ ਨਾਮਧਾਰੀ ਇਤਹਾਸ ਦੀ ਸਾਰੇ ਸਿਫਤ ਕਰਦੇ । ਕਾਨਫਰੰਸ ਵਿਚ ਮੀਡੀਆ ਨੂੰ ਸੁਤੰਤਰ ਰੱਖਣ ਤੇ ਦੇਸ਼ ਕੌਮ ਧਰਮ ਦੀ ਨਿਰਪੱਖ ਗਲ ਕਰਨ ਲਈ ਫੈਸਲੇ ਲੈ ਗਏ। ਆਪਣੀ ਸਭਿੱਅਤਾ; ਪੁਰਾਤਣ ਵਿਰਸੇ ਨੂੰ ਕਾਇਮ ਰਖਣ ਲਈ ਨਵੀਂ ਪੀੜ੍ਹੀ ਨੂੰ ਸੇਧ ਦੇਣ ਅਤੇ ਸਮਾਜਕ ਕੁਰੀਤੀਆਂ ਲਈ ਅਵਾਜ਼ ਉਠਾਉਣੀ ਅਫਸਰ ਸ਼ਾਹੀ ਦੀ ਆਪ ਹੁਦਰੀ ਲਈ ਇਕ ਮੁੱਠ ਹੋਣਾ ਅਤੇ ਹੋਰ ਕਈ ਮਸਲਿਆ ਤੇ ਵਿਚਾਰਾਂ ਹੋ ਮਤੇ ਪਾਸ ਕੀਤੇ ਗਏ। ਸਵੇਰੇ ਸਾਰਾ ਦਿਨ ਮੀਟਿੰਗ ਦੇ ਰੁਝੇਵਿਆਂ ਤੋਂ ਬਾਦ ਰਾਤ ਦਾ ਡਿਨਰ ਹੈਦਰਾਬਾਦ ਦੀ ਕਿਸੇ ਮਹਾਨ ਹਸਤੀ ਦੇ ਘਰ ਹੁੰਦਾ। ਜਿਥੇ ਡਿਨਰ ਦੇ ਨਾਲ ਨਾਲ ਸਭਿਆਚਾਰਕ ਪ੍ਰੋਗਰਾਮ ਵੀ ਹੁੰਦੇ। ਕਦੇ ਕਵੀ ਦਰਬਾਰ ਕਦੇ ਚੁਟਕਲਿਆਂ ਦੀ ਭਰਮਾਰ ਕਾਨਫਰੰਸ ਦੇ ਤੀਜੇ ਦਿਨ ਹੈਦਰਾਬਾਦ ਦੇ ਵਿਚ ਸਥਿਤ ਗ੍ਰਵਨਰ ਡਾਕਟਰ ਜ਼ਾਕਰ ਹੁਸੈਨ ਦੇ ਘਰ ਡਿਨਰ ਸੀ ਜਿਥੇ ਇਕ ਸਜਨ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਿਆ ਦੇਸ਼ ਦੇ ਲੀਡਰਾਂ ਮਸ਼ਹੂਰ ਕਲਾਕਾਰਾਂ, ਜਾਨਵਰਾਂ ਦੀਆਂ ਆਵਾਜ਼ਾਂ ਕਢਕੇ ਸੁਣਾਈਆਂ। ਦੇਸ਼ ਦੀ ਪ੍ਰਧਾਨ ਮੰਤਰੀ ਤੋਂ ਲੈਕੇ ਹਰ ਇਕ ਲੀਡਰ ਦੀ ਅਵਾਜ਼ ਤੇ ਐਕਟਿੰਗ ਰਾਹੀ ਭਾਸ਼ਨ ਸੁਣਾਏ। ਹਿੰਦੋਸਤਾਨ ਟਾਇਮਜ਼ ਦੇ ਐਡੀਟਰ ਨੇ ਕਿਹਾ ਸਾਰਿਆਂ ਲੀਡਰਾਂ ਦੀ ਅਵਾਜ਼ ਦੀ ਨਕਲ ਕਰਕੇ ਤੂੰ ਭਾਸ਼ਨ ਸੁਣਾਏ ਹਨ ਪਰ ਡਾਕਟਰ ਸਾਹਿਬ ਨੂੰ ਤੂੰ ਭੁਲਾ ਹੀ ਦਿਤਾ ਹੈ; ਜ਼ਰਾ ਇਹਨਾਂ ਦਾ ਭਾਸ਼ਨ ਵੀ ਸੁਣਾ ਦਿੱਤਾ ਜਾਵੇ। ਤਾਂ ਉਸ ਸਜਨ ਨੇ ਕਿਹਾ ਅਸਲ ਦੇ ਸਾਹਮਣੇ ਨਕਲ ਨਹੀਂ ਹੋ ਸਕਦੀ ਜਦ ਅਸਲ ਮੌਜੂਦ ਹੈ ਤੇ ਨਕਲ ਕਾਹਦੀ, ਡਾਕਟਰ ਸਾਹਿਬ ਨੂੰ ਬੇਨਤੀ ਕਰਕੇ ਇਹਨਾਂ ਤੋਂ ਭਾਸ਼ਨ ਸੁਣ ਲਵੋ; ਅਤੇ ਜੇ ਮੇਰੇ ਤੋਂ ਇਹਨਾਂ ਦਾ ਭਾਸ਼ਨ ਸੁਨਣਾ ਹੈ ਤਾਂ ਤੁਸੀ ਸਾਰੇ ਐਡੀਟਰ ਇਹਨਾ ਨੂੰ ਬੇਨਤੀ ਕਰੋ ਇਹ ਜਲਸੇ ਚੋਂ ਉਠਕੇ ਘਰ ਚਲੇ ਜਾਣ ਤਾਂ ਹੁਣੇ ਇਹਨਾਂ ਦਾ ਭਾਸ਼ਨ ਹਾਜ਼ਰ ਹੋ ਜਾਵੇਗਾ। ਪਰ ਇਹ ਸ਼ਰਤ ਕਿਸੇ ਨੂੰ ਮਨਜ਼ੂਰ ਨਹੀਂ ਸੀ। ਸੋ ਗ੍ਰਵਨਰ ਡਾਕਟਰ ਜ਼ਾਕਰ ਹੁਸੈਨ ਦਾ ਭਾਸ਼ਨ ਛਡਣਾ ਹੀ ਪਿਆ। ਡਾਕਟਰ ਸਾਹਿਬ ਨੇ ਡਿਨਰ ਵਿਚ ਉਹ ਖਾਣਾ ਬਣਵਾਇਆ ਹੀ ਨਹੀ ਸੀ ਜਿਸ ਤੇ ਕੌਮ ਪਖੋਂ ਕਿਸੇ ਨੂੰ ਖਾਣ ਲਈ ਇਤਰਾਜ਼ ਹੋਵੇ।

## ਨਾਦੇੜ ਸੱਚ ਖੰਡ ਗੁਰਦੁਆਰੇ ਦੇ ਦਰਸ਼ਨ

ਕਾਨਫਰੰਸ ਦੀ ਸਮਾਪਤੀ ਪਿਛੋਂ ਹਰੇਕ ਦਾ ਆਪਣਾ ਆਪਣਾ ਪ੍ਰੋਗਰਾਮ ਸੀ। ਸੋ ਮੈਂ ਤੇ ਗੁਰਭਜਨ ਨੇ ਨੇੜੇ ਆਏ, ਹੋਣ ਕਾਰਨ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਦਾ ਪ੍ਰੋਗਾਰਮ ਬਣਾ ਲਿਆ। ਰੇਲ ਰਾਹੀ ਹਜ਼ੂਰ ਸਾਹਿਬ ਪਹੁੰਚ ਕੇ ਸਿੱਖੀ ਦੇ ਸਿਰਜਨਹਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਸਥਾਨ ਦੇ ਦਰਸ਼ਨ ਕੀਤੇ। ਸਾਰੇ



Sri Satguru Jagjit Singh Ji eLibrary NamdhariElibrary@gmail.com

ਗੁਰਦੁਆਰਿਆਂ ਵਿਚ ਜਾ ਕੇ ਨਮਸਕਾਰ ਕੀਤੀ। ਇਹ ਸੁਭਾਗ ਹੀ ਸੀ ਜੋ ਅਸਾਂ ਇਸ ਅਸਥਾਨ ਤੇ ਪਹੁੰਚ ਕੇ ਸੀਸ ਨਿਵਾਇਆ। ਉਸ ਵਕਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰਾਂ ਦੇ ਪੁਜਾਰੀ ਸ. ਜੁਗਿੰਦਰ ਸਿੰਘ ਮੋਨੀ ਸਨ। ਮੋਨੀ ਉਹਨਾਂ ਨੂੰ ਇਸ ਕਰਕੇ ਆਖਿਆ ਜਾਂਦਾ ਸੀ, ਉਹ ਕਿਸੇ ਨਾਲ ਆਮ ਗੱਲਾਂ ਨਹੀਂ ਸੀ ਕਰਦੇ ਅਤੇ ਹਰ ਸਮੇਂ ਹੋਰ ਗੱਲਾਂ ਕਰਨ ਤੋਂ ਗੁਰੇਜ਼ ਕਰ ਪ੍ਰਮੇਸਰ ਦਾ ਨਾਮ ਜਪਦੇ ਸੀ ਉਹ ਕਹਿੰਦੇ ਸੀ ਕੇ ਜੇ ਮੈਨੂੰ ਮੇਰੇ ਸਤਿਗੁਰੂ ਦੇ ਸ਼ਸਤਰਾਂ ਦੀ ਪੂਜਾ ਕਰਨ ਦੀ ਸੇਵਾ ਮਿਲੀ ਹੈ ਤਾਂ ਮੈਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕੇ ਮੈਂ ਇਹਨਾਂ ਦੀ ਪੂਜਾ ਕਰਨ ਦੇ ਯੋਗ ਬਣਾਂ। ਮੋਨੀ ਜੀ ਦਾ ਆਪਣਾ ਵੱਖਰਾ ਲੰਗਰ ਬਨਾਉਣ ਵਾਸਤੇ ਸਪੇਸ਼ਲ ਲਾਂਗਰੀ ਸੀ ਜੋ ਰਹਿਤ ਮਰਿਆਦਾ ਅਨੁਸਾਰ ਲੰਗਰ ਤਿਆਰ ਕਰਦਾ ਤੇ ਉਹ ਛੱਕਦੇ । ਅਸਾਂ ਆਪਣੀ ਜਾਣਕਾਰੀ ਲਾਂਗਰੀ ਨੂੰ ਦਸ ਮੋਨੀ ਜੀ ਨੂੰ ਮਿਲਨ ਵਾਸਤੇ ਬੇਨਤੀ ਕੀਤੀ । ਉਸ ਸਾਡੀ ਗੱਲ ਮੋਨੀ ਜੀ ਨਾਲ ਕੀਤੀ ਜਿਸ ਲਈ ਸਾਨੂੰ ਦੂਜੇ ਦਿਨ ਲਾਂਗਰੀ ਰਾਹੀਂ ਆਪਣੇ ਘਰ ਪਰਸ਼ਾਦਾ ਛਕਣ ਲਈ ਮੋਨੀ ਜੀ ਨੇ ਕਿਹਾ। ਦੂਜੇ ਦਿਨ ਅਸਾਂ ਦੁਪਹਿਰ ਦਾ ਪਰਸ਼ਾਦਾ ਜਥੇਦਾਰ ਜੁਗਿੰਦਰ ਸਿੰਘ ਮੋਨੀ ਨਾਲ ਛਕਿਆ। ਬਹੁਤ ਸਮਾਂ ਗੱਲਾਂ ਹੋਈਆਂ; ਉਹਨਾਂ ਦਸਿਆ ਮੈਂ ਕਿਸੇ ਨਾਲ ਇਉਂ ਗੱਲੀਂ ਨਹੀਂ ਪੈਂਦਾ; ਪਰ ਤੁਸੀ ਸਤਿਗੁਰੂ ਦੇ ਸਿੱਖ ਹੋ; ਮੋਨੀ ਜੀ ਵਾਰ ਵਾਰ ਸਤਿਗੁਰੂ ਸ਼ਬਦ ਦੀ ਵਰਤੋਂ ਕਰਦੇ; ਪਰ ਨਾਮ ਨਹੀਂ ਸੀ ਲੈਂਦੇ। ਆਖੀਰ ਤੇ ਉਹਨਾਂ ਨੇ ਕਿਹਾ; ਤੁਸਾਂ ਮੇਰੀ ਨਮਸਕਾਰ ਪਹੁੰਚਾ ਦੇਣੀ। ਅਸੀ ਇਹ ਸਮਝ ਰਹੇ ਸੀ ਕਿ ਮੋਨੀ ਜੀ ਨੇ ਮੈਨੂੰ ਤੇ ਗੁਰਭਜਨ ਨੂੰ ਵਕਤ ਨਹੀਂ ਸੀ ਦਿਤਾ, ਨਾ ਹੀ ਇਨਾਂ ਸਮਾਂ ਗੱਲਾਂ ਸਾਡੇ ਕਰਕੇ ਕੀਤੀਆਂ ਸੀ ਉਹ ਤਾਂ ਸਾਡੇ ਵਿਚੋਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੇਖ ਰਹੇ ਸੀ। ਤੇ ਅਸੀਂ ਸਤਿਗੁਰੂ ਜੀ ਦੀ ਕਿਰਪਾ ਨੂੰ ਮਹਿਸੂਸ ਕਰ ਰਹੇ ਸੀ। ਸ੍ਰੀ ਜੀਵਨ ਨਗਰ ਆ ਕੇ ਮੋਨੀ ਜੀ ਵਲੋਂ ਕੀਤੀ ਨਮਸਕਾਰ ਸਤਿਗੁਰੂ ਚਰਨਾਂ ਤੇ ਕੀਤੀ ਤੇ ਵਿਸਤਾਰ ਨਾਲ ਹੋਈਆਂ ਗੱਲਾਂ ਸਭ ਅਰਜ਼ ਕੀਤੀਆਂ।

## ਮਾਲਪੂੜੇ ਤੋਂ ਸਿਖਿਆ

ਸਾਉਣ ਦਾ ਮਹੀਨਾ ਮੀਂਹਾਂ ਦਾ ਮਹੀਨਾ ਮੰਨਿਆ ਜਾਂਦਾ ਹੈ। ਸਾਵਣ ਦੇ ਵਸਣ ਨਾਲ ਹੀ ਜੱਗ ਵਸਦਾ ਹੈ। ਮੀਂਹ ਪੈਣ ਦੀ ਖੁਸ਼ੀ ਵਿਚ ਕੁੜੀਆਂ ਪੀਂਘਾਂ ਝੂਟ ਕੇ ਗਿੱਧਾ ਪਾ ਕੇ ਖੁਸ਼ੀ ਦਾ ਇਜ਼ਹਾਰ ਕਰਦੀਆਂ ਹਨ। ਕਿਸਾਨ ਖੇਤਾਂ ਵਿਚ ਹਲ ਵਾਹੁੰਦਿਆਂ ਉਚੀ ਹੇਕਾਂ ਲਾ ਕੇ ਅਤੇ ਮੋਰ ਬਾਗਾਂ ਵਿਚ ਪੈਲਾਂ ਪਾਕੇ, ਖੁਸ਼ੀ ਦਾ ਵਿਖਾਲਾ ਕਰਦੇ ਹਨ। ਪਰ ਮਾਵਾਂ ਦੀ ਖੁਸ਼ੀ ਤਾਂ ਹੁੰਦੀ ਹੈ ਹਲ ਜੋਤੇ ਉਦਮ ਕਰੇ ਮੇਰਾ ਪੁਤ ਧੀ ਖਾਇ। ਸੋ ਸ੍ਰੀ ਜੀਵਨ ਨਗਰ ਵਿਖੇ ਸਾਵਨ ਦੇ ਮਹੀਨੇ ਦੀ ਖੁਸ਼ੀ ਮਨਾਉਂਦਿਆਂ; ਗੁਰੂ ਘਰ ਵਿਚ ਸੇਵਾ ਕਰਨ ਵਾਲਿਆਂ ਨੂੰ ਮਾਲ੍ਹ ਪੂੜੇ ਬਣਾ ਕੇ



Sri Satguru Jagjit Singh Ji eLibrary NamdhariElibrary@gmail.com

ਛਕਾਉਣ ਦਾ ਪ੍ਰੋਗਰਾਮ ਬੇਬੇ ਦਲੀਪ ਕੌਰ ਜੀ ਨੇ ਬਣਾਇਆ। ਇਹ ਲੰਗਰ ਸਿਰਫ ਸੇਵਾ ਕਰਨ ਵਾਲਿਆ ਵਾਸਤੇ ਹੀ ਸੀ ਆਮ ਸੰਗਤ ਦਾ ਨਹੀਂ। ਲੰਗਰ ਵਰਤਨ ਸਮੇਂ ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲੇ ਦੇ ਮਾਸਟਰ ਕਪੂਰ ਸਿੰਘ ਵੀ ਖੀਰ ਪੂੜੇ ਖਾਣ ਲਈ ਪੰਗਤ ਵਿਚ ਜਾ ਬੈਠੇ। ਪਰ ਵਰਤਾਵੇ ਜੋਗਿੰਦਰ ਸਿੰਘ ਨੇ ਉਹਨਾਂ ਨੂੰ ਪੰਗਤ ਵਿਚੋਂ ਉਠਾਲ ਦਿਤਾ; ਕਿਉਂਕਿ ਇਹ ਵਿਦਿਆਲੇ ਵਿਚੋਂ ਤਨਖਾਹ ਲੈਂਦੇ ਸੀ; ਲੰਗਰ ਸੇਵਾ ਕਰਨ ਵਾਲਿਆਂ ਵਾਸਤੇ ਸੀ। ਮਾਸਟਰ ਜੀ ਬੜੇ ਸਾਧੂ ਸੁਭਾ ਸੀ ਉਹ ਬਿਨਾਂ ਬੁਰਾ ਮਨਾਏ ਉਠ ਕੇ ਚਲੇ ਗਏ।

ਦੂਸਰੇ ਦਿਨ ਉਹੋ ਜੁਗਿੰਦਰ ਸਿੰਘ ਇਕ ਕਾਗਜ਼ ਤੇ ਕੱਲ ਵਾਲੇ ਮਾਲ੍ਹ ਪੂੜਿਆਂ ਦੇ ਲੰਗਰ ਦੀ ਰਿਪੋਟ ਲਿਖ ਕੇ ਸਤਿਜੁਗ ਵਿਚ ਛਾਪਣ ਲਈ ਮੇਰੇ ਕੋਲ ਲਿਆਇਆ। ਉਤੇ ਲਿਖਿਆ ਸੀ ਬੇਬੇ ਦਲੀਪ ਕੌਰ ਜੀ ਨੇ ਮਾਲ੍ਹ ਪੂੜਿਆਂ ਦਾ ਲੰਗਰ ਕੀਤਾ, ਗੁਰੂ ਕਾ ਲੰਗਰ ਅਤੁਟ ਵਰਤਿਆ। ਮੈਂ ਰਿਪੋਟ ਪੜ੍ਹੀ ਤੇ ਜੁਗਿੰਦਰ ਸਿੰਘ ਨੂੰ ਵਾਪਸ ਦੇ ਦਿਤੀ ਤੇ ਕਿਹਾ ਇਸ ਲੰਗਰ ਦੀ ਰਿਪੋਟ ਮੈਂ ਨਹੀਂ ਸਤਿਜੁਗ ਵਿਚ ਛਾਪ ਸਕਦਾ। ਇਹ ਗੁਰੂ ਕਾ ਲੰਗਰ ਨਹੀਂ; ਬੇਬੇ ਜੀ ਵਲੋਂ ਲੰਗਰ ਸੀ ਆਪਣੇ ਸੇਵਕਾਂ ਵਾਸਤੇ ਡੇਰੇ ਦਾ ਕੰਮ ਕਰਨ ਵਾਲਿਆਂ ਵਾਸਤੇ। ਜੁਗਿੰਦਰ ਸਿੰਘ ਨੇ ਹੋਰ ਮਸਾਲਾ ਲਾ ਕੇ ਬੇਬੇ ਜੀ ਨੂੰ ਜਾ ਦਸਿਆ। ਸਾਜਨ ਨੇ ਤੁਹਾਡੀ ਹੀ ਅਖਬਾਰ ਵਿਚ ਤੁਹਾਡੀ ਰਿਪੋਟ ਛਾਪਣ ਤੋਂ ਇਨਕਾਰ ਕੀਤਾ ਹੈ। ਬੇਬੇ ਜੀ ਮੈਨੂੰ ਸੱਦ ਕੇ ਪੁਛਿਆ, ਮੈਂ ਕਿਹਾ ਬੇਬੇ ਜੀ ਹਰ ਮਾਂ ਆਪਣੇ ਪਰਿਵਾਰ ਨੂੰ ਸਾਵਣ ਵਿਚ ਪੂੜੇ ਮਾਲ੍ਹ ਪੂੜੇ ਖੁਆਉਂਦੀ ਹੈ; ਤੁਸਾਂ ਵੀ ਆਪਣੇ ਪਰਿਵਾਰ ਨੂੰ ਮਾਲ੍ਹ ਪੂੜੇ ਖੁਆਏ ਹਨ। ਇਹ ਕੰਮ ਕਰਨ ਵਾਲੇ ਤੁਹਾਡਾ ਪਰਿਵਾਰ ਹੈ, ਇਹ ਠੀਕ ਹੈ ਕਿ ਤੁਹਾਡਾ ਪਰਿਵਾਰ ਵੱਡਾ ਹੈ ਬਾਕੀ ਮਾਵਾਂ ਦਾ ਪਰਿਵਾਰ ਛੋਟਾ ਹੁੰਦਾ ਹੈ ; ਇਹ ਗੁਰੂ ਕਾ ਲੰਗਰ ਨਹੀਂ ਘਰ ਦਾ ਲੰਗਰ ਸੀ, ਬੇਬੇ ਜੀ ਜੇ ਇਹ ਲੰਗਰ ਹੁੰਦਾ ਤਾਂ ਮਾਸਟਰ ਕਪੂਰ ਸਿੰਘ ਨੂੰ ਪੰਗਤ ਵਿਚੋਂ ਬਾਂਹੋਂ ਫੜ ਕੇ ਨਾ ਉਠਾਇਆ ਜਾਂਦਾ। ਗੁਰੂ ਕਾ ਲੰਗਰ ਹੁੰਦਾ ਤਾਂ ਜੁਗਿੰਦਰ ਸਿੰਘ ਨੂੰ ਰਿਪੋਟ ਲਿਖਣ ਦੀ ਲੋੜ ਨਹੀਂ ਸੀ ਮੈਂ ਖੁਦ ਲਿਖਦਾ ਤੇ ਛਾਪਦਾ। ਪਰ ਇਹ ਪੂੜੇ ਖੁਆਇਆਂ ਦੀ ਰਿਪੋਟ ਮੈਂ ਨਹੀਂ ਛਾਪ ਸਕਦਾ। ਬੇਬੇ ਜੀ ਨੇ ਮੇਰੀ ਗੱਲ ਤਾਂ ਸੁਣ ਲਈ ਪਰ ਗੁੱਸੇ ਹੋ ਗਏ। ਸ੍ਰੀ ਜੀਵਨ ਨਗਰ ਉਸ ਵਕਤ ਨਾ ਹੀ ਮਹਾਰਾਜ ਜੀ ਸਨ ਤੇ ਨਾ ਹੀ ਸਤਿਗੁਰੂ ਜੀ।

ਮਹਾਰਾਜ ਜੀ ਦੋ ਚਾਰ ਦਿਨਾਂ ਬਾਅਦ ਆਏ ਤਾਂ ਬੇਬੇ ਜੀ ਨੇ ਮਹਾਰਾਜ ਜੀ ਨੂੰ ਦੱਸਿਆ। ਮਹਾਰਾਜ ਬੇਬੇ ਜੀ ਨੂੰ ਕਿਹਾ; ਮੇਰੇ ਪਿਛੋਂ ਸਾਜਨ ਸਤਿਜੁਗ ਅਖਬਾਰ ਦਾ ਜ਼ਿੰਮੇਵਾਰ ਹੈ; ਮੈਂ ਉਸਨੂੰ ਇਸ ਸਬੰਧ ਵਿਚ ਕੁਝ ਨਹੀਂ ਕਹਿਣਾ। ਸੱਚੇ ਪਾਤਸ਼ਾਹ ਜੀ ਆਉਣਗੇ ਤਾਂ ਉਹਨਾਂ ਕੋਲ ਸ਼ਿਕਾਇਤ ਕਰਨੀ।

ਸਤਿਗੁਰੂ ਜੀ ਆਏ ਤਾਂ ਬੇਬੇ ਜੀ ਨੇ ਉਹਨਾਂ ਕੋਲ ਆਪਣਾ ਗੁੱਸਾ ਜ਼ਾਹਰ



Sri Satguru Jagjit Singh Ji eLibrary NamdhariElibrary@gmail.com

ਕੀਤਾ। ਸੱਚੇ ਪਾਤਸ਼ਾਹ ਤਾਂ ਸੱਚੇ ਪਾਤਸ਼ਾਹ ਹੀ ਹਨ। ਉਹਨਾਂ ਦੀ ਆਪਣੀ ਮੌਜ ਹੈ। ਸੱਚੇ ਪਾਤਸ਼ਾਹ ਜੀ ਉਸੇ ਵੇਲੇ ਜੁਗਿੰਦਰ ਸਿੰਘ ਨੂੰ ਹੀ ਘੱਲ ਕੇ ਮੈਨੂੰ ਦਫਤਰ ਵਿਚੋਂ ਸੱਦ ਲਿਆ। ਬੇਬੇ ਜੀ ਕੋਲ ਬੈਠੇ ਸੀ। ਮੈਂ ਜਾ ਕੇ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਬਹਿਣ ਲੱਗਾ ਤਾਂ ਸੱਚੇ ਪਾਤਸ਼ਾਹ ਜੀ ਉਚੀ ਸਾਰੀ ਕਿਹਾ ਖਬਰਦਾਰ ਜੇ ਬੈਠਾ ਤਾਂ? ਇਥੇ ਖੜਾ ਹੋ ਜਾਹ, ਮੈਂ ਤੇਨੂੰ ਅੱਜ ਗੁੱਸੇ ਹੋਣਾ ਹੈ; ਤੂੰ ਬੀਬੀ ਜੀ ਦੇ ਮਾਲ੍ਹ ਪੂੜਿਆਂ ਦੀ ਰਿਪੋਟ ਨਹੀਂ ਛਾਪੀ। ਮੈਂ ਹੁਣ ਤੈਨੂੰ ਗੁੱਸੇ ਹੋਣ ਲੱਗਾ ਹਾਂ। ਸਤਿਗੁਰੂ ਜੀ ਦਾ ਇਉਂ ਬੱਚਨ ਸੁਣ ਕੇ ਮੇਰਾ ਹਾਸਾ ਨਿਕਲ ਗਿਆ। ਸਤਿਗੁਰੂ ਜੀ ਕਿਹਾ; ਸਾਜਨ ਤੂੰ ਹੱਸੀ ਜਾਨੈ ਤੇਨੂੰ ਪਤਾ ਨਹੀਂ ਲੱਗਦਾ ਮੈਂ ਤੇਨੂੰ ਗੁੱਸੇ ਹੁੰਦਾ ਪਿਆ। ਬੀਬੀ ਜੀ ਮੈਂ ਸਾਜਨ ਨੂੰ ਗੁੱਸੇ ਹੋ ਰਿਹਾ ਨਾ । ਬੇਬੇ ਜੀ ਕਿਹਾ ਹਾਂ ਜੀ ਤੁਸੀਂ ਸਾਜਨ ਨੂੰ ਬਹੁਤ ਗੁੱਸੇ ਹੋ ਹਹੇ ਹੋ ਹੁਣ ਬੱਸ ਕਰੋ ਇਸ ਵਿਚਾਰੇ ਨੂੰ ਹੋਰ ਨਾ ਗੁੱਸੇ ਹੋਵੋ। ਮੈਂ ਇਹਨੂੰ ਅੰਦਰ ਲਿਜਾ ਕੇ ਤੁਹਾਡੇ ਵਾਂਗ ਹੀ ਬਹੁਤ ਗੁੱਸੇ ਹੁੰਦੀ ਹਾਂ। ਆ ਸਾਜਨ ਮੇਰੇ ਨਾਲ ਮੈਂ ਤੈਨੂੰ ਗੁੱਸੇ ਹੋਵਾਂ। ਮੈਂ ਸਤਿਗੁਰੂ ਜੀ ਵਲ ਵੇਖਿਆ ਤਾਂ ਉਹਨਾਂ ਆਪਣੇ ਢੰਗ ਨਾਲ ਅੰਦਰ ਜਾਣ ਲਈ ਕਹਿ ਦਿਤਾ। ਬੇਬੇ ਜੀ ਨਾਲ ਅੰਦਰ ਗਿਆ, ਤਾਂ ਬੇਬੇ ਜੀ ਮੈਨੂੰ ਕੋਲ ਬਿਠਾ ਕੇ ਕਿਹਾ, ਸਾਜਨ ਮੈਂ ਐਵੇਂ ਤੇਰੇ ਨਾਲ ਗੁੱਸੇ ਹੋਈ ਸੀ, ਤੇਰੇ ਤੇ ਤਾਂ ਸਤਿਗੁਰੂ ਰਾਜ਼ੀ ਹਨ ਤੇ ਜੀਹਦੇ ਤੇ ਸਤਿਗੁਰੂ ਰਾਜ਼ੀ ਹਨ ਉਹਦੇ ਨਾਲ ਮੈਂ ਕਿਉਂ ਗੁੱਸੇ ਹੋਵਾਂ। ਬੇਬੇ ਜੀ ਨੇ ਮੈਨੂੰ ਦੁੱਧ ਪਿਆ ਕੇ ਭੇਜਿਆ। ਬਾਦ ਵਿਚ ਮੈਂ ਸਤਿਗੁਰੂ ਜੀ ਨੂੰ ਦੱਸਿਆ ਬੇਬੇ ਜੀ ਨੇ ਮੇਰੇ ਨਾਲ ਗੁੱਸਾ ਛੱਡ ਦਿਤਾ ਹੈ ਤੇ ਮੈਨੂੰ ਦੁੱਧ ਪਿਆ ਕੇ ਘੱਲਿਆ ਹੈ। ਸਤਿਗੁਰੂ ਜੀ ਕਿਹਾ ਸਾਜਨ ਤੂਫਾਨ ਆਉਣ ਸਮੇਂ ਜਿਹੜੇ ਦਰੱਖਤ ਲਿਫ ਜਾਂਦੇ ਹਨ ਉਹ ਤੂਫਾਨ ਲੰਘ ਜਾਣ ਪਿੱਛੋਂ ਫਿਰ ਖੜੇ ਹੋ ਜਾਂਦੇ ਹਨ। ਪਰ ਜਿਹੜੇ ਲਿਫਦੇ ਨਹੀਂ, ਉਹ ਲੱਕੋਂ ਟੁੱਟਦੇ ਹਨ। ਬੀਬੀ ਜੀ ਨਾਲ ਕਦੇ ਅੜਨਾ ਨਹੀਂ; ਲਿਫਣਾ ਹੈ? ਸਤਿਗੁਰੂ ਜੀ ਮੈਨੂੰ ਉਹ ਕੁਝ ਦੇ ਦਿੱਤਾ ਜੋ ਕਿਤੋਂ ਨਹੀਂ ਮਿਲਦਾ।

## ਵਧਾਈ

ਮੈਂ ਜਦੋਂ ਸਤਿਜੁਗ ਅਖਬਾਰ ਦਾ ਸੰਪਾਦਕ ਬਣਿਆ ਤਾਂ ਮੈਨੂੰ ਇਕ ਚਿਠੀ ਡਾਕਟਰ ਧਿਆਨ ਸਿੰਘ ਜੀ ਵਲੋਂ ਲਿਖੀ ਮਿਲੀ। ਜਿਸ ਵਿਚ ਉਹਨਾਂ ਲਿਖਿਆ ਸੀ, ਸਾਜਨ ਤੈਨੂੰ ਨਾਮਧਾਰੀ ਪੰਥ ਦੇ ਇਕੋ ਇਕ ਅਖਬਾਰ ਸਤਿਜੁਗ ਦੇ ਐਡੀਟਰ ਬਣਨ ਦਾ ਮਾਣ ਮਿਲਿਆ ਹੈ; ਬਹੁਤ ਬਹੁਤ ਮੁਬਾਰਕਾਂ। ਅੱਗੇ ਲਿਖਿਆ ਸੀ ਇਸ ਬਾਗ ਦੇ ਤੋਤਿਆ ਬਹੁਤਾ ਗੁਮਾਨ ਨਾ ਕਰੀਂ? ਇਸ ਸਤਿਜੁਗ ਅਖਬਾਰ ਦਾ ਤੂੰ ਆਠਾਈਵਾਂ ਐਡੀਟਰ ਹੈਂ? ਗੁਰੂ ਤੇਰੀ ਅਉਧ ਵਧਾਵੇ; ਪਰ ਮੈਨੂੰ ਉਮੀਦ ਹੈ ਛੇਤੀ ਹੀ ਮੈਨੂੰ ਇਕ ਹੋਰ ਵਧਾਈ ਦੀ ਚਿਠੀ ਲਿੱਖਣੀ ਪੈਣੀ ਹੈ। ਤੂੰ ਇਥੇ ਬਹੁਤਾ ਦਮ ਨਹੀਂ ਭਰਨਾ।



Sri Satguru Jagjit Singh Ji eLibrary NamdhariElibrary@gmail.com

## ਕਮਿਊਨਿਸਟ ਪ੍ਰਭਾਵ

ਸਾਡੇ ਨਾਮਧਾਰੀ ਪਿੰਡਾਂ ਦੇ ਗੜ੍ਹ ਵਿਚ ਕਮਿਊਨਿਸਟ ਪਾਰਟੀ ਨੇ ਪੈਰ ਧਰਨੇ ਆਰੰਭ ਕਰ ਦਿਤੇ ਸੀ। ਚੋਰ ਸੰਨ੍ਹ ਲਾਉਣ ਤੋਂ ਪਹਿਲਾਂ ਘਰ ਦਾ ਪੂਰਾ ਨਿਰੀਖਣ ਕਰਦਾ ਹੈ, ਕਿ ਇਸ ਘਰ ਨੂੰ ਕਿਸ ਥਾਂ ਤੋਂ ਚੰਗੀ ਤੇ ਸੌਖੀ ਸੰਨ੍ਹ ਲਗ ਸਕਦੀ ਹੈ।

ਕਮਿਊਨਿਸਟ ਪਾਰਟੀ ਦੇ ਸੁਚੱਜੇ ਲੀਡਰਾਂ ਨੇ ਸਹੀ ਚੋਣ ਕੀਤੀ। ਉਹਨਾਂ ਨੇ ਵੇਖਿਆ; ਇਸ ਇਲਾਕੇ ਵਿਚ ਨਾਮਧਾਰੀ ਸਾਹਿਤ ਸਭਾ ਪ੍ਰਚਾਰ ਦਾ ਬੜਾ ਵੱਡਾ ਕੇਂਦਰ ਹੈ; ਇਸ ਵਿਚੋਂ ਹੀ ਮਾਰ ਮਾਰੋ। ਇਸ ਵਿਚੋਂ ਤਜਰਬੇਕਾਰ ਤੇ ਇਲਾਕੇ ਦੇ ਭੇਤੀ ਬੁਲਾਰੇ ਮਿਲ ਜਾਣਗੇ। ਸੋ ਉਹਨਾਂ ਦਾ ਨਿਸ਼ਾਨਾ ਟਿੱਚ ਲੱਗਾ। ਨਾਮਧਾਰੀ ਸਭਾ ਦਾ ਸਭ ਤੋਂ ਵੱਧ ਪੜ੍ਹਿਆ ਲਿਖਿਆ ਜਿਸ ਹੁਣੇ ਹੀ ਵਕਾਲਤ ਦੀ ਡਿਗਰੀ ਹਾਸਲ ਕੀਤੀ ਸੀ, ਜਾਇਦਾਦ ਵੀ ਸੀ ਲਿਖਾਰੀ ਵੀ ਗਜ਼ਬ ਦਾ ? ਉਹ ਸੀ ਜਸਵੰਤ ਸਿੰਘ ਜੋਸ਼। ਜੋਸ਼ ਉਤੇ ਉਸ ਪਾਰਟੀ ਨੇ ਅਜਿਹੇ ਡੋਰੇ ਪਾਏ, ਭੁਲ ਗਿਆ ਯਾਰ ਪੁਰਾਣੇ ਨਵਿਆਂ ਦੇ ਸੰਗ ਲਗ ਕੇ,ਅਤੇ ਦੂਸਰਾ ਮੇਹਨਤੀ ਸਿਰੜੀ ਨਾਮਧਾਰੀ ਸਾਹਿਤ ਸਭਾ ਦਾ ਹੀਰਾਪ੍ਰਕਾਸ਼ ਸਿੰਘ ਰਾਇਸਰੀ, ਨਾਮਧਾਰੀ ਸਾਹਿਤ ਸਭਾ ਦੇ ਇਹ ਦੋ ਮੈਂਬਰ ਕਾਮਰੇਡ ਪਾਰਟੀ ਨੇ ਸਾਥੋਂ ਖੋਹ ਲੈ।

## ਨਵਾਂ ਸੰਪਾਦਕ

ਮੇਰੇ ਬਾਰੇ ਕਿਸੇ ਮਹਾਰਾਜ ਜੀ ਕੋਲ ਸ਼ਿਕਾਇਤ ਕੀਤੀ ਕਿ ਸਾਜਨ ਵੀ ਜੋਸ਼ ਹੁਰਾਂ ਦਾ ਸਾਥੀ ਹੈ। ਮਹਾਰਾਜ ਜੀ ਮੈਨੂੰ ਪੁਛਿਆ ਮੈਂ ਅਰਜ਼ ਕੀਤੀ ਮੈਂ ਉਹਨਾਂ ਦਾ ਸਾਥੀ ਨਹੀਂ, ਮੈਂ ਹੀ ਤਾਂ ਉਹਨਾਂ ਨਾਲ ਇਟ ਖੱੜਕਾ ਲੈਂਦਾ ਹਾਂ। ਮੈਂ ਕਮਿਊਨਿਸਟ ਨਹੀਂ ਬਣ ਸਕਦਾ; ਪਰ ਜੋਸ਼ ਤੇ ਪ੍ਰਕਾਸ਼ ਮਿਤਰ ਰਹੇ ਹਨ ਜੇ ਮਿਲਨ ਤਾਂ ਹੁਣ ਵੀ ਬੋਲਦਾ ਹਾਂ। ਪਰ ਇਹ ਨਹੀਂ ਕਿ ਮੈਂ ਉਹਨਾਂ ਦਾ ਸਾਥੀ ਬਣ ਗਿਆ ਹਾਂ। ਪਰ ਮਹਾਰਾਜ ਜੀ ਨੂੰ ਮੇਰੀ ਇਹ ਸਫਾਈ ਦਿਤੀ ਤੇ ਯਕੀਨ ਨਾ ਆਇਆ। ਕੁਝ ਦਿਨਾਂ ਪਿਛੋਂ ਮੈਨੂੰ ਉਹਨਾਂ ਸੱਦ ਕੇ ਆਖਿਆ ਸਤਿਜੁਗ ਦੇ ਦਫਤਰ ਦੀਆਂ ਚਾਬੀਆਂ ਸਲੱਖਤਰਾ ਜੀ ਨੂੰ ਦੇ ਦੇ ? ਅੱਜ ਤੋਂ ਇਹ ਸਤਿਜੁਗ ਦੇ ਐਡੀਟਰ ਹਨ। ਮੈਂ ਉਸੇ ਵੇਲੇ ਚਾਬੀਆਂ ਮਹਾਰਾਜ ਜੀ ਦੇ ਸਾਹਮਣੇ ਫੜਾ ਆਪਣਾ ਸਾਈਕਲ ਚੁਕ ਘਰ ਆ ਗਿਆ।

ਥੋੜੇ ਹੀ ਦਿਨਾਂ ਪਿਛੋਂ ਡਾਕਟਰ ਧਿਆਨ ਸਿੰਘ ਜੀ ਵਲੋਂ ਘਰ ਦੇ ਪਤੇ ਤੇ ਚਿੱਠੀ ਮਿਲੀ ਜਿਸ ਵਿਚ ਉਹਨਾਂ ਲਿਖਿਆ ਸੀ , ਸਾਜਨ ਜੀ ਖੁਸ਼ੀ ਹੈ,ਤੂੰ ਥੋੜ੍ਹੀ ਜਿਹੀ ਇਜ਼ਤ ਬਚਾ ਘਰ ਪਹੁੰਚ ਗਿਆ ਹੈਂ। ਮੈਂ ਸਲੱਖਤਰਾ ਜੀ ਨੂੰ ਉਨਤਵੀਆਂ ਐਡੀਟਰ ਹੋਣ ਦੀ ਵਧਾਈ ਦੇ ਦਿਤੀ ਹੈ। ਅਤੇ ਇਸ ਵਾਰ ਮੈਂ ਮਹਾਂਰਾਜ ਬੀਰ ਸਿੰਘ ਜੀ ਨੂੰ ਵੀ ਚਿੱਠੀ ਰਾਹੀਂ ਵਧਾਈ ਦਿਤੀ ਹੈ।



Sri Satguru Jagjit Singh Ji eLibrary NamdhariElibrary@gmail.com

## ਨਵੀਂ ਡਿਊਟੀ

ਮੈਂ ਜਦੋਂ ਸਤਿਜੁਗ ਅਖਬਾਰ ਦਾ ਐਡੀਟਰ ਹਟਿਆ, ਜਾਂ ਕਢਿਆ ਗਿਆ, ਉਸ ਸਮੇਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਬਾਹਰ ਗਏ ਹੋਏ ਸੀ। ਮੈਂ ਘਰ ਆਕੇ ਆਪਣੀ ਖੇਤੀ ਦੇ ਕੰਮ ਵਿਚ ਪੈ ਗਿਆ। ਦੋ ਹਫਤਿਆਂ ਪਿਛੋਂ ਸਤਿਗੁਰੂ ਜੀ ਹੋਰਾਂ ਸ੍ਰੀ ਜੀਵਨ ਨਗਰ ਦਰਸ਼ਨ ਦਿਤੇ। ਸਵੇਰੇ ਆਸਾ ਦੀ ਵਾਰ ਦਾ ਪ੍ਰੋਗਰਾਮ ਕਰੀ ਵਾਲੇ ਪਿੰਡ ਵਿਚ ਸੀ। ਸਤਿਗੁਰੂ ਜੀ ਕਰੀ ਵਾਲੇ ਦਰਸ਼ਨ ਦਿਤੇ। ਆਸਾ ਦੀਵਾਰ ਦੇ ਕੀਰਤਨ ਦੀ ਸਮਾਪਤੀ ਪਿਛੋਂ ਸਿੱਖਾਂ ਸੇਵਕਾਂ ਦੇ ਘਰੀਂ ਚਰਨ ਪਾਏ। ਸਵੇਰੇ ਦਸ ਕੁ ਵੱਜੇ ਸਨ, ਕਿ ਪਿੰਡ ਸੰਤ ਨਗਰ ਦੀ ਫਿਰਨੀ, ਫਿਰਨੀ,ਸਤਿਗੁਰੂ ਜੀ ਦੀ ਕਾਰ ਆਉਂਦੀ ਦਿਖਾਈ ਦਿਤੀ। ਮੈਂ ਅੰਦਾਜਾ ਲਾਇਆ, ਸਤਿਗੁਰੂ ਜੀ ਦਰਸ਼ਨ ਦੇਣ ਦੀ ਕਿਰਪਾ ਕਰ ਰਹੇ ਹਨ। ਮੇਰੇ ਮਾਤਾ ਜੀ ਹਾਲਾਂ ਮੰਜੇ ਤੇ ਚਾਦਰ ਵਿਛਾ ਹੀ ਰਹੇ ਸਨ ਕਿ ਸੱਚੇ ਪਾਤਿਸ਼ਾਹ ਜੀ ਵੇਹੜੇ ਵਿਚ ਆਣ ਦਰਸ਼ਨ ਦਿਤੇ। ਮੇਰੇ ਵੱਡੇ ਭਰਾ ਨੇ ਜੈਕਾਰਾ ਛੱਡਿਆ। ਸਤਿਗੁਰੂ ਜੀ ਮੰਜੇ ਤੇ ਸ਼ਸ਼ੋਭਤ ਹੋ ਗਏ। ਘਰ ਦੇ ਪਰਿਵਾਰ ਨੇ ਚਰਨ ਪਰਸੇ। ਫਿਰਨੀ ਦੇ ਨੇੜੇ ਨੇੜੇ ਘਰਾਂ ਵਿਚੋਂ ਕਾਫੀ ਸੰਗਤ ਦਰਸ਼ਨ ਕਰਨ ਪਹੁੰਚ ਗਈ। ਸੱਭ ਨੇ ਮੱਥਾ ਟੇਕਿਆ। ਸੰਗਤ ਵਿਚ ਪਿਆਰਾ ਸਿੰਘ ਨਾਥ ਵੀ ਦਰਸ਼ਨ ਕਰਨ ਆਏ ਸਨ। ਸੱਚੇ ਪਾਤਸ਼ਾਹ ਜੀ ਕਿਹਾ ਨਾਥ ਜੀ ਤੁਸੀਂ ਇਸ ਵੇਲੇ ਸੋਧੀ ਹੋ ਜਾਂ ਖੁਲੇ ਹੋ ਗਏ ਹੋ ? ਗਰੀਬ ਨਿਵਾਜ਼ ਮੈਂ ਇਸ ਵੇਲੇ ਸੋਧ ਵਿਚ ਹੀ ਹਾਂ। ਚੰਗਾ ਫਿਰ ਜਲ ਪਾਣੀ ਛਕਣਾ ਹੈ ਤਿਆਰੀ ਕਰੋ ?।ਨਾਥ ਜੀ ਮਾਈ ਦੇ ਨਾਲ ਸਾਜਨ ਦੇ ਘਰ ਜਾਉ ? ਮੇਰੇ ਮਾਤਾ ਜੀ ਨਾਥ ਜੀ ਨੂੰ ਮੇਰੇ ਘਰ ਲੇ ਕੇ ਗਏ। ਮੇਰੀ ਘਰ ਵਾਲੀ ਨੇ ਅੰਦਰ ਮੰਜਾ ਵਿਛਾ ਦਿਤਾ। ਨਾਥ ਜੀ ਦੁੱਧ ਫਲ ਤਿਆਰ ਕਰ ਸਤਿਗੁਰੂ ਜੀ ਹੋਰਾਂ ਨੂੰ ਅਰਜ਼ ਕੀਤੀ। ਸਤਿਗੁਰੂ ਜੀ ਮੇਰੇ ਘਰ ਚਰਨ ਪਾਏ। ਮੇਰੀ ਮਾਤਾ ਜੀ ਨੂੰ ਸਤਿਗੁਰੂ ਜੀ ਹੁਕਮ ਕੀਤਾ। ਮਾਈ ਸੰਗਤ ਨੂੰ ਵੀ ਕੁਝ ਛਕਾਉ। ਮਾਤਾ ਜੀ ਤੇ ਮੇਰੇ ਪਰਿਵਾਰ ਨੇ ਆਈ ਸਾਧ ਸੰਗਤ ਦੀ ਸੇਵਾ ਕੀਤੀ। ਸਤਿਗੁਰੂ ਜੀ ਜਲ ਪਾਣੀ ਛਕਣ ਸਮੇਂ ਮੈਨੂੰ ਵੀ ਅੰਦਰ ਸੱਦ ਲਿਆ। ਗੁਰਭਜਨ ਸਿੰਘ ਨਿਜੀ ਸਕੱਤਰ ਬਲਕਾਰ ਸਿੰਘ ਨਿਜੀ ਸੇਵਕ ਨਾਥ ਜੀ ਤੇ ਮੈਂ ਕੋਲ ਬੈਠੇ ਸਾਂ। ਸਤਿਗੁਰੂ ਜੀ ਦੌਰੇ ਦੇ ਬਚਨ ਸੁਣਾਦੇ ਰਹੇ। ਬਲਕਾਰ ਸਿੰਘ ਕਿੰਨੀ ਵਾਰ ਰਸਤੇ ਵਿਚ ਲੜਿਆ ਦਸ ਕੇ ਛੇੜਦੇ ਰਹੇ। ਕਰੀਬ ਘੰਟਾ ਭਰ ਅੰਦਰ ਬਚਨ ਕਰਦੇ ਰਹੇ। ਇਨੇਂ ਸਮੇਂ ਵਿਚ ਕੁਝ ਸੰਗਤ ਚਲੀ ਗਈ ਅਤੇ ਕੁਝ ਸਿੰਘ ਬਾਹਰ ਬੈਠੇ ਰਹੇ। ਸਤਿਗੁਰੂ ਜੀ ਗੁਰਭਜਨ ਨੂੰ ਕਿਹਾ ਸ਼ਾਮ ਦਾ ਕੀ ਪ੍ਰੋਗਰਾਮ ਹੈ ? ਉਸਨੇ ਦਸਿਆ ਸ਼ਾਮ ਦਾ ਦੀਵਾਨ ਰਾਣੀਆਂ ਹੈ ਤੇ ਰਾਗੀ ਸਿੰਘ ਕਰੀਵਾਲੇ ਤੋਂ ਸਿਧੇ ਰਾਣੀਆਂ ਪਹੁੰਚ ਗਏ ਹਨ। ਠੀਕ ਹੈ, ਪ੍ਰੋਗਰਾਮ ਵਾਲੀ ਡਾਇਰੀ ਸਾਜਨ ਨੂੰ ਦੇ ਦੇਹ ਅਤੇ ਤੂੰ ਕੁਝ ਦਿਨ ਅਰਾਮ ਕਰ ਲੈ ਤੇ ਨਾਲੇ ਘਰ ਦੇ ਕੰਮ ? ਮੈਨੂੰ ਗੁਰਭਜਨ ਸਿੰਘ ਨੇ



Sri Satguru Jagjit Singh Ji eLibrary NamdhariElibrary@gmail.com

ਕਾਪੀ ਦੇ ਕੇ ਕਿਹਾ ਜ਼ਰਾ ਪ੍ਰੋਗਰਾਮ ਪੜ੍ਹ ਲੈ। ਮੈਂ ਕਾਪੀ ਵੇਖੀ ਤਾਂ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਮੇਰੇ ਹੀ ਘਰ ਸੰਤ ਨਗਰ ਵਿਖੇ ਸੀ। ਅਤੇ ਉਸ ਤੋਂ ਪਿਛੋਂ ਸ਼ਾਮ ਦਾ ਦੀਵਾਨ ਹਿਸਾਰ, ਅਤੇ ਹਿਸਾਰ ਤੋਂ ਦਿਲੀ ਅਤੇ ਫਿਰ ਯੂ.ਪੀ ਬਿਹਾਰ ਦਾ ਦੌਰਾ। ਮਹੀਨੇ ਦਾ ਪੂਰਾ ਪ੍ਰੋਗਰਾਮ ਬਣਿਆ ਹੋਇਆ ਸੀ।

## ਯੂ.ਪੀ. ਦੇ ਦੌਰੇ 'ਤੇ

ਹੁਕਮ ਅਗੇ ਕੋਈ ਉਜ਼ਰ ਨਹੀਂ ਹੁੰਦਾ, ਸੋ ਮੈਂ ਡਾਇਰੀ ਫੜ ਲਈ। ਸਤਿਗੁਰੂ ਜੀ ਹੋਰਾਂ ਹੋਰ ਬਹੁਤ ਬਚਨ ਕੀਤੇ ਪਰ ਉਹਨਾਂ ਸਤਿਜੁਗ ਵਾਲੀ ਗੱਲ ਨੂੰ ਇਉਂ ਦਰਸਾਇਆ ਜਿਵੇਂ ਕੋਈ ਗਲ ਹੋਈ ਹੀ ਨਾ ਹੋਵੇ। ਨਾ ਹੀ ਮੈਂ ਕਿਹਾ ਮੈਂ ਸਤਿਜੁਗ ਤੋਂ ਵੇਹਲਾ ਹੋ ਗਿਆ ਜਾਂ ਕਿਵੇਂ ਹੋਇਆ। ਸ਼ਾਮ ਨੂੰ ਜਾਂਦਿਆਂ ਸਤਿਗੁਰੂ ਜੀ ਕਿਹਾ; ਯੂ.ਪੀ ਬਿਹਾਰ ਇਕ ਮਹੀਨੇ ਲਈ ਜਾਣਾ ਹੈ; ਉਸ ਲਈ ਰਾਗੀ; ਜਥੇਦਾਰ ਲਾਂਗਰੀ ਦਿਲੀ ਪਹੁੰਚ ਜਾਣਗੇ? ਪਰ ਪੂਰੀ ਗੱਲ ਗੁਰਭਜਨ ਤੋਂ ਸਮਝ ਲੈਣੀ? ਗੁਰਭਜਨ ਤੇ ਮੈਂ ਰਾਤ ਨੂੰ ਇਕਠੇ ਹੋਏ ਤਾਂ ਉਸ ਦਸਿਆ; ਤੇਰੇ ਸਤਿਜੁਗ ਤੋਂ ਹਟਣ ਬਾਰੇ ਦੂਜੇ ਦਿਨ ਸਤਿਗੁਰੂ ਜੀ ਨੂੰ ਪਤਾ ਲਗ ਗਿਆ ਸੀ, ਕਾਫੀ ਮਹਿਸੂਸ ਕੀਤਾ ਹੈ। ਯੂਪੀ ਬਿਹਾਰ ਨੂੰ ਤੈਨੂੰ ਨੇੜੇ ਰੱਖਣ ਲਈ ਹੀ ਨਾਲ ਲਿਜਾ ਰਹੇ ਹਨ। ਤੂੰ ਮਨ ਵਿਚ ਨਹੀਂ ਲਿਆਉਣਾ ਸਤਿਗੁਰੂ ਜੀ ਤੇਰੇ ਨਾਲ ਹਨ। ਮੈਂ ਸਤਿਜੁਗ ਚੋਂ ਇਉਂ ਕੱਢੇ ਜਾਣ ਦਾ ਦੁਖ ਮਹਿਸੂਸ ਕਰ ਰਿਹਾ ਸੀ। ਦੁਖ ਸੰਪਾਦਕ ਹਟਨ ਦਾ ਨਹੀਂ ਸੀ ਦੁਖ ਦੋਸ਼ ਲਗਨ ਦਾ ਸੀ ਕਿ ਤੂੰ ਕਾਮਰੇਡਾਂ ਦਾ ਸਾਥੀ ਹੈਂ। ਗੁਰਭਜਨ ਦੇ ਇਹ ਕਹਿਣ ਤੇ ਕਿ ਸਤਿਗੁਰੂ ਜੀ ਤੇਰੇ ਨਾਲ ਹਨ, ਨੇ ਮੈਨੂੰ ਫੇਰ ਹਰਿਆਂ ਕਰ ਦਿਤਾ।

ਦਿੱਲੀ ਪਹੁੰਚ ਕੇ ਆਪਣੀਆਂ ਗਡੀਆਂ ਤੋਂ ਇਲਾਵਾ ਦੋ ਕਾਰਾਂ ਕਰਾਇ ਤੇ ਲਈਆਂ। ਇਸ ਦੌਰੇ ਦੇ ਪਹਿਲੇ ਪ੍ਰੋਗਰਾਮ ਅਨੁਸਾਰ ਮਾਤਾ ਜੀ ਤੇ ਬੇਬੇ ਜੀ ਨੇ ਨਾਲ ਜਾਣਾ ਸੀ। ਪਰ ਤੁਰਨ ਤੋਂ ਇਕ ਦਿਨ ਪਹਿਲਾਂ; ਮਾਤਾ ਜੀ ਤੇ ਬੇਬੇ ਜੀ ਉਹਨਾਂ ਦੀ ਸੇਵਕ ਬੀਬੀ ਪ੍ਰੀਤਮ ਕੌਰ ਨੂੰ ਕੁਝ ਜ਼ਿੰਮੇਂਵਾਰੀਆ ਕਾਰਨ ਵਾਪਸ ਭੇਜ ਦਿੱਤਾ ਗਿਆ ਅਤੇ ਬਾਕੀ ਜਥਾ ਯੂਪੀ ਬਿਹਾਰ ਨੂੰ ਰਵਾਨਾ ਹੋ ਗਿਆ। ਸਤਿਗੁਰੂ ਜੀ ਗਾਜ਼ਿਆਬਾਦ, ਅਮਰੋਹਾ, ਆਦਿ ਸ਼ਹਿਰਾਂ ਚੋਂ ਦਰਸ਼ਨ ਦਿੰਦੇ ਹੋਏ ਬਰੇਲੀ ਪੁਜੇ। ਇਥੇ ਬਰੇਲੀ ਦੀ ਸੰਗਤ ਨੇ ਸ਼ਹਿਰ ਤੋਂ ਬਾਹਰ ਆ ਕੇ ਸਤਿਗੁਰੂ ਜੀ ਦਾ ਸੁਆਗਤ ਕੀਤਾ ਅਤੇ ਇਕ ਜਲੂਸ ਦੀ ਸ਼ਕਲ ਵਿਚ ਸ਼ਹਿਰ ਦੇ ਘੁੱਗ ਵਸਦੇ ਇਲਾਕੇ ਵਿਖੇ ਸੰਤ ਕਰਤਾਰ ਸਿੰਘ ਜੀ ਦੇ ਘਰ ਡੇਰਾ ਲਾਇਆ ਗਿਆ। ਸ਼ਾਮ ਦੇ ਦੀਵਾਨ ਵਿਚ ਬਰੇਲੀ ਦੀ ਸੰਗਤ ਨੇ ਹੁੰਮ ਹੁਮਾ ਕੇ ਆਨ ਸਤਿਗੁਰੂ ਜੀ ਦੇ ਚਰਨ ਪਰਸੇ। ਸ਼ਾਮ ਦੇ ਦੀਵਾਨ ਦੀ ਸਮਾਪਤੀ ਪਿਛੋਂ ਆਪਣੇ ਸਿੱਖਾਂ ਸੇਵਕਾਂ ਦੀਆਂ ਅਰਜ਼ਾਂ ਬੇਨਤੀਆ



Sri Satguru Jagjit Singh Ji eLibrary NamdhariElibrary@gmail.com

ਸੁਣੀਆਂ ਗਈਆਂ। ਸੱਚੇ ਪਾਤਸ਼ਾਹ ਜੀ ਜਲ ਪਾਣੀ ਛਕ ਕੇ ਆਪਣੇ ਅਰਾਮ ਕਮਰੇ ਵਿਚ ਚਲੇ ਗਏ। ਰਾਗੀ ਸਿੰਘ ਤੇ ਹੋਰ ਸੰਗਤ ਆਪਣੇ ਆਪਣੇ ਟਿਕਾਣੇ ਬੈਠ ਚੁੱਕੇ ਸੀ।

## ਸੇਵਕ ਨੂੰ ਦਰਸ਼ਨ

ਸਰਦੀ ਦੀ ਰੁਤ ਹੋਣ ਕਾਰਨ ਹਨੇਰਾ ਪਸਰ ਰਿਹਾ ਸੀ ਕਿ ਬੰਦਾਯੂ ਸ਼ਹਿਰ ਦਾ ਇਕ ਨਾਮਧਾਰੀ ਸਿੱਖ ਹਲਵਿੰਦਰ ਸਿੰਘ ਦਰਸ਼ਨ ਕਰਨ ਲਈ ਆਣ ਪੁਜਾ। ਉਹਨੂੰ ਬਰੇਲੀ ਆਏ ਨੂੰ ਕਿਸੇ ਨਾਮਧਾਰੀ ਸਿੱਖ ਤੋਂ ਸਤਿਗੁਰੂ ਜੀ ਦੇ ਬਰੇਲੀ ਵਿਖੇ ਦਰਸਨ ਦੇਣ ਦਾ ਪਤਾ ਲਗਾ ਸੀ, ਅਤੇ ਉਹ ਸਤਿਗੁਰੂ ਦੇ ਦਰਸ਼ਨ ਦੀ ਸਿਕ ਪੂਰੀ ਕਰਨ ਖਾਤਰ ਉਹ ਸਿੰਘ ਸਤਿਗੁਰੂ ਜੀ ਦੇ ਡੇਰੇ ਵਾਲੇਂ ਘਰ ਆ ਕੇ; ਘਰ ਵਾਲੇ ਸੰਤ ਕਰਤਾਰ ਸਿੰਘ ਨੂੰ ਕਿਹਾ; ਮੈਨੂੰ ਸਤਿਗੁਰੂ ਜੀ ਦੇ ਦਰਸ਼ਨ ਕਰਾਉ ? ਘਰ ਵਾਲੇ ਸਿੱਖ ਨੇ ਕਿਹਾ ਸਤਿਗੁਰੂ ਜੀ ਬਿਰਾਜ ਗਏ ਹਨ ਤੂੰ ਸਵੇਰੇ ਦਰਸ਼ਨ ਕਰ ਲਵੀਂ। ਆਉਣ ਵਾਲਾ ਸਿੱਖ ਬਹੁਤ ਹੀ ਨਿਰਾਸ਼ ਹੋ ਗਿਆ। ਕਿਉਂਕਿ ਉਸ ਰਾਤ ਹੀ ਬੰਦਾਯੂ ਮੁੜ ਜਾਣਾ ਸੀ। ਸਿੱਖ ਦੀ ਉਦਾਸੀ ਉਸਦੀ ਆਵਾਜ਼ ਬਣ ਗਈ। ਸਤਿਗੁਰੂ ਜੀ ਕਮਰੇ ਵਿਚੋਂ ਬਾਹਰ ਆਣ ਕੇ ਘਰ ਵਾਲੇ ਸਿੱਖ ਦਾ ਨਾਮ ਲੈ ਕੇ ਕਿਹਾ ਸੰਤ ਕਰਤਾਰ ਸਿੰਘ ਜੀ ਸਾਜਨ ਨੂੰ ਮੇਰੇ ਕੋਲ ਭੇਜਨਾ? ਸੰਤ ਕਰਤਾਰ ਸਿੰਘ ਜੀ ਮੇਰੇ ਕਮਰੇ ਵਿਚ ਆਏ ਤਾਂ ਮੈਨੂੰ ਕਿਹਾ ਸਾਜਨ ਤੈਨੂੰ ਸਤਿਗੁਰੂ ਜੀ ਹੋਰਾਂ ਬੁਲਾਇਆ ਹੈ। ਤੇ ਨਾਲ ਹੀ ਬੰਦਾਯੂ ਵਾਲੇ ਆਏ ਸਿੱਖ ਬਾਰੇ ਦਸਿਆ। ਇਹ ਸਿੱਖ ਦਰਸ਼ਨ ਕਰਨੇ ਚਾਹੁੰਦਾ ਹੈ। ਮੈਂ ਕਿਹਾ ਇਉਂ ਲਗਦਾ ਹੈ ਮੈਨੂੰ ਨਹੀਂ ਸਤਿਗੁਰੂ ਜੀ ਨੇ ਇਹਨੂੰ ਹੀ ਬੁਲਾਇਆ ਹੈ, ਮੇਰੇ ਨਾਲ ਤਾਂ ਕੋਈ ਕੰਮ ਹੈ ਹੀ ਨਹੀਂ। ਮੈਂ ਉਸ ਸਿੰਘ ਨੂੰ ਨਾਲ ਲੈ ਸਤਿਗੁਰੂ ਜੀ ਦੇ ਕਮਰੇ ਕੋਲ ਗਿਆ। ਸਤਿਗੁਰੂ ਜੀ ਪਾਸ ਮੈਂ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀਉ ਇਕ ਸਿੱਖ ਬੰਦਾਯੂ ਤੋਂ ਦਰਸ਼ਨ ਕਰਨ ਆਇਆ ਹੈ ਹੁਕਮ ਹੋਵੇ ਤਾਂ ਅੰਦਰ ਆ ਜਾਵੇ। ਸਤਿਗੁਰੂ ਜੀ ਹੋਰਾਂ ਹੁਕਮ ਕੀਤਾ ਆ ਜਾਵੇ। ਮੈਂ ਤਾਂ ਉਡੀਕ ਰਿਹਾ ਹਾਂ ਤੈਨੂੰ, ਆਖ ਕੇ ਸਤਿਗੁਰੂ ਜੀ ਦਰਸਾਇਆ ਜਿਵੇਂ ਮੈਨੂੰ ਨਹੀਂ ਉਹ ਉਸੇ ਸਿੱਖ ਨੂੰ ਹੀ ਉਡੀਕ ਰਹੇ ਹੋਣ। ਪਰ ਅਸਲ ਵਿਚ ਉਸ ਸਿੱਖ ਦੀ ਅੰਦਰਲੀ ਦਰਸਨ ਵਾਲੀ ਤਾਂਘ ਨੇ ਹੀ ਸਤਿਗੁਰੂ ਜੀ ਨੂੰ ਕਮਰੇ ਤੋਂ ਬਾਹਰ ਆਂਦਾ ਸੀ; ਤੇ ਉਡੀਕ ਵੀ ਉਸੇ ਸਿੱਖ ਦੀ ਹੋ ਰਹੀ ਸੀ। ਤੈਨੂੰ ਆਖਣਾ ਤਾਂ ਇਕ ਪੜਦਾ ਹੀ ਸੀ।

## ਹੁਣੇ ਚੱਲੋ

ਮੈਂ ਤੇ ਸੰਤ ਕਰਤਾਰ ਸਿੰਘ ਅਤੇ ਬੰਦਾਯੂ ਵਾਲਾ ਸਿੰਘ ਸਤਿਗੁਰੂ ਜੀ ਕੋਲ ਬੈਠੇ ਸੀ ਸਿੱਖ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਬਰੇਲੀ ਵਿਚ ਤਾਂ ਕਾਫੀ



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਸੰਗਤ ਹੈ। ਇਥੋ ਆਪ ਜੀ ਕਈ ਵਾਰ ਦਰਸ਼ਨ ਦੇ ਜਾਂਦੇ ਹੋ। ਪਰ ਬੰਦਾਯੂ ਵਿਚ ਮੇਰਾ ਹੀ ਪਰਿਵਾਰ ਹੈ ਹੋਰ ਕੋਈ ਨਾਮਧਾਰੀ ਸਿੱਖ ਨਹੀਂ। ਅਸੀਂ ਸਦਾ ਹੀ ਆਪ ਜੀ ਦੇ ਦਰਸ਼ਨਾਂ ਨੂੰ ਤਰਸਦੇ ਰਹਿੰਦੇ ਹਾਂ। ਸਾਨੂੰ ਪਤਾ ਹੀ ਨਹੀਂ ਲਗਦਾ; ਅਤੇ ਤੁਸੀ ਦਰਸਨ ਦੇ ਕੇ ਚਲੇ ਜਾਂਦੇ ਹੋ। ਗਰੀਬ ਨਿਵਾਜ਼ ਜੀ ਮੇਰੇ ਪਰਿਵਾਰ ਨੂੰ ਵੀ ਕਿਸੇ ਵੇਲੇ ਦਰਸ਼ਨ ਦੇਣ ਦੀ ਕਿਰਪਾ ਕਰੋ? ਸਤਿਗੁਰੂ ਜੀ ਤਰੁਠਦਿਆਂ ਆਖਿਆ, ਮੈਨੂੰ ਤੁਸੀਂ ਕਹੋ ਤੇ ਸਹੀ? ਮੈਂ ਤਾਂ ਹੁਣੇ ਜਾਣ ਲਈ ਤਿਆਰ ਹਾਂ। ਸਿੱਖ ਨੇ ਭਰੇ ਗਲ ਨਾਲ ਹੱਥ ਜੋੜ ਕੇ ਆਖਿਆ ਸੱਚੇ ਪਾਤਸ਼ਾਹੋ? ਮੇਰੇ ਧੰਨ ਭਾਗ ਚਲੋ ਕਿਰਪਾ ਕਰੋ; ਹੁਣੇ ਚੱਲੋ। ਮੈਨੂੰ ਹੁਕਮ ਹੋਇਆ ਹੁਣੇ ਬੰਦਾਯੂ ਜਾਣਾ ਹੈ। ਬਲਕਾਰ ਸਿੰਘ ਨਿਜੀ ਸੇਵਕ; ਗੁਰਮੁਖ ਸਿੰਘ ਡਰਾਈਵਰ; ਤੇ ਮੈਂ ਝੱਟ ਤਿਆਰ ਹੋ ਗਏ। ਸੰਤ ਕਰਤਾਰ ਸਿੰਘ ਜੀ ਅਰਜ਼ ਕੀਤੀ; ਗਰੀਬ ਨਿਵਾਜ਼ ਜੀ ਸਵੇਰੇ ਜਾਣਾ ਇਸ ਵੇਲੇ ਬੰਦਾਯੂ ਜਾਣਾ ਠੀਕ ਨਹੀਂ; ਰਸਤੇ ਵਿਚ ਕੋਈ ਵੀ ਘਟਨਾ ਵਾਪਰਨ ਦਾ ਡਰ ਹੈ। ਇਲਾਕਾ ਚੰਗਾ ਨਹੀਂ। ਸਤਿਗੁਰੂ ਜੀ ਹੁਕਮ ਕੀਤਾ ਬਲਕਾਰ ਸਿੰਘ ਭੰਗੂਰ ਵਾਲੇ ਨੂੰ ਨਾਲ ਲੈ ਲਵੋ ਉਹਦੇ ਕੋਲ ਬੰਦੂਕ ਹੈ। ਹੁਕਮ ਦੀ ਦੇਰ ਸੀ ਸੰਤ ਬਲਕਾਰ ਸਿੰਘ ਭੰਗੂਰ ਵਾਲੇ ਇਸ ਵੇਲੇ ਪਿੰਡ ਭੰਗੂਰ ਜਿਲ੍ਹਾ ਸਿਰਸਾ ਤੋਂ ਇੱਥੇ ਯੂਪੀ ਵਿਚ ਆਣ ਵਸੇ ਸੀ। ਸੰਤ ਬਲਕਾਰ ਸਿੰਘ ਅੱਗੇ ਗੁਰਮੁਖ ਸਿੰਘ ਡਰਾਈਵਰ ਨਾਲ ਬੈਠ ਗਏ ਮੈਂ ਤੇ ਬਲਕਾਰ ਸਿੰਘ ਸੇਵਕ, ਸਤਿਗੁਰੂ ਜੀ ਦੇ ਨਾਲ ਦੋਹੀਂ ਪਾਸੀਂ ਬੈਠ ਗਏ। ਸੰਤ ਕਰਤਾਰ ਸਿੰਘ ਅਤੇ ਬੰਦਾਯੂ ਵਾਲੇ ਸਜਨ ਅੱਗੇ ਆਪਣੀ ਗੱਡੀ ਵਿੱਚ ਜਾ ਰਹੇ ਸੀ।

ਸਤਿਗੁਰੂ ਜੀ ਬੰਦਾਯੂ ਸਿੱਖ ਦੇ ਘਰ ਜਾ ਚਰਨ ਪਾਏ। ਰਾਤ ਦੇ ਕਰੀਬ ਦਸ ਵੱਜ ਚੁੱਕੇ ਸੀ। ਸੁਤੇ ਪਰਿਵਾਰ ਨੇ ਉਠ ਕੇ ਸਤਿਗੁਰੂ ਜੀ ਦੇ ਚਰਨ ਪਰਸੇ। ਇਕ ਘੰਟਾ ਦਰਸ਼ਨ ਦੇਕੇ ਰਾਤ ਗਿਆਰਾਂ ਵਜੇ ਬੰਦਾਯੂ ਤੋਂ ਚਲ ਰਾਤ ਬਰੇਲੀ ਆਣ ਸੁਤੇ। ਸਵੇਰੇ ਬਰੇਲੀ ਵਿਚ ਹੀ ਪ੍ਰੋਗਰਾਮ ਸੀ। ਆਸਾ ਦੀ ਵਾਰ ਦੀ ਸਮਾਪਤੀ ਪਿਛੋਂ ਸਤਿਗੁਰੂ ਜੀ ਸੇਵਕਾਂ ਦੇ ਘਰੀਂ ਚਰਨ ਪਾਕੇ ਗ੍ਰਹਿ ਪਵਿੱਤਰ ਕੀਤੇ। ਸ਼ਾਮ ਨੂੰ ਬਰੇਲੀ ਤੋਂ ਅਗਲੇ ਮਿਥੇ ਪ੍ਰੋਗਰਾਮ ਅਨੁਸਾਰ ਚੱਲ ਪਏ। ਬਲਕਾਰ ਸਿੰਘ ਭੰਗੂਰ ਵਾਲਾ ਯੂਪੀ ਦੇ ਵਾਤਾਵਰਣ ਤੇ ਰਸਤੇ ਦੇ ਜਾਣਕਾਰ ਹੋਣ ਕਾਰਨ ਸੱਚੇ ਪਾਤਸ਼ਾਹ ਜੀ ਵਾਲੀ ਗੱਡੀ ਵਿਚ ਬਿਠਾਏ। ਗੁਰਮੁਖ ਸਿੰਘ ਗੱਡੀ ਚਲਾ ਰਿਹਾ ਸੀ ਤੇ ਹਨੇਰਾ ਘੋਰ ਪਸਰ ਚੁੱਕਾ ਸੀ। ਰਸਤੇ ਵਿਚ ਬਲਕਾਰ ਸਿੰਘ ਨੇ ਦਸਿਆ ਅੱਗੇ ਦਸ ਮੀਲ ਤੇ ਇਕ ਸੜਕ ਹੈ ਉਸ ਤੇ ਜਾਕੇ ਇਕ ਨਾਮਧਾਰੀ ਪਰਿਵਾਰ ਇਕੱਲਾ ਹੀ ਆਪਣੇ ਫਾਰਮ ਵਿਚ ਰਹਿੰਦਾ ਹੈ। ਉਹਨਾਂ ਦੀ ਬਿਰਧ ਮਾਤਾ ਸਤਿਗੁਰੂ ਜੀ ਦੇ ਦਰਸਨਾਂ ਨੂੰ ਬਹੁਤ ਲੋਚਦੀ ਹੈ। ਸੱਚੇ ਪਾਤਸ਼ਾਹ ਜੀ ਦਾ ਕਦੇ ਫੇਰ ਪ੍ਰੋਗਰਾਮ ਬਣੇ ਤਾਂ ਉਹਨਾਂ ਦਾ ਵੀ ਨਾਮ ਲਿਖ ਲੈਣਾ। ਸਤਿਗੁਰੂ ਜੀ ਹੋਰਾਂ ਬਿਨਾਂ ਕੁਝ ਹੋਰ ਕਿਹਾਂ ਆਖਿਆ, ਕਿਉਂ ਸੰਤੋਖ? ਮੈਂ ਕਿਹਾ ਹਾਂ ਜੀ ਨੇਕੀ ਅਰ...? ਤਾਂ ਸਤਿਗੁਰੂ ਜੀ ਹੁਕਮ ਕੀਤਾ ਬਲਕਾਰ ਸਿੰਘ ਮਾਈ ਦੇ ਡੇਰੇ ਦਾ ਰਾਹ ਗੁਰਮੁਖ ਨੂੰ ਧਿਆਨ ਨਾਲ ਦੱਸਦਾ ਜਾਵੀਂ?



Sri Satguru Jagjit Singh Ji eLibrary NamdhariElibrary@gmail.com

ਬਲਕਾਰ ਸਿੰਘ ਕਿਹਾ ਗਰੀਬ ਨਿਵਾਜ਼ ਜੀ ਉਹ ਡੇਰਾ ਤਾਂ ਇਥੋਂ ਪੰਜਾਹ ਮੀਲ ਹੈ। ਤਾਂ ਗਰੀਬ ਨਿਵਾਜ਼ ਜੀ ਕਿਹਾ ਸਾਜਨ ਫਿਰ ਤਾਂ ਡੇਰਾ ਨੇੜੇ ਹੀ ਹੈ, ਮੈਂ ਸਮਝਦਾ ਸੀ ਬਹੁਤ ਦੂਰ ਹੇ।

## ਬਲਿਹਾਰ ਮਾਈ

ਰਾਤ ਦੇ ਹਨੇਰੇ ਵਿਚ ਹੀ ਗੱਡੀਆਂ ਮਾਈ ਦੇ ਵਿਹੜੇ ਵਿਚ ਜਾ ਰੁਕੀਆਂ। ਬਲਕਾਰ ਸਿੰਘ ਗੱਡੀ ਵਿਚੋਂ ਉਤਰ ਅਵਾਜ਼ ਮਾਰ ਘਰ ਵਾਲੇ ਸਿੰਘ ਨੂੰ ਉਠਾ ਕੇ ਆਖਿਆ ਮਾਤਾ ਜੀ ਨੂੰ ਦਸੋ ਸਤਿਗੁਰੂ ਜੀ ਆਏ ਹਨ। ਮਿੰਟਾਂ ਵਿਚ ਸਾਰਾ ਪਰਿਵਾਰ ਉਠ ਖਲੋਤਾ। ਮਾਈ ਨੂੰ ਉਸਦੇ ਕਮਰੇ ਵਿਚ ਜਾਕੇ ਬਲਕਾਰ ਸਿੰਘ ਤੇ ਉਸਦੇ ਪੁੱਤਰ ਨੇ ਕਿਹਾ ਮਾਤਾ ਰੋਜ ਆਂਹਦੀ ਸੈਂ ਸਤਿਗੁਰਾਂ ਦੇ ਦਰਸ਼ਨ ਨੂੰ ਮਨ ਲੋਚਦਾ ਹੈ ਲੈ, ਕਰ ਲੈ ਦਰਸ਼ਨ? ਸਤਿਗੁਰੂ ਜੀ ਆਏ ਹਨ। ਮਾਈ ਮੰਜੇ ਤੋਂ ਉਠੀ ਸਤਿਗੁਰੂ ਜੀ ਨੂੰ ਸਾਹਮਣੇ ਖਲੋਤੇ ਵੇਖ ਭੁੱਬਾਂ ਮਾਰਦੀ ਸਤਿਗੁਰੂ ਜੀ ਨੂੰ ਲਿਪਟ ਗਈ। ਮਾਈ ਸਤਿਗੁਰੂ ਜੀ ਦੇ ਗਲ ਲਗ ਖੂਬ ਰੋਈ; ਨਾ ਸਤਿਗੁਰੂ ਜੀ; ਤੇ ਨਾ ਹੀ ਕਿਸੇ ਹੋਰ ਨੇ ਮਾਈ ਨੂੰ ਹਟਾਇਆ। ਮਾਈ ਦਿਲ ਦਾ ਗੁਬਾਰ ਕੱਢ ਚਰਨਾਂ ਤੇ ਮੱਥਾ ਟੇਕਿਆ। ਸਤਿਗੁਰੂ ਜੀ ਹੋਰਾਂ ਮਾਈ ਦੇ ਲੜਕਿਆਂ ਨੂੰ ਕਿਹਾ ਸਿੰਘਾਂ ਦੇ ਸੌਣ ਦਾ ਪ੍ਰਬੰਧ ਕਰੋ। ਸੱਚੇ ਪਾਤਸ਼ਾਹ ਜੀ ਮਾਈ ਦੇ ਕਮਰੇ ਵਿਚ ਕੁਰਸੀ ਤੇ ਬਾਰਾਂ ਵਜੇ ਤਕ ਬੈਠੇ ਰਹੇ। ਮਾਈ ਨੂੰ ਅਚਾਨਕ ਧਿਆਨ ਆਇਆ ਤਾਂ ਮੈਨੂੰ ਪੁਛਿਆ? ਪੁੱਤਰ ਵਕਤ ਕੀ ਹੋਇਆ ਹੈ? ਮੈਂ ਕਿਹਾ ਮਾਤਾ ਜੀ ਬਾਰਾਂ ਵਜੇ ਹਨ। ਹਾਏ ਮੈਂ ਮਰ ਜਾਂ ਤੁਸਾਂ ਤਾਂ ਸੌਣਾਂ ਹੈ? ਤੇ ਫਿਰ ਆਸਾ ਦੀ ਵਾਰ ਵਿਚ ਦਰਸ਼ਨ ਦੇਣੇ ਹਨ। ਮੈਂ ਕਿਹਾ ਮਾਤਾ ਜੀ ਤੁਸੀ ਆਖੋ ਤੇ ਤਾਂ ਸਤਿਗੁਰੂ ਜੀ ਉਠਣ? ਮਾਤਾ ਫੇਰ ਮਸਤਾਨੀ ਬਿਰਤੀ ਵਿਚ ਆ ਗਈ। ਤੇ ਬੋਲੀ ਮੈਂ ਬਲਿਹਾਰ ਜਾਵਾਂ ਮੈਂ ਵਾਰੇ ਜਾਵਾਂ; ਮੈਂ ਘੋਲੀ ਜਾਵਾਂ ਆਪਣੇ ਸਤਿਗੁਰੂ ਤੋਂ, ਜਿਸ ਅੱਜ ਮੇਰੀ ਖਾਲੀ ਝੋਲੀ ਨੂੰ ਖੁਸ਼ੀਆਂ ਨਾਲ ਭਰ ਦਿਤਾ ਹੈ। ਮੇਰੀ ਆਖਰੀ ਰੀਝ ਪੂਰੀ ਹੋ ਗਈ ਹੈ। ਹੁਣ ਮੈਂ ਭਾਵੇਂ ਭਲਕੇ ਮਰ ਜਾਵਾਂ; ਕੋਈ ਭਰਮ ਨਹੀਂ; ਤੇ ਮਾਈ ਸਤਿਗੁਰੂ ਜੀ ਨੂੰ ਮੋਢਿਆਂ ਤੋਂ ਫੜ ਕੁਰਸੀ ਤੋਂ ਉਠਾਣ ਲਗ ਗਈ। ਸਤਿਗੁਰੂ ਜੀ ਥੋਹੜੇ ਸਮੇਂ ਲਈ ਆਪਣੇ ਕਮਰੇ ਵਿੱਚ ਜਾ ਬਿਰਾਜੇ; ਪਰ ਨਿਤ ਕਰਮ ਅਨੁਸਾਰ ਉੱਠ ਇਸ਼ਨਾਨ ਕਰ ਅੱਗੇ ਜਾਣ ਦੀ ਤਿਆਰੀ ਕਰ ਲਈ। ਮੈਂ ਰਾਤ ਹੀ ਮਾਈ ਦੇ ਪਰਿਵਾਰ ਨੂੰ ਕਹਿ ਦਿਤਾ ਸੀ ਸਤਿਗੁਰੂ ਜੀ ਹੋਰਾਂ ਸਵੇਰੇ ਇਸ਼ਨਾਨ ਕਰਨ ਪਿਛੋਂ ਕੋਈ ਬਚਨ ਨਹੀਂ ਕਰਨਾ। ਤੁਸੀਂ ਨਮਸਕਾਰ ਕਰ ਲੈਣੀ ਸਤਿਗੁਰੂ ਜੀ ਅਗਲੇ ਪ੍ਰੋਗਰਾਮ ਅਨੁਸਾਰ ਆਸਾ ਦੀ ਵਾਰ ਵਿਚ ਸੰਗਤਾਂ ਨੂੰ ਦਰਸਨ ਦੇਣੇ ਹਨ। ਸਵੇਰੇ ਸਾਰੇ ਪਰਿਵਾਰ ਨੇ ਚਰਨ ਪਰਸੇ। ਇਸ ਤਰ੍ਹਾਂ ਸਤਿਗੁਰੂ ਜੀ ਮਾਈ ਦੀ ਮਨੋਂ ਕਾਮਨਾਂ ਪੂਰੀ ਕਰ ਸੰਗਤ ਨੂੰ ਲਖਨਊ ਜਾ ਦਰਸ਼ਨ ਦਿੱਤੇ।



Sri Satguru Jagjit Singh Ji eLibrary NamdhariElibrary@gmail.com

ਰਾਗੀ ਸਿੰਘ ਇਥੇ ਰਾਤ ਦੇ ਹੀ ਪਹੁੰਚੇ ਹੋਏ ਸਨ। ਆਸਾ ਦੀ ਵਾਰ ਬਾਦ ਸੇਵਕਾਂ ਦੇ ਘਰੀਂ ਸਤਿਗੁਰੂ ਜੀ ਚਰਨ ਪਾਏ। ਲਖਨਊ ਵਿਚ ਦੋ ਦਿਨ ਰਹੇ। ਫਿਰ ਅਗੇ ਚਾਲੇ ਪਾ ਲਏ।

ਗੱਡੀਆਂ ਆਪਣੀ ਰਫਤਾਰ ਨਾਲ ਸੜਕ ਨਾਪ ਰਹੀਆਂ ਸਨ। ਇਸ ਜਗ੍ਹਾ ਬਿਨਾਂ ਕਿਸੇ ਅੱਡੇ ਟਿਕਾਣੇ ਤੋਂ ਗੁਰਮੁਖ ਨੂੰ ਗੱਡੀ ਰੋਕਣ ਦਾ ਹੁਕਮ ਹੋਇਆ। ਗੁਰਮੁਖ ਨੇ ਸੜਕ ਦੇ ਕਿਨਾਰੇ ਤੋਂ ਥੱਲੇ ਗੱਡੀ ਰੋਕ ਲਈ। ਸਤਿਗੁਰੂ ਜੀ ਬਾਹਰ ਨਿਕਲੇ ਤਾਂ ਅਸੀਂ ਵੀ ਸਾਰੇ ਬਾਹਰ ਨਿਕਲ ਖਲੋਤੇ। ਚੁਫੇਰੇ ਦਾ ਵਾਤਾਵਰਨ ਲਗੇ ਤਕਨ। ਇਥੇ ਨਾਂ ਤਾਂ ਕੋਈ ਬਾਗ ਪਾਰਕ ਜਾਂ ਕੋਈ ਅਜਿਹੀ ਜਗ੍ਹਾ ਸੀ ਜੋ ਵੇਖਨ ਲਈ ਰੁਕੇ ਹੋਈਏ। ਖੈਰ ਸਭ ਆਪਣੀ ਆਪਣੀ ਸੋਚ ਦੀਆਂ ਗੱਲਾਂ ਕਰ ਰਹੇ ਸੀ। ਪਿਛੋਂ ਇਕ ਇਕ ਕਰਕੇ ਗੱਡੀਆਂ ਆਨ ਰੁਕੀਆਂ। ਸਤਿਗੁਰੂ ਜੀ ਹੁਕਮ ਕੀਤਾ; ਜਿਸ ਕਿਸੇ ਜਲ ਵਰਤਨਾ ਹੈ ਵਰਤ ਲਵੇ; ਅੱਗੇ ਸਫ਼ਰ ਦੂਰ ਹੈ। ਸੰਤ ਰਤਨ ਸਿੰਘ ਜੀ ਜੇ ਤੁਹਾਡੇ ਕੋਲ ਕੁਝ ਛੱਕਣ ਲਈ ਹੈ; ਸਿੰਘਾਂ ਨੂੰ ਦਿਉ ਛੱਕ ਲੈਣ। ਸੰਤ ਰਤਨ ਸਿੰਘ ਜੀ ਨੇ ਆਪਣੀ ਕਾਰ ਦੀ ਡਿੱਗੀ ਖੋਹਲੀ; ਵਿਚੋਂ ਫਰੂਟ, ਡਰਾਈ ਫਰੂਟ, ਮਠਿਆਈ ਕਈ ਕੁਝ ਕੱਢ ਲਿਆਇਆ ਤੇ ਸਭ ਨੂੰ ਵਰਤਾਇਆ। ਕਰੀਬ ਅੱਧੇ ਘੰਟੇ ਬਾਦ ਤੁਰਨ ਲੱਗੇ ਤਾਂ ਸਤਿਗੁਰੂ ਜੀ ਮੈਨੂੰ ਕਿਹਾ; ਸਾਜਨ? ਮੈਂ ਤੇਰੇ ਤੇ ਬਹੁਤ ਨਰਾਜ਼ ਹਾਂ। ਮੈਂ ਅਰਜ਼ ਕੀਤੀ ਕਿਉਂ ਗਰੀਬ ਨਿਵਾਜ਼? ਤਾਂ ਉਹਨਾਂ ਕਿਹਾ ਤੂੰ ਮੇਰੀ ਕਾਰ ਵਿਚ ਤਾਂ ਕੰਮ ਦਾ ਬੰਦਾ ਬਿਠਾਇਆ ਹੀ ਨਹੀਂ। ਹੋਰਨਾਂ ਕਾਰਾਂ ਵਿਚ ਕੰਮ ਦੇ ਬੰਦੇ ਵੰਡ ਦਿਤੇ ਹਨ। ਜੇ ਤੂੰ ਸਹੀ ਵੰਡ ਕਰਨੀ ਹੈ ਤਾਂ ਸੰਤ ਕੁੰਦਨ ਸਿੰਘ; ਸੰਤ ਬਹਾਦਰ ਸਿੰਘ; ਸੰਤ ਸਾਧਾ ਸਿੰਘ ਅਟਾਰੀ; ਇਹਨਾਂ ਤਿੰਨਾਂ ਵਿਚੋਂ ਇਕ ਤਾਂ ਕੰਮ ਦਾ ਬੰਦਾ ਮੈਨੂੰ ਦੇ ਜਿਹਨੂੰ ਮੈਂ ਆਪਣੀ ਕਾਰ ਵਿਚ ਬਿਠਾ ਲਵਾਂ। ਮੇਰੇ ਨਾਲ ਬਲਕਾਰ ਨੂੰ ਬਿਠਾ ਛਡਿਆ ਏ; ਮੀਲ ਵਿਚ ਤਿੰਨ ਵਾਰ ਲੜਦਾ ਏ। ਸੰਤ ਸਾਧਾ ਸਿੰਘ ਦਾ ਕਿੰਨਾ ਚੰਗਾ ਸੁਭਾ ਏ; ਇਹ ਕਦੇ ਨਹੀਂ ਕਿਸੇ ਨਾਲ ਲੜਦੇ। ਸਾਧਾ ਸਿੰਘ ਜੀ ਆਉ ਤੁਸੀਂ ਮੇਰੀ ਗਡੀ ਵਿਚ ਬੈਠੋ। ਬਲਕਾਰ ਲੜਦਾ ਏ ਇਹਨੂੰ ਨਹੀਂ ਨਾਲ ਬਿਠਾਣਾ। ਸੰਤ ਸਾਧਾ ਸਿੰਘ ਜੀ ਅਟਾਰੀ ਸਤਿਗੁਰੂ ਜੀ ਵਾਲੀ ਗੱਡੀ ਵਿਚ ਜਾ ਬੈਠੇ। ਪਰ ਹਾਸਾ ਠੱਠਾ ਸਾਰੀਆਂ ਗੱਡੀਆਂ ਵਿਚ ਸਾਰਾ ਸਫ਼ਰ ਚਲਦਾ ਰਿਹਾ। ਸੰਤ ਕੁੰਨਣ ਸਿੰਘ ਜੀ ਇਕ ਅੱਖ ਨਾਲ ਹੀ ਸਭ ਨੂੰ ਵੇਖਦੇ ਸੀ ਸੰਤ ਬਹਾਦਰ ਸਿੰਘ ਜੀ ਬਹੁਤ ਖੁਸ਼ ਸਨ ਕਿ ਮੈਨੂੰ ਇਕ ਅੱਖ ਵਿਚੋਂ ਦੋ ਜਿੰਨਾਂ ਦਿਸਦਾ ਹੈ। ਸੰਤ ਸਾਧਾ ਸਿੰਘ ਜੀ ਲਾਂਗਰੀ ਇੰਨੇ ਸਾਊ ਸੁਭਾਅ ਸਨ ਕਿ ਉਹਨਾਂ ਬ੍ਰਹਮਾਂ ਨੂੰ ਕਦੇ ਨਹੀਂ ਸੀ ਆਖਿਆ ਕਿ ਤੂੰ ਮੇਰੇ ਲਈ ਇਕ ਅੱਖ ਦਾ ਸਰਫਾ ਕਿਉਂ ਕੀਤਾ ਹੈ। ਇਹੋ ਤਿੰਨੇ ਮਹਾਂ ਪੁਰਸ਼ ਸਾਉਣ ਲਗਿਆਂ ਵੀ ਇਕੋ ਅੱਖ ਹੀ ਮੀਟ ਕੇ ਸੌਂਦੇ ਸਨ। ਪਰ ਹੈਸਨ ਪੂਰੇ ਖੁਸ਼।



Sri Satguru Jagjit Singh Ji eLibrary NamdhariElibrary@gmail.com

## ਟਾਟਾ ਨਗਰ ਵਿਚ ਲਾਲੀ ਦਾ ਰਾਜ

ਸਤਿਗੁਰੂ ਜੀ ਹੋਰਾਂ ਦੁਪਹਿਰ ਬਾਅਦ ਟਾਟਾ ਨਗਰ ਦੀ ਸੰਗਤ ਨੂੰ ਆਣ ਨਿਵਾਜਿਆ। ਸੰਤ ਦਰਸ਼ਨ ਸਿੰਘ ਖਜਾਨ ਸਿੰਘ ਹਜ਼ੂਰੀ ਰਾਗੀਆਂ ਨੇ ਨਾਮ ਸਿਮਰਨ ਦੀ ਅਰਦਾਸ ਪਿਛੋਂ ਨਿਰੋਲ ਗੁਰਬਾਣੀ ਦਾ ਕੀਰਤਨ ਆਰੰਭ ਕੀਤਾ ਸ਼ਬਦ ਸੀ ਦੁੱਖ ਦਰੱਦ ਭ੍ਰਮ ਤਾਕਾ ਭਾਗਾ। ਮਧੁਰ ਆਵਾਜ਼ ਵਿਚ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਵਾਰਾਂ ਦੇ ਪ੍ਰਮਾਣ ਦੇ ਦੇ ਕੇ ਡੇਢ ਘੰਟਾ ਕੀਰਤਨ ਕੀਤਾ। ਕੀਰਤਨ ਦੇ ਸਮੇਂ ਵਿਚ ਕਿਸੇ ਨੂੰ ਕੋਈ ਦੁਨਿਆਵੀ ਕੰਮ ਦਾ ਤੌਖਲਾ ਨਹੀਂ ਹੋਇਆ ਸੀ। ਆਨੰਦ ਮਈ ਰਸ ਵਿਚ ਮੰਤਰ ਮੁਗਧ ਝੂਮ ਰਹੇ ਸੀ। ਦੀਵਾਨ ਦੀ ਸਮਾਪਤੀ ਹੋਈ; ਸੰਗਤ ਨੇ ਪ੍ਰਸਾਦ ਛਕਿਆ; ਸਵੇਰ ਦੇ ਦਰਸ਼ਨ ਲਈ ਆਪਣੇ ਅੰਦਰ ਤਾਂਘ ਸਮੋਈ ਆਪਣੇ ਆਪਣੇ ਘਰ ਗਏ।

ਮੈਂ ਰਾਤ ਆਪਣੇ ਕਮਰੇ ਵਿਚ ਬੈਠਾ ਪੜ੍ਹ ਰਿਹਾ ਸੀ; ਕਿ ਮੇਰਾ ਦਰਵਾਜ਼ਾ ਖੜਕਿਆ; ਮੈਂ ਆਪਣੇ ਬਿਸਤਰੇ ਵਿਚੋਂ ਉਠ ਕੁੰਡਾ ਖੋਹਲਿਆ। ਵੇਖਿਆ ਤਾਂ ਦਰਵਾਜ਼ੇ ਅੱਗੇ ਸਤਿਗੁਰੂ ਜੀ ਖੜੋਤੇ ਸੀ। ਮੈਂ ਹੈਰਾਨ ਹੋਏ ਕਿਹਾ ਗਰੀਬ ਨਿਵਾਜ਼ ਜੀ ਆਪ ਜੀ? ਸਤਿਗੁਰੂ ਜੀ ਅੰਦਰ ਆ ਗਏ। ਸਤਿਗੁਰੂ ਜੀ ਹੋਰਾਂ ਮੈਨੂੰ ਕਿਹਾ ਸਵੇਰੇ ਅਸਾਂ ਅੱਗੇ ਚਲੇ ਜਾਣਾ ਹੈ ਇਸ ਲਈ ਮੈਂ ਸੋਚਿਆ ਟਾਟਾ ਨਗਰ ਵਿਚ ਤੈਨੂੰ ਰਾਤ ਨੂੰ ਸੂਰਜ ਚੜ੍ਹਦਾ ਵਿਖਾ ਦੇਵਾਂ। ਅੱਗੋਂ ਤੂੰ ਕਦੇ ਰਾਤ ਨੂੰ ਸੂਰਜ ਦੇ ਚੜ੍ਹਾ ਦੀ ਲਾਲੀ ਨਹੀਂ ਵੇਖੀ ਹੋਣੀ ਅੱਜ ਤੈਨੂੰ ਰਾਤ ਨੂੰ ਸੂਰਜ ਚੜ੍ਹਦੇ ਦੀ ਲਾਲੀ ਵਿਖਾ ਦੇਵਾਂ। ਮੈਂ ਕੁੜਤਾ ਪਾਇਆ ਤਾਂ ਸਤਿਗੁਰੂ ਜੀ ਮੈਨੂੰ ਨਾਲ ਲੈ ਕੋਠੇ ਦੀ ਛੱਤ ਤੇ ਚਲੇ ਗਏ। ਮੈਨੂੰ ਹੁਕਮ ਕੀਤਾ ਏਧਰ ਨੂੰ ਵੇਖ; ਸੂਰਜ ਚੜਦੇ ਦੀ ਲਾਲੀ। ਮੈਂ ਦੂਜੇ ਪਾਸੇ ਮੂੰਹ ਘੁੰਮਾਇਆ ਤਾਂ ਸੱਚ ਮੁੱਚ ਰਾਤ ਦੇ ਹਨੇਰੇ ਵਿਚ; ਇਉਂ ਲਗਾ ਜਿਵੇਂ ਸੂਰਜ ਚੜ੍ਹਣ ਤੋਂ ਪਹਿਲਾਂ ਅਕਾਸ਼ ਤੇ ਲਾਲੀ ਪਸਰੀ ਹੁੰਦੀ ਹੈ। ਪਰ ਉਹ ਲਾਲੀ ਸਹਿਜੇ ਸਹਿਜੇ ਮੱਧਮ ਪੈਂਦੀ ਗਈ। ਮੈਂ ਸਤਿਗੁਰੂ ਜੀ ਦੇ ਕੋਲ ਖਲੋਤਾ ਵੇਖ ਰਿਹਾ ਸੀ; ਜਾਂ ਮੱਧਮ ਪਈ ਲਾਲੀ; ਇਕ ਵਾਰ ਫਿਰ ਜ਼ੋਰ ਦੀ ਨਿਕਲ ਆਈ। ਇਉਂ ਮੱਧਮ ਪੈਂਦੀ ਤੇ ਉਠਦੀ ਲਾਲੀ ਦਾ ਨਜ਼ਾਰਾ ਦੇਖਣ ਵਾਲਾ ਹੀ ਸੀ। ਪਰ ਲਾਲੀ ਦੇ ਰਾਜ਼ ਨੂੰ ਮੈਂ ਨਹੀਂ ਸਾਂ ਜਾਣਦਾ। ਮੈਂ ਬੇਨਤੀ ਕੀਤੀ ਗਰੀਬ ਨਿਵਾਜ਼ ਇਹ ਅਸਲ ਕੀ ਹੈ। ਮੈਨੂੰ ਸਤਿਗੁਰੂ ਜੀ ਦੱਸਿਆ; ਇਹ ਟਾਟਾ ਫੈਕਟਰੀ ਵਿਚੋਂ ਇਕ ਟਰਾਲੀ ਲੋਹੇ ਦੀ ਮੈਲ ਦੀ ਬੇਕਾਰ ਅੱਗ ਵਾਂਗ ਭੱਖਦੀ ਮੈਲ ਲੋਹੇ ਦੀ ਬਾਹਰ ਖਾਲੀ ਥਾਂ ਤੇ ਆ ਕੇ ਪੱਲਟ ਦਿੰਦੀ ਹੈ; ਜਿਸ ਕਾਰਨ ਉਸ ਭੱਖਦੇ ਲੋਹੇ ਦੀ ਲਾਲੀ ਰਾਤ ਦੇ ਹਨੇਰੇ ਵਿਚ ਆਕਾਸ਼ ਵਿਚ ਫੈਲਦੀ ਹੈ ਤਾਂ ਮਹਿਸੂਸ ਹੁੰਦਾ ਹੈ; ਸੂਰਜ ਚੜ੍ਹ ਰਿਹਾ ਹੈ ਪਰ ਉਹ ਲੋਹੇ ਦੀ ਲਾਲੀ ਠੰਡਾ ਹੋਣ ਦੇ ਨਾਲ ਨਾਲ ਘੱਟਦੀ ਹਾਲਾਂ ਖੱਤਮ ਹੋਣ ਤੇ ਆਉਂਦੀ ਹੈ; ਦੂਸਰੀ ਟਰਾਲੀ ਇੰਨੇ ਸਮੇਂ ਤੱਕ ਆ ਪਹੁੰਚਦੀ ਹੈ;



Sri Satguru Jagjit Singh Ji eLibrary NamdhariElibrary@gmail.com

ਜਿਸ ਕਾਰਨ ਲਾਲੀ ਫਿਰ ਭੱਖ ਉਠਦੀ ਹੈ। ਬੱਸ ਇਉਂ ਇਹ ਦ੍ਰਿਸ਼ ਸਾਰੀ ਰਾਤ ਦੇ ਹਨੇਰੇ ਵਿਚ ਨਜ਼ਰ ਆਉਂਦਾ ਹੈ। ਪਰ ਦਿਨ ਦੇ ਚਾਨਣ ਵਿਚ ਇਹ ਨਜ਼ਾਰਾ ਨਜ਼ਰ ਨਹੀਂ ਆਉਂਦਾ। ਸੋ ਮੈਂ ਤੈਨੂੰ ਇਹ ਨਜ਼ਾਰਾ ਵਿਖਾਉਣ ਲਈ ਹੀ ਅੰਦਰੋਂ ਉਠਾ ਕੇ ਲਿਆਇਆ ਹਾਂ। ਮੈਂ ਮੂੰਹੋਂ ਤਾਂ ਕੁਝ ਨਾ ਕਹਿ ਸਕਿਆ; ਪਰ ਅੰਦਰੋ ਅੰਦਰ ਸਤਿਗੁਰੂ ਜੀ ਦੀ ਬਖਸ਼ਿਸ਼ ਤੋਂ ਬਲਿਹਾਰ ਜਾ ਰਿਹਾ ਸੀ।

## ਨਾਲੇ ਦਰਸ਼ਨ ਨਾਲੇ ਫੋਟੋ

ਸਵੇਰੇ ਨਿਤ ਦੇ ਕਰਮ ਅਨੁਸਾਰ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸੇਵਕਾਂ ਦੇ ਗ੍ਰਹਿ ਵਿਖੇ ਸਤਿਗੁਰੂ ਜੀ ਚਰਨ ਪਾਉਣ ਦੀ ਕਿਰਪਾ ਕੀਤੀ। ਇਕ ਵਜੇ ਡੇਰੇ ਅਸਥਾਨ ਤੇ ਆਕੇ ਪਰਸਾਦ ਛਕ ਕੇ ਸਤਿਗੁਰੂ ਜੀ ਅਰਾਮ ਕਰ ਰਹੇ ਸੀ ਕਿ ਇਕ ਸਿੰਘ ਆਪਣੇ ਪਰਿਵਾਰ ਨਾਲ ਪਹੁੰਚ ਗਿਆ। ਉਸ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਘਰ ਵਾਲਿਆਂ ਨੂੰ ਕਿਹਾ। ਘਰ ਵਾਲੇ ਸਿੰਘ ਨੇ ਕਿਹਾ ਸਤਿਗੁਰੂ ਜੀ ਅਰਾਮ ਕਰ ਰਹੇ ਹਨ; ਮੈਂ ਤਾਂ ਇਸ ਸਮੇਂ ਅਰਜ਼ ਨਹੀਂ ਕਰ ਸਕਦਾ। ਉਹ ਸਿੰਘ ਪਰਿਵਾਰ ਨੂੰ ਨਾਲ ਲੈਕੇ ਮੇਰੇ ਕੋਲ ਆਗਿਆ ਤੇ ਮੈਨੂੰ ਦਰਸ਼ਨ ਕਰਨ ਬਾਰੇ ਦਸਿਆ। ਮੈਂ ਉਸ ਸਰਦਾਰ ਜੀ ਨੂੰ ਕਿਹਾ ਸਤਿਗੁਰੂ ਜੀ ਨੇ ਚਾਰ ਵਜੇ ਦੀਵਾਨ ਵਿਚ ਦਰਸ਼ਨ ਦੇਣੇ ਹਨ ਤੁਸੀਂ ਹੁਣ ਪਰਸਾਦ ਪਾਣੀ ਛੱਕ ਕੇ ਅਰਾਮ ਕਰੋ ਚਾਰ ਵਜੇ ਦੀਵਾਨ ਵਿਚ ਰੱਜ ਕੇ ਦੀਦਾਰ ਕਰ ਲੈਣੇ। ਸਿੰਘ ਨੇ ਮਾਯੂਸ ਜਿਹੀ ਅਵਾਜ ਵਿਚ ਦਸਿਆ ਮੈਂ ਨੌਕਰੀ ਕਰਦਾ ਹਾਂ ਤੇ ਮੇਰੀ ਸ਼ਿਫਟ ਤਿੰਨ ਤੋਂ ਗਿਆਰਾਂ ਵਜੇ ਤੱਕ ਹੈ; ਛੁਟੀ ਕਰ ਨਹੀਂ ਸਕਦਾ; ਇਸ ਲਈ ਦਰਸ਼ਨਾਂ ਤੋਂ ਵਾਂਝਾ ਰਹਿ ਜਾਵਾਂਗਾ। ਮੈਂ ਸਿੰਘ ਨੂੰ ਕਿਹਾ ਤੁਸੀਂ ਮਾਯੂਸ ਨਾ ਹੋਵੋ ਮੈਂ ਵੇਖਦਾ ਹਾਂ ਜੇ ਸਤਿਗੁਰੂ ਜੀ ਬਿਰਾਜੇ ਨਾਂ ਹੋਏ ਤਾਂ ਅਰਜ਼ ਕਰਦਾ ਹਾਂ। ਮੈਂ ਸਤਿਗੁਰੂ ਜੀ ਵਾਲੇ ਕਮਰੇ ਦਾ ਸਹਿਜੇ ਜਿਹੇ ਬੂਹਾ ਖੋਹਲਿਆ ਤਾਂ ਗਰੀਬ ਨਿਵਾਜ ਜੀ ਕਿਹਾ ਦਸ ਕੀ ਗੱਲ ਹੈ। ਮੈਂ ਅਰਜ਼ ਕੀਤੀ ਗਰੀਬ ਨਿਵਾਜ਼ ਇਕ ਸਿੰਘ ਪਰਿਵਾਰ ਸਹਿਤ ਆਇਆ ਹੈ ਦਰਸਨਾਂ ਲਈ, ਜੇ ਕਿਰਪਾ ਕਰੋ ਤਾਂ? ਸਤਿਗੁਰੂ ਜੀ ਹੁਕਮ ਕੀਤਾ ਉਹਨਾਂ ਨੂੰ ਵੱਡੇ ਕਮਰੇ ਵਿਚ ਬਿਠਾ ਤੇ ਬਲਕਾਰ ਨੂੰ ਮੇਰੇ ਕੋਲ ਭੇਜ ਦੇ। ਬਲਕਾਰ ਸਿੰਘ ਸੇਵਕ ਨੂੰ ਸਤਿਗੁਰੂ ਜੀ ਕੋਲ ਭੇਜ ਕੇ ਉਸ ਪਰਿਵਾਰ ਨੂੰ ਹਾਲ ਕਮਰੇ ਵਿਚ ਬੈਠਣ ਲਈ ਕਿਹਾ। ਸੱਚੇ ਪਾਤਸ਼ਾਹ ਜੀ ਦਸ ਕੁ ਮਿੰਟਾਂ ਬਾਅਦ ਆਣ ਦਰਸ਼ਨ ਦਿਤੇ। ਸਤਿਗੁਰੂ ਜੀ ਸਿੱਖ ਨੂੰ ਪਰਿਵਾਰ ਕਾਰੋਬਾਰ ਤੇ ਪਿਛਲੇ ਵਡੇਰਿਆਂ ਬਾਰੇ ਪੁਛਿਆ? ਸਿੰਘ ਪੂਰੀ ਖੁਸ਼ੀ ਨਾਲ ਆਪਣੇ ਦਾਦਾ ਜੀ ਤੋਂ ਲੈ ਕੇ ਆਪਣੇ ਬੱਚਿਆਂ ਬਾਰੇ ਦੱਸਿਆ। ਟਾਟਾ ਕੰਪਨੀ ਵਿਚ ਉੱਚੀ ਪਦਵੀ ਤੇ ਹੁੰਦਿਆਂ; ਬਹੁਤ ਨਿਰਮਾਣਤਾ ਵਿਖਾਈ। ਆਪਣੇ ਬਾਰੇ ਖੁੱਲ ਕੇ ਗੱਲ ਕਰਨ ਪਿੱਛੋਂ ਸਿੱਖ ਨੇ ਅਰਜ਼ ਕੀਤੀ; ਮੇਰੀ ਰੀਝ ਹੈ ਮੇਰੇ



Sri Satguru Jagjit Singh Ji eLibrary NamdhariElibrary@gmail.com

ਪਰਿਵਾਰ ਨਾਲ ਆਪ ਜੀ ਇਕ ਫੋਟੋ ਦੀ ਕਿਰਪਾ ਕਰੋ ? ਸਿਖ ਆਪਣੇ ਨਾਲ ਸਪੈਸ਼ਲ ਕੈਮਰਾ ਮੈਨ ਲੈ ਕੇ ਆਇਆ ਸੀ। ਸਤਿਗੁਰੂ ਜੀ ਮਨਜ਼ੂਰੀ ਦਿੱਤੀ ਤਾਂ ਸਿੰਘ ਝੱਟ ਉਠ ਕੇ ਸਤਿਗੁਰੂ ਜੀ ਦੇ ਨਾਲ ਸੋਫੇ ਤੇ ਬੈਠ ਗਿਆ। ਆਪਣੇ ਨਾਲ ਘਰ ਵਾਲੀ ਤੇ ਦੂਜੇ ਪਾਸੇ ਬੱਚਿਆਂ ਨੂੰ ਬੈਠਨ ਵਾਸਤੇ ਕਿਹਾ ਬੱਚੇ ਦੂਜੇ ਪਾਸੇ ਸਤਿਗੁਰੂ ਜੀ ਦੇ ਨਾਲ ਬੈਠ ਗਏ। ਮੈਂ ਇਉਂ ਸਤਿਗੁਰੂ ਜੀ ਦੇ ਨਾਲ ਬੈਠੇ ਨੂੰ ਰੋਕਣ ਲੱਗਾ ਤਾਂ ਸਤਿਗੁਰੂ ਜੀ ਮੈਨੂੰ ਹੱਥ ਦੇ ਇਸ਼ਾਰੇ ਨਾਲ ਰੋਕ ਦਿੱਤਾ। ਫੋਟੋ ਖਿੱਚੀ ਗਈ। ਸਤਿਗੁਰੂ ਜੀ ਕਮਰੇ ਵਿਚ ਅਰਾਮ ਕਰਨ ਚਲੇ ਗਏ ਤੇ ਸਿੰਘ ਆਪਣੇ ਪਰਿਵਾਰ ਨਾਲ ਆਪਣੇ ਘਰ ਚਲਾ ਗਿਆ।

ਅਸੀਂ ਟਾਟਾ ਨਗਰ ਤੋਂ ਅਗਲੇ ਪੜਾ ਤੇ ਪਹੁੰਚ ਗਏ; ਤੇ ਫਿਰ ਅਗੇ। ਦੋ ਦਿਨਾਂ ਬਾਦ ਉਹੋ ਸਿੰਘ ਆਪਣੇ ਪਰਿਵਾਰ ਨਾਲ ਦੌਰੇ ਵਾਲੀ ਜਗ੍ਹਾ ਤੇ ਪਹੁੰਚ ਗਿਆ। ਸਤਿਗੁਰੂ ਜੀ ਸੰਗਤ ਵਿਚ ਬੈਠੇ ਦਰਸ਼ਨ ਦੇ ਰਹੇ ਸਨ ਕਿ ਸਿੰਘ ਸਾਰੇ ਪਰਿਵਾਰ ਸਹਿਤ ਗਲਾਂ ਵਿਚ ਪੱਲੇ ਪਾ ਕੇ ਹਜ਼ੂਰੀ ਵਿਚ ਆਨ ਖਲੋਤੇ। ਸਿੰਘ ਅੱਖਾਂ ਨੀਵੀਆਂ ਕਰੀ ਖਲੋਤਾ ਸੀ ਪਰ ਮੂੰਹੋਂ ਬੋਲ ਨਹੀਂ ਸੀ ਰਿਹਾ। ਮੈਂ ਉਠ ਕੇ ਸਿੰਘ ਨੂੰ ਕਿਹਾ ਸਰਦਾਰ ਜੀ ਕੀ ਗੱਲ ਹੈ। ਸੱਚੇ ਪਾਤਿਸ਼ਾਹ ਜੀ ਕੋਲ ਆਪਣੀ ਗੱਲ ਦਸੋ।

ਤਾਂ ਉਸ ਕਿਹਾ ਗਰੀਬ ਨਿਵਾਜ਼ ਮੈਂ ਤੇ ਮੇਰੇ ਸਾਰੇ ਪਰਿਵਾਰ ਨੇ ਬਹੁਤ ਵੱਡੀ ਅਵੱਗਿਆ ਕੀਤੀ ਹੈ, ਮੈਥੋਂ ਭਾਰੀ ਭੁੱਲ ਹੋਈ ਹੈ, ਮੈਨੂੰ ਬਖਸ਼ ਦਿਉ। ਸੰਗਤ ਹੈਰਾਨ ਸੀ। ਸਤਿਗੁਰੂ ਜੀ ਬਚਨ ਕੀਤਾ ਕੋਈ ਗੱਲ ਨਹੀਂ ਬਹੁਤਾ ਮਨ ਨਹੀਂ ਡੁਲਾਈ ਦਾ। ਸਿੱਖ ਨੇ ਭਰੜਾਈ ਆਵਾਜ਼ ਵਿਚ ਕਿਹਾ ਸੱਚੇ ਪਾਤਸ਼ਾਹ ਜੀ ਮੇਰੀ ਮੱਤ ਹੀ ਮਾਰੀ ਗਈ ਸੀ, ਮੈਨੂੰ ਸੋਚ ਹੀ ਨਹੀਂ ਆਈ, ਮੈਂ ਆਪ ਜੀ ਦੇ ਬਰਾਬਰ ਬੈਠ ਗਿਆ ਤੇ ਬਰਾਬਰ ਬੈਠ ਕੇ ਫੋਟੋ ਖਿਚਾਈ। ਸਤਿਗੁਰੂ ਜੀ ਹੁਕਮ ਕੀਤਾ ਹੁਣ ਤੁਸੀਂ ਬੈਠ ਜਾਵੋ; ਤੁਹਾਡੇ ਨਾਲ ਸਾਜਨ ਗੱਲ ਕਰੇਗਾ।

ਸੰਗਤ ਵਿਚੋਂ ਉੱਠਣ ਪਿਛੋਂ ਮੈਂ ਉਸ ਪਰਿਵਾਰ ਨੂੰ ਸਤਿਗੁਰੂ ਜੀ ਕੋਲ ਲੈ ਗਿਆ; ਤੇ ਉਸ ਪਰਿਵਾਰ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੈਠ ਕੇ ਫੋਟੋ ਖਿਚਵਾਈ। ਤੇ ਪਹਿਲੀ ਫੋਟੋ ਬੇਕਾਰ ਕਰ ਦਿਤੀ।

### ਬਿਹਾਰ ਦੀ ਖੰਡ ਮਿਲ ਵਿਚ

ਦਿੱਲੀ ਤੋਂ ਚੱਲ ਕੇ ਸਾਰੀ ਯੂਪੀ ਲੰਘ ਕੇ ਬਿਹਾਰ ਪਹੁੰਚੇ ਸੀ। ਯੂਪੀ ਵਿਚ ਗੱਡੀ ਚੱਲਦਿਆ ਸੜਕਾਂ ਤੇ ਬਹੁਤ ਥਾਵਾਂ ਤੇ ਸੜਕਾਂ ਦੇ ਨਾਲ ਨਾਲ ਛੋਟੇ ਛੋਟੇ ਕਰੇਸ਼ਰ ਲੱਗੇ ਹੋਏ ਸੀ ਜੋ ਚੀਨੀ ਬਨਾਉਣ ਵਾਲੀਆਂ ਮਿਲਾਂ ਵਾਂਗ ਹੀ ਗੰਨਾ ਪੀੜ ਕੇ ਦੇਸੀ ਖੰਡ ਬਨਾਉਂਦੇ ਸੀ। ਅਸਾਂ ਜਾਣ ਸਮੇਂ ਅਮਰੋਹਾ ਮਿਲ ਨੂੰ ਚੀਨੀ



Sri Satguru Jagjit Singh Ji eLibrary NamdhariElibrary@gmail.com

ਬਨਾਉਂਦਿਆਂ ਅੰਦਰ ਜਾਕੇ ਵੇਖਿਆ ਸੀ। ਇਥੇ ਅਮਰੋਹਾ ਮਿਲ ਦੇ ਚੀਫ ਇੰਜਨੀਅਰ ਨਾਮਧਾਰੀ ਸਰਦਾਰ ਇੰਦਰ ਸਿੰਘ ਸ੍ਰੀ ਜੀਵਨ ਨਗਰ ਦੇ ਹੀ ਵਸਨੀਕ ਸਨ। ਸਤਿਗੁਰੂ ਜੀ ਇਸ ਦੌਰੇ ਸਮੇਂ ਉਹਨਾਂ ਦੇ ਘਰ ਹੀ ਡੇਰਾ ਲਾਇਆ ਸੀ। ਦੀਵਾਨ ਤੋਂ ਵੇਹਲੇ ਸਮੇਂ ਵਿਚ ਇੰਜਨੀਅਰ ਸਾਹਿਬ ਨੇ ਸਾਨੂੰ ਸਾਰਿਆਂ ਨੂੰ ਨਾਲ ਲਿਜਾ ਕੇ ਮਿਲ ਵਿਚ ਗੰਨਾ ਜਾਨ ਤੋਂ ਸ਼ੁਰੂ ਹੋ ਕੇ ਚੀਨੀ ਬੋਰੀਆਂ ਵਿਚ ਪੈਣ ਤੱਕ ਵਿਖਾਈ। ਏਸੇ ਅਮਰੋਹੇ ਮਿਲ ਦੇ ਚੀਫ ਇੰਜਨੀਅਰ ਦੇ ਤਸੱਲੀ ਦੇਣ ਤੇ; ਕੇ; ਚੀਨੀ ਬਨਾਣ ਸਮੇਂ ਇਸ ਵਿਚ ਕੋਈ ਹੱਡੀਆਂ ਜਾਂ ਹੋਰ ਕੋਈ ਅਜਿਹਾ ਕੈਮੀਕਲ ਨਹੀਂ ਵਰਤਿਆ ਜਾਂਦਾ ਜੋ ਸਿੱਖੀ ਅਸੂਲਾਂ ਮੁਤਾਬਕ ਵਰਤਣਾਂ ਮਨ੍ਹਾਂ ਹੋਵੇ। ਸੋ ਇਸੇ ਕਹਿਨ ਕਾਰਨ ਹੀ ਨਾਮਧਾਰੀ ਪੰਥ ਵਿਚ ਚੀਨੀ ਖੰਡ ਦੀ ਵਰਤੋਂ ਕਰਨ ਦੀ ਆਗਿਆ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀਆਂ ਨੂੰ 1964 ਵਿਚ ਕਰੀ ਵਾਲੇ ਦੇ ਹੋਲੇ ਸਮੇਂ ਦਿੱਤੀ ਸੀ। ਇਸ ਤੋਂ ਪਹਿਲਾਂ ਨਾਮਧਾਰੀਆਂ ਨੂੰ ਚੀਨੀ ਵਰਤਨ ਖਾਣ ਦੀ ਇਜਾਜ਼ਤ ਨਹੀਂ ਸੀ। ਅਤੇ ਹਰ ਘਰ ਵਿਚ ਅਤੇ ਮੇਲੇ ਦੇ ਵੱਡੇ ਵੱਡੇ ਪ੍ਰੋਗਰਾਮਾਂ ਵਿਚ ਦੇਸੀ ਖੰਡ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਪਰ ਜਦ ਇਸ ਨਾਮਧਾਰੀ ਇੰਜਨੀਅਰ ਨੇ ਤਸੱਲੀ ਦਿੱਤੀ ਤਾਂ ਸਿੱਖਾਂ ਨੂੰ ਸਤਿਗੁਰੂ ਜੀ ਨੇ ਚੀਨੀ ਵਰਤਨ ਦਾ ਹੁਕਮ ਦੇ ਦਿਤਾ।

ਅਮਰੋਹੇ ਤੋਂ ਅੱਗੇ ਤੁਰਨ ਤੋਂ ਪਿਛੋਂ ਸੜਕ ਕਿਨਾਰੇ ਜਿੱਥੇ ਵੀ ਕਰੈਸ਼ਰ ਦਿਖਾਈ ਦਿੰਦਾ ਸਤਿਗੁਰੂ ਜੀ ਕਹਿੰਦੇ ਵੇਖ ਸਾਜਨ ਕਰੇਸ਼ਰ ਚਲ ਰਿਹਾ ਹੈ। ਮੈਂ ਅਰਜ਼ ਕੀਤੀ ਗਰੀਬ ਨਿਵਾਜ਼ ਇਹ ਕਰੈਸ਼ਰ ਚਲਦਾ ਵੇਖਣ ਦਾ ਕਾਰਨ ਨਹੀਂ ਸਮਝ ਸਕਿਆ। ਸਤਿਗੁਰੂ ਜੀ ਫੁਰਮਾਇਆ ਸਾਜਨ ਮੇਰੀ ਇਛਾ ਹੈ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਗੰਨਾਂ ਮਿਲ ਨਹੀਂ ਤਾਂ ਇਹੋ ਜਿਹਾ ਕਰੇਸ਼ਰ ਲੱਗੇ, ਜੋ ਖੰਡ ਤਿਆਰ ਕਰੇ।

## ਕਰੈਸ਼ਰ ਦਾ ਹਾਲ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹੋਰਾਂ ਇੱਥੇ ਜਦੋਂ ਜ਼ਮੀਨ ਖਰੀਦੀ ਸੀ ਉਸ ਤੋਂ ਪਿਛੋਂ ਇੱਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿੰਘ ਨੂੰ ਜ਼ਮੀਨ ਵਿਖਾਈ ਤਾਂ ਸਿੰਘ ਨੇ ਕਿਹਾ ਸੱਚੇ ਪਾਤਸ਼ਾਹ ਜੀ ਇਹ ਤੁਸੀਂ ਕੀ ਖਰੀਦ ਲਿਆ ਹੈ। ਇੱਥੇ ਸਿੱਖ ਭੁੱਖੇ ਮਰਨਗੇ। ਇੱਥੇ ਤਾਂ ਪਾਣੀ ਪੀਣ ਨੂੰ ਨਹੀਂ ਦਿਸਦਾ ਤੇ ਸਿੱਖ ਖਾਣਗੇ ਕਿੱਥੋਂ ਕਮਾਣਗੇ ਕਿੱਥੋਂ। ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਹੋਰਾਂ ਬਚਨ ਕੀਤਾ; ਤੂੰ ਕਹਿਨੈ ਇੱਥੇ ਪਾਣੀ ਨਹੀਂ ਲੱਭਦਾ ਮੈਨੂੰ ਤਾਂ ਇੱਥੇ ਦੁੱਧ ਦੀਆਂ ਨਦੀਆਂ, ਟਿੱਬੇ ਖੰਡ ਦੇ ਤੇ ਵਣਾਂ ਨੂੰ ਅੰਗੂਰ ਲੱਗੇ ਦਿਸ ਰਹੇ ਹਨ। ਤੂੰ ਫਿਕਰ ਨਾ ਕਰ, ਇੱਥੇ ਪਾਣੀ ਦੀ ਥਾਂ ਦੁੱਧ ਦੀਆਂ ਨਦੀਆਂ ਵਗਣਗੀਆਂ ਤੇ ਟਿੱਬੇ ਖੰਡ ਦੇ ਬਣ ਜਾਣਗੇ। ਸਾਜਨ? ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਹ ਬਚਨ ਵਾਰ ਵਾਰ ਯਾਦ ਆਉਂਦਾ ਹੈ;



Sri Satguru Jagjit Singh Ji eLibrary NamdhariElibrary@gmail.com

ਜਦ ਕਰੈਸ਼ਰ ਚਲਦੇ ਵੇਖਦਾ ਹਾਂ।

ਜਦੋਂ ਸਿਖ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਆ ਕੇ ਵੱਸੇ ਸੀ, ਵਾਕਿਆ ਹੀ, ਪਾਣੀ ਪੀਣ ਲਈ ਪਿੰਡਾਂ ਵਿੱਚ ਇਕ ਇਕ ਹੀ ਖੂਹੀ ਸੀ ਜਿੱਥੋਂ ਲੋਕੀ ਪੱਤੀਆਂ ਦੇ ਹਿਸਾਬ ਨਾਲ ਵਾਰੀ-ਵਾਰੀ ਪਾਣੀ ਪੀਣ ਲਈ ਭਰਦੇ ਸੀ। ਪਰ ਥੋੜ੍ਹੇ ਸਮੇਂ ਵਿੱਚ ਹੀ ਸੱਚੇ ਪਾਤਿਸ਼ਾਹ ਜੀ ਨੇ ਕਿਰਪਾ ਕੀਤੀ, ਸੰਤ ਨਗਰ ਦੀ ਜ਼ਮੀਨ ਵਿਚ ਜ਼ਿਲ੍ਹਾ ਅੰਮ੍ਰਿਤਸਰ ਵਿਚੋਂ ਆਏ ਸਿੱਖਾਂ ਨੇ ਉਜਾੜ ਵਿਚ ਹੀ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਖੂਹ ਲਾਇਆ; ਜਿਸਦਾ ਨਾਮ ਹੀ ਖੂਹ ਅੰਮ੍ਰਿਤਸਰੀਆਂ ਪੈ ਗਿਆ ਤੇ ਅੱਜ ਵੀ ਇਹੋ ਚਲ ਰਿਹਾ ਹੈ ਅਤੇ ਸਰਕਾਰੀ ਕਾਗਜ਼ਾਂ ਵਿਚ ਖੂਹ ਅੰਮ੍ਰਿਤਸਰੀਆਂ ਪੱਤੀ ਸੰਤ ਨਗਰ ਹੈ। ਇਸ ਤੋਂ ਪਿਛੋਂ ਸਤਿਗੁਰੂ ਜੀ ਨੇ ਅਜਿਹੀ ਕਿਰਪਾ ਕੀਤੀ ਭਾਈ ਭਸੀਟਾ ਸਿੰਘ, ਜਥੇਦਾਰ ਹਰਨਾਮ ਸਿੰਘ, ਧੱਕੇ ਸ਼ਾਹੀਆ ਨੇ ਖੂਹ ਲਾਏ ਤੇ ਸਹਿਜੇ ਸਹਿਜੇ ਖੂਹ ਹੀ ਖੂਹ ਲੱਗ ਗਏ। ਇਸ ਤੋਂ ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਹੋਰਾਂ +ਕਿਰਪਾ ਕੀਤੀ; ਜਿਹੜੀ ਅੱਜ ਪੱਕੀ ਸੜਕ ਸਿਰਸਾ ਤੋਂ ਵਾਇਆ ਸ੍ਰੀ ਜੀਵਨ ਨਗਰ ਡੱਬਵਾਲੀ ਜਾ ਰਹੀ ਹੈ; ਇਸ ਤੋਂ ਹਟਵਾਂ ਦੋ ਕਿੱਲਿਆਂ ਤੇ ਇਲਾਕੇ ਦੇ ਸਭ ਤੋਂ ਉੱਚੇ ਟਿੱਬੇ ਤੇ ਟਿਊਬਵੈੱਲ ਲਾ ਕੇ ਕਰਾਮਾਤ ਕਰ ਵਿਖਾਈ। ਇਸ ਟਿਊਬਵੈੱਲ ਦੀ ਧਾਰ ਪੰਜ ਇੰਚ ਚੁਬੱਚੇ ਵਿੱਚ ਡਿੱਗਦੀ ਹੈ। ਕੀ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਰਾਮਾਤ ਨਹੀਂ ? ਜਿਸ ਥਾਂ ਤੇ ਕਦੇ ਪਾਣੀ ਪੀਣ ਨੂੰ ਨਹੀਂ ਸੀ ਮਿਲਦਾ ਉਥੇ ਟਿਊਬਵੈਲ ਚਲਾ ਦਿੱਤਾ। ਸੰਤੋਖ ? ਸਤਿਗੁਰੂ ਪ੍ਰਤਾਪ ਸਿੰਘ ਜੀ ਜੋ ਆਪਣੇ ਸਿੱਖਾਂ ਤੇ ਮਿਹਰਾਂ ਕੀਤੀਆਂ ਹਨ, ਮੈਂ ਉਧਰ ਧਿਆਨ ਮਾਰਦਾਂ ਤਾਂ ਆਪ ਨੂੰ ਪਤਾ ਨਹੀਂ ਲੱਗਦੇ ਉਹ ਆਪਣੇ ਸਿੱਖਾਂ ਨੂੰ ਕੀ ਕੀ ਤੇ ਕਿਹੋ ਜਿਹੇ ਸੁੱਖ ਦੇਣੇ ਚਾਹੁੰਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤਾਂ ਆਪਣਾ ਜੀਵਨ ਆਪਣੇ ਸਿੱਖਾਂ ਲੇਖੇ ਹੀ ਲਾ ਦਿੱਤਾ ਹੈ। ਕਿੰਨੀ ਦੂਰ ਅੰਦੇਸ਼ੀ ਕਿੰਨੀ ਸੁਹਿਰਦਤਾ ਕੋਈ ਪਾਰਾਵਾਰ ਨਹੀਂ ਆ ਸਕਦਾ।

ਸਾਜਨ ? ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਸਿੱਖਾਂ ਨੇ ਤਸੀਹੇ ਝੱਲ ਕੇ ਸਾਥ ਦਿੱਤਾ ਸੀ, ਕੁਰਬਾਨੀਆਂ, ਜੇਲ੍ਹਾਂ ਦੇ ਤਸੀਹੇ, ਜਾਇਦਾਦਾਂ ਜ਼ਬਤ ਅਤੇ ਆਪਣੇ ਸਰੀਰਕ ਸੁੱਖਾਂ ਦੀ ਪ੍ਰਵਾਹ ਨਾ ਕਰਦਿਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁੱਕਮਾਂ ਨੂੰ ਮੰਨਿਆ। ਮੈਨੂੰ ਇਉਂ ਭਾਸਦੇ ਜਿਵੇਂ ਉਸੇ ਹੀ ਇਵਜ਼ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਿੱਖਾਂ ਨੂੰ ਸੁੱਖ ਦੇਣਾ ਚਾਹੁੰਦੇ ਸਨ।

ਸਾਜਨ ਅੱਜ ਵੇਖ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਪਿੰਡਾਂ ਸ਼ਹਿਰਾਂ ਨੂੰ ਪੱਕੀਆਂ ਸੜਕਾਂ ਦਾ ਜਾਲ ਵਿਛਿਆ ਪਿਆ ਹੈ। ਹਰ ਪਿੰਡ ਤੇ ਹਰ ਸ਼ਹਿਰ ਨੂੰ ਪੱਕੀ ਸੜਕ ਜਾ ਰਹੀ ਹੈ। ਸਿਰਸਾ ਡੱਬਵਾਲੀ ਸਿਰਸਾ ਵਾਇਆ ਸ੍ਰੀ ਜੀਵਨ ਨਗਰ ਡੱਬਵਾਲੀ-ਸਿਰਸਾ-ਐਲਨਾਬਾਦ-ਸਿਰਸਾ ਵਾਇਆ ਸ੍ਰੀ ਜੀਵਨ ਨਗਰ,



Sri Satguru Jagjit Singh Ji eLibrary NamdhariElibrary@gmail.com

ਐਲਨਾਬਾਦ-ਸਿਰਸਾ ਹਨੂਮਾਨ ਗੜ੍ਹ ਵਾਇਆ ਸ੍ਰੀ ਜੀਵਨ ਨਗਰ ਹੈ। ਕੋਈ ਪਿੰਡ ਜਿੱਥੇ ਪੱਕੀ ਸੜਕ ਨਾ ਜਾ ਰਹੀ ਹੋਵੇ। ਹਰ ਪਿੰਡ ਵਿਚ ਜਾਣ ਲਈ ਪੱਕੀ ਸੜਕ ਹੈ; ਜਿੱਥੇ ਕਦੇ ਦੂਜੇ ਪਿੰਡ ਪੈਦਲ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ, ਸਫ਼ਰ ਕਰਦਿਆਂ ਪੈਰ ਅੱਗੇ ਧਰੀਦਾ ਸੀ ਤੇ ਪੈਰ ਰੇਤ ਤੋਂ ਤਿਲਕ ਕੇ ਅੱਧਾ ਪਿਛੇ ਆ ਜਾਂਦਾ ਸੀ। ਅੱਜ ਸਾਡੇ ਨਾਮਧਾਰੀ ਘਰਾਂ ਵਿਚ ਸਾਈਕਲ, ਮੋਟਰ ਸਾਈਕਲ ਤੇ ਕਾਰਾਂ ਵੀ ਉਪਲੱਬਧ ਹਨ। ਇਹ ਸਾਰੀਆਂ ਬਖਸ਼ਿਸ਼ਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹੋਰਾਂ ਆਪਣੇ ਸੇਵਕਾਂ ਤੇ ਕੀਤੀਆਂ ਹਨ।

## ਛੱਤ ਤੇ ਤੁਸੀਂ ਬੈਠ ਜਾਵੋ

ਸਾਜਨ! ਤੈਨੂੰ ਸ਼ਾਇਦ ਪਤਾ ਹੈ ਜਾਂ ਨਹੀਂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਜੰਗਲ ਵਿੱਚ ਮੰਗਲ ਜੋ ਲਾਇਐ; ਉਹ ਜੰਗਲ ਵਿੱਚ ਮੰਗਲ ਲਾਉਣ ਵਾਲਾ ਮੁਹਾਵਰਾ ਨਹੀਂ ਹਕੀਕਤ ਹੈ। ਤੈਨੂੰ ਦੱਸਣ ਲੱਗਾ ਕਿ ਇਸ ਇਲਾਕੇ ਵਿਚ ਗਿੱਦੜ ਬਹੁਤ ਰਹਿੰਦੇ ਸਨ। ਉਹਨਾਂ ਦੀ ਬਹੁਤ ਹੋਂਦ ਦਾ ਪਤਾ ਤਾਂ ਰਾਤ ਨੂੰ ਹੀ ਅਸਲ ਲੱਗਦਾ ਸੀ; ਜਦੋਂ ਇੱਕ ਗਿੱਦੜ ਰਾਤ ਦੇ ਹਨੇਰੇ ਵਿੱਚ ਹੁਵਾਂਕਦਾ ਸੀ ਤਾਂ ਚੁਫੇਰੇ ਗਿੱਦੜਾਂ ਦੇ ਹੁਵਾਂਕਣ ਦੀਆਂ ਅਵਾਜ਼ਾਂ ਨੇ ਜੰਗਲ ਗੂੰਜਣ ਲਾ ਦੇਣਾ। ਪਰ ਹਿਰਨਾਂ ਦੀਆਂ ਡਾਰਾਂ ਤਾਂ ਦਿਨੇ ਹੀ ਚੁੰਗੀਆਂ ਭਰਦੀਆਂ ਨਜ਼ਰ ਆਉਂਦੀਆਂ ਸਨ। ਜਿਸ ਜੰਗਲ ਵਿਚ ਹਿਰਨਾਂ ਦੀਆਂ ਡਾਰਾਂ ਫਿਰਦੀਆਂ ਸਨ; ਉਸੇ ਹੀ ਜੰਗਲ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਹਵਾਈ ਅੱਡਾ ਬਣਾਇਆ ਅਤੇ ਉਸ ਹਵਾਈ ਅੱਡੇ ਵਿੱਚ ਮਹਾਰਾਜ ਬੀਰ ਸਿੰਘ ਜੀ ਨੇ ਖੁਦ ਡਰਾਈਵ ਕਰਕੇ ਜਹਾਜ਼ ਲਿਆਂਦਾ ਤੇ ਆਪਣੇ ਬਣਾਏ ਅੱਡੇ ਵਿਚ ਉਤਾਰਿਆ। ਮਹਾਰਾਜ ਬੀਰ ਸਿੰਘ ਜੀ ਅਤੇ ਗੁਰਦੇਵ ਸਿੰਘ ਰਾਮਪੁਰ ਵਾਲੇ ਦੋਵੇਂ ਜਹਾਜ ਦੇ ਵਧੀਆ ਡਰਾਈਵਰ ਪਾਇਲਟ ਹਨ। ਉਸ ਅੱਡੇ ਵਿੱਚ ਇਕ ਸ਼ੈਡ ਸੀ, ਜਿਸ ਵਿੱਚ ਜਹਾਜ਼ ਖੜਾ ਕੀਤਾ ਜਾਂਦਾ ਤੇ ਜਾਣ ਸਮੇਂ ਇਥੋਂ ਹੀ ਉਡਾਇਆ ਜਾਂਦਾ। ਮੈਂ ਅਰਜ਼ ਕੀਤੀ ਗਰੀਬ ਨਿਵਾਜ਼ ਜੀ ਹਵਾਈ ਅੱਡੇ ਬਾਰੇ ਮੈਨੂੰ ਪੂਰਾ ਪਤਾ ਹੈ। ਮੈਂ ਉਸ ਵਕਤ ਬੱਕਰੀਆਂ ਚਾਰਦਾ ਹੁੰਦਾ ਸੀ। ਅਸਾਂ ਕਦੇ ਖੇਡਣ ਲੱਗ ਜਾਣਾ ਤਾਂ ਬੱਕਰੀਆ ਅੱਡੇ ਵਿੱਚ ਜਾ ਵੜਨੀਆਂ; ਅਸਾਂ ਭੱਜ ਕੇ ਬੱਕਰੀਆਂ ਮੋੜ ਲੈਣੀਆਂ ਪਰ ਉਥੇ ਹਵਾਈ ਜਹਾਜ਼ ਅਤੇ ਹਵਾਈ ਜਹਾਜ਼ ਦੇ ਅੱਡੇ ਦਾ ਰਾਖਾ ਜੋ ਬਾਬਾ ਹੁੰਦਾ ਸੀ ਉਸਨੂੰ ਸਲਵਾਤਾਂ ਸੁਨਾਉਣ ਦਾ ਸੋਹਣਾ ਮੌਕਾ ਮਿਲ ਜਾਂਦਾ। ਅਸੀਂ ਬੱਕਰੀਆਂ ਚਾਰਨ ਵਾਲੇ ਜਹਾਜ਼ ਚੜ੍ਹਦਾ ਤੇ ਉਤਰਦਾ ਵੇਖਣ ਵਾਸਤੇ ਬੱਕਰੀਆਂ ਮੁੰਢੀਆਂ ਛੱਡ ਕੇ ਦੌੜ ਕੇ ਅੱਡੇ ਕੋਲ ਆ ਜਾਂਦੇ ਸੀ। ਗਰੀਬ ਨਿਵਾਜ਼ ਜੀ ਮੈਨੂੰ ਇਕ ਗੱਲ ਹਵਾਈ ਜਹਾਜ ਨਾਲ ਸਬੰਧਤ ਪੂਰੀ ਤਰ੍ਹਾਂ ਯਾਦ ਹੈ ਹੁਕਮ ਹੋਵੇ ਤਾਂ



Sri Satguru Jagjit Singh Ji eLibrary NamdhariElibrary@gmail.com

ਸੁਣਾਵਾਂ? ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਸੁਣਾ। ਮੈਂ ਕਿਹਾ ਗਰੀਬ ਨਿਵਾਜ਼ ਜੀ ਇਕ ਵਾਰ ਮਹਾਰਾਜ ਬੀਰ ਸਿੰਘ ਜੀ ਜਹਾਜ ਲੈ ਕੇ ਦਿੱਲੀ ਚਲੇ ਸੀ, ਅੱਡੇ ਤੇ ਆਪ ਜੀ ਵੀ ਉਹਨਾਂ ਨੂੰ ਵਿਦਿਆ ਕਰਨ ਆਏ ਹੋਏ ਸੀ; ਜਹਾਜ ਤਿੰਨ ਅਸਵਾਰੀਆਂ ਦਾ ਸੀ: ਬੇਬੇ ਜੀ, ਸਰਦਾਰ ਗੁਰਦੇਵ ਸਿੰਘ, ਮਹਾਰਾਜ ਜੀ ਤਿੰਨ ਅਸਵਾਰੀਆਂ ਪੂਰੀਆਂ ਸੀ। ਬੇਬੇ ਜੀ, ਵਿਚ ਬੈਠ ਗਏ ਸੀ ਜਹਾਜ ਸਟਾਰਟ ਖਲੋਤਾ ਸੀ, ਬਸ ਮਹਾਰਾਜ ਜੀ ਤੇ ਗੁਰਦੇਵ ਸਿੰਘ ਚੜ੍ਹਨ ਲੱਗੇ ਤਾਂ ਤੁਸਾਂ ਕਿਹਾ ਮਹਾਰਾਜ ਜੀ ਮੈਨੂੰ ਵੀ ਜਹਾਜ ਵਿੱਚ ਬਿਠਾ ਕੇ ਦਿੱਲੀ ਲੈ ਚਲੋ? ਤਾਂ ਮਹਾਰਾਜ ਜੀ ਜੋ ਕਿਹਾ ਤੁਹਾਨੂੰ ਯਾਦ ਹੀ ਹੋਣੈ? ਸੱਚੇ ਪਾਤਸ਼ਾਹ ਜੀ ਇਹ ਸੁਣ ਕੇ ਖੂਬ ਹੱਸੇ, ਤਾਂ ਉਹਨਾਂ ਬਲਕਾਰ ਸਿੰਘ ਸੇਵਕ ਨੂੰ ਕਿਹਾ, ਪਤਾ ਬਲਕਾਰ, ਮਹਾਰਾਜ ਜੀ ਨੇ ਕੀ ਕਿਹਾ? ਸੱਚੇ ਪਾਤਸ਼ਾਹ ਜੀ ਮੈਨੂੰ ਕੀ ਪਤਾ, ਗੱਲ ਤਾਂ ਸਾਜਨ ਸੁਣਾ ਰਿਹਾ ਹੈ। ਮੈਂ ਤੈਨੂੰ ਦੱਸਦਾਂ ਸਾਜਨ ਨੂੰ ਤਾਂ ਪਤਾ ਹੀ ਹੈ। ਵੇਖੋ ਜੀ ਹਨੂੰਮਾਨ ਗੜ੍ਹ ਨੂੰ ਜਿਹੜੀ ਬੱਸ ਜਾਂਦੀ ਹੈ ਉਹ ਕਦੇ ਜਾਂਦੀ ਵੇਖੀ ਹੈ? ਉਸਤੇ ਕੰਡੈਕਟਰ ਨੇ ਬਵੰਜਾ ਸਵਾਰੀਆਂ ਅੰਦਰ ਬਿਠਾਈਆਂ ਹੁੰਦੀਆਂ ਹਨ ਅਤੇ ਬਾਕੀ ਸਭ ਨੂੰ ਛੱਤ ਤੇ ਬੈਠਣ ਲਈ ਕਹਿ ਦਿੰਦੇ ਹਨ; ਜਾਣ ਵਾਲੇ ਬਾਕੀ ਦੇ ਸਾਰੇ ਛੱਤ ਤੇ ਬੈਠੇ ਹੁੰਦੇ ਹਨ; ਸੋ ਸਾਡਾ ਜਹਾਜ ਵੀ ਅੰਦਰੋਂ ਤਾਂ ਭਰ ਚੁੱਕਾ ਹੈ ਤੁਸੀਂ ਹੁਣ ਛੱਤ ਤੇ ਬੈਠ ਜਾਵੋ? ਦਿੱਲੀ ਲੈ ਚਲਦੇ ਹਾਂ। ਕਿਉਂ ਸਾਜਨ ਠੀਕ ਦੱਸਿਆ ਨਾ? ਜੀ ਸੱਚੇ ਪਾਤਸ਼ਾਹ ਜੀਉ। ਸੱਚੇ ਪਾਤਸ਼ਾਹ ਜੀ ਔਹ ਅੱਗੇ ਕਰੈਸ਼ਰ ਆ ਰਿਹਾ ਹੈ। ਬਲਕਾਰ ਇਸਦਾ ਮਤਲਬ ਹੈ, ਤੂੰ ਹਰ ਗੱਲ ਧਿਆਨ ਨਾਲ ਸੁਣਦਾ ਹੈਂ। ਸਾਜਨ ਕਰੈਸ਼ਰ ਦੀ ਗੱਲ ਕਰ ਰਹੇ ਸਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਹੋਰਾਂ ਜੋ ਬਚਨ ਕੀਤਾ ਸੀ, ਦੁੱਧ ਦੀਆਂ ਨਦੀਆਂ ਵਗਣਗੀਆਂ ਅੱਜ ਘਰ ਘਰ ਦੁੱਧ ਦੀਆਂ ਨਦੀਆ ਵੱਗ ਰਹੀਆਂ ਹਨ। ਸ੍ਰੀ ਜੀਵਨ ਨਗਰ ਕਿੰਨੂਆਂ ਦਾ ਬਾਗ਼ ਹੈ, ਅੰਗੂਰਾਂ ਦੇ ਬਾਗ ਸਾਰੇ ਪਿੰਡਾਂ ਵਿੱਚ ਲੱਗ ਰਹੇ ਹਨ। ਸਾਲ ਦੋ ਸਾਲ ਤੱਕ ਸਿੱਖ ਆਪਣੇ ਬਾਗਾਂ ਦੇ ਆਪ ਅੰਗੂਰ ਖਾਣਗੇ। ਰਹੀ ਗੱਲ ਰੇਤ ਦੇ ਥਾਂ ਖੰਡ ਦੇ ਟਿਬਿਆਂ ਦੀ, ਮੈਂ ਚਾਹੁੰਦਾ ਹਾਂ ਜੇ ਤੂੰ ਹਿੰਮਤ ਕਰੇਂ ਤਾਂ ਸ੍ਰੀ ਜੀਵਨ ਨਗਰ ਇਲਾਕੇ ਵਿਚ ਗੰਨਾ ਹੈ ਪਰ ਕਰੈਸ਼ਰ ਕੋਈ ਨਹੀਂ। ਮੈਂ ਚਾਹੁੰਨਾਂ ਤੂੰ ਜਿਮੇਂਵਾਰੀ ਸੰਭਾਲੇ ਤਾਂ ਕਰੈਸ਼ਰ ਲਾ ਕੇ ਸ੍ਰੀ ਜੀਵਨ ਨਗਰ ਇਲਾਕੇ ਵਿਚ ਖੰਡ ਬਣਾਈ ਜਾਵੇ। ਮੈ ਕਿਹਾ ਗਰੀਬ ਨਿਵਾਜ਼ ਖੰਡ ਤਾਂ ਹੁਣ ਬਣੇਗੀ ਹੀ ਆਪ ਜੀ ਚਾਹੋ ਤਾਂ ਹੋਵੇ ਨਾ ਇਹ ਨਹੀਂ ਹੋ ਸਕਦਾ।

## ਆਮਦਨ ਲਈ ਖੇਤੀ

ਯੂ.ਪੀ. ਬਿਹਾਰ ਦਾ ਦੌਰਾ ਵਾਪਸੀ ਦਿੱਲੀ ਤੋਂ ਹੁੰਦਾ ਹੋਇਆ ਸਮਾਪਤ ਹੋ ਗਿਆ। ਮੈਂ ਸ੍ਰੀ ਜੀਵਨ ਨਗਰ ਆ ਕੇ ਸਤਿਗੁਰੂ ਜੀ ਤੋਂ ਆਗਿਆ ਲੈ ਘਰ ਆ



Sri Satguru Jagjit Singh Ji eLibrary NamdhariElibrary@gmail.com

ਗਿਆ। ਆਪਣਾ ਘਰ ਤੇ ਖੇਤੀ ਦਾ ਕੰਮ ਭਈਆਂ 'ਤੇ ਛੱਡ ਕੇ ਵੇਖਣ ਲੱਗਾ। ਸਤਿਗੁਰੂ ਜੀ ਨਾਲ ਡੇਢ ਮਹੀਨਾ ਗੁਜ਼ਰ ਗਿਆ ਸੀ। ਆ ਕੇ ਮੈਂ ਫਿਰ ਆਪਣੀ ਖੇਤੀ ਸੰਭਾਲ ਲਈ। ਮੇਰੇ ਬਾਹਰ ਰਹਿਣ ਨਾਲ ਖੇਤੀ ਦੀ ਸੰਭਾਲ ਸਹੀ ਨਹੀਂ ਸੀ ਹੋ ਸਕੀ, ਜਿਸ ਲਈ ਮੇਰੀ ਫਸਲ ਭਰਾਵਾਂ ਦੀ ਫਸਲ ਤੋਂ ਬਹੁਤ ਕਮਜ਼ੋਰ ਸੀ। ਜਿਸਦਾ ਅਸਰ ਮੇਰੀ ਆਮਦਨ ਤੇ ਕਾਫੀ ਪਿਆ। ਜਦੋਂ ਮੈਂ ਸਤਿਜੁਗ ਵਿਚ ਕੰਮ ਕਰਦਾ ਸੀ ਉਸ ਵਕਤ ਮੈਂ ਆਪਣੀ ਜ਼ਮੀਨ ਵੱਡੇ ਭਰਾ ਨੂੰ ਹਿੱਸੇ ਤੇ ਦਿੱਤੀ ਹੋਈ ਸੀ। ਉਸਨੇ ਘਰ ਦੇ ਕੋਲ ਹੀ ਇਕ ਵਿੱਘਾ ਖਰਬੂਜ਼ੇ (ਖੱਖੜੀਆਂ) ਬੀਜ ਦਿੱਤੇ। ਖਰਬੂਜ਼ੇ ਪੱਕੇ ਤਾਂ ਉਹਨਾਂ ਨੇ ਖਰਬੂਜ਼ੇ ਘਰ ਖਾਣ ਵਾਸਤੇ ਤੋੜ ਕੇ ਆਂਦੇ ਤਾਂ ਵੱਡੇ ਭਰਾ ਨੇ ਮੇਰੀ ਬੇਟੀ ਨੂੰ ਬੁਲਾ ਕੇ ਇਕ ਖਰਬੂਜ਼ਾ ਦਿਤਾ ਤੇ ਨਾਲ ਹੀ ਕਿਹਾ, ਮਾਂ ਨੂੰ ਦੱਸ ਦੇਵੀਂ ਤੁਹਾਡੇ ਹਿੱਸੇ ਇਕ ਹੀ ਖਰਬੂਜ਼ਾ ਔਂਦਾ ਹੈ; ਮੇਰੀ ਬੇਟੀ ਨੇ ਘਰ ਜਾ ਕੇ ਮਾਂ ਨੂੰ ਕਿਹਾ ਤਾਇਆ ਜੀ ਨੇ ਆਪ ਪੰਜ ਖਰਬੂਜ਼ੇ ਲੈ ਲਏ ਹਨ ਤੇ ਸਾਨੂੰ ਇਕ ਦਿੱਤਾ ਹੈ ਤੇ ਕਿਹਾ ਹੈ ਤੁਹਾਡਾ ਹਿੱਸਾ ਇੰਨਾ ਹੀ ਬਣਦਾ ਹੈ। ਮੇਰੇ ਪੰਜ ਬੱਚੇ ਸੀ ਮੇਰੀ ਘਰ ਵਾਲੀ ਨੇ ਇਕ ਖਰਬੂਜ਼ਾ ਪੰਜ ਬੱਚਿਆਂ ਨੂੰ ਵੰਡ ਦਿਤਾ ਤੇ ਰੋਂਦੀ ਬੇਟੀ ਨੂੰ ਕਿਹਾ ਤੁਹਾਡਾ ਪਿਉ ਨਿਕੰਮਾਂ ਹੈ? ਉਹ ਸਾਡੀ ਜ਼ਮੀਨ ਵਿੱਚੋਂ ਰੱਜ ਖਾ ਰਹੇ ਹਨ ਤੇ ਤੁਸੀਂ ਖਰਬੂਜ਼ਿਆਂ ਨੂੰ ਤਰਸ ਰਹੇ ਹੋ? ਮੈਂ ਘਰ ਆਇਆ ਤਾਂ ਮੇਰੀ ਪਤਨੀ ਨੇ ਹੁਬਕੀਆਂ ਭਰਦਿਆ ਬੱਚਿਆਂ ਦੇ ਖਰਬੂਜ਼ਿਆਂ ਦੇ ਤਰਸੇਵੇਂ ਬਾਰੇ ਦੱਸਿਆ। ਪਰ ਮੈਂ ਆਪਣੇ ਭਰਾ ਨੂੰ ਕੁਝ ਵੀ ਨਹੀਂ ਕਹਿ ਸਕਿਆ। ਇਸ ਘਟਨਾ ਪਿੱਛੋਂ ਮੈਂ ਭਈਆ ਰੱਖ ਕੇ ਆਪ ਖੇਤੀ ਸ਼ੁਰੂ ਕਰ ਲਈ। ਪਰ ਆਪਣੀ ਜ਼ਮੀਨ ਆਪ ਵਾਹਣ ਸਦਕਾ ਆਪਣੇ ਵੱਡੇ ਭਰਾ ਨੂੰ ਹੱਥੋਂ ਗੁਆ ਬੈਠਾ। ਮੇਰੀ ਆਮਦਨ ਗੁਜ਼ਾਰੇ ਵਾਲੀ ਹੀ ਸੀ। ਪਰ ਸਤਿਗੁਰੂ ਜੀ ਵਲੋਂ ਜਦੋਂ ਵੀ ਹੁਕਮ ਆਉਣਾ ਮੈਂ ਆਪਣੇ ਨੁਕਸਾਨ ਦੀ ਪ੍ਰਵਾਹ ਨਾ ਕਰਦਿਆਂ ਚਲੇ ਜਾਣਾ। ਕਿਉਂ ਕਿ ਜੋ ਮੈਨੂੰ ਪਿਆਰੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਤੋਂ ਮਿਲਦਾ ਸੀ, ਉਹ ਪੈਸੇ ਨਾਲ ਨਹੀਂ ਸੀ ਤੋਲਿਆ ਜਾ ਸਕਦਾ।



Sri Satguru Jagjit Singh Ji eLibrary NamdhariElibrary@gmail.com

## ਸ੍ਰੀ ਜੀਵਨ ਨਗਰ ਕਰੈਸ਼ਰ ਲਈ ਜਤਨ

ਯੂ.ਪੀ. ਦੇ ਦੌਰੇ ਤੋਂ ਵਾਪਸ ਆਇਆਂ ਚਾਰ ਮਹੀਨੇ ਗੁਜ਼ਰ ਗਏ। ਇਕ ਦਿਨ ਸ਼ਾਮ ਦੇ ਸੱਤ ਵਜੇ ਇਕ ਸਿੱਖ ਸ੍ਰੀ ਜੀਵਨ ਨਗਰ ਤੋਂ ਸਾਈਕਲ ਤੇ ਆਇਆ। ਉਹ ਸਤਿਗੁਰੂ ਜੀ ਦਾ ਹੁਕਮ ਸੁਣਾ ਉਸੇ ਸਾਈਕਲ ਤੇ ਬਿਠਾਲ ਸ੍ਰੀ ਜੀਵਨ ਨਗਰ ਲੈ ਗਿਆ। ਮੈਂ ਜਾ ਕੇ ਚਰਨਾਂ ਤੇ ਨਮਸਕਾਰ ਕੀਤੀ। ਸਤਿਗੁਰੂ ਜੀ ਆਪਣੇ ਪਰਸਨਲ ਕਮਰੇ ਵਿਚ ਬੈਠੇ ਸੀ ਤੇ ਕੋਲ ਸਿਰਫ ਨਿਜੀ ਸਕੱਤਰ ਗੁਰਭਜਨ ਸਿੰਘ ਹੀ ਸੀ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ, ਸਾਜਨ ਅਸਾਂ ਯੂ. ਪੀ ਦੇ ਦੌਰੇ ਸਮੇਂ ਸੋਚਿਆ ਸੀ ਇੱਥੇ ਕਰੈਸ਼ਰ ਲਾਉਣ ਲਈ। ਸੋ ਹੁਣ ਸ਼ੁਰੂ ਹੋਵੇਗਾ ਤਾਂ ਸੀਜਨ ਤੱਕ ਸਿਰੇ ਚੜ੍ਹੇਗਾ। ਜ਼ਿੰਮੇਵਾਰੀ ਤੇਰੀ ਹੋਵੇਗੀ ਤੇ ਹਿੱਸੇ ਤਿੰਨ ਹੋਣਗੇ। ਇਕ ਤੇਰਾ ਇਕ ਗੁਰਭਜਨ ਤੇ ਤੀਜਾ ਗੁਰੂ ਘਰ ਦਾ। ਤੂੰ ਆਪਣੇ ਪੈਸੇ ਆਪ ਲਾਏਗਾ, ਗੁਰਭਜਨ ਦੇ ਪੈਸੇ ਮੈਂ ਦੇਵਾਂਗਾ। ਮੈਂ ਕਿਹਾ ਗਰੀਬ ਨਿਵਾਜ਼ ਮੇਰੇ ਕੋਲ ਏਨੇ ਪੈਸੇ ਨਹੀਂ ਹਨ। ਸਤਿਗੁਰੂ ਜੀ ਨੇ ਕਿਹਾ ਤੂੰ ਕਿਤੋਂ ਵੀ ਜੁਗਾੜ ਕਰ ਲੈਂ। ਬਾਕੀ ਡੋਲਣ ਮੈਂ ਨਹੀਂ ਦਿੰਦਾ। ਮੈਂ ਸੱਤ ਬੱਚਨ ਕਹੇ ਦਿੱਤਾ ਤੇ ਕਰੈਸ਼ਰ ਲਾਉਣ ਤੇ ਚਲਾਉਣ ਦੀ ਜਿੰਮੇਵਾਰੀ ਸੰਭਾਲ ਲਈ। ਮੇਰੇ ਕੋਲ ਜੋ ਪੈਸਾ ਹੈ ਸੀ ਉਹ ਅਤੇ ਕੁਝ ਘਰ ਵਾਲੀ ਦੇ ਗਹਿਣੇ ਵੇਚ ਦਿਤੇ ਅਤੇ ਆਪਣੇ ਹਿਸੇ ਦੀ ਜ਼ਮੀਨ ਵਿਚੋਂ ਕੁਝ ਜ਼ਮੀਨ ਆਪਣੇ ਭਰਾ ਨੂੰ ਗਹਿਣੇ ਦੇ ਦਿੱਤੀ। ਹੁਕਮ ਮੰਨ ਕੇ ਕਰੇਸ਼ਰ ਲਾਉਣ ਦੀ ਜਿੰਮੇਵਾਰੀ ਸਿਰ ਲੈ ਲਈ। ਖੇਤੀ ਦਾ ਕੰਮ ਫਿਰ ਭਈਏ ਤੇ ਨਿਰਭਰ ਹੋ ਗਿਆ। ਮੈਂ ਇਸ ਪ੍ਰਬੰਧ ਲਈ ਦਿਨ-ਰਾਤ ਇਕ ਕਰ ਦਿੱਤਾ। ਢਲਾਈ ਦੇ ਕੜਾਹੇ ਦਿਲੀ ਤੋਂ, ਇੰਞਣ ਗੁਰੂ ਨਾਨਕ ਇੰਜੀਨੀਅਰ ਵਰਕਸ ਗਾਜ਼ੀਆਬਾਦ ਅਤੇ ਕਰੇਸ਼ਰ ਮੇਰਠ ਤੋਂ ਖਰੀਦਿਆ। ਇਸ ਕੰਮ ਲਈ ਮੈਨੂੰ ਕਈ ਕਈ ਦਿਨ ਮੇਰਠ ਰਹਿਣਾ ਪੈਂਦਾ ਸੀ। ਮੈਨੂੰ ਸਤਿਜੁਗ ਸੰਪਾਦਕ ਟਾਈਮ ਤੋਂ ਇਕ ਨਾਮਧਾਰੀ ਪਰਿਵਾਰ ਦੇ ਐਡਰਸ ਦਾ ਪਤਾ ਸੀ। ਮੈਂ ਉਸ ਐਡਰਸ ਤੇ ਗਿਆ। ਨਾਮਧਾਰੀ ਸਿੱਖ ਦੁਕਾਨ ਤੇ ਬੈਠਾ ਸੀ, ਮੈਂ ਉਸ ਨੂੰ ਆਪਣਾ ਇੱਥੇ ਆਉਣ ਦਾ ਮਕਸਦ ਦੱਸਿਆ ਤਾਂ ਉਹ ਬਹੁਤ ਖੁਸ਼ ਹੋਇਆ। ਮੈਂ ਉਹਦੇ ਘਰ ਡੇਰਾ ਗੱਡ ਦਿੱਤਾ। ਮੈਂ ਜਿੰਨਾ ਸਮਾਂ ਮੇਰਠ ਰਹਿਣਾ ਉਸੇ ਸਿੱਖ ਦੇ ਘਰ ਰਹਿਣਾ। ਉਸ ਪਰਿਵਾਰ ਦਾ ਨਿਤ ਕਰਮ ਸੀ, ਸੱਤ ਸਾਲ ਦੇ ਬੱਚੇ ਤੋਂ ਲੈ ਕੇ ਸਾਰੇ ਪਰਿਵਾਰ ਨੇ ਸਵੇਰੇ ਚਾਰ ਵਜੇ ਉਠ ਇਸ਼ਨਾਨ ਕਰ ਘਰ ਵਿਚ ਹੀ ਇਕੱਠਿਆਂ ਬੈਠ ਇਕ ਘੰਟਾ ਨਾਮ ਸਿਮਰਨ ਕਰਨਾ। ਇਸ ਤੋਂ ਪਿਛੋਂ ਸਾਰੇ ਪਰਿਵਾਰ ਨੇ ਆਪ ਹੀ ਵਾਜਾ ਢੋਲਕੀ ਛੈਣੇ ਵਜਾ ਕੇ ਆਸਾ ਦੀ ਵਾਰ ਦਾ ਕੀਰਤਨ ਕਰਨਾ। ਸੱਤ ਵਜੇ ਚਾਹ



Sri Satguru Jagjit Singh Ji eLibrary NamdhariElibrary@gmail.com

ਦੁੱਧ ਲੋੜ ਮੁਤਾਬਕ ਅਤੇ ਸਾਡੇ ਅੱਠ ਵਜੇ ਨਾਸ਼ਤਾ ਕਰ ਆਪਣੇ ਆਪਣੇ ਕੰਮ ਤੇ ਨਿਕਲ ਜਾਣਾ। ਇਸ ਨਾਮਧਾਰੀ ਸਿੱਖ ਦਾ ਨਾਮ ਫੌਜਾ ਸਿੰਘ ਸੀ ਅਤੇ ਇਸਦੀਆਂ ਦੋ ਪਤਨੀਆਂ ਸਨ। ਕਾਰਨ ਜਾਨਣਾ ਮੈਂ ਮੁਨਾਸਬ ਨਹੀਂ ਸਮਝਿਆ ਇਸੇ ਲਈ ਅੱਜ ਵੀ ਪਤਾ ਨਹੀਂ ਇਹ ਉਸਦਾ ਸ਼ੌਕ ਸੀ ਜਾਂ ਸਮਾਜਕ ਮਜਬੂਰੀ। ਉਹ ਦੋਵੇਂ ਪਤਨੀਆ ਇਉਂ ਰਹਿੰਦੀਆਂ ਸੀ ਜਿਵੇਂ ਦੋ ਨਹੀਂ ਇਕ ਹੀ ਹਨ। ਮੈਨੂੰ ਵੀ ਚੌਥੀ ਵਾਰ ਜਾਣ ਸਮੇਂ ਹੀ ਪਤਾ ਚੱਲਿਆ ਕਿ ਇਕ ਨਹੀਂ ਦੋ ਪਤਨੀਆਂ ਹਨ ਤੇ ਦੋਨਾਂ ਦੇ ਬੱਚੇ ਹਨ। ਵੱਡੇ ਪਰਿਵਾਰ ਵਿੱਚ ਬੱਚਿਆਂ ਦੀ ਭਰਮਾਰ ਸੀ। ਹਰ ਬੱਚੇ ਦਾ ਪਹਿਰਾਵਾ ਨਾਮਧਾਰੀ ਸੀ, ਹਰ ਜੀਅ ਦੀ ਆਪਣੀ ਆਪਣੀ ਮਾਲਾ, ਜੋ ਸੋਲਾਂ ਸਾਲ ਤੋਂ ਉਪਰ ਉਮਰ ਦੇ ਸੀ, ਉਹਨਾਂ ਨੇ ਹਰ ਵੱਕਤ ਮਾਲਾ ਗਲ ਵਿਚ ਹੀ ਰੱਖਣੀ ਹੈ। ਸੰਤ ਫੌਜਾ ਸਿੰਘ ਦੁਕਾਨ ਤੇ ਬੈਠੇ ਮਾਲਾ ਗਲ ਵਿਚ ਹੀ ਰੱਖਦੇ ਸੀ। ਅਤੇ ਕਾਰੋਬਾਰ ਉਹਨਾਂ ਦਾ ਹਾਕੀ ਦੀ ਗੇਂਦ ਬਨਾਉਣ ਦਾ ਸੀ। ਇਸ ਬਿਜ਼ਨਿਸ ਦੀ ਆਮਦਨ ਨਾਲ ਸਾਰਾ ਪਰਿਵਾਰ ਖ਼ੁਸ਼ ਤੇ ਸੁੱਖੀ ਸੀ।

## ਸਤਿਗੁਰੂ ਜੀ ਮੇਰਠ ਵਿਖੇ

ਮੈਨੂੰ ਇਕ ਰਾਤ ਸੰਤ ਫੌਜਾ ਸਿੰਘ ਨੇ ਦੱਸਿਆ ਕਿ ਦੋ ਦਿਨਾਂ ਤੱਕ ਸਤਿਗੁਰੂ ਸੱਚੇ ਪਾਤਸ਼ਾਹ ਜੀ ਮੇਰਠ ਸੰਗਤਾਂ ਨੂੰ ਦਰਸ਼ਨ ਦੇਣ ਆ ਰਹੇ ਹਨ। ਇੱਥੇ ਇਕ ਹੋਰ ਨਾਮਧਾਰੀ ਸੰਤ ਨੰਦ ਸਿੰਘ ਦਾ ਪਰਿਵਾਰ ਵੀ ਸੀ। ਸਾਰੇ ਮੇਰਠ ਦੀ ਸੰਗਤ ਉਹਨਾਂ ਦੇ ਘਰ ਪਹੁੰਚ ਕੇ ਸਤਿਗੁਰੂ ਜੀ ਦੇ ਚਰਨ ਪਰਸੇਗੀ। ਸਤਿਗੁਰੂ ਜੀ ਨੇ ਮਿਥੇ ਪ੍ਰੋਗਰਾਮ ਸਹਿਤ ਮੇਰਠ ਦਰਸ਼ਨ ਦਿਤੇ ਉਸ ਪਰਿਵਾਰ ਘਰ ਸ਼ਾਮ ਦੇ ਦੀਵਾਨ ਵਿਚ ਸਾਰੀ ਸੰਗਤ ਆ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਦੀਵਾਨ ਦੀ ਸਮਾਪਤੀ ਪਿਛੋਂ ਮੈਨੂੰ ਸਤਿਗੁਰੂ ਜੀ ਆਪਣੇ ਕਮਰੇ ਵਿਚ ਨਾਲ ਲੈ ਗਏ। ਕਰੈਸ਼ਰ ਬਾਰੇ ਪੁੱਛਿਆ ਤੇ ਮੈਂ ਦੋ ਹਫਤਿਆਂ ਦੀ ਕਾਰ ਗੁਜ਼ਾਰੀ ਦਾ ਵੇਰਵਾ ਅਰਜ਼ ਕਰ ਦਿੱਤਾ। ਫਿਰ ਸਤਿਗੁਰੂ ਜੀ ਆਪਣੇ ਇਹਨਾਂ ਪੰਦਰਾਂ ਦਿਨ ਦੇ ਦੌਰੇ ਦੇ ਬਚਨ ਕਰਨ ਲਗੇ। ਇਹ ਪੰਦਰਾਂ ਦਿਨ ਦਾ ਦੌਰਾ ਸੀ੍ ਜੀਵਨ ਨਗਰ ਦੇ ਇਲਾਕੇ ਦੇ ਪਿੰਡਾਂ ਦਾ ਹੀ ਸੀ। ਸੱਚੇ ਪਾਤਸ਼ਾਹ ਜੀ ਨੇ ਬਚਨ ਕਰਦਿਆਂ ਬਲਕਾਰ ਸਿੰਘ ਨੂੰ ਕਿਹਾ ਬਲਕਾਰ ਕੋਈ ਖਾਸ ਗਲ ਸਾਜਨ ਨੂੰ ਦੱਸਣੀ ਸੀ ਮੈਨੂੰ ਧਿਆਨ ਨਹੀਂ ਆ ਰਿਹਾ। ਗਰੀਬ ਨਿਵਾਜ਼ ਕੋਟਲੀ ਵਾਲੀ; ਬਲਕਾਰ ਨੇ ਕਿਹਾ। ਹਾਂ, ਹਾਂ, ਸਾਜਨ ਮੈਂ ਤੈਨੂੰ ਕੋਟਲੀ ਵਾਲੀ ਗੱਲ ਖਾਸ ਦੱਸਣੀ ਸੀ; ਇਸ ਵਾਰ ਇਕ ਦਿਨ ਕੋਟਲੀ ਦਾ ਚਰਨ ਸਿੰਘ ਮੇਰੇ ਕੋਲ ਆਇਆ ਤੇ ਕਿਹਾ ਮੇਰੇ ਘਰ ਅਖੰਡ ਪਾਠ ਦੇ ਭੋਗ ਸਮੇਂ ਮੇਰੇ ਘਰ ਆਉ। ਮੈਂ ਉਸਨੂੰ ਕਿਹਾ ਮੈਂ ਤੇਰੇ ਘਰ ਅਖੰਡ ਪਾਠ ਤੇ ਤਦ ਆਵਾਂਗਾ, ਜੇ ਤੂੰ ਅਖੰਡ ਪਾਠ ਸਮੇਂ ਸੁਬੇਗ ਸਿੰਘ ਨੂੰ ਆਪਣੇ ਘਰ ਨਾ ਸੱਦੇ ਤਾਂ? ਜੇ ਤੂੰ ਸੁਬੇਗ ਸਿੰਘ ਨੂੰ ਸੱਦਣਾ



Sri Satguru Jagjit Singh Ji eLibrary NamdhariElibrary@gmail.com

ਹੈ ਤਾਂ ਮੈਂ ਨਹੀਂ ਆਉਣਾ; ਸੋਚ ਲੈ। ਉਹ ਮੰਨ ਗਿਆ ਕਿ ਮੈਂ ਸੁਬੇਗ ਸਿੰਘ ਨੂੰ ਨਹੀਂ ਸੱਦਦਾ; ਤੁਸੀਂ ਆਵੋ। ਅਸੀਂ ਦਿਨ ਦੇ ਦਿੱਤਾ। ਸੁਬੇਗ ਸਿੰਘ ਉਸਦਾ ਨਜ਼ਦੀਕੀ ਰਿਸ਼ਤੇਦਾਰ ਸੀ। ਪਰ ਸਾਨੂੰ ਸੱਦਣ ਲਈ ਚਰਨ ਸਿੰਘ ਨੇ ਸੁਬੇਗ ਸਿੰਘ ਦੇ ਘਰ ਜਾ ਕੇ ਕਿਹਾ ਕਿ ਮੈਂ ਅਖੰਡ ਪਾਠ ਕਰਾਉਣਾ ਹੈ ਅਤੇ ਮੈਂ ਸਤਿਗੁਰਾ ਨੂੰ ਸੱਦਣਾ ਹੈ ਤੂੰ ਏਨੇ ਦਿਨ ਮੇਰੇ ਘਰ ਨਹੀਂ ਵੜਨਾ ਤੇ ਨਾ ਹੀ ਤੇਰਾ ਕੋਈ ਸਾਥੀ ਆਵੇ। ਸੁਬੇਗ ਸਿੰਘ ਨੇ ਉਸ ਨੂੰ ਕਿਹਾ ਤੂੰ ਮੈਨੂੰ ਆਪਣੇ ਘਰ ਆਉਣੋਂ ਰੋਕ ਰਿਹਾ ਹੈਂ, ਇਸ ਤੋਂ ਪਿਛੋਂ ਤੇਰੀ ਮੇਰੀ ਰਿਸ਼ਤੇਦਾਰੀ ਖਤਮ ਹੋ ਜਾਵੇਗੀ। ਚਰਨ ਸਿੰਘ ਨੇ ਕਿਹਾ ਮੈਂ ਤੇਰੇ ਨਾਲ ਰਿਸ਼ਤੇਦਾਰੀ ਖਤਮ ਕਰ ਸਕਦਾ ਹਾਂ ਪਰ; ਉਧਰ ਸਾਂਝ ਨਹੀਂ ਖਤਮ ਕਰ ਸਕਦਾ। ਬੱਸ ਤੂੰ ਮੇਰੇ ਘਰ ਨਹੀਂ ਵੜਨਾ। ਠੀਕ ਹੈ ਮੈਂ ਤੇਰੇ ਘਰ ਨਹੀਂ ਵੜਾਂਗਾ, ਪਰ ਇਸ ਪਿੱਛੋਂ ਤੂੰ ਮੇਰੇ ਘਰ ਦੀਆਂ ਬਰੂਹਾਂ ਨਾ ਲੰਘੀ।

ਸਿੰਘ ਆਪਣੇ ਘਰ ਆ ਗਿਆ; ਅਖੰਡ ਪਾਠ ਚਲਦਾ ਰਿਹਾ। ਸੁਬੇਗ ਸਿੰਘ ਤੇ ਉਸਦੇ ਪਰਿਵਾਰ ਦਾ ਕੋਈ ਜੀ ਉਸਦੇ ਘਰ ਨਹੀਂ ਆਇਆ। ਅਗਲੀ ਸਵੇਰ ਆਸਾ ਦੀ ਵਾਰ ਦੇ ਕੀਰਤਨ ਵਿਚ ਬੈਠੇ ਸਾਂ। ਵਾਰ ਦੀ ਸਮਾਪਤੀ ਦੇ ਦੋ ਸਲੋਕ ਬਾਕੀ ਸਨ ਤਾਂ ਸੁਬੇਗ ਸਿੰਘ ਉਸਦਾ ਸਾਰਾ ਪਰਿਵਾਰ ਤੇ ਉਸਦੇ ਸਾਰੇ ਸਾਥੀ ਆ ਗਏ। ਸਭ ਨੇ ਵਾਰੀ ਵਾਰੀ ਮੱਥਾ ਟੇਕਿਆ। ਸੁਬੇਗ ਸਿੰਘ ਨੇੜੇ ਹੀ ਸਾਹਮਣੇ ਬੈਠ ਗਿਆ। ਮੈਂ ਘਰ ਵਾਲੇ ਸਿੰਘ ਨੂੰ ਸੱਦਿਆ ਤੇ ਕਿਹਾ ਤੂੰ ਕਹਿੰਦਾ ਸੀ ਸੁਬੇਗ ਸਿੰਘ ਨਹੀਂ ਆਵੇਗਾ ਪਰ ਉਹ ਤਾਂ ਪਰਿਵਾਰ ਸਮੇਤ ਆਇਆ ਹੈ; ਸਿੰਘ ਨੇ ਕਿਹਾ ਸੱਚੇ ਪਾਤਸ਼ਾਹ ਜੀਉ ਮੈਂ ਇਸਨੂੰ ਘਰ ਜਾ ਕੇ ਕਹਿ ਕੇ ਆਇਆ ਸੀ; ਪਰ ਇਹ ਸੋਚੀ ਸਮਝੀ ਸਕੀਮ ਨਾਲ ਆਇਆ ਹੈ। ਮੈਂ ਇਸਨੂੰ ਘਰ ਵੜਨੋਂ ਰੋਕਿਆ ਹੈ ਤੇ ਇਹ ਜਾਣ ਬੁੱਝ ਕੇ ਆਇਆ ਹੈ ਕਿ ਤੁਸੀ ਮੇਰੇ ਤੇ ਨਰਾਜ਼ ਹੋ ਜਾਵੋ। ਹੋਰ ਕੁਝ ਨਹੀਂ।

### ਸ਼ਰਾਬ ਛੁਡਾਈ

ਸਿੱਖ ਘਬਰਾ ਰਿਹਾ ਸੀ। ਮੈਂ ਉਸਨੂੰ ਕਿਹਾ ਚੰਗਾ ਤੂੰ ਘਬਰਾ ਨਾ ਜੇ ਉਹ ਨਰਾਜ਼ ਕਰਨ ਆਇਆ ਹੈ ਤੇ ਅਸੀਂ ਨਰਾਜ਼ ਹੁੰਦੇ ਹੀ ਨਹੀਂ। ਤੂੰ ਨਿਸਚਿੰਤ ਆਪਣੇ ਕੰਮ ਕਰ ਇਸ ਨੂੰ ਕੁਛ ਨਹੀਂ ਕਹਿਣਾ। ਮੇਰੇ ਇਉਂ ਕਰਨ ਨਾਲ ਸੁਬੇਗ ਸਿੰਘ ਦੀ ਸਾਰੀ ਸਕੀਮ ਵੇਲ੍ਹ ਹੋ ਗਈ। ਅਖੰਡ ਪਾਠ ਦੇ ਭੋਗ ਦੀ ਅਰਦਾਸ ਪਿਛੋਂ ਸੁਬੇਗ ਸਿੰਘ ਹੱਥ ਜੋੜ ਕੇ ਸੰਗਤ ਵਿਚ ਖੜਾ ਹੋ ਗਿਆ ਤੇ ਕਹਿਣ ਲਗਾ ਜੀ ਮੈਂ ਅਰਜ਼ ਕਰਨੀ ਹੈ। ਮੈਂ ਕਿਹਾ ਦੱਸ? ਸੰਗਤ ਪਰਸਾਦ ਪਾਣੀ ਛੱਕਣ ਲਗ ਗਈ। ਅਸੀਂ ਇਕ ਪਾਸੇ ਕੁਰਸੀ ਤੇ ਬੈਠ ਗਏ। ਉਸਦੇ ਸਾਰੇ ਸਾਥੀ ਵੀ ਸੁਬੇਗ ਸਿੰਘ ਦੇ ਕੋਲ ਆਣ ਬੈਠੇ। ਮੈਂ ਕਿਹਾ, ਦੱਸ ਤਾਂ ਸੁਬੇਗ ਸਿੰਘ ਨੇ ਬੋਲਣਾ ਸ਼ੁਰੂ ਕਰ ਦਿਤਾ। ਤੁਸੀਂ ਫਲਾਣੇ ਵੇਲੇ ਇਹ ਕੀਤਾ, ਫਲਾਣੇਂ ਵੇਲੇਂ ਔਹ ਕੀਤਾ; ਉਸ ਸਿੱਖ ਨਾਲ ਇਹ



Sri Satguru Jagjit Singh Ji eLibrary NamdhariElibrary@gmail.com

ਵਧੀਕੀ ਕੀਤੀ। ਤੁਸੀਂ ਇਹ ਵਧੀਕੀ ਕੀਤੀ, ਤੁਸੀਂ ਇਹ ਗਲਤ ਕੀਤਾ। ਸਾਜਨ ? ਸੁਬੇਗ ਸਿੰਘ ਇਕ ਘੰਟਾ ਭਰ ਗੱਲਾਂ ਕਰਦਾ ਰਿਹਾ; ਕਦੇ ਉਚੀ ਉਚੀ ਬੋਲਣ ਲੱਗ ਜਾਂਦਾ; ਕਦੇ ਸਹਿਜੇ। ਮੈਂ ਕੁਰਸੀ ਤੇ ਬੈਠਾ ਸੁਣਦਾ ਰਿਹਾ ਤੇ ਹੁੰਗਾਰਾ ਦਿੰਦਾ ਰਿਹਾ। ਇਕ ਘੰਟੇ ਪਿਛੋਂ ਸੁਬੇਗ ਸਿੰਘ ਚੁੱਪ ਕਰ ਗਿਆ ਮੈਂ ਬੈਠਾ ਰਿਹਾ ਪੰਜ ਮਿੰਟ ਸੁਬੇਗ ਸਿੰਘ ਚੁਪ ਰਿਹਾ। ਮੈਂ ਪੰਜ ਮਿੰਟ ਉਡੀਕ ਕੇ ਕਿਹਾ ਸੁਬੇਗ ਸਿੰਘ ਚੁਪ ਕਰ ਰਿਹਾ ਹੈਂ ? ਬੋਲਦਾ ਨਹੀਂ ? ਮੈਂ ਤਾਂ ਹਾਲੇ ਬੈਠਾ ਹੋਇਆ ਹਾਂ ਸੁਨਣ ਲਈ। ਮੇਰੇ ਇੰਨਾ ਕਹਿਣ ਤੇ ਸੁਬੇਗ ਸਿੰਘ ਉਠ ਕੇ ਖੜਾ ਹੋ ਗਿਆ ਤੇ ਕਹਿਣ ਲਗਾ ਸੱਚੇ ਪਾਤਸ਼ਾਹ ਜੀ ਕੀ ਕਹਾਂ ਕੋਈ ਗੱਲ ਰਹਿ ਹੀ ਨਹੀਂ ਗਈ ਕਹਿਣ ਵਾਲੀ। ਬੱਸ ਮੇਰੀ ਬੱਸ ਹੋ ਗਈ ਹੈ। ਹੁਣ ਤੁਸੀਂ ਹੀ ਕਹੋ ਜੋ ਮੈਨੂੰ ਕਹਿਣਾ ਹੈ ? ਮੈਂ ਕੁਛ ਨਹੀਂ ਕਹਿਣਾ। ਮੈਂ ਕਿਹਾ ਚੰਗਾ ਫਿਰ ਅੱਜ ਤੋਂ ਸ਼ਰਾਬ ਪੀਣੀ ਛੱਡ ਦੇਹ। ਮੈਂ ਤਾਂ ਤੈਨੂੰ ਇਹੋ ਹੀ ਕਹਿਣਾ ਹੈ। ਸੱਤ ਬਚਨ ਜੀ ਮੈਂ ਅੱਜ ਤੋਂ ਸ਼ਰਾਬ ਪੀਣੀ ਛੱਡੀ। ਮੈਂ ਜ਼ਿੰਦਗੀ ਵਿਚ ਸ਼ਰਾਬ ਨਹੀਂ ਪੀਵਾਂਗਾ ਪਰ ਤੁਸਾਂ ਮੇਰੀ ਇਸ ਵਿਚ ਸਹਾਇਤਾ ਜਰੂਰ ਕਰਨੀ। ਮੈਂ ਤੁਹਾਡੀ ਹਜ਼ੂਰੀ ਵਿਚ ਖਲੋ ਕੇ ਸੰਗਤ ਦੇ ਸਾਹਮਣੇ ਕਹਿੰਦਾ ਹਾਂ ਸ਼ਰਾਬ ਛੱਡੀ ਅਤੇ ਸੁਬੇਗ ਸਿੰਘ ਮੱਥਾ ਟੇਕ ਕੇ ਉਤਾਂਹ ਹੋਇਆ ਤਾਂ ਉਸਦੀਆਂ ਅੱਖਾਂ ਛਲਕ ਰਹੀਆ ਸਨ। ਸਾਜਨ ਸਤਿਗੁਰੂ ਪ੍ਰਤਾਪ ਸਿੰਘ ਜੀ ਅਜਿਹੀ ਕਿਰਪਾ ਕੀਤੀ ਸੁਬੇਗ ਸਿੰਘ ਸੰਗਤ ਵਿਚ ਰਲ ਗਿਆ। ਮੈਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਤੇ ਹੱਥ ਲਾ ਕੇ ਕਿਹਾ ਗਰੀਬ ਨਿਵਾਜ ਜੀ ਕੌਡਾ ਵੀ ਤਾਂ ਗੁਰੂ ਨਾਨਕ ਨੂੰ ਕੜਾਹੇ ਵਿਚ ਤਲਣ ਆਇਆ; ਸੀ ਪਰ ਆਪ ਹੀ ਕੁਠਾਲੀ ਵਿਚ ਪੈ ਸੋਨਾ ਬਣ ਗਿਆ। ਮੈਂ ਫਿਰ ਅਰਜ਼ ਕੀਤੀ ਗਰੀਬ ਨਿਵਾਜ਼ ਗੱਲ ਤਾਂ ਇਕ ਮੈਂ ਵੀ ਸੁਣਾਉਣੀ ਹੈ ਜੇ ਕਿਰਪਾ ਕਰੋ ਤਾਂ ? ਤਾਂ ਸਤਿਗੁਰੂ ਜੀ ਹੁਕਮ ਕੀਤਾ; ਚੱਲ ਹੋ ਜਾਹ ਸ਼ੁਰੂ ਵਾਰ ਵਿਚ ਤਾਂ ਚਾਰ ਵਜੇ ਹੀ ਜਾਣਾ ਹੈ। ਓਨਾ ਚਿਰ ਤੇਰੀ ਗੱਲ ਸੁਣਨ ਵਾਸਤੇ ਵਿਹਲੇ ਹੀ ਹਾਂ। ਸਾਜਨ ਸਤਿਗੁਰੂ ਜੀ ਬਿਰਾਜਨਾ ਹੈ ਤੂੰ ਆਪਣੀ ਗੱਲ ਕੱਲ ਨੂੰ ਸੁਣਾ ਲਵੀਂ ਤਾਂ ਸਤਿਗੁਰੂ ਜੀ ਹੋਰਾਂ ਕਿਹਾ ਬਲਕਾਰ ਕਿਉਂ ਚਿੰਤਾ ਕਰਦਾ ਹੈਂ, ਤੂੰ ਤਾਂ ਬੈਠਿਆਂ ਹੀ ਸੌਂ ਲੈਣਾ ਹੈ ਚਲ ਸਾਜਨ ਸੁਣਾ ਕੀ ਗੱਲ ਹੈ।

## ਸੋਚ ਨਾ, ਬਚਨ ਮੰਨ

ਮੈਂ ਅਰਜ਼ ਕੀਤੀ ਗਰੀਬ ਨਿਵਾਜ਼ ਜੀ ਮੈਂ ਕਰੈਸ਼ਰ ਬਣਾਨ ਵਾਲੇ ਕਾਰਖਾਨੇ ਦੇ ਦਫਤਰ ਵਿਚ ਬੈਠਾ ਸੀ; ਓਥੇ ਹੀ ਇਕ ਸਜਨ ਯੂ.ਪੀ ਦਾ ਮੇਰੇ ਕੋਲ ਬੈਠਾ ਸੀ ਉਸਦਾ ਵੀ ਕਰੈਸ਼ਰ ਤਿਆਰ ਹੋ ਰਿਹਾ ਸੀ। ਉਸ ਮੈਨੂੰ ਪੁੱਛਿਆ; ਤੁਸਾਂ ਕਿਥੇ ਕਰੈਸ਼ਰ ਲਾਉਣਾ ਹੈ। ਮੈਂ ਦੱਸਿਆ ਜ਼ਿਲ੍ਹਾ ਸਿਰਸਾ, ਹਰਿਆਣਾ ਵਿਖੇ ਸ੍ਰੀ ਜੀਵਨ ਨਗਰ ਪਿੰਡ ਹੈ। ਉਸ ਇਲਾਕੇ ਬਾਰੇ ਜਾਣਕਾਰੀ ਲੈਣ ਪਿਛੋਂ ਕਿਹਾ ਮੇਰੀ ਰਾਇ ਤਾਂ



Sri Satguru Jagjit Singh Ji eLibrary NamdhariElibrary@gmail.com

ਇਹ ਹੈ, ਤੁਸੀਂ ਇਥੇ ਕਰੈਸ਼ਰ ਨਾ ਲਾਉ ਫੇਲ੍ਹ ਹੋ ਜਾਵੋਗੇ। ਕਿਉਂ ਕਿ ਗੰਨਾ ਥੋੜਾ ਹੈ ਕਿਸਾਨਾਂ ਗੰਨਾ ਨਾ ਦਿਤਾ ਜਾਂ ਕੋਈ ਹੋਰ ਮਸਲਾ ਸਾਹਮਣੇ ਆ ਗਿਆ ਤਾਂ ਖੜੋਤੀ ਮਸ਼ਨੀਰੀ ਜੰਗਾਲ ਖਾ ਜਾਵੇਗਾ। ਕਰੈਸ਼ਰ ਤਾਂ ਇਥੇ ਯੂ.ਪੀ. ਵਿਚ ਫੇਲ੍ਹ ਹੋ ਜਾਂਦੇ ਹਨ; ਹਰਿਆਣਾ ਤਾਂ ਕੀ ਚੀਜ਼ ਹੈ। ਮੈਂ ਉਸਨੂੰ ਕਿਹਾ ਤੂੰ ਵੀ ਤਾਂ ਫੇਲ੍ਹ ਹੋ ਸਕਦਾ ਹੈਂ? ਤਾਂ ਉਸ ਜੁਆਬ ਦਿਤਾ ਮੇਰਾ ਤੁਹਾਡਾ ਬਹੁਤ ਫਰਕ ਹੈ। ਮੈਂ ਫੇਲ੍ਹ ਨਹੀਂ ਹੋ ਸਕਦਾ ਮੇਰੇ ਨਾਂ ਫੇਲ੍ਹ ਹੋਣ ਦੇ ਕਈ ਕਾਰਨ ਹਨ। ਇਕ ਤਾਂ ਇਥੇ ਲੋੜ ਤੋਂ ਵੱਧ ਗੰਨਾ ਹੈ। ਇਕ ਨਾ ਦੇਵੇਗਾ ਤਾਂ ਦੂਸਰਾ ਦੇ ਦੇਵੇਗਾ। ਦੂਸਰਾ ਨਾ ਤੇ ਤੀਸਰਾ ਤਿਆਰ ਹੈ। ਰਹੀ ਮੇਰੀ ਗੱਲ ਜੇ ਮੇਰਾ ਕਰੈਸ਼ਰ ਫੇਲ੍ਹ ਹੁੰਦਾ ਦਿਸਿਆ, ਤਾਂ ਮੇਰੇ ਕੋਲ ਇਕ ਹੋਰ ਫਾਰਮੂਲਾ ਹੈ ਜੋ ਤੁਹਾਡੇ ਕੋਲ ਨਹੀਂ। ਮੈਂ ਕਿਹਾ ਜ਼ਰਾ ਦੱਸ ਤੇ ਸਹੀ ਉਹ ਫਾਰਮੂਲਾ ਕੀ ਹੈ, ਜਿਸ ਸਦਕਾ ਤੂੰ ਫੇਲ੍ਹ ਨਹੀਂ ਹੋ ਸਕਦਾ। ਉਸ ਆਦਮੀ ਨੇ ਮੈਨੂੰ ਪੁਛਿਆ ਤੂੰ ਮੈਨੂੰ ਜਾਣਦਾ ਹੈ ਮੈਂ ਕੌਣ ਹਾਂ? ਕਿਥੋਂ ਹਾਂ ਤੇ ਕੀ ਨਾਮ ਹੈ। ਮੈਂ ਜੋ ਵੀ ਇਥੇ ਨਾਮ ਦੱਸਿਆ ਹੈ ਜੋ ਬਿਲ ਬਣਨੇ ਹਨ, ਸਭ ਫਰਜੀ ਹਨ। ਮੇਰਾ ਨਾਮ ਅਸਲੀ ਹੋਰ ਹੈ ਪਰ ਇਥੇ ਮੈਂ ਨੇਪਾਲ ਸਿੰਘ ਦੇ ਨਾਮ ਨਾਲ ਬੈਠਾ ਹਾਂ। ਅਸਲੀਅਤ ਇਹ ਹੈ ਕਿ ਮੈਂ ਇਕ ਡਾਕੂਆਂ ਦੇ ਗਰੁੱਪ ਦਾ ਸਰਦਾਰ ਹਾਂ। ਮੇਰੇ ਪਿੰਡ ਦੇ ਮੈਨੂੰ ਠੇਕੇਦਾਰ ਕਰਕੇ ਜਾਣਦੇ ਹਨ ਅਤੇ ਉਹ ਵੀ ਅਸਲੀਅਤ ਤੋਂ ਜਾਣੂ ਨਹੀਂ ਤੂੰ ਤਾਂ ਕੀ ਹੋਵੇਗਾ। ਮੈਂ ਆਪਣੇ ਪਿੰਡ ਵਿਚ ਕਦੇ ਕਦਾਈ ਆਉਂਦਾ ਹਾਂ। ਅਸਲੀ ਨਾਮ ਹੋਰ ਤੇ ਪੁਲੀਸ ਖਾਤੇ ਮੇਰਾ ਨਾਮ ਹੋਰ ਹੈ। ਮੇਰਾ ਫਾਰਮੂਲਾ ਤਾਂ ਇਹ ਹੈ ਮੈਂ ਈਮਾਨਦਾਰੀ ਨਾਲ ਕਰੈਸ਼ਰ ਚਲਾਵਾਂਗਾ। ਪਰ ਜੇ ਕਿਸੇ ਕਾਰਨ ਫੇਲ੍ਹ ਹੁੰਦਾ ਨਜਰ ਆਇਆ ਤਾਂ ਕਿਸੇ ਤਗੜੇ ਜ਼ਿਮੀਦਾਰ ਦਾ ਗਲਾ ਫੜ ਕੇ; ਪੂਰੇ ਫਾਰਮ ਦਾ ਗੰਨਾ ਫਰੀ ਲੈ ਲਵਾਂਗਾ। ਮੈਨੂੰ ਘਾਟਾ ਕਿਵੇਂ ਪੈ ਜਾਵੇਗਾ। ਪਰ ਤੇਰੇ ਕੋਲ ਇਹ ਫਾਰਮੂਲਾ ਹੈ ਨਹੀਂ; ਸੋ ਤੂੰ ਫੇਲ੍ਹ ਜ਼ਰੂਰ ਹੋਵੇਂਗਾ। ਸੱਚੇ ਪਾਤਸ਼ਾਹ ਜੀ ਖਰੀਦ ਸਭ ਕੁਝ ਲਿਆ ਹੈ ਪਰ ਮਨ ਡੋਲਦਾ ਹੈ। ਸਾਜਨ ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਪੂਰਾ ਹੁੰਦਾ ਵੇਖਣਾ ਹੈ ਤੇ ਤੂੰ ਮੇਰਾ ਬਚਨ ਮੰਨਣਾ ਹੈ; ਬੱਸ ਇਸ ਤੋਂ ਅੱਗੇ ਕੁਛ ਨਹੀਂ ਤੇ ਮੈਂ ਸੌਣ ਲੱਗਾ ਹਾਂ। ਸੱਚੇ ਪਾਤਸ਼ਾਹ ਜੀ ਆਪਣੇ ਬਿਰਾਜਨ ਵਾਲੇ ਕਮਰੇ ਵਿਚ ਜਾਣ ਲੱਗਿਆਂ ਕਿਹਾ ਸਾਜਨ ਸੋਚ ਨਾ ਸਿਰਫ ਸੌਂ ਤੇ ਮੈਂ ਫਿਰ ਸਿਰ ਨਿਵਾ ਦਿਤਾ।

ਸਤਿਗੁਰੂ ਜੀ ਨੇ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਪਿਛੋਂ ਸਿੱਖਾਂ ਸੇਵਕਾਂ ਦੇ ਘਰੀਂ ਚਰਨ ਪਾਉਣੇ ਸੀ। ਸਤਿਗੁਰੂ ਜੀ ਜਲ ਪਾਣੀ ਛਕ ਕੇ ਸੇਵਕਾਂ ਦੇ ਘਰੀਂ ਚਰਨ ਪਾਉਣ ਲੱਗੇ, ਮੈਂ ਨਾਲ ਹੀ ਸੀ। ਚਰਨ ਪਾਉਣ ਵਾਲੀ ਲਿਸਟ ਸੰਤ ਫੌਜਾ ਸਿੰਘ ਜੀ ਦੇ ਕੋਲ ਸੀ। ਜਿਨ੍ਹਾਂ ਦੇ ਘਰ ਜਾ ਕੇ ਮੈਂ ਹਮੇਸ਼ਾਂ ਠਹਿਰਦਾ ਸੀ। ਸੰਤ ਫੌਜਾ ਸਿੰਘ ਗਲੀ ਵਿਚ ਤੁਰਦਿਆਂ ਸਤਿਗੁਰੂ ਜੀ ਦੇ ਬਹੁਤ ਨੇੜੇ ਹੋ ਤੁਰ ਰਿਹਾ ਸੀ; ਕਿਉਂ ਕਿ ਘਰਾਂ ਬਾਰੇ ਦੱਸਣਾ ਹੁੰਦਾ ਸੀ। ਮੈਂ ਸਤਿਗੁਰੂ ਜੀ



Sri Satguru Jagjit Singh Ji eLibrary NamdhariElibrary@gmail.com

ਪਿਛੇ ਪਿਛੇ ਤੁਰ ਰਿਹਾ ਸੀ। ਪਰ ਸਤਿਗੁਰੂ ਜੀ ਇਕ ਮੌਢਾ ਅਗਾਹਾਂ ਕੱਢ ਕੇ ਕੁਆਸੇ ਜਿਹੇ ਹੋ ਚਲ ਰਹੇ ਸੀ। ਇਉਂ ਤੁਰਦਿਆਂ ਵੇਖ; ਇਕ ਪਾਸੇ ਨੇੜੇ ਹੋ ਮੈਂ ਸਤਿਗੁਰੂ ਜੀ ਨੂੰ ਹੌਲੇ ਜਿਹੇ ਇਉਂ ਤੁਰਨ ਦਾ ਕਾਰਨ ਪੁਛਿਆ ਤਾਂ ਸੱਚੇ ਪਾਤਿਸ਼ਾਹ ਜੀ ਮੈਨੂੰ ਹੌਲੇ ਜਿਹੇ ਕਿਹਾ; ਦੂਜੇ ਪਾਸੇ ਫੌਜਾਂ ਚੜ੍ਹੀਆਂ ਆ ਰਹੀਆਂ ਹਨ ਮੈਂ ਕਿਹਾ ਕੀ ਮੱਤਲਬ ? ਮਤੱਲਬ, ਇਹ ਕੇ ਮੈਂ ਸੰਧ ਦਾ ਇਸ਼ਨਾਨ ਕੀਤਾ ਹੈ ਤੇ ਫੌਜਾ ਸਿੰਘ ਹੈ। ਇਸ ਲਈ ਟੇਡਾ ਤੁਰ ਰਿਹਾ ਹਾਂ। ਮੈਂ ਕਿਹਾ ਗਰੀਬ ਨਿਵਾਜ਼ ਜੀ ਮੈਂ ਤਾਂ ਆਸਣ ਹੀ ਏਧਰ ਖੋਹਲਦਾ ਹਾਂ; ਭਾਵ ਮੇਰਾ ਡੇਰਾ ਇਸਦੇ ਘਰ ਹੀ ਹੁੰਦਾ ਹੈ।

### ਕਰੈਸ਼ਰ ਲੱਗਾ

ਸ੍ਰੀ ਜੀਵਨ ਨਗਰ ਤੋਂ ਡੱਬਵਾਲੀ ਜਾਣ ਵਾਲੀ ਸੜਕ ਤੇ ਚਾਰ ਏਕੜ ਜ਼ਮੀਨ ਖਰੀਦ ਕੇ ਕਰੈਸ਼ਰ ਲਾ ਦਿਤਾ। ਕਰੈਸ਼ਰ ਚਲਾਣ ਵਾਸਤੇ ਮਜ਼ਦੂਰ ਮਿਸਤਰੀ ਯੂਪੀ ਵਿਚੋਂ ਜ਼ਿਲਾ ਬੰਦਾਯੂ ਦੇ ਪਿੰਡ ਕਕਰਾਲਾ ਤੋਂ ਲਿਆਂਦੇ। ਹੈਡ ਮਿਸਤਰੀ ਦਾ ਨਾਮ ਮਹਿਮੂਦ ਅਲੀ ਖਾਨ ਸੀ। ਮਜ਼ਦੂਰ ਮਿਸਤਰੀ ਸੱਭ ਉਸਦੀ ਜ਼ਿੰਮੇਵਾਰੀ ਵਿਚ ਕੰਮ ਕਰਦੇ ਸਨ। ਕਰੇਸ਼ਰ ਚਲ ਪਿਆ। ਇਲਾਕੇ ਦੇ ਕਿਸਾਨਾਂ ਦਾ ਗੰਨਾ ਧੜਾ ਧੜ ਆ ਰਿਹਾ ਸੀ। ਇਕ ਮਹੀਨੇ ਦੇ ਅਰਸੇ ਵਿਚ ਚਿੱਟੀ ਸਫੇਦ ਖੰਡ ਬੋਰੀਆਂ ਵਿਚ ਪੈਣ ਲਗੀ। ਸਿਰਸਾ ਸ਼ਹਿਰ ਦੇ ਵਪਾਰੀ ਖੰਡ ਵੇਖਣ ਪਰਖਣ ਤੇ ਖਰੀਦਣ ਲਈ ਆ ਰਹੇ ਸੀ। ਅਤੇ ਖੰਡ ਤਿਆਰ ਹੋ ਸਿਰਸਾ ਸ਼ਹਿਰ ਵਿਖੇ ਜਾ ਰਹੀ ਸੀ। ਕਰੈਸ਼ਰ ਦੇ ਚਾਰ ਏਕੜਾਂ ਤੋਂ ਬਿਨਾਂ ਨੇੜੇ ਨੇੜੇ ਹੋਰ ਕੋਈ ਵਸੋ ਨਹੀਂ ਸੀ। ਬਰਾਨੀ ਜ਼ਮੀਨ ਮੀਂਹ ਦੀ ਉਡੀਕ ਵਿਚ ਭਾਫ ਛੱਡ ਰਹੀ ਰੇਤ ਨੂੰ ਹਨੇਰੀ ਇਕ ਥਾਂ ਤੋਂ ਚੁਕ ਦੂਜੇ ਥਾਂ ਤੇ ਟਿਬਾ ਬਣਾ ਦਿੰਦੀ। ਪਰ ਇਸੇ ਉਡਦੀ ਰੇਤ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕੀਤਾ ਬਚਨ ਮੈਨੂੰ ਤਾਂ ਰੇਤ ਦੇ ਟਿੱਬੇ ਨਹੀਂ ਖੰਡ ਦੇ ਟਿੱਬੇ ਨਜ਼ਰ ਆ ਰਹੇ ਹਨ ਸਤਿਗੁਰੂ ਜਗਜੀਤ ਸਿੰਘ ਜੀ ਪੂਰਾ ਕਰ ਵਿਖਾਇਆ।

ਪਹਿਲੇ ਸਾਲ ਵਿਚ ਦੇਸੀ ਖੰਡ ਤਿਆਰ ਕੀਤੀ ਗਈ। ਅਤੇ ਦੂਸਰੇ ਸਾਲ ਹੋਰ ਮਸ਼ੀਨਰੀ ਦਾ ਇੰਤਜ਼ਾਮ ਕਰ ਦਾਣਾ ਖੰਡ ਤਿਆਰ ਕੀਤੀ ਗਈ। ਉਸ ਸਮੇਂ ਇਸ ਇਲਾਕੇ ਵਿਚ ਬਿਜਲੀ ਹੈ ਨਹੀਂ ਸੀ। ਅਤੇ ਸਾਰੀ ਮਸ਼ਨੀਰੀ ਇੰਝਣ ਨਾਲ ਹੀ ਚਲਦੀ ਸੀ। ਚਲਦੀਆਂ ਮਸ਼ੀਨਾਂ ਵਿਚ ਇੰਜਣ ਦੀ ਚਾਬੀ ਟੁਟ ਗਈ; ਸਾਡੇ ਚੀਫ ਇੰਜਨੀਅਰ ਸ. ਰਣਜੀਤ ਸਿੰਘ ਸਿਰਸਾ ਚਾਬੀ ਤਿਆਰ ਕਰਵਾਉਣ ਚਲੇ ਗਏ। ਮਜ਼ਦੂਰ ਤੇ ਮਸ਼ੀਨਰੀ ਸੱਬ ਰੁਕ ਗਏ। ਮੈਂ ਸਾਈਕਲ ਤੇ ਸੰਤ ਨਗਰ ਗਿਆ। ਮੈਂ ਆਪਣੇ ਪਿੰਡ ਦੇ ਮਿਸਤਰੀ ਦਰਸ਼ਨ ਸਿੰਘ ਨੂੰ ਦਸਿਆ। ਉਹ ਮੇਰਾ ਮਿੱਤਰ ਤੇ ਮਿੱਤਰ ਦੇ ਨਾਲ ਨਾਲ ਹਿਤੂ ਵੀ ਸੀ। ਮੈਂ ਉਸ ਨੂੰ ਕੰਮ ਰੁਕ ਜਾਣ ਬਾਰੇ ਦਸਿਆ ਤਾਂ ਉਸ ਕਿਹਾ ਕੰਮ ਤਾਂ ਚਲਦਾ ਕਰ ਦੇਵਾਂ ਪਰ ਮੈਂ ਫਤਿਆਬਾਦ ਜ਼ਰੂਰੀ ਕੰਮ ਜਾ



Sri Satguru Jagjit Singh Ji eLibrary NamdhariElibrary@gmail.com

ਰਿਹਾ ਹਾਂ ਕੱਲ ਆਵਾਂਗਾ। ਮੈਂ ਉਸ ਨੂੰ ਹੁੰਦੇ ਨੁਕਸਾਨ ਬਾਰੇ ਦਸਿਆ; ਪਰ ਉਹ ਜਾਣ ਲਈ ਕਹਿ ਰਿਹਾ ਸੀ। ਕੋਲ ਖਲੋਤੀ ਉਸਦੀ ਪਤਨੀ ਮਹਿੰਦਰ ਕੌਰ ਨੇ ਹਿੰਮਤ ਕਰਕੇ ਕਿਹਾ ਫਤਿਆਬਾਦ ਮੇਰੇ ਗਿਆ ਕੰਮ ਸਰ ਜਾਂਦਾ ਹੈ ਫਤਿਆਂਬਾਦ ਮੈਂ ਚਲੀ ਜਾਂਦੀ ਹਾਂ ਤੁਸੀ ਇਥੇ ਇਹਨਾਂ ਦਾ ਕੰਮ ਚਲਦਾ ਕਰ ਦੇਵੋ। ਨਾਲੇ ਕੰਮ ਸਾਜਨ ਦਾ ਨਹੀਂ ਸਤਿਗੁਰੂ ਜੀ ਦਾ ਹੈ। ਸਤਿਗੁਰੂ ਜੀ ਦੀਆਂ ਖੁਸ਼ੀਆਂ ਕਿਥੇ ਨਸੀਬ ਹੁੰਦੀਆਂ ਹਨ। ਮਿਸਤਰੀ ਦਰਸ਼ਨ ਸਿੰਘ ਆਪਣੀ ਪਤਨੀ ਨੂੰ ਫਤਿਆਂਬਾਦ ਜਾਣ ਵਾਸਤੇ ਬੱਸ ਤੇ ਬਿਠਾ ਸਾਡੇ ਕੋਲ ਫੈਕਟਰੀ ਪਹੁੰਚ ਗਿਆ। ਉਸ ਹੱਥ ਵਿਚ ਕਿੱਕਰ ਦੀ ਸੁਕੀ ਲਕੜੀ ਫੜੀ ਹੋਈ ਸੀ। ਉਸਨੇ ਆ ਕੇ ਇੰਜਨ ਦੇ ਸੁਰਾਖ ਨੂੰ ਨਾਪਿਆ, ਸੁੱਕੀ ਕਿੱਕਰ ਦੀ ਲੱਕੜੀ ਨੂੰ ਤੇਸੇ ਨਾਲ ਘੜ ਕੇ ਚਾਬੀ ਬਣਾ ਇੰਜਣ ਵਿਚ ਠੋਕ ਦਿਤੀ। ਬੱਸ ਮਜ਼ਦੂਰਾਂ ਨੂੰ ਕਿਹਾ ਸਤਿਗੁਰੂ ਜਗਜੀਤ ਸਿੰਘ ਦਾ ਨਾਮ ਲੈ ਕੇ ਇੰਜਣ ਨੂੰ ਗੇੜਾ ਦਿਉ ਜ਼ਰੂਰ ਚਲੇਗਾ। ਮਜਦੂਰਾਂ ਗੇੜਾ ਦਿੱਤਾ ਤਾਂ ਇੰਜਣ ਚਲ ਪਿਆ ਅਤੇ ਸਾਰਾ ਸੀਜਨ ਕਿੱਕਰ ਦੀ ਚਾਬੀ ਨਾਲ ਹੀ ਚਲਦਾ ਰਿਹਾ। ਮੈਂ ਸਾਰੀ ਗੱਲ ਜਦੋਂ ਸਤਿਗੁਰੂ ਜੀ ਆਏ ਤਾਂ ਓਹਨਾਂ ਨੂੰ ਦਸੀ। ਸਤਿਗੁਰੂ ਜੀ ਪਤੀ ਪਤਨੀ ਨੂੰ ਸੱਦ ਕੇ ਖੁਸ਼ੀਆਂ ਬਖਸ਼ੀਆਂ ਤੇ ਨਾਲ ਹੀ ਹੁਕਮ ਕੀਤਾ ਇਸ ਖੰਡ ਮਿਲ ਦਾ ਅੱਜ ਤੋਂ ਤੂੰ ਹੀ ਇੰਜਨੀਅਰ ਹੈਂ।

## ਕਾਟਨ ਮਿਲ

ਦੂਜੇ ਸਾਲ ਕਰੈਸ਼ਰ ਵਿਚ ਖੰਡ ਤਿਆਰ ਹੋ ਰਹੀ ਸੀ ਤਾਂ ਗੰਨਾ ਲੋੜ ਤੋਂ ਘੱਟ ਮਿਲਣ ਲੱਗਾ। ਗੰਨਾ ਪੂਰਾ ਨਾ ਮਿਲਣ ਤੇ ਕੰਮ ਵਿਚ ਵਿਚ ਰੁਕਣ ਲੱਗਾ। ਗੰਨੇ ਦੀ ਘਾਟ ਹੋ ਜਾਣ ਕਾਰਨ ਕਰੈਸ਼ਰ ਸੀਜਨ ਖਤਮ ਹੋਣ ਤੋਂ ਪਹਿਲਾਂ ਹੀ ਬੰਦ ਕਰਨਾ ਪਿਆ। ਇਸੇ ਸਾਲ ਸਾਡੇ ਇਲਾਕੇ ਵਿਚ ਨਰਮੇ ਦੀ ਫਸਲ ਕਾਮਯਾਬ ਹੋ ਗਈ। ਜ਼ਿਮੀਂਦਾਰਾਂ ਨੇ ਗੰਨਾ ਪੱਟ ਨਰਮਾਂ ਬੀਜਨਾ ਸ਼ੁਰੂ ਕਰ ਦਿਤਾ। ਮੈਂ ਜਿਮੀਂਦਾਰਾਂ ਦੇ ਘਰ ਜਾ ਜਾ ਕੇ ਯਤਨ ਕੀਤਾ ਗੰਨੇ ਦਾ ਬੀਜ ਫਰੀ ਦੇਣਾ ਤੇ ਵੱਧ ਝਾੜ ਦੇਣ ਵਾਲੀ ਕਿਸਮ ਦਾ ਬੀਜ ਲਿਆ ਕੇ ਦੇਣ ਦਾ ਵਾਇਦਾ ਕੀਤਾ। ਖਾਦ ਦੇ ਪੈਸੇ ਗੰਨਾ ਵੇਚਣ ਸਮੇਂ ਲੈਣ ਨੂੰ ਕਿਹਾ; ਪਰ ਸਭ ਵਿਅਰਥ ? ਗੰਨਾ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚੋਂ ਖਤਮ ਹੋ ਗਿਆ ਤੇ ਸਾਡੀ ਸਾਰੀ ਮਸ਼ੀਨਰੀ ਕੁਆੜ ਦੇ ਭਾਅ ਵੀ ਨਾ ਵਿਕੀ। ਸਭ ਓਥੇ ਪਈ ਨੂੰ ਜੰਗਾਲ ਖਾ ਗਿਆ।

ਬੈਂਕਾਂ ਦਾ ਕਰਜ਼ਾ ਤੇ ਜ਼ਿਮੀਂਦਾਰਾਂ ਦਾ ਪੈਸਾ ਮੋੜਨ ਲਈ ਕੋਈ ਜ਼ਰੀਹਾ ਨਹੀਂ ਸੀ। ਜੋ ਕਰਜ਼ਾ ਵਸੂਲਣ ਵਾਲੇ ਪਿਛੇ ਹੁੰਦੇ ਤੇ ਮੈਂ ਤੇਜ਼ ਕਦਮੀ ਅੱਗੇ। ਕੋਈ ਪੇਸ਼ ਨਾ ਜਾਂਦੀ ਵੇਖ ਇਕ ਦਿਨ ਸਤਿਗੁਰੂ ਜੀ ਕੋਲ ਅਰਜ਼ ਕੀਤੀ। ਗਰੀਬ ਨਿਵਾਜ਼ ਜੀ ਮਸ਼ੀਨਰੀ ਬਰਬਾਦ ਹੋ ਗਈ ਹੈ, ਮੈਨੂੰ ਕਰਜ਼ੇ ਤੇ ਘਾਟੇ ਦੇ ਨਾਲ ਨਾਲ ਇਹ ਵੀ



Sri Satguru Jagjit Singh Ji eLibrary

ਦੁੱਖ ਲਗਦਾ ਹੈ। ਆਬਾਦ ਹੋਇਆ ਥਾਂ ਉਜਾੜ ਹੋ ਚੱਲਿਆ ਹੈ। ਸੱਚੇ ਪਾਤਿਸ਼ਾਹ ਜੀ ਹੁਕਮ ਕੀਤਾ ਗੰਨਾ ਮਿਲ ਤਾਂ ਹੁਣ ਪੂਰੀ ਤਰ੍ਹਾਂ ਫੇਲ੍ਹ ਹੋ ਚੁਕੀ ਹੈ। ਹੁਣ ਤੂੰ ਇਹ ਦੱਸ ਕਿ ਇਸ ਉਜਾੜ ਹੁੰਦੇ ਥਾਂ ਨੂੰ ਕਿਵੇਂ ਬਚਾਇਆ ਜਾਵੇ। ਮੈਂ ਅਰਜ਼ ਕੀਤੀ ਡਾਲਟਨਗੰਜ ਵਾਲੇ ਸੇਠ ਕ੍ਰਿਪਾਲ ਸਿੰਘ ਮਹਿੰਦਰ ਸਿੰਘ ਪੈਸੇ ਵਾਲੇ ਅਤੇ ਬਿਜਨਿਸ ਮੈਨ ਵੀ ਹਨ। ਜੇ ਉਹਨਾਂ ਨੂੰ ਇਥੇ ਲਿਆਂਦਾ ਜਾਵੇ, ਤਾਂ ਉਹ ਇਥੇ ਕਾਟਨਮਿਲ ਲਾ ਦੇਣ, ਕਿਉਂਕਿ ਨਰਮਾ ਅਥਾਹ ਹੋ ਰਿਹਾ ਹੈ। ਉਹ ਕਾਟਨਮਿਲ ਲਾ ਸਕਦੇ ਹਨ ਅਤੇ ਇਸ ਥਾਂ ਨੂੰ ਆਬਾਦ ਰੱਖ ਸਕਦੇ ਹਨ। ਸਤਿਗੁਰੂ ਜੀ ਨੂੰ ਮੇਰੀ ਕੀਤੀ ਅਰਜ਼ ਜਚ ਗਈ। ਉਹਨਾਂ ਮੈਨੂੰ ਆਪਣੇ ਵਲੋਂ ਇਕ ਲਿਖਤੀ ਚਿੱਠੀ ਦੇ ਕੇ ਦੂਸਰੇ ਦਿਨ ਹੀ ਡਾਲਟਨਗੰਜ ਭੇਜ ਦਿਤਾ। ਮੈਂ ਡਾਲਟਨਗੰਜ ਜਾਕੇ ਸੇਠ ਕ੍ਰਿਪਾਲ ਸਿੰਘ ਤੇ ਉਹਨਾਂ ਦੇ ਸਾਰੇ ਪਰਿਵਾਰ ਨੂੰ ਸਤਿਗੁਰੂ ਜੀ ਦਾ ਹੁਕਮ ਸੁਣਾਇਆ ਤੇ ਚਿੱਠੀ ਦਿੱਤੀ। ਪਰ ਸੇਠ ਕ੍ਰਿਪਾਲ ਸਿੰਘ ਨੇ ਕਿਹਾ ਜੇ ਅਸਾਂ ਕਾਟਨ ਮਿਲ ਚਲਾਉਣੀ ਹੈ ਤਾਂ ਕੀ ਗੁਜਰਾਤ ਥੋੜ੍ਹਾ ਪਿਆ ਹੈ, ਨਾਲੇ ਨਰਮਾ ਵੀ ਹਰਿਆਣੇ ਨਾਲੋਂ ਜ਼ਿਆਦਾ ਹੁੰਦਾ ਹੈ।" ਅਸੀ ਬਿਜ਼ਨਿਸਮੈਨ ਹਾਂ, ਸਾਨੂੰ ਹਰ ਬਿਜਨਿਸ ਬਾਰੇ ਗਿਆਨ ਹੈ, ਕਿਹੜਾ ਬਿਜ਼ਨਿਸ ਕਿੱਥੇ ਚਲ ਸਕਦਾ ਹੈ, ਕਿੱਥੇ ਨਹੀਂ। ਸਾਜਨ ਜਿਸ ਦਿਨ ਤੂੰ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਕਰੇਸ਼ਰ ਲਾਉਣ ਲੱਗਾ ਸੀ ਅਸਾਂ ਉਸ ਦਿਨ ਹੀ ਸੋਚ ਲਿਆ ਸੀ, ਸਾਜਨ ਹੁਣ ਨੰਗ ਹੋ ਗਿਆ ਸਮਝੋ। ਸੋ ਹੋ ਗਿਆ ਨਾ ? ਤੇ ਹੁਣ ਤੂੰ ਸਾਨੂੰ ਉਸ ਰਾਹੇ ਪਾਉਣ ਆ ਗਿਆ ਹੈਂ। ਤੂੰ ਸਾਰੀ ਉਮਰ ਠੋਕਰਾਂ ਖਾਏਂਗਾ ਹੁਣ ਤੂੰ ਉਮਰ ਭਰ ਰਾਸ ਨਹੀਂ ਆ ਸਕਦਾ। ਸਾਡਾ ਤਜਰਬਾ ਹੈ ਆਦਮੀ ਇਕ ਵਾਰ ਮੂੰਹ ਪਰਨੇ ਡਿੱਗਾ ਉਠ ਤਾਂ ਸਕਦਾ ਹੈ, ਪਰ ਦੌੜ ਨਹੀਂ ਸਕਦਾ। ਜਾਹ, ਤੂੰ ਆਇਆ ਹੈਂ, ਸਾਡੇ ਕੋਲੋਂ ਇਕ ਲੱਖ ਰੁਪਿਆ ਲੈ ਜਾਹ ਤੇ ਜਾ ਕੇ ਆਪਣਾ ਸਿਰ ਚੜ੍ਹਿਆ ਕਰਜਾ ਲਾਹ ਲੈ, ਅਸੀਂ ਤੇਰੇ ਕੋਲੋਂ ਇਹ ਰੁਪਏਆ ਵਾਪਸ ਨਹੀਂ ਲਵਾਂਗੇ, ਪਰ ਸਾਨੂੰ ਉਸ ਖੂਹ ਦੇ ਗੇੜ ਵਿਚ ਨਾ ਧੱਕ, ਜਿਥੇ ਤੂੰ ਆਪ ਗੋਤੇ ਖਾ ਰਿਹਾ ਹੈਂ।"

ਮੈਂ ਸੇਠ ਕ੍ਰਿਪਾਲ ਸਿੰਘ ਦੀ ਸਾਰੀ ਗੱਲ ਸੁਣਨ ਪਿਛੋਂ ਕਿਹਾ, "ਸੇਠ ਜੀ ਫੇਲ੍ਹ ਹੋ ਜਾਣ ਵਾਲੀ ਗੱਲ ਮੈਂ ਸਤਿਗੁਰੂ ਜੀ ਨੂੰ ਕਰੈਸ਼ਰ ਲਾਉਣ ਤੋਂ ਪਹਿਲਾਂ ਅਰਜ਼ ਕੀਤੀ ਸੀ ਤੇ ਉਹਨਾਂ ਹੁਕਮ ਕੀਤਾ ਸੀ, ਗੱਲ ਫੇਲ੍ਹ ਪਾਸ ਦੀ ਨਹੀਂ ਹੈ ਕਰੈਸ਼ਰ ਚਲਾਉਣਾ ਹੈ ਤੇ ਇਹ ਹੁਕਮ ਸੁਣ ਕੇ ਮੰਨ ਕੇ ਮੈਂ ਅੱਜ ਇਸ ਥਾਂ ਤੇ ਪਹੁੰਚਿਆ ਹਾਂ; ਜਿਥੇ ਖਲੋਤਾ ਤੁਸੀਂ ਮੈਨੂੰ ਵੇਖ ਰਹੇ ਹੋ। ਇਹ ਕੋਈ ਸ਼ੱਕ ਨਹੀਂ ਕਿ ਮੈਂ ਹੁਣ ਸਾਰੀ ਉਮਰ ਉਠ ਨਹੀਂ ਸਕਦਾ ਪਰ ਮੈਂ ਗਰੀਬ ਹੁੰਦਿਆਂ ਆਪਣਾ ਸਭ ਕੁਝ ਦਾਅ ਤੇ ਲਾ ਦਿੱਤਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਨ ਮੰਨਣ ਵਾਸਤੇ। ਤੁਸੀ ਅਮੀਰ ਹੁੰਦਿਆਂ, ਪੈਸੇ ਵਾਲੇ ਹੁੰਦਿਆਂ, ਬਿਜਨਿਸ ਪੱਖੋਂ ਵੇਖਦੇ ਹੋ, ਸਤਿਗੁਰੂ ਜੀ ਦੇ ਹੁਕਮ ਵੱਲ ਨਹੀਂ। ਕਦੇ ਕਥਾ ਸੁਣੀ ਜੇ ਇਤਿਹਾਸ ਵਿਚ ਆਉਂਦਾ ਹੈ,



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਦੀਆ ਖੁਸ਼ੀਆਂ ਲੈਣ ਲਈ ਸਿੱਖ ਨੇ ਆਪਣੀ ਧੀ ਤੇ ਭੈਣ ਵੇਚ ਦਿੱਤੀ ਸੀ ਤੇ ਤੁਹਾਡੇ ਕੋਲ ਤਾਂ ਸਤਿਗੁਰੂ ਜੀ ਦਾ ਬਖਸ਼ਿਆ ਸਭ ਕੁਝ ਹੈ, ਤੁਸੀ ਬਚਨ ਨਹੀਂ ਮੰਨ ਰਹੇ। ਤੁਸੀਂ ਪੈਸਾ ਰੋਹੜ ਨਹੀਂ ਰਹੇ ਬਿਜਨਿਸ ਕਰਨਾ ਹੈ, ਤੇ ਚਾਨਸ ਵੀ ਹੈ ਪਰ ਜੇ ਨਾ ਵੀ ਹੋਵੇ ਤਾਂ ਫਿਰ ਵੀ ਸਤਿਗੁਰੂ ਜੀ ਦਾ ਬਚਨ ਮੰਨਣ ਲਈ ਕੁਰਬਾਨੀ ਦਿੱਤੀ ਜਾ ਸਕਦੀ ਹੈ।

ਹਾਂ; ਹਾਂ ਕੁਰਬਾਨੀ ਦਿੱਤੀ ਜਾ ਸਕਦੀ ਹੇ ਜਿਵੇਂ ਤੂੰ ਦਿੱਤੀ ਹੇ ਅਤੇ ਅੱਜ ਸਾਨੂੰ ਕੁਰਬਾਨੀ ਦਾ ਬੱਕਰਾ ਬਣਾਉਣ ਆ ਗਿਆ ਹੈਂ। ਚੰਗਾ, ਸਾਜਨ ਹੁਣ ਰਾਤ ਕਾਫੀ ਲੰਘ ਗਈ ਹੈ ਕਲ੍ਹ ਫੈਸਲਾ ਹੋਵੇਗਾ। ਬੱਕਰਾ ਕੁਰਬਾਨੀ ਲਈ ਤਿਆਰ ਹੈ ਜਾਂ ਰੱਸੀ ਤੁੜਾ ਕੇ ਦੌੜ ਜਾਵੇਗਾ।

ਦੂਸਰੇ ਦਿਨ ਫਿਰ ਸਾਰਾ ਪਰਿਵਾਰ ਇਕੱਠੇ ਬੈਠ ਕੇ ਚਰਚਾ ਕਰਨ ਲੱਗੇ ਤੇ ਆਖੀਰ ਫੈਸਲਾ ਕੀਤਾ ਕਿ ਮਿਲ ਦਾ ਜਿੰਨਾ ਕਰਜ਼ਾ ਹੈ ਉਹ ਲਾਹ ਦਿੱਤਾ ਜਾਵੇ ਪਰ ਮਿਲ ਨਾ ਲਾਈ ਜਾਵੇ। ਮੈਂ ਉਹਨਾਂ ਨੂੰ ਕਿਹਾ ਤੁਸੀਂ ਜੋ ਵੀ ਕਹਿਣਾ ਕਰਨਾ ਹੈ ਸਤਿਗੁਰੂ ਜੀ ਦੇ ਕੋਲ ਜਾ ਕੇ ਆਪ ਕਹੋ ਮੈਨੂੰ ਨਹੀਂ, ਮੈਂ ਤਾਂ ਸਿਰਫ ਏਲਚੀ ਹੁਕਮ ਲਿਆਉਣ ਵਾਲਾ ਕਾਸਦ ਹਾਂ। ਹੁਕਮ ਸੁਨਾਉਣ ਵਾਲਾ ਜੋ ਹੈ ਉਸਨੂੰ ਤੁਸੀਂ ਖੁਦ ਕਹੋ ਜੋ ਕਹਿਣਾ ਹੈ। ਇਸ ਤੋਂ ਇਕ ਦਿਨ ਪਿਛੋਂ ਸੇਠ ਕ੍ਰਿਪਾਲ ਸਿੰਘ ਤੇ ਉਹਨਾਂ ਦਾ ਛੋਟਾ ਭਰਾ ਅਮਰ ਸਿੰਘ ਮੇਰੇ ਨਾਲ ਸ੍ਰੀ ਜੀਵਨ ਨਗਰ ਸਤਿਗੁਰੂ ਜੀ ਦੇ ਚਰਨਾਂ ਵਿਚ ਆ ਹਾਜ਼ਰ ਹੋਏ। ਕਰਜ਼ਾ ਲਾਹੁਣ ਵਾਲੀ ਅਰਜ਼ ਉਹਨਾਂ ਨੇ ਸਤਿਗੁਰੂ ਜੀ ਕੋਲ ਕੀਤੀ ਤਾਂ ਸਤਿਗੁਰੂ ਜੀ ਹੋਰਾਂ ਕਿਹਾ ਕਰਜ਼ਾ ਤਾਂ ਮੈਂ ਵੀ ਲਾਹ ਸਕਦਾ ਹਾਂ, ਪਰ ਮੈਂ ਤਾਂ ਉਸ ਜਗ੍ਹਾ ਨੂੰ ਆਬਾਦ ਰੱਖਣਾ ਹੈ। ਸੇਠ ਕ੍ਰਿਪਾਲ ਸਿੰਘ ਨੇ ਸਤਿ ਬਚਨ ਆਖ ਕੇ ਅਰਜ਼ ਕੀਤੀ; ਗਰੀਬ ਨਿਵਾਜ਼ ਜੀ ਜਿਸ ਤਰ੍ਹਾਂ ਪਹਿਲਾਂ ਸਾਜਨ ਨੇ ਕੰਮ ਦੀ ਜ਼ਿਮੇਂਵਾਰੀ ਸੰਭਾਲੀ ਸੀ; ਇਸੇ ਤਰ੍ਹਾਂ ਕੰਮ ਦੀ ਜ਼ਿਮੇਂਵਾਰੀ ਇਸ ਦੀ ਹੋਵੇਗੀ। ਪੈਸਾ ਤੇ ਦੇਖ ਰੇਖ ਸਾਡੀ ਹੋਵੇਗੀ। ਸਤਿਗੁਰੂ ਜੀ ਹੁਕਮ ਕੀਤਾ, ਮਿਲ ਚੱਲਣ ਤਕ ਮੈਂ, ਤੁਹਾਨੂੰ ਸਾਜਨ ਨੂੰ ਅਮਾਨਤ ਵਜੋਂ ਸੌਂਪਦਾ ਹਾਂ, ਮਿਲ ਚੱਲ ਪੈਣ ਪਿਛੋਂ ਇਹ ਮੇਰੇ ਕੰਮ ਹੀ ਕਰੇਗਾ।

ਖੰਡ ਮਿੱਲ ਵਾਲੀ ਜਗ੍ਹਾ ਤੇ ਨਾਮਧਾਰੀ ਕਾਟਨ ਮਿੱਲ ਬਣ ਗਈ ਤੇ ਖੂਬ ਚਲੀ। ਪਰ ਤਿੰਨ ਸਾਲ ਬਿਤਾ ਸੇਠ ਪਰਿਵਾਰ ਮਿੱਲ ਸਤਿਗੁਰੂ ਜੀ ਨੂੰ ਸੌਂਪ ਕੇ ਵਾਪਸ ਚਲੇ ਗਏ। ਜਿਹੜੇ ਰੋਗ ਨਾਲ ਬੱਕਰੀ ਮਰ ਗਈ, ਉਹੋ ਰੋਗ ਪਠੋਰੇ ਨੂੰ। ਜਿਸ ਅਨਸਰ ਨੇ ਸਾਜਨ ਤੇ ਖੰਡ ਮਿਲ ਦੀ ਅੰਦਰ ਖਾਤੇ ਈਰਖਾ ਕਾਰਨ ਵਿਰੋਧਤਾ ਕੀਤੀ ਸੀ; ਉਹੋ ਅਨਸਰ ਸੇਠ ਪਰਿਵਾਰ ਨੂੰ ਵੀ ਇਥੋਂ ਭਜਾਉਣ ਲਈ ਅਖੀਰ ਹਾਵੀ ਹੋ ਗਿਆ ਅਤੇ ਸੇਠ ਪਰਿਵਾਰ ਨੇ ਸੋਚਿਆ ਅਸੀਂ ਈਰਖਾ ਵਿਚ ਕਿਉਂ ਰਹਿਣਾ ਜੀਣਾ ਹੈ ਉਹ ਸਾਰੀ ਗੱਲ ਸੋਚ ਸਮਝ ਕੇ ਮਿਲ ਸਤਿਗੁਰੂ ਜੀ ਨੂੰ ਸੌਂਪ



Sri Satguru Jagjit Singh Ji eLibrary NamdhariElibrary@gmail.com

ਇਲਾਕਾ ਛੱਡ ਗਏ। ਇਸ ਮਿੱਲ ਨੂੰ ਚਲਾਉਣ ਵਾਸਤੇ ਬਹੁਤ ਯਤਨ ਕੀਤੇ ਗਏ। ਕੁਝ ਸਮੇਂ ਬਾਅਦ ਸੰਤ ਸੇਵਾ ਸਿੰਘ ਜੀ ਤੰਬੂਆਂ ਵਾਲੇ ਆਏ ਪਰ ਗੱਲ ਨਾ ਬਣ ਸਕੀ। ਆਖੀਰ ਸਤਿਗੁਰੂ ਜੀ ਕਿਰਪਾ ਕਰ ਸੰਤ ਨਗਰ ਦੇ ਬਾਸ਼ਿੰਦੇ ਸੰਤ ਮਨੋਹਰ ਸਿੰਘ ਨੂੰ ਜ਼ਿਮੇਂਵਾਰੀ ਦੇ ਕੇ ਮਿਲ ਚੱਲਦੀ ਰੱਖੀ। ਜੋ ਅੱਜ ਉਸੇ ਜਗ੍ਹਾ ਤੇ ਮੌਜੂਦ ਹੈ ਅੱਜ ਜੰਗਲ ਵਾਲੀ ਜਗ੍ਹਾ ਤੇ ਮੰਗਲ ਹੀ ਹੈ।

"ਸਾਤ ਸਮੁੰਦਰ ਮੱਸ ਕਰੋਂ ਕਲਮ ਕਰੋਂ ਬਣ ਰਾਇ।
ਬਸਧਾ ਕਾਗਦ ਜੇ ਕਰੋ ਹਰਿ ਜੱਸ ਲਿਖਨ ਨਾ ਜਾਇ।"



Sri Satguru Jagjit Singh Ji eLibrary NamdhariElibrary@gmail.com

# ਬਖਸ਼ਿਸ਼ ਦਾ ਪ੍ਰਸਾਦਿ

ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਦਾ ਭੰਡਾਰ ਇੰਨਾ ਵੱਡਾ ਹੈ ਕਿ ਜਿਸ ਨੂੰ ਕਿਸੇ ਤਰ੍ਹਾਂ ਵੀ ਤੋਲਿਆ ਨਾਪਿਆ ਨਹੀਂ ਜਾ ਸਕਦਾ। ਮੈਨੂੰ ਇਕ ਤੋਂ ਬਾਅਦ ਇਕ ਹੋਰ ਬਖਸ਼ਿਸ਼ ਦੀ ਯਾਦ ਆਉਂਦੀ ਹੈ ਤਾਂ ਮਨ ਨੂੰ ਕੋਈ ਸਰੂਰ ਜਿਹਾ ਮਹਿਸੂਸ ਹੁੰਦਾ ਹੈ। ਮੈਨੂੰ ਯਾਦ ਹੈ ਮਿੱਲ ਬੇਕਾਰ ਹੋਣ ਜਾਣ ਪਿਛੋਂ ਮੇਰੀ ਆਰਥਕ ਹਾਲਤ ਬਹੁਤ ਹੀ ਨਿੱਘਰ ਚੁੱਕੀ ਸੀ; ਪਰ ਪਿਉ ਦਾਦੇ ਦਾ ਬਣਾਇਆ ਭੜ ਕਾਇਮ ਸੀ। ਜਿਸ ਕਾਰਨ ਲੋਕਾਂ ਵਿਚ ਪੁਜੀਸ਼ਨ ਕਾਇਮ ਸੀ, ਨੰਗੀ ਨਹੀਂ ਸੀ ਪਰ ਅੰਦਰੋਂ ਬਿਲਕੁਲ ਥੋਥੀ ਪੈ ਚੁੱਕੀ ਸੀ। ਮੈਂ ਇਸ ਤੋਂ ਪਿਛੋਂ ਆਪਣੀ ਖੇਤੀ ਵਿਚ ਜੁੱਟ ਗਿਆ। ਮੈਂ ਇਕ ਦਿਨ ਆਪਣੇ ਖੇਤ ਵਿਚ ਕੰਮ ਕਰ ਰਿਹਾ ਸਾਂ ਤਾਂ ਕੋਟਲੀ ਪਿੰਡ ਦਾ ਸੰਤ ਸੁੱਚਾ ਸਿੰਘ ਮੇਰੇ ਖੇਤ ਵਿੱਚ ਜਾ ਪੁੱਜਾ। ਮੈਂ ਸੰਤ ਸੁਚਾ ਸਿੰਘ ਨੂੰ ਵਟ ਤੇ ਖਲੋਤਾ ਵੇਖ ਕੇ ਕੰਮ ਛੱਡ ਵਟ ਤੇ ਆਇਆ; ਸਤਿ ਸ੍ਰੀ ਅਕਾਲ ਆਖੀ ਤਾਂ ਸੁਚਾ ਸਿੰਘ ਨੇ ਕਿਹਾ ਮੈਂ ਚਾਹੁੰਦਾ ਹਾਂ ਕਿ ਅਸੀਂ ਵਟ ਤੇ ਜਰਾ ਬੈਠ ਜਾਈਏ। ਅਸੀਂ ਖੇਤ ਦੀ ਵੱਟ ਤੇ ਜਾ ਕੇ ਬੈਠ ਗਏ ਤਾਂ ਸੰਤ ਸੁਚਾ ਸਿੰਘ ਨੇ ਕਿਹਾ ਝੋਲੀ ਕਰ। ਮੈਂ ਕਿਹਾ ਕੀ ਗੱਲ ਹੈ? ਦੱਸੋ ਤੇ ਸਹੀ। ਝੋਲੀ ਕਰ, ਦੱਸਾਂਗਾ ਵੀ; ਏਨੀ ਦੂਰੋਂ ਦੱਸਣ ਹੀ ਤਾਂ ਆਇਆ ਹਾਂ। ਸਤਿਗੁਰੂ ਜੀ ਦਾ ਹੁਕਮ ਵਜਾਉਣ ਆਇਆ ਹਾਂ। ਮੈਂ ਝੱਗੇ ਦੀ ਝੋਲੀ ਕੀਤੀ ਤਾਂ ਸੁਚਾ ਸਿੰਘ ਨੇ ਮੇਰੀ ਝੋਲੀ ਵਿਚ ਕੱਪੜੇ ਦੀ ਕੰਨੀ ਵਿਚ ਬੰਨ੍ਹੇ ਪਤਾਸੇ ਖੋਹਲ ਕੇ ਪਾ ਦਿੱਤੇ ਤੇ ਨਾਲ ਹੀ ਆਖਿਆ ਪਤਾਸੇ ਨਹੀਂ, ਇਹ ਸਤਿਗੁਰੂ ਸੱਚੇ ਪਾਤਸ਼ਾਹ ਜਗਜੀਤ ਸਿੰਘ ਜੀ ਵਲੋਂ ਤੇਰੇ ਲਈ ਪ੍ਰਸਾਦਿ ਹੈ। ਮੈਂ ਪਤਾਸਿਆਂ ਦਾ ਪ੍ਰਸਾਦਿ ਲੈ ਸੰਤ ਸੁਚਾ ਸਿੰਘ ਦੀ ਪੈਰੀ ਹੱਥ ਲਾ, ਧੰਨਵਾਦ ਕੀਤਾ ਤੇ ਨਾਲ ਹੀ ਬੇਨਤੀ ਕੀਤੀ; ਇਹ ਬਖਸ਼ਿਸ ਕਿਵੇਂ ਹੋਈ?

ਸੁਚਾ ਸਿੰਘ ਨੇ ਕਿਹਾ, ਮੈਂ ਸ੍ਰੀ ਭੈਣੀ ਸਾਹਿਬ ਗਿਆ ਹੋਇਆ ਸੀ, ਮੈਂ ਕੁਝ ਸਮਾਂ ਉਥੇ ਰਹਿ ਕੇ ਵਾਪਸ ਘਰ ਆਉਣ ਲਈ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕ ਆਗਿਆ ਮੰਗੀ ਤਾਂ ਸਤਿਗੁਰੂ ਜੀ ਹੋਰਾਂ ਪੁੱਛਿਆ, ਤੂੰ ਹੁਣ ਸਿੱਧਾ ਕੋਟਲੀ ਹੀ ਜਾਣਾ ਹੈ ਜਾਂ ਕਿਤੇ ਹੋਰ? ਮੈਂ ਕਿਹਾ ਗਰੀਬ ਨਿਵਾਜ਼ ਕੋਟਲੀ ਹੀ ਜਾਣਾ ਹੈ ਹੋਰ ਕਿਤੇ ਨਹੀਂ ਤਾਂ ਸਤਿਗੁਰੂ ਜੀ ਹੁਕਮ ਕੀਤਾ, ਤੂੰ ਆਪਣੇ ਘਰ ਜਾਣ ਤੋਂ ਪਹਿਲਾਂ ਇਕ ਮੇਰਾ ਕੰਮ ਕਰਕੇ ਘਰ ਜਾਣਾ ਹੈ। ਮੈਂ ਕਿਹਾ ਗਰੀਬ ਨਿਵਾਜ਼ ਹੁਕਮ ਕਰੋ। ਤਾਂ ਸਤਿਗੁਰੂ ਜੀ ਇਹ ਪਤਾਸੇ ਮੈਨੂੰ ਦੇ ਕੇ ਹੁਕਮ ਕੀਤਾ, ਇਹ ਪਤਾਸੇ ਸਾਜਨ ਨੂੰ ਦੇ ਕੇ ਹੀ ਤੂੰ ਆਪਣੇ ਘਰ ਜਾਣਾ ਹੈ। ਤੇ ਤੂੰ ਇਹ ਆਪ ਸਾਜਨ ਨੂੰ ਦੇਣੇ ਹਨ। ਕਿਸੇ



Sri Satguru Jagjit Singh Ji eLibrary NamdhariElibrary@gmail.com

ਹੋਰ ਰਾਹੀਂ ਨਹੀਂ ਭੇਜਣੇ। ਸੋ ਸਤਿਗੁਰੂ ਜੀ ਦੇ ਹੁਕਮ ਮੁਤਾਬਕ ਮੈਂ ਆਪਣੇ ਘਰ ਕੋਟਲੀ ਜਾਣ ਦੀ ਬਜਾਏ ਸਿਰਸਾ ਤੋਂ ਸੰਤ ਨਗਰ, ਤੇਰਾ ਘਰ ਪੁੱਛ ਕੇ ਪਹੁੰਚਿਆ ਹਾਂ। ਘਰ ਤੇਰੇ ਮਾਤਾ ਪਿਤਾ ਮਿਲੇ ਹਨ, ਉਹਨਾਂ ਤੋਂ ਜਲ ਪਾਣੀ ਛੱਕ ਕੇ ਆਇਆ ਹਾਂ। ਉਹਨਾਂ ਕਿਹਾ ਸੀ ਸਾਨੂੰ ਦੇ ਦਿਉ; ਪਰ ਹੁਕਮ ਆਪ ਦੇਣ ਦਾ ਸੀ, ਸੋ ਮੈਂ ਖੇਤ ਦਾ ਰਾਹ ਉਹਨਾਂ ਤੋਂ ਪੁੱਛ ਕੇ ਤੇਰੇ ਕੋਲ ਆਇਆ ਹਾਂ ਤਾਂ ਕਿ ਹੁਕਮ ਵਿਚ ਕੁਤਾਹੀ ਨਾ ਕਰ ਬੈਠਾਂ। ਸੋ ਤੂੰ ਆਪਣੀ ਅਮਾਨਤ ਪ੍ਰਸਾਦਿ ਸੰਭਾਲ, ਮੈਂ ਸੁਰਖ਼ਰੂ ਹੋਇਆ। ਮੈਂ ਸੰਤ ਸੁਚਾ ਸਿੰਘ ਦੇ ਫਿਰ ਪੈਰੀਂ ਹੱਥ ਲਾਕੇ ਧੰਨਵਾਦ ਕੀਤਾ ਕਿ ਤੂੰ ਮੇਰੇ ਸਤਿਗੁਰੂ ਦਾ ਪ੍ਰਸਾਦਿ ਮੈਨੂੰ ਦਿੱਤਾ ਹੈ। ਸੰਤ ਸੁਚਾ ਸਿੰਘ ਕਹਿਣ ਲਗਾ, ਸਾਜਨ, ਇਹ ਪ੍ਰੇਮ ਪਿਆਰ ਕਿਵੇਂ ਪ੍ਰਾਪਤ ਹੁੰਦਾ ਹੈ? ਮੈਂ ਆਖਿਆ, ਸੰਤ ਸੁਚਾ ਸਿੰਘ ਜੀ ਇਹ ਮੇਹਨਤ ਜਾਂ ਯਤਨ ਦਾ ਫਲ ਨਹੀਂ; ਇਹ ਸਿਰਫ ਤੇ ਸਿਰਫ ਬਖਸ਼ਿਸ ਹੈ, ਕਰਮ ਦਾ ਫਲ ਨਹੀਂ। ਜੋ ਉਹਨਾਂ ਨੇ ਇਹ ਮੇਰੇ ਤੇ ਬਖਸ਼ਿਸ਼ ਕੀਤੀ ਹੈ, ਇਹਨੂੰ ਸੰਭਾਲਣ ਵਾਸਤੇ ਤਾਂ ਮੇਰੇ ਕੋਲ ਸਹੀ ਭਾਂਡਾ ਵੀ ਨਹੀਂ। ਸੰਤ ਸੁਚਾ ਸਿੰਘ ਜੀ, ਮੇਰੀ ਤਾਂ ਇਕ ਹੀ ਅਰਦਾਸ ਹੈ, ਸਤਿਗੁਰੂ ਜੀ ਮੇਰੇ ਗੁਨਾਹਾਂ ਨੂੰ ਨਾ ਤੱਕਣ, ਸਿਰਫ ਬਖਸ਼ਿਸ਼ ਹੀ ਕਰਦੇ ਰਹਿਣ।



Sri Satguru Jagjit Singh Ji eLibrary NamdhariElibrary@gmail.com

# ਬੰਕੋਕ ਦਾ ਹੋਲਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੋਰਾਂ ਪ੍ਰਦੇਸ ਜਾਣ ਤੋਂ ਪਹਿਲਾਂ ਸ੍ਰੀ ਆਨੰਦ ਪੁਰ ਵਿਖੇ ਹੋਲਾ ਮਹੱਲਾ ਮਨਾਇਆ ਸੀ। ਉਸੇ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਹੋਰਾਂ ਕਿਰਪਾ ਕੀਤੀ, 1971 ਦਾ ਹੋਲਾ ਮਹਲਾ ਕਿਸੇ ਹੋਰ ਜਗ੍ਹਾ ਮਨਾਉਣ ਦੀ ਬਜਾਇ ਸ੍ਰੀ ਆਨੰਦ ਪੁਰ ਵਿਖੇ ਹੀ ਮਨਾਇਆ। ਇਹ ਮੇਲਾ ਨਾਮਧਾਰੀ ਪੰਥ ਵਾਸਤੇ ਇਤਿਹਾਸਕ ਮੇਲਾ ਸੀ। ਇਸ ਹੋਲੇ ਮੱਹਲੇ ਦੇ ਮੇਲੇ ਤੇ ਭਾਰਤ ਦੇ ਕੋਨੇ ਕੋਨੇ ਅਤੇ ਵਿਦੇਸਾਂ ਵਿਚੋਂ ਵੀ ਨਾਮਧਾਰੀ ਸੰਗਤ ਪੁਜੀ ਹੋਈ ਸੀ। ਆਨੰਦਪੁਰ ਦਾ ਹੋਲਾ ਬੜਾ ਉਤਸ਼ਾਹ ਭਰਿਆ ਰਿਹਾ। ਪਰ ਇਸ ਤੋਂ ਅਗਲੇ ਸਾਲ 1977 ਈਸਵੀ ਦੇ ਹੋਲੇ ਮਹਲੇ ਦਾ ਮੇਲਾ ਆਪਣੇ ਭਾਰਤ ਦੇਸ਼ ਦੀ ਧਰਤੀ ਤੇ ਮਨਾਉਣ ਦੀ ਥਾਂ, ਥਾਈਲੈਂਡ ਦੀ ਰਾਜਧਾਨੀ ਬੰਕੋਕ ਵਿਖੇ ਮਨਾਉਣ ਦਾ ਪ੍ਰੋਗਰਾਮ ਬਣਾਇਆ। ਬੰਕੋਕ ਵਿਖੇ ਨਾਮਧਾਰੀ ਬਹੁਤੇ ਪਰਿਵਾਰ ਬਹੁਤ ਹੀ ਧਨੀ ਪਰਿਵਾਰ ਹਨ। ਇਹਨਾਂ ਪਰਿਵਾਰਾਂ ਵਿਚੋਂ ਹੀ ਇਕ ਸੇਠ ਪਿਆਰਾ ਸਿੰਘ ਨੇ ਸਤਿਗੁਰੂ ਪਾਸ ਅਰਜ਼ ਕਰਕੇ ਥਾਈਲੈਂਡ ਬੰਕੋਕ ਵਿਖੇ ਹੋਲੇ ਮਹੱਲੇ ਦੀ ਮਨਜ਼ੂਰੀ ਲੈ ਲਈ ਅਤੇ ਮੇਲੇ ਦੇ ਖਰਚੇ ਤੋਂ ਇਲਾਵਾ ਭਾਰਤ ਤੋਂ ਆਉਣ ਵਾਲੇ ਜਥੇ ਦੀਆਂ ਟਿਕਟਾਂ ਦੀ ਜ਼ਿਮੇਂਵਾਰੀ ਵੀ ਓਟ ਲਈ। ਪਰ ਜੋ ਸੇਵਕ ਜੱਥੇ ਤੋਂ ਬਾਹਰ ਸਨ, ਓਹਨਾਂ ਵਿਚ ਅਸੀ ਤਿੰਨ ਸਿਰ ਫਿਰੇ ਵੀ ਸ਼ਾਮਲ ਹੋ ਗਏ। ਬਿਅੰਤ ਸਿੰਘ ਸੋਖਲ; ਗੋਪਾਲ ਸਿੰਘ ਔਲਖ ਤੇ ਮੈਂ ਸੰਤੋਖ ਸਿੰਘ ਸਾਜਨ। ਅਸਾਂ ਤਿੰਨਾਂ ਨੇ ਤਿੰਨ ਤਿੰਨ ਹਜ਼ਾਰ ਰੁਪਏ ਹਰਵਿੰਦਰ ਸਿੰਘ ਹੰਸਪਾਲ ਕੋਲ ਜਮ੍ਹਾਂ ਕਰਾ ਦਿਤੇ। ਕਿਉਂਕਿ ਜਥੇ ਦੀਆਂ ਟਿਕਟਾਂ ਆਦਿ ਦੀਆਂ ਜ਼ਿਮੇਵਾਰੀਆਂ ਉਹਨਾਂ ਕੋਲ ਸਨ।

### ਬੰਕੋਕ ਪੁੱਜੇ

ਵਕਤ ਆਇਆ, ਲੁੱਫਥਾਨਸਾ ਜਹਾਜ਼ ਰਾਹੀਂ ਅਸੀਂ ਸਾਰਾ ਜੱਥਾ ਬੰਕੋਕ ਲਈ ਦਿਲੀ ਤੋਂ ਰਵਾਨਾ ਹੋਇਆ। ਇਹ ਮੇਰੀ ਜ਼ਿੰਦਗੀ ਦਾ ਪਹਿਲਾ ਹਵਾਈ ਸਫ਼ਰ ਸੀ। ਅਸੀਂ ਸਾਰੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਅੰਦਰੋ ਅੰਦਰ ਧੰਨਵਾਦ ਕਰ ਰਹੇ ਸੀ। ਕਿਉਂ ਕਿ ਅਸੀ ਆਪਣੀ ਪਹੁੰਚ ਰਾਹੀਂ ਬੰਕੋਕ ਨਹੀਂ ਸੀ ਜਾ ਸਕਦੇ। ਸਤਿਗੁਰੂ ਜੀ ਇਸ ਜੱਥੇ ਤੋਂ ਦੋ ਦਿਨ ਪਹਿਲਾਂ ਹੀ ਬੰਕੋਕ ਦੀਆਂ ਸੰਗਤਾਂ ਨੂੰ ਦਰਸਨ ਦੇ ਰਹੇ ਸੀ। ਅਸੀਂ ਬੰਕੋਕ ਏਅਰ ਪੋਰਟ ਤੇ ਉਤਰ ਬਾਹਰ ਨਿਕਲੇ ਤਾਂ



Sri Satguru Jagjit Singh Ji eLibrary NamdhariElibrary@gmail.com

ਮਾਰਚ ਦੇ ਮਹੀਨੇ ਦੇ ਆਖੀਰ ਉਥੇ ਕਹਿਰਾਂ ਦੀ ਗਰਮੀ ਪੈ ਰਹੀ ਸੀ। ਅਸੀ ਇਥੋਂ ਗਲ਼ ਕੋਟ ਕੋਟੀਆਂ ਪਾ ਕੇ ਜਹਾਜ਼ ਚੜ੍ਹੇ ਸੀ; ਇਥੇ ਏਨੀ ਗਰਮੀ ਪੈ ਰਹੀ ਹੈ, ਸਾਨੂੰ ਇਹ ਗਿਆਨ ਨਹੀਂ ਸੀ। ਹੁਣ ਕੋਟ ਕੋਟੀਆਂ ਸੰਭਾਲਣੇ ਮੁਸ਼ਕਲ ਹੋ ਰਹੇ ਸੀ। ਬਾਹਰ ਨਿਕਲੇ ਤਾਂ ਮੌਸਮ ਦੀ ਤਬਦੀਲੀ ਨੇ ਸਾਨੂੰ ਸੱਭ ਨੂੰ ਪਿਆਸ ਨੇ ਤੜਪਾ ਦਿਤਾ। ਅੱਗੇ ਬੰਕੋਕ ਦੀ ਸੰਗਤ ਸੁਆਗਤ ਵਾਸਤੇ ਆਈ ਹੋਈ ਸੀ ਤੇ ਸਾਡੇ ਵਾਸਤੇ ਫਰੂਟ, ਡਰਾਈ ਫਰੂਟ, ਦੁੱਧ ਤੇ ਕੋਕੇ ਕੋਲੇ ਦੇ ਭੰਡਾਰ ਭਰ ਕੇ ਲਿਆਈ ਹੋਈ ਸੀ। ਪਰ ਸਾਡੀ ਪਿਆਸ ਪਾਣੀ ਨਾਲ ਜੁੜੀ ਹੋਈ ਸੀ; ਕੋਕੇ ਕੋਲੇ ਨਾਲ ਨਹੀਂ। ਅਸੀ ਕੋਕਾ ਕੋਲਾ ਪੀ ਪੀ ਕੇ ਹੀ ਗੁਜ਼ਾਰਾ ਕਰਨ ਲੱਗੇ।

## ਚੰਗਮਈ ਨੂੰ

ਸਾਡੇ ਪਹੁੰਚਣ ਤੋਂ ਪਹਿਲਾ ਹੀ ਪ੍ਰੋਗਰਾਮ ਉਲੀਕਿਆ ਹੋਇਆ ਸੀ। ਏਅਰ ਪੋਰਟ ਤੋਂ ਹੀ ਰੇਲਵੇ ਸਟੇਸ਼ਨ ਤੇ ਸਾਨੂੰ ਲਿਜਾਇਆ ਗਿਆ ਅਤੇ ਰੇਲਵੇ ਸਟੇਸ਼ਨ ਤੋਂ ਰੇਲ ਰਾਹੀਂ ਭਾਰਤ ਤੇ ਬੰਕੋਕ ਦੀ ਸੰਗਤ ਨੇ ਰਾਤੋ ਰਾਤ ਚੰਗਮਈ ਸ਼ਹਿਰ ਪਹੁੰਚਣਾ ਸੀ, ਜੋ ਬੰਕੋਕ ਤੋ 800 ਕਿਲੋ ਮੀਟਰ ਦਾ ਸਫ਼ਰ ਹੈ। ਕਰੀਬ 6 ਕੁ ਵਜੇ ਰੇਲ ਚਲੀ। ਦੋਹਾਂ ਦੇਸਾਂ ਦੀ ਸੰਗਤ ਰਲੀ ਮਿਲੀ ਬੈਠੀ ਸੀ। ਰੇਲ ਵਿਚ ਹਮਜੋਲੀਆਂ ਦੀਆਂ ਟੋਲੀਆਂ ਬਣੀਆਂ ਹੋਈਆਂ ਸਨ। ਸਾਡੀ ਟੋਲੀ ਇਕ ਤਰ੍ਹਾਂ ਦੀ ਹੀ ਸੀ। ਇਸ ਟੋਲੀ ਵਿਚ ਜਥੇ ਦੇ ਲੀਡਰ ਹਰਵਿੰਦਰ ਸਿੰਘ ਹੰਸਪਾਲ, ਮਹਾਨ ਲੇਖਕ ਅਮਰ ਭਾਰਤੀ ਜੀ, ਕਵੀ ਪ੍ਰੀਤਮ ਸਿੰਘ ਜੀ,ਸਤਿਗੁਰੂ ਜੀ ਦੇ ਨਿਜੀ ਸੱਕਤਰ ਗੁਰਭਜਨ ਸਿੰਘ ਨਾਮਧਾਰੀ, ਬਿਅੰਤ ਸਿੰਘ ਸੌਖਲ, ਗੋਪਾਲ ਸਿੰਘ ਔਲਖ, ਅਤੇ ਮੈਂ ਸੰਤੋਖ ਸਿੰਘ ਸਾਜਨ। ਸਾਡੀ ਟੋਲੀ ਵਿਚੋਂ ਕੋਈ ਉਚੀ ਨਹੀਂ ਸੀ ਬੋਲ ਰਿਹਾ। ਸਭ ਸੁੰਗੜੇ ਸੁੰਗੜੇ ਸਭਿਅਤਾ ਨੂੰ ਜਫਾ ਮਾਰੀ ਬੈਠੇ ਸੀ। ਰੇਲ ਚੱਲੀ ਜਾ ਰਹੀ ਸੀ। ਚੱਲਦੀ ਰੇਲ ਵਿਚ ਸਾਰੀ ਰੇਲ ਵਿਚ ਇਕ ਸਿਰੇ ਤੋਂ ਦੂਜੇ ਸਿਰੇ ਤਕ ਬਿਨਾ ਕਿਸੇ ਰੁਕਾਵਟ ਦੇ ਤੁਰ ਕੇ ਜਾਇਆ ਜਾ ਸਕਦਾ ਸੀ।

## ਸੇਠ ਪਿਆਰਾ ਸਿੰਘ

ਰੇਲ ਚੱਲੀ ਨੂੰ ਘੰਟਾ ਕੁ ਬੀਤ ਚੁਕਾ ਸੀ ਕਿ ਅਚਾਨਕ ਸਾਡੇ ਡੱਬੇ ਵਿਚ ਸਤਿਗੁਰੂ ਜੀ ਹੋਰਾਂ ਆਣ ਦਰਸ਼ਨ ਦਿਤੇ। ਸਭ ਨੇ ਸੀਟਾਂ ਤੋਂ ਉਠ ਕੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸਤਿਗੁਰੂ ਜੀ ਦੇ ਨਾਲ ਸੇਠ ਪਿਆਰਾ ਸਿੰਘ ਜੀ ਵੀ ਸਨ। ਸਤਿਗੁਰੂ ਜੀ ਨੇ ਸਾਨੂੰ ਸਾਰਿਆ ਨੂੰ ਦਸਿਆ ਕਿ ਇਹ ਸੇਠ ਪਿਆਰਾ ਸਿੰਘ ਜੀ ਹਨ ਜਿਨ੍ਹਾਂ ਵਲੋਂ ਇਹ ਹੋਲੇ ਮੱਹਲੇ ਦਾ ਮੇਲਾ ਮਨਾਇਆ ਜਾ ਰਿਹਾ ਹੈ ਅਤੇ



Sri Satguru Jagjit Singh Ji eLibrary NamdhariElibrary@gmail.com

ਸਾਡਾ ਸਭ ਦਾ ਨਾਮ ਦੱਸ ਦੱਸ ਕੇ ਸੇਠ ਜੀ ਨੂੰ ਮਿਲਾਇਆ। ਅਜਿਹੀਆਂ ਰਸਮੀ ਗੱਲਾਂ ਪਿਛੋਂ ਸਤਿਗੁਰੂ ਜੀ ਆਪ ਇਕ ਇਕ ਨੂੰ ਸਫ਼ਰ, ਤਬੀਅਤ ਤੇ ਇਥੇ ਆਣ ਕੇ ਥੋੜ੍ਹੇ ਜਿਹੇ ਸਮੇਂ ਵਿਚ ਮਹਿਸੂਸ ਕਰਨ ਬਾਰੇ ਪੁਛਿਆ। ਸਭ ਨੇ ਆਪਣੇ ਆਪਣੇ ਅਨੁਭਵ ਦਾ ਜ਼ਿਕਰ ਕੀਤਾ। ਸਤਿਗੁਰੂ ਜੀ ਕਿਰਪਾ ਕਰਦਿਆਂ ਮੈਨੂੰ ਕਿਹਾ ਸਾਜਨ? ਤੂੰ ਇਸ ਸਾਰੇ ਬਾਰੇ ਕੀ ਕਹਿਣਾ ਹੈ। ਮੈਂ ਅਰਜ਼ ਕੀਤੀ ਗਰੀਬ ਨਿਵਾਜ਼ ਜੀ ਇਹਨਾ ਸਾਰਿਆਂ ਨੂੰ ਖੁਸ਼ੀ ਹੈ, ਪਰ ਮੈਨੂੰ ਤਾਂ ਇਥੇ ਪਹੁੰਚ ਕੇ ਪਛਤਾਵਾ ਲੱਗਾ ਹੋਇਆ ਹੈ। ਸੇਠ ਪਿਆਰਾ ਸਿੰਘ ਜੀ ਇਹ ਸੁਣ ਕੇ ਇਕ ਦਮ ਤਰਭਕੇ। ਸਤਿਗੁਰੂ ਜੀ ਕਿਹਾ ਕੋਈ ਨਹੀਂ ਸੇਠ ਜੀ, ਹਾਂ ਸਾਜਨ ਕਾਹਦਾ ਪਛਤਾਵਾ ਹੈ? ਮੈਂ ਕਿਹਾ ਗਰੀਬ ਨਿਵਾਜ਼, ਜੇ ਮੈਨੂੰ ਇਥੋਂ ਬਾਰੇ ਜਾਣਕਾਰੀ ਹੁੰਦੀ ਤਾਂ ਇੰਡੀਆ ਤੋਂ ਆਪਣੇ ਇਲਾਕੇ ਵਿਚੋਂ ਹਨੇਰੀ ਦਾ ਬੀਜ ਲਿਆਉਣਾ ਸੀ, ਹਨੇਰੀ ਦਾ ਬੀਜ ਇਥੇ ਬੀਜ ਦਿੰਦਾ, ਫਿਰ ਇਥੇ ਘਟਾ ਤਾਂ ਵੇਖਣ ਨੂੰ ਮਿਲਦੀ। ਹੱਛਾ ਦੂਜਾ ਪਛਤਾਵਾ? ਦੂਜਾ ਗਰੀਬ ਨਿਵਾਜ਼ ਜੀ ਮੈਂ ਢਿੱਡ ਕਿਰਾਏ ਦਾ ਲਿਆਉਣਾ ਸੀ ਜੇ ਖਾਂਦਿਆਂ ਪੀਂਦਿਆ ਪਾਟ ਜਾਂਦਾ ਤਾਂ ਦੁੱਖ ਤਾਂ ਨਾ ਲਗਦਾ। ਹੁਣ ਡਰਦਾ ਹਾਂ ਕਿਤੇ ਖਾਂਦਿਆ ਖਾਂਦਿਆ ਕਿਤੇ ਪਾਟ ਨਾ ਜਾਏ ਰਾਸ਼ਨ ਸੇਠ ਜੀ ਦਾ ਹੈ ਢਿੱਡ ਤਾਂ ਆਪਣਾ ਹੈ। ਸਤਿਗੁਰੂ ਜੀ ਸੁਣ ਕੇ ਮੁਸਕਾਨਾਂ ਵੰਡਦੇ ਅਗਲੇ ਡੱਬੇ ਵਿਚ ਚਲੇ ਗਏ।

### 'ਸਮੱਸਿਆ' ਵਾਲਾ ਕਵੀ ਦਰਬਾਰ

ਹੋਲਾ ਮਹੱਲਾ ਆਪਣੀ ਸ਼ਾਨੋ ਸ਼ੌਕਤ ਨਾਲ ਸੰਪੂਰਨ ਹੋਇਆ। ਇਸ ਤੋਂ ਪਿਛੋਂ ਬਾਕੀ ਨਾਮਧਾਰੀ ਸਿੱਖਾਂ ਦੇ ਘਰੀਂ ਪ੍ਰੋਗਰਾਮ ਹੁੰਦਾ। ਦਿਨੇ ਆਸਾ ਦੀ ਵਾਰ ਦਾ ਕੀਰਤਨ ਇਕ ਘਰ ਤੇ ਸ਼ਾਮ ਦਾ ਦੀਵਾਨ ਦੂਜੇ ਘਰ। ਹਰ ਦੀਵਾਨ ਪਿਛੋਂ, ਗੀਤ ਤੇ ਕਵਿਤਾ ਦਾ ਪ੍ਰੋਗਰਾਮ ਹੁੰਦਾ। ਗੀਤ ਹਰਭਜਨ ਸਿੰਘ ਜੀ ਰਤਨ ਤੇ ਕਵਿਤਾ ਰਾਜ ਕਵੀ ਇੰਦਰਜੀਤ ਸਿੰਘ ਜੀ ਤੁਲਸੀ ਬੋਲਦੇ। ਅਮੀਰ ਸੇਠ ਉਹਨਾਂ ਨੂੰ ਰੁਪਏ ਨਹੀਂ ਸੀ ਦਿੰਦੇ, ਰੁਪਇਆਂ ਦੀ ਬਾਰਸ਼ ਕਰ ਦਿੰਦੇ ਸੀ। ਇਹ ਦੋਵੇਂ ਮਹਾਨ ਕਵੀ ਸਪੈਸ਼ਲ ਬੁਲਾਵੇ ਤੇ ਆਏ ਹੋਏ ਸੀ ਅਤੇ ਅਸੀ ਨਾਮਧਾਰੀ ਕਵੀ ਆਪਣੀ ਟਿੰਡ ਫੁੜੀ ਆਪ ਚੁਕੀ ਫਿਰਦੇ ਸਾਂ। ਅਸਾਂ ਨਾਮਧਾਰੀ ਕਵੀਆਂ ਨੇ ਗਿਲਾ ਕੀਤਾ ਕਿ ਇਹਨਾਂ ਦੋ ਕਵੀਆਂ ਨੂੰ ਹੀ ਬੋਲਣ ਦਾ ਟਾਈਮ ਦਿਤਾ ਜਾਂਦਾ ਹੈ, ਸਾਨੂੰ ਕਿਉਂ ਨਹੀਂ। ਸਤਿਗੁਰੂ ਜੀ ਹੁਕਮ ਕੀਤਾ ਕੱਲ ਨੂੰ ਇਕ ਕਵੀ ਦਰਬਾਰ ਸਮਸਿਆ ਤੇ ਕੀਤਾ ਜਾਵੇ। ਜਿਸਦੀ ਸਮਸਿਆ ਸਾਜਨ ਦੇਵੇਗਾ। ਇਸਦਾ ਹੁੰਗਾਰਾ ਰਤਨ ਜੀ ਤੇ ਤੁਲਸੀ ਜੀ ਨੇ ਭਰਿਆ ਤਾਂ ਹੀ ਪ੍ਰਵਾਨਗੀ ਦਿਤੀ ਗਈ। ਮੈਂ ਉਥੇ ਹੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੀ ਸਮੱਸਿਆ ਦੱਸੀ। ਉਹ ਸਮੱਸਿਆ ਸੀ; "ਜੰਮੀ ਬੀਰਤਾ ਭੇਣੀ ਦੀ ਜੂਹ ਵਿਚੋਂ" ਇਹ ਸਮੱਸਿਆ ਸਭ ਨੇ ਨੋਟ ਕਰ ਲਈ, ਦੂਜੇ ਦਿਨ ਹੀ



Sri Satguru Jagjit Singh Ji eLibrary NamdhariElibrary@gmail.com

ਰਾਤ ਨੂੰ ਇਨਾਮੀ ਕਵੀ ਦਰਬਾਰ ਹੋਣਾ ਸੀ। ਕਵੀ ਦਰਬਾਰ ਦੇ ਜੱਜ ਕਵੀ ਪ੍ਰੀਤਮ ਸਿੰਘ, ਅਮਰ ਭਾਰਤੀ ਜੀ, ਬੈਂਕੋਕ ਦੇ ਸੇਠ ਦਿਕਬਾਲ ਸਿੰਘ ਜੀ ਮਨਚੰਦਾ ਸਨ। ਸਮਸਿਆ ਦੀ ਬੜੀ ਚਰਚਾ ਹੋਈ। ਕਿਹਾ ਗਿਆ ਕੇ ਇਸ ਸਮਸਿਆ ਦੇ ਤੁਕਾਂਤ ਤੇ ਕਵਿਤਾ ਨਹੀਂ ਲਿਖੀ ਜਾਣੀ। ਕਿਸੇ ਕਵੀ ਨੇ ਸੱਚ ਹੀ ਤਾਂ ਕਿਹਾ ਹੈ; ਵਿਚ ਮੈਦਾਨ ਦੇ ਨਿਤਰੇ ਕਵੀ ਕੋਈ ਕੋਈ ਜਦੋਂ ਕਵਿਤਾ ਦਾ ਕਾਫੀਆ ਤੰਗ ਹੋਵੇ। ਸੋ ਉਹੋ ਗਲ ਹੋਈ। ਹਰਭਜਨ ਸਿੰਘ ਰਤਨ, ਤਾਂ ਕਹਿ ਦਿਤਾ ਮੈਂ ਗੀਤ ਕਾਰ ਹਾਂ ਕਵੀ ਨਹੀਂ। ਅਤੇ ਇੰਦਰਜੀਤ ਸਿੰਘ ਜੀ ਤੁਲਸੀ ਨੇ ਆਪਣਾ ਰੁਤਬਾ ਇਸ ਤੋਂ ਉਚਾ ਦਸ ਕੇ ਕਿਨਾਰਾ ਕਰ ਲਿਆ। ਬਾਕੀ ਬਚੇ ਨਾਮਧਾਰੀ ਕਵੀ ਭਾਰਤ ਤੇ ਬੈਂਕੋਕ ਦੇ, ਸੋ ਰਾਤ ਸਮਸਿਆ ਤੇ ਕਵੀ ਦਰਬਾਰ ਹੋਇਆ ਜਿਸਦਾ ਖੂਬ ਰੰਗ ਬੱਝਾ ਪਰ ਜਿਸ ਕਾਰਨ ਇਹ ਸਮਸਿਆ ਤੇ ਕਵੀ ਦਰਬਾਰ ਕੀਤਾ ਗਿਆ ਸੀ ਉਹ ਤਾਂ ਪਾਸੇ ਹੀ ਰਹੇ ਗਿਆ। ਪਰ ਕਵੀ ਦਰਬਾਰ ਦਾ ਖੂਬ ਰੰਗ ਜੰਮਿਆ।

## ਸਿੰਘਾਪੁਰ ਦੀ ਸੈਰ

ਹੋਲੇ ਮਹੱਲੇ ਦੀ ਸਮਾਪਤੀ ਤਾਂ ਕਈ ਦਿਨ ਪਹਿਲੇ ਹੋ ਚੁਕੀ ਸੀ; ਪਰ ਸੇਠ ਪਰਿਵਾਰਾਂ ਦੀ ਦਰਸ਼ਨ ਦੀ ਸਿਕ ਲੰਮੀ ਹੋ ਰਹੀ ਸੀ। ਦੋ ਹਫਤਿਆਂ ਪਿਛੋਂ ਸਤਿਗੁਰੂ ਜੀ ਵਾਪਸ ਭਾਰਤ ਆ ਗਏ, ਪਰ ਇਕ ਮਹੀਨੇ ਬਾਅਦ ਦੁਬਾਰਾ ਦਰਸ਼ਨ ਦੇਣ ਦਾ ਇਕਰਾਰ ਕੀਤਾ। ਸਤਿਗੁਰੂ ਜੀ ਦਾ ਮਹੀਨੇ ਬਾਅਦ ਦੁਬਾਰਾ ਬੈਂਕੋਕ ਆਉਣ ਦਾ ਪ੍ਰੋਗਰਾਮ ਬਣਿਆ ਤਾਂ ਅਸਾਂ ਸਤਿਗੁਰੂ ਜੀ ਕੋਲ ਬੇਨਤੀ ਕੀਤੀ ਗਰੀਬ ਨਿਵਾਜ਼ ਜੇ ਆਗਿਆ ਹੋਵੇ ਤਾਂ, ਤੁਹਾਡੇ ਵਾਪਸ ਆਉਣ ਤਕ ਅਸੀਂ ਇਥੇ ਉਡੀਕ ਕਰੀਏ। ਅਤੇ ਇਸ ਸਮੇਂ ਵਿਚ ਅਸੀ ਮਲੇਸ਼ੀਆ ਸਿੰਘਾ ਪੁਰ ਵੇਖ ਆਈਏ। ਮਨਜ਼ੂਰੀ ਮਿਲਣ ਤੇ ਅਸਾਂ ਇਕ ਕਾਰ ਕਿਰਾਏ ਤੇ ਲੈ ਕੇ ਸਿੰਘਾ ਪੁਰ ਲਈ ਤੁਰ ਪਏ। ਕਾਰ ਵਿਚ ਅਮਰ ਭਾਰਤੀ ਜੀ, ਕਵੀ ਪ੍ਰੀਤਮ ਸਿੰਘ, ਹਰਵਿੰਦਰ ਸਿੰਘ ਹੰਸਪਾਲ, ਗੁਰਭਜਨ ਸਿੰਘ ਨਿਜੀ ਸਕੱਤਰ, ਮੈਂ ਤੇ ਨਾਲ ਇਕ ਬੈਂਕੋਕ ਦੇ ਰਹਿਣ ਵਾਲੇ ਸੇਠ ਦਲੀਪ ਸਿੰਘ ਵੀ ਤਿਆਰ ਹੋ ਗਏ। ਅਸੀਂ ਕਾਰ ਰਾਹੀ ਮਲੇਸ਼ੀਆ ਚੋਂ ਹੁੰਦੇ ਹੋਏ ਸਿੰਘਾਪੁਰ ਪੁਜੇ ਇੱਥੇ ਇਕ ਹਫਤਾ ਰਹਿ ਇਥੋਂ ਦਾ ਬਾਮਗਾਰਡਨ ਤੇ ਹੋਰ ਵੇਖਣ ਯੋਗ ਥਾਵਾਂ ਦੀ ਸੈਰ ਕਰ ਵੇਖ ਹਫਤੇ ਬਾਅਦ ਫਿਰ ਪੀਨਾਂਗ, ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ ਵਿਚ ਦੀ ਵਾਪਸ ਆ ਰਹੇ ਸੀ, ਜਾਂ ਇਕ ਦਿਲਚਸਪ ਘਟਨਾ ਵਾਪਰੀ ਜਿਸਦਾ ਜਿਕਰ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ।

## ਕੁਆਲਾਲੰਪੁਰ ਵਿਚ ਮਾਤਾ ਨੂੰ ਮਿਲੇ

ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਅਤੇ ਉਹਨਾਂ ਦੇ ਦਰਸ਼ਨਾਂ ਦੀ



Sri Satguru Jagjit Singh Ji eLibrary NamdhariElibrary@gmail.com

ਖਿਚ ਜਿਥੇ ਵੀ ਕੋਈ ਹੋਵੇ ਸਤਿਗੁਰੂ ਜੀ ਉਸ ਦੀ ਭਾਵਨਾ ਨੂੰ ਭਾਗ ਲਾਹੀ ਦਿੰਦੇ ਹਨ। ਸਾਡੀ ਗੱਡੀ ਕੁਆਲਾਲੰਪੁਰ ਸ਼ਹਿਰ ਦੇ ਵਿਚ ਦੀ ਗੁਜ਼ਰ ਰਹੀ ਸੀ ਕਿ ਅਚਾਨਕ ਇਕ ਗੱਡੀ ਨੇ ਸਾਡੀ ਗੱਡੀ ਦਾ ਪਿਛਾ ਕਰਨਾ ਸ਼ੁਰੂ ਕਰ ਦਿਤਾ। ਉਸ ਗੱਡੀ ਵਿਚ ਦੋ ਨੌ ਜੁਆਨ ਲੜਕੇ ਸਨ, ਸਾਡੇ ਡਰਾਇਵਰ ਨੇ ਕਾਫੀ ਕੋਸ਼ਿਸ਼ ਕੀਤੀ ਕੇ ਇਹਨਾਂ ਨੂੰ ਝਾਂਸਾ ਦੇ ਕੇ ਖਹਿੜਾ ਛੁਡਾ ਲਵਾਂ ਪਰ ਉਹ ਪੂਰੀ ਤਰ੍ਹਾਂ ਧਿਆਨ ਨਾਲ ਮਗਰ ਆ ਰਹੇ ਸੀ। ਡਰਾਇਵਰ ਨੇਂ ਪਿੱਛਾ ਨਾ ਛੁੱਟਦਾ ਜਾਣ ਸਾਨੂੰ ਦਸਿਆ ਤਾਂ ਅਸਾਂ ਡਰਾਇਵਰ ਨੂੰ ਕਿਹਾ ਤੂੰ ਗੱਡੀ ਸਾਈਡ ਤੇ ਕਰਕੇ ਰੋਕ ਦੇ। ਅਸੀਂ ਇਹਨਾਂ ਨੂੰ ਆਪੇ ਸੰਭਾਲ ਲਵਾਂਗੇ ਡਰਾਇਵਰ ਨੇ ਗੱਡੀ ਰੋਕੀ ਤਾਂ ਅਸੀਂ ਸਾਰੇ ਇਕ ਦਮ ਬੜੀ ਕਾਹਲੀ ਨਾਲ ਗੱਡੀ ਵਿਚੋਂ ਬਾਹਰ ਨਿਕਲ ਤਿਆਰ ਬਾ ਤਿਆਰ ਹੋ ਖਲੋ ਗਏ, ਹਰ ਘਟਨਾ ਦਾ ਸਾਹਮਣਾ ਕਰਨ ਲਈ। ਪਿਛੇ ਆਉਦੀ ਗੱਡੀ ਰੁਕੀ ਤਾਂ ਉਸ ਵਿਚੋਂ ਦੋਵੇਂ ਨੌਜੁਆਨ ਨਿਕਲ ਅਮਰ ਭਾਰਤੀ ਤੇ ਕਵੀ ਜੀ, ਦੇ ਪੈਰੀਂ ਹੱਥ ਆਣ ਲਾਇਆ ਤੇ ਫਿਰ ਸਭ ਦੇ ਪੈਰੀਂ ਹੱਥ ਲਾਣ ਲਗੇ। ਨਾਮਧਾਰੀ ਮਰਿਆਦਾ ਦਾ ਪਾਲਨ ਕਰਨ ਪਿਛੋਂ ਉਹਨਾਂ ਹੱਥ ਜੋੜ ਕੇ ਕਿਹਾ ਕੇ ਸਾਡੀ ਅਰਜ਼ ਹੈ ਕੇ ਆਪ ਜੀ ਸਾਡੇ ਘਰ ਚਰਨ ਪਾਉਣ ਦੀ ਕਿਰਪਾ ਕਰੋ। ਕਵੀ ਜੀ ਨੇਂ ਕਿਹਾ ਕਿ ਕੀ ਤੁਸੀ ਨਾਮਧਾਰੀ ਹੋ ? ਤਾਂ ਨੌਂ ਜੁਆਨਾਂ ਨੇ ਹੱਸ ਕੇ ਕਿਹਾ ਹਾਂ ਜੀ ਵਿਗੜੇ ਹੋਏ ਨਾਮਧਾਰੀ ਹਾਂ। ਸਾਡੇ ਦਾਦਾ ਜੀ ਮਲੇਸ਼ੀਆ ਆਏ ਸਨ, ਪਿਤਾ ਜੀ ਦਾ ਜਨਮ ਇੰਡੀਆ ਦਾ ਹੈ, ਅਤੇ ਸਾਡਾ ਜਨਮ ਮਲੇਸ਼ੀਆ ਦਾ ਹੈ। ਪਿਤਾ ਜੀ ਮਾਤਾ ਜੀ ਨੇ ਤਾਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਹਨ ਪਰ ਅਸਾਂ ਨਹੀਂ। ਕਵੀ ਜੀ ਕਿਹਾ ਜੇ ਤੁਸਾਂ ਕਦੇ ਸਤਿਗੁਰੂ ਜੀ ਜਾਂ ਨਾਮਧਾਰੀਆਂ ਨੂੰ ਕਦੇ ਮਿਲੇ ਨਹੀਂ ਤਾਂ ਤੁਸਾਂ ਸਾਡੀ ਕਾਰ ਦਾ ਪਿਛਾ ਕਿਵੇਂ ਕਰ ਲਿਆ। ਉਹਨਾ ਦਸਿਆ ਕਿ ਸਾਡੇ ਘਰ ਵਿਚ ਸਤਿਗੁਰਾਂ ਦੀਆਂ ਤਸਵੀਰਾਂ ਲੱਗੀਆਂ ਹਨ ਜਿਨ੍ਹਾ ਨੂੰ ਸਵੇਰੇ ਉਠ ਕੇ ਦਾਦੀ ਜੀ ਮੱਥਾ ਟੇਕਦੇ ਹਨ ਕਿਤੇ ਵੀ ਜਾਣਾ ਹੋਵੇ ਤੇ ਉਹਨਾਂ ਤਸਵੀਰਾਂ ਦੇ ਸਾਹਮਣੇ ਖੜੇ ਹੋਕੇ ਅਰਦਾਸ ਕਰਦੇ ਹਨ। ਰਹੀ ਗੱਲ ਪਛਾਨਣ ਦੀ ਸਾਡੇ ਦਾਦਾ ਜੀ ਤੁਹਾਡੇ ਵਾਂਗ ਪੱਗ ਬੰਨ੍ਹਦੇ ਸਨ ; ਸੋ ਅਸਾਂ ਤੁਹਾਨੂੰ ਪੱਗ ਤੋਂ ਪਹਿਚਾਣਿਆ ਹੈ। ਘਰ ਜਾਣ ਵਾਸਤੇ ਇਸ ਲਈ ਬੇਨਤੀ ਕਰਦੇ ਹਾਂ ਕੇ ਸਾਡੀ ਦਾਦੀ ਜੀ ਕਾਫੀ ਬਿਰਧ ਹੋ ਚੁਕੇ ਹਨ; ਇੰਡੀਆ ਜਾ ਕੇ ਉਹ ਤੁਹਾਡੇ ਸਤਿਗੁਰੂ ਜੀ ਨੂੰ ਮਿਲ ਨਹੀਂ ਸਕਦੇ ਅਸਾਂ ਪੱਗਾਂ ਵੇਖ ਕੇ ਅੰਦਾਜ਼ਾ ਲਾਇਆ ਕਿ ਇਹ ਨਾਮਧਾਰੀ ਹੀ ਹੋਣ ਗੇ। ਜੇ ਨਾਮਧਾਰੀ ਹੋਏ ਤਾਂ ਦਾਦੀ ਜੀ ਇਹਨਾਂ ਨੂੰ ਮਿਲ ਕੇ ਖੁਸ਼ ਹੋਣਗੇ ਤੇ ਹੋ ਸਕਦਾ ਹੈ ਕੋਈ ਇਹਨਾਂ ਵਿੱਚੋ ਹੀ ਗੁਰੂ ਹੋਵੇ। ਤੇ ਜੇ ਮੁਸਲਮਾਨ ਸ਼ੇਖ ਹੋਏ ਤਾਂ ਖਿਮਾਂ ਮੰਗ ਕੇ ਮੁੜ ਆਵਾਂਗੇ। ਸੋ ਸਾਡਾ ਨਿਸ਼ਾਨਾ ਠੀਕ ਲਗਾ ਹੈ। ਸੋ ਤੁਸੀਂ ਹੁਣ ਕਿਰਪਾ ਕਰੋ ਤੇ ਸਾਡੇ ਘਰ ਚੱਲ ਕੇ ਸਾਡੀ ਦਾਦੀ ਜੀ ਨੂੰ ਦਰਸ਼ਨ ਦਿਉ।



Sri Satguru Jagjit Singh Ji eLibrary NamdhariElibrary@gmail.com

ਉਹਨਾਂ ਦੀ ਇਹ ਗੱਲ ਸੁਣ ਕੇ ਸਾਡੇ ਕੋਲ ਨਾਂਹ ਕਰਨ ਦਾ ਕੋਈ ਕਾਰਨ ਹੀ ਨਹੀਂ ਸੀ ਸੋ ਕਾਰ ਉਹਨਾਂ ਦੀ ਕਾਰ ਦੇ ਪਿਛੇ ਦੌੜਨ ਲਗੀ। ਅਸੀ ਉਹਨਾਂ ਦੇ ਘਰ ਪਹੁੰਚੇ ਤਾਂ ਉਹਨਾਂ ਨੇ ਸਾਨੂੰ ਬਾਹਰ ਰੁਕਣ ਲਈ ਕਿਹਾ। ਉਹਨਾਂ ਵਿਚੋਂ ਇਕ ਨੇ ਜਾ ਕੇ ਪਹਿਲਾਂ ਆਪਣੀ ਦਾਦੀ ਜੀ ਨੂੰ ਦਸਿਆ; ਉਹਨਾਂ ਦੀ ਦਾਦੀ ਜੀ ਤੇ ਸਾਰੇ ਪਰਿਵਾਰ ਨੇ ਸਾਡਾ ਬਾਹਰ ਸੁਆਗਤ ਕੀਤਾ। ਸਾਡੇ ਘਰ ਜਾਣ ਨਾਲ ਬਜ਼ੁਰਗ ਮਾਤਾ ਦੀ ਖੁਸ਼ੀ ਦਾ ਕੋਈ ਸ਼ੁਮਾਰ ਨਹੀਂ ਸੀ। ਮਾਈ ਵਾਰ ਵਾਰ ਸਤਿਗੁਰੂ ਜੀ ਨੂੰ ਸਤਿਗੁਰੂ ਜਗਮੀਤ ਸਿੰਘ ਹੀ ਆਖੀ ਜਾ ਰਹੀ ਸੀ। ਕਵੀ ਜੀ ਨੇ ਮਾਤਾ ਨੂੰ ਕਿਹਾ ਮਾਤਾ ਜੀ ਸਤਿਗੁਰੂ ਜੀ ਦਾ ਨਾਮ ਸਤਿਗੁਰੂ ਜਗਜੀਤ ਸਿੰਘ ਜੀ ਹੈ ਪਰ ਮਾਤਾ ਨੇ ਕਿਹਾ ਨਾ ਕੋਈ ਵੀ ਹੋਵੇ, ਹੈ ਤਾਂ ਮੇਰਾ ਸਤਿਗੁਰੂ ਹੀ। ਮਾਤਾ ਨੇ ਬੜੇ ਵੈਰਾਗ ਮਈ ਦਿਸ਼ਾ ਵਿਚ ਕਿਹਾ ਵੇ ਪੁਤਰੋ ਮੇਰੇ ਸਤਿਗੁਰੂ ਨੂੰ ਆਖੋ ਇਕ ਵਾਰ ਉਹੋ ਹੀ ਮੈਨੂੰ ਆਕੇ ਮਿਲ ਜਾਵੇ ਮੈਂ ਤਾਂ ਹੁਣ ਜਾ ਨਹੀਂ ਸਕਦੀ। ਮੈਂ ਜ਼ਿੰਦਗੀ ਵਿਚ ਬੜੀ ਵਾਰ ਗਈ ਹਾਂ ਹੁਣ ਉਹਨੂੰ ਆਖੋ ਆ ਕੇ ਮਿਲੇ; ਮੈਂ ਹੁਣ ਛੇਤੀ ਹੀ ਮਰ ਜਾਣਾ ਹੈ। ਉਹਨੂੰ ਮੇਰੇ ਵਲੋਂ ਆਖਿਆ ਜੇ ਛੇਤੀ ਆ ਜਾਵੇ ਕਿਤੇ ਮੌਤ ਉਹਦੇ ਤੋਂ ਕਾਹਲੀ ਨਾ ਹੋ ਜਾਵੇ। ਅਸੀਂ ਮਾਤਾ ਨਾਲ ਸਤਿਗੁਰੂ ਕੋਲ ਅਰਜ ਕਰਨ ਦਾ ਇਕਰਾਰ ਕਰ ਆਗਿਆ ਲਈ ਆਪਣੀ ਅਗਲੀ ਮੰਜ਼ਲ ਵਲ ਵਧੇ ਪਰ, ਜਦੋਂ ਬੰਕੋਕ ਸਤਿਗੁਰੂ ਜੀ ਦੁਬਾਰਾ ਆਏ ਤਾਂ ਕਵੀ ਜੀ ਨੇ ਸਤਿਗੁਰੂ ਜੀ ਕੋਲ ਮਾਤਾ ਨੂੰ ਦਰਸ਼ਨ ਦੇਣ ਦੀ ਬੇਨਤੀ ਕੀਤੀ ਅਤੇ ਸਤਿਗੁਰੂ ਜੀ ਮਾਤਾ ਦੀ ਬੇਨਤੀ ਪ੍ਰਵਾਨ ਕਰ ਉਸੇ ਦੌਰੇ ਸਮੇਂ ਹੀ ਮਲੇਸ਼ੀਆ ਜਾ ਕੇ ਮਾਤਾ ਜੀ ਨੂੰ ਦਰਸਨ ਦੇ ਕੇ ਨਿਵਾਜਿਆ। ਸਤਿਗੁਰੂ ਜੀ ਮਾਤਾ ਨੂੰ ਦਰਸ਼ਨ ਦੇ ਆਏ ਤਾਂ ਅਸੀਂ ਵੀ ਪੰਜੇ ਸਾਥੀ ਸਤਿਗੁਰੂ ਜੀ ਦੇ ਨਾਲ ਦੋ ਮਹੀਨਿਆਂ ਦੇ ਸਮੇਂ ਪਿਛੋਂ ਆਪਣੇ ਵਤਨ ਦੀ ਧਰਤੀ ਤੇ ਆਣ ਉਤਰੇ।



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਸਾਖੀਆਂ

ਕਦੇ ਵੀ ਕਿਸੇ ਸਿੱਖ ਨਾਲ ਸਤਿਗੁਰੂ ਜੀ ਬਾਰੇ ਗੱਲ ਕਰੀਏ ਤਾਂ ਉਹ ਇਹੀ ਆਖੇਗਾ ਕਿ ਮੈਨੂੰ ਸਤਿਗੁਰੂ ਜੀ ਬਹੁਤ ਪਿਆਰ ਕਰਦੇ ਹਨ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਅਤੇ ਨਾ ਹੀ ਅੱਤ ਕਥਨੀ ਹੈ; ਸਤਿਗੁਰ ਸਭਨਾ ਦਾ ਭਲਾ ਮਨਾਇੰਦਾ; ਹਮ ਸਭਨਾ ਕੇ ਸਾਜਨ; ਪੰਗਤੀਆਂ ਸ਼ੁਧ ਕਰਕੇ ਲਿਖਣੀਆਂ ਹਨ ਪਰ ਹਰ ਮਨੁੱਖ ਦਾ ਆਪਣਾ ਆਪਣਾ ਵਰਤਾਉ ਅਤੇ ਆਪਣਾ ਹੀ ਆਨੰਦ ਹੁੰਦਾ ਹੈ। ਮੈਂ ਸਤਿਗੁਰੂ ਜੀ ਨਾਲ ਆਪਣੀਆਂ ਯਾਦਾਂ ਨੂੰ ਚੇਤੇ ਕਰ ਰਿਹਾ ਹਾਂ। ਸਤਿਗੁਰੂ ਜੀ ਦੀਆਂ ਰਮਜ਼ਾਂ ਇਸ਼ਾਰੇ ਅਤੇ ਸੰਖੇਪ ਵਿਚ ਗੱਲ ਕਰਨੀ ਸੰਖੇਪ ਕੀਤੀ ਗੱਲ ਨੂੰ ਸਮਝਣਾ, ਉਹਨਾਂ ਦਾ ਕੋਈ ਸਾਨੀ ਨਹੀਂ। ਮੈਨੂੰ ਯਾਦ ਹੈ ਮੈਂ ਜਦੋਂ ਸਤਿਜੁਗ ਅਖਬਾਰ ਦੀ ਡਿਊਟੀ ਤੇ ਆਇਆ ਤਾਂ ਮੇਨੂੰ ਇਕ ਦਿਨ ਸਤਿਗੁਰੂ ਜੀ ਹੁਕਮ ਕੀਤਾ। ਸਾਜਨ ? ਇੱਥੇ ਹਰ ਪ੍ਰਕਾਰ ਦੇ ਸਿੱਖ ਹਨ ਜਿਨ੍ਹਾਂ ਨਾਲ ਮੇਰਾ ਵਾਹ ਪੈਂਦਾ ਹੈ। ਮੈਂ ਹਰ ਇਕ ਨਾਲ ਆਪਣੇ ਆਪ ਨੂੰ ਢਾਲ ਲੈਂਦਾ ਹਾਂ। ਮੇਰੇ ਕੋਲ ਕਈ ਜ਼ਿੰਮੇਵਾਰ ਸਿੰਘ ਆਉਂਦੇ ਹਨ ਅਤੇ ਮੈਨੂੰ ਆਪਣੇ ਕਰਕੇ ਆਏ ਕੰਮ ਦੀ ਰਿਪੋਟ ਇਉਂ ਦਸਦੇ ਹਨ। ਮੈਂ ਜੀ ਚੰਡੀਗੜ੍ਹ ਫਲਾਂ ਕੰਮ ਵਾਸਤੇ ਗਿਆ, ਮੈਂ ਘਰੋਂ ਤਿਆਰ ਹੋ ਕੇ ਸ੍ਰੀ ਜੀਵਨ ਨਗਰ ਦੇ ਬੱਸ ਅੱਡੇ ਤੇ ਆਇਆ ਤੇ ਡੱਬਵਾਲੀ ਵਲੋਂ ਆਉਂਦੀ ਬੱਸ ਖਲੋਤੀ ਹੀ ਨਾ ਮੈਂ ਉਸਦੇ ਮਗਰ ਭੱਜਿਆ, ਪਰ ਡਰਾਇਵਰ ਨੇ ਰੋਕੀ ਹੀ ਨਾ। ਫਿਰ ਕਰੀਵਾਲੇ ਵਲੋਂ ਬੱਸ ਆਈ ਤਾਂ ਉਸ ਵਿਚ ਭੀੜ ਬੜੀ ਸੀ, ਪਰ ਬਾਰੀ ਨਾਲ ਲਮਕ ਕੇ ਬੱਸ ਤੇ ਚੜ੍ਹ ਗਿਆ। ਮੇਰਾ ਪੈਰ ਇਕ ਦੇ ਪੈਰ ਤੇ ਟਿਕ ਗਿਆ। ਉਸ ਵਿਚਾਰੇ ਦਾ ਪੈਰ ਹੀ ਮਿਧਿਆ ਗਿਆ। ਗੱਲ ਕੀ ਏਸੇ ਤਰ੍ਹਾਂ ਆਉਣ ਤੱਕ ਦਾ ਮੈਨੂੰ ਇਤਿਹਾਸ ਸੁਨਾਉਣਾ ਹੈ। ਮੈਂ ਕਿੱਥੇ ਬੈਠਾ ਕਿੱਥੇ ਰਿਕਸ਼ਾ ਲਿਆ, ਪਰ ਕੰਮ ਨਹੀਂ ਹੋਇਆ। ਚੰਡੀਗੜ੍ਹ ਦੀ ਕਹਾਣੀ ਸੁਣਦਿਆਂ ਮੈਂ ਚੰਡੀਗੜ੍ਹ ਵਿਚ ਹੀ ਗੁਆਚ ਜਾਂਦਾ ਹਾਂ। ਪਰ ਮੇਰੀ ਇਛਾ ਹੈ ਕਿ ਮੈਂ ਤੈਨੂੰ ਕੰਮ ਦੱਸਾਂ ਤੇ ਤੂੰ ਹੋਏ ਨਾ ਹੋਏ ਦੇ ਨਤੀਜੇ ਤੋਂ ਜਾਣੂ ਕਰਾਏ। ਨਾ ਕਿ ਬੱਸ ਦੀ ਸੈਰ ਕਰਾ ਦੇਵੇਂ। ਮੈਂ ਸੱਤਬਚਨ ਕਿਹਾ।

ਮੈਂ ਜਦੋਂ ਵੀ ਸਤਿਗੁਰੂ ਜੀ ਕੋਲ ਅਰਜ਼ ਕਰਨੀ ਹੁੰਦੀ ਵਿਖਾ ਕੇ ਹੱਥ ਜੋੜ ਖੋਹਲ ਦੇਣੇ। ਸਤਿਗੁਰੂ ਜੀ ਕਿਰਪਾ ਕਰਨੀ ਜਦੋਂ ਸਹੀ ਸਮਾਂ ਮਿਲਣਾ ਆਪ ਹੀ ਪੁਛ ਲੈਣਾ; ਸਾਜਨ ਦੱਸ ਕੀ ਗੱਲ ਕਰਨੀ ਸੀ ? ਤੇ ਮੈਂ ਸੰਖੇਪ ਬੇਨਤੀ ਕਰ ਦੇਣੀ ਦੋ ਸ਼ਬਦਾਂ ਵਿਚ ਕੀਤੀ ਗੱਲ ਦਾ ਸਤਿਗੁਰੂ ਜੀ ਸਾਰਾ ਸਮਝ ਲੈਣਾ। ਇਕ ਵਾਰ



Sri Satguru Jagjit Singh Ji eLibrary NamdhariElibrary@gmail.com

ਮੈਂ ਦੀਵਾਨ ਵਿਚ ਗਿਆ, ਮੈਂ ਚਰਨਾਂ ਤੇ ਨਮਸਕਾਰ ਕੀਤੀ, ਤਾਂ ਸਤਿਗੁਰੂ ਜੀ ਹੱਥ ਦੀਆਂ ਦੋ ਉਂਗਲਾਂ ਉਤੇ ਸਿਧੀਆਂ ਕੀਤੀਆਂ ਤਾਂ ਮੈਂ ਅੱਖਾਂ ਮੀਟ ਲਈਆਂ। ਸਤਿਗੁਰੂ ਜੀ ਬਲਕਾਰ ਸਿੰਘ ਨੂੰ ਕਾਗਜ਼ ਤੇ ਲਿਖ ਕੇ ਕਿਹਾ ਕੇ ਗੁਰਭਜਨ, ਸਾਜਨ ਦੇ ਕਮਰੇ ਵਿਚ ਸੁਤਾ ਹੈ ਉਠਾ ਕੇ ਲਿਆ। ਅਸੀਂ ਸਾਰੇ ਸਤਿਗੁਰੂ ਜੀ ਦੇ ਨਾਲ ਕਮਰੇ ਵਿਚ ਬੈਠੇਂ ਸੀ, ਤਾਂ ਬਲਕਾਰ ਸਿੰਘ ਨੇ ਕਿਹਾ ਸੱਚੇ ਪਾਤਸ਼ਾਹ ਜੀ ਤੁਹਾਨੂੰ ਕਿਵੇਂ ਪਤਾ ਸੀ ਕਿ ਗੁਰਭਜਨ, ਸਾਜਨ ਦੇ ਕਮਰੇ ਵਿਚ ਸੁਤਾ ਹੈ, ਇਹ ਕੁਝ ਅਚਾਨਕ ਹੀ ਕਵੀ ਜੀ ਨੇ ਵੀ ਵੇਖਿਆ ਸੀ। ਦੀਵਾਨ ਤੋਂ ਪਿਛੋਂ ਕਵੀ ਜੀ ਸਤਿਗੁਰਾਂ ਨੂੰ ਅਰਜ਼ ਕੀਤੀ, ਗਰੀਬ ਨਿਵਾਜ਼ ਇਹ ਉਂਗਲਾਂ ਉਚੀਆਂ ਕਰਨ ਦਾ ਅਰਥ ਕੀ ਸੀ ਭਲਾ, ਤਾਂ ਸਤਿਗੁਰੂ ਜੀ ਹੋਰਾਂ ਕਿਹਾ ਸਾਜਨ ਨੂੰ ਪੁੱਛ? ਕਵੀ ਜੀ ਮੈਨੂੰ ਕਿਹਾ ਹਾਂ ਸਾਜਨ ਦੱਸ? ਤਾਂ ਮੈਂ ਦਸਿਆ ਕੇ ਸਤਿਗੁਰੂ ਜੀ ਪੁਛਿਆ ਸੀ ਲੰਬੂ ਗੁਰਭਜਨ ਨਹੀਂ ਦਿਸਦਾ ਤਾਂ ਮੈਂ ਅਰਜ਼ ਕੀਤੀ ਸੀ ਕੇ ਸੁਤਾ ਪਿਆ ਹੈ। ਗਰੀਬ ਨਿਵਾਜ ਜੀ ਸਮਝ ਗਏ ਸੀ ਬੱਸ। ਕਿਉਂ ਕਿ ਮੈਂ ਆਪਣਾ ਸਿਰ ਆਪਣੀ ਛਾਤੀ ਵਲ ਮੋੜਿਆ ਸੀ। ਸਤਿਗੁਰੂ ਜੀ ਦਾ ਪਿਆਰ ਭਰੀ ਬਖਸ਼ਿਸ਼ ਕਰਨ ਦਾ ਵਖਰਾ ਹੀ ਢੰਗ ਹੁੰਦਾ।

### ਪਿਆਰ ਦੀ ਬਖ਼ਸ਼ਿਸ਼

ਮੁਠੱਡੇ ਹੋਲੇ ਦੀ ਸਮਾਪਤੀ ਪਿਛੋਂ ਵਾਪਸ ਆਉਣ ਲਈ ਮੈਂ ਸੰਗਤ ਦੇ ਨਾਲ ਮੇਨ ਸੜਕ ਤੇ ਬੱਸ ਚੜ੍ਹਨ ਵਾਸਤੇ ਖਲੋਤਾ ਸੀ। ਸੱਚੇ ਪਾਤਸ਼ਾਹ ਜੀ ਦੀ ਕਾਰ ਮੁਠੱਡਿਆਂ ਵਲੋਂ ਆਈ ਤੇ ਫਰਰ ਕਰਦੀ ਸਾਡੇ ਕੋਲੋਂ ਲੰਘੀ। ਸਾਰੀ ਸੰਗਤ ਨੇ ਸਤਿਕਾਰ ਵਜੋਂ ਸਿਰ ਨਿਵਾ ਕੇ ਨਮਸਕਾਰ ਕੀਤੀ। ਕਾਰ ਫਰਾਟੇ ਮਾਰਦੀ ਅੱਗੇ ਨਿਕਲ ਗਈ; ਪਰ ਤਿੰਨ ਚਾਰ ਮਿੰਟ ਬਾਅਦ ਕਾਰ ਵਾਪਸ ਆ ਗਈ। ਸਤਿਗੁਰੂ ਜੀ ਹੋਰਾਂ ਦੂਰੋਂ ਬਾਰੀ ਵਿਚੋਂ ਹੱਥ ਕੱਢ ਕੇ ਕੋਲ ਆਉਣ ਦਾ ਇਸ਼ਾਰਾ ਕੀਤਾ। ਪਰ ਸਾਡੇ ਕੋਲ ਆ ਕੇ ਗੁਰਮੁਖ ਨੇ ਕਾਰ ਘੁਮਾਕੇ ਦੋ ਕੁ ਕਿਲਿਆਂ ਦੀ ਵਿੱਥ ਤੇ ਕਾਰ ਖੜੀ ਕਰ ਲਈ। ਮੈਂ ਦੌੜ ਕੇ ਕਾਰ ਕੋਲ ਗਿਆ, ਤਾਂ ਕਾਰ ਇਕ ਦੰਮ ਮੇਰੇ ਤੇ ਧੂਆਂ ਤੇ ਘੱਟਾ ਸੁਟਦੀ ਦੌੜ ਗਈ। ਮੈਨੂੰ ਦੌੜਦਿਆਂ ਸਾਹ ਚੜ੍ਹਿਆ ਸੀ। ਮੈਂ ਸਹਿਜੇ ਸਹਿਜੇ ਵਾਪਸ ਆਇਆ ਤਾਂ ਮੈਨੂੰ ਕੋਈ ਸੱਜਨ ਮਜ਼ਾਕ ਕਰਨ ਲਗੇ। ਕਈ ਕਹਿਣ ਤੂੰ ਸੋਚਿਆ ਮੈਨੂੰ ਕਾਰ ਵਿਚ ਬਿਠਾਉਣ ਲਈ ਤਾਂ ਕਾਰ ਵਾਪਸ ਆਈ ਹੈ। ਮੈਂ ਕਿਹਾ ਮੈਨੂੰ ਸਤਿਗੁਰੂ ਜੀ ਹੋਰਾਂ ਜੋ ਦੇਣਾ ਸੀ ਉਹ ਦੇ ਗਏ ਹਨ। ਓਹਨਾਂ ਮੈਨੂੰ ਪਿਆਰ ਬਖਸ਼ਣਾ ਸੀ ਬਖਸ਼ ਗਏ ਹਨ। ਉਹਨਾਂ ਦਸਿਆ ਹੈ ਕੇ ਅਸਾਂ ਤੈਨੂੰ ਵੇਖਿਆ ਹੈ ਅਤੇ ਜੀਹਨੂੰ ਸਤਿਗੁਰੂ ਜੀ ਵੇਖ ਲੈਂਦੇ ਹਨ, ਉਸਦੀ ਬਕਾਵਟ ਤਾਂ ਕੀ, ਪਾਪ ਹੀ ਧੁਪ ਜਾਂਦੇ ਹਨ। ਗੁਰਬਾਣੀ ਵਿਚ ਇਸ ਬਾਰੇ ਇਉਂ ਲਿਖਿਆ



Sri Satguru Jagjit Singh Ji eLibrary NamdhariElibrary@gmail.com

ਹੈ ਜੋ ਛੇਖੋਂ ਹਿਕ ਵਾਰ ਤਾਂ ਸੁਖ ਕੀ ਮਾਹੂ ਬਾਹਰੇ ਸੋ ਮੈਨੂੰ ਸਤਿਗੁਰੂ ਜੀ ਨੇ ਨਜ਼ਰ ਭਰ ਕੇ ਵੇਖਿਆ ਹੈ। ਇਸ ਕਿਰਪਾ ਤੋਂ ਪਿਛੋਂ ਚਾਰ ਦਿਨਾਂ ਬਾਅਦ ਸਤਿਗੁਰੂ ਜੀ ਹੋਰਾਂ ਸੰਤ ਨਗਰ ਦਰਸ਼ਨ ਦਿਤੇ। ਇਥੇ ਮਹਿੰਦਰ ਸਿੰਘ ਦੀ ਪਤਨੀ, ਲਾਭ ਕੌਰ ਚੜ੍ਹਾਈ ਕਰ ਗਈ ਸੀ ਅਤੇ ਉਸਦੇ ਭੋਗ ਦੇ ਪਾਠ ਤੇ ਸਤਿਗੁਰੂ ਜੀ ਪਰਿਵਾਰ ਵਲੋਂ ਅਰਜ਼ ਕਰਨ ਤੇ ਦਰਸ਼ਨ ਦਿਤੇ। ਮੈਂ ਥੋੜ੍ਹਾ ਲੇਟ ਆਇਆ ਸੀ ਜਿਸ ਕਰਕੇ ਮੱਥਾ ਟੇਕ ਦੂਰ ਜਗ੍ਹਾ ਮਿਲੀ ਉਥੇ ਜਾਕੇ ਬੈਠ ਗਿਆ। ਸਤਿਗੁਰੂ ਜੀ ਇਕ ਸਿੰਘ ਰਾਹੀ ਮੈਨੂੰ  ਬੁਲਾ ਕੇ ਕੋਲ ਬਿਠਾ ਲਿਆ। ਅਤੇ ਸਹਿਜ ਨਾਲ ਪੁਛਿਆ, ਕੀ ਕਹਿਣਾ ਸੀ। ਤੂੰ ਉਸ ਦਿਨ ਜਦ ਕਾਰ ਮਗਰ ਦੌੜਦਾ ਸੀ? ਮੈਂ ਕਿਹਾ ਸੀ, ਗੁਰਮੁਖ ਨੂੰ ਕਾਰ ਰੋਕ ਸਾਜਨ ਦੌੜਦਾ ਆ ਰਿਹਾ ਹੈ, ਪਰ ਇਸ ਨੇ ਕਾਰ ਹੀ ਨਹੀਂ ਰੋਕੀ। ਗੁਰਮੁਖ ਕੋਲ ਹੀ ਬੈਠਾ ਸੀ। ਮੈਂ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਮੈਂ ਤਾਂ ਦੌੜਦਿਆਂ ਹੀ ਕਹਿ ਦਿਤਾ ਸੀ ਅਤੇ ਆਪ ਜੀ ਚਲਦੀ ਕਾਰ ਵਿਚ ਹੀ ਸੁਣ ਲਿਆ ਸੀ। ਅੱਜ ਤਾਂ ਨਵੀਂ ਬਖਸ਼ਿਸ਼ ਕੀਤੀ ਹੈ। ਸਤਿਗੁਰੂ ਜੀ ਹੋਰਾਂ ਕਿਹਾ ਗੁਰਮੁਖਾ? ਸਾਜਨ ਦੀ ਆਦਤ ਹੈ ਪੁੱਠੀ ਗੱਲ ਕਰਨੀ।

ਇਕ ਦਿਨ ਸ੍ਰੀ ਜੀਵਨ ਨਗਰ ਤੋਂ ਕਰੀਵਾਲੇ ਸ਼ਾਮ ਦੇ ਦੀਵਾਨ ਵਿਚ ਦਰਸ਼ਨ ਦੇਣ ਜਾਣਾ ਸੀ। ਇਸ ਲਈ ਸਤਿਗੁਰੂ ਜੀ ਜਾਣ ਤੋਂ ਪਹਿਲਾ ਅੰਦਰਲੀ ਖੂਹੀ ਤੇ ਇਸ਼ਨਾਨ ਕਰਨ ਲਗੇ, ਤਾਂ ਮੈਨੂੰ ਕਿਹਾ ਤੂੰ ਮੇਰਾ ਕੁੜਤਾ ਪਜਾਮਾ ਫੜ ਕੇ ਉਸ ਨਿੰਮ ਥੱਲੇ ਚੱਲ; ਮੈਂ ਇਸ਼ਨਾਨ ਕਰਕੇ ਬਸਤਰ ਉਥੇ ਆਕੇ ਪਾਵਾਂਗਾ। ਬਸਤਰ ਲੈ ਕੇ ਮੈਂ ਨਿੰਮ ਥੱਲੇ ਆਣ ਬੈਠਾ, ਜੋ ਖੂਹੀ ਦੇ ਬਿਲਕੁਲ ਨੇੜੇ ਹੀ ਸੀ। ਸਤਿਗੁਰੂ ਜੀ ਇਸ਼ਨਾਨ ਕਰ ਕੱਛਹਿਰਾ ਬਦਲ ਨਿੰਮ ਥੱਲੇ ਆ ਗਏ। ਮੈਂ ਕੁੜਤਾ ਦਿਤਾ ਸਤਿਗੁਰੂ ਜੀ ਪਾ ਲਿਆ। ਸਤਿਗੁਰੂ ਜੀ ਪਊਵਿਆਂ ਤੇ ਖਲੋਤੇ ਸੀ; ਮੈਂ ਪਜਾਮਾ ਦਿਤਾ ਤਾਂ ਸਤਿਗੁਰੂ ਜੀ ਪਊਵਿਆਂ ਤੇ ਖਲੋਤੇ ਹੀ ਪਜਾਮਾ ਪਾਣ ਲਗੇ। ਮੇਰੇ ਮਨ ਵਿਚ ਆਇਆ, ਸਤਿਗੁਰੂ ਜੀ ਦੇ ਚਰਨ ਗਿਲੇ ਹਨ, ਚੂੜੀਦਾਰ ਪਜਾਮਾ ਹੈ, ਪਊਵਿਆਂ ਤੇ ਖਲੋਤੇ ਹਨ, ਪਜਾਮਾ ਪਾਣ ਲਗਿਆਂ ਇਹ ਡਿੱਗਣਗੇ? ਮੇਰੇ ਮਨ ਵਿਚੋਂ ਜਦੋਂ ਡਿੱਗਣਗੇ, ਸ਼ਬਦ ਖਤਮ ਹੋਇਆ ਤਾਂ ਸਤਿਗੁਰੂ ਜੀ ਨਾਲ ਹੀ ਕਹਿ ਦਿਤਾ ਨਹੀਂ, ਸਾਜਨ, ਮੈਂ ਡਿਗਦਾ ਨਹੀ ਇਹ ਮੇਰਾ ਅਭਿਆਸ ਹੈ। ਮੈਂ ਹੈਰਾਨ, ਚੁਪ ਹੋ ਗਿਆ ਕਿ ਸਤਿਗੁਰੂ ਜੀ ਨੂੰ ਕਿਵੇਂ ਪਤਾ ਲੱਗਾ ਕਿ ਮੇਰੇ ਮਨ ਵਿਚ ਇਹ ਸੁਆਲ ਉਠਿਆ ਹੈ। ਮੈਂ ਸੋਚ ਰਿਹਾ ਸੀ ਮੈਂ ਇਸ ਗੱਲ ਨੂੰ ਹੁਣ ਅੰਤਰਿਯਾਮਤਾ ਆਖਾਂ ਜਾ ਕੀ, ਮੈਂ ਇਹ ਪਾਠਕਾਂ ਦੀ ਭਾਵਨਾ ਤੇ ਹੀ ਛੱਡਦਾ ਹਾਂ। ਪਰ ਮੈਂ ਤਾਂ ਅੱਗੋਂ ਬੋਲ ਹੀ ਨਹੀਂ ਸੀ ਸਕਿਆ। ਇਸ਼ਨਾਨ ਕਰਨ ਪਿਛੋਂ ਅਸੀ ਕਰੀਵਾਲੇ ਲਈ ਤੁਰ ਪਏ। ਸੰਤ ਨਗਹ ਵਿਚ ਪੁਜੇ ਤਾਂ ਸੱਚੇ ਪਾਤਸ਼ਾਹ ਜੀ ਗੁਰਮੁਖ ਨੂੰ ਕਿਹਾ ਗੁਰਮੁਖਾ? ਮੁਠੱਡਿਆਂ ਤੋਂ ਤੂੰ ਸਾਜਨ ਨੂੰ ਕਾਰ ਵਿਚ ਨਹੀਂ ਸੀ ਬਿਠਾਇਆ ਅੱਜ ਕਿਉਂ ਬਿਠਾਇਆ ਹੈ?



Sri Satguru Jagjit Singh Ji eLibrary

ਇਸਨੂੰ ਉਤਾਰ ਦੋ, ਆਪੇ ਆਪਣੇ ਘਰ ਚਲਾ ਜਾਵੇਗਾ। ਗੁਰਮੁਖ ਨੇ ਕਾਰ ਰੋਕ ਲਈ ਤੇ ਮੈਂ ਕਾਰ ਵਿਚੋਂ ਉਤਰ ਗਿਆ, ਅਤੇ ਆਪਣੇ ਘਰ ਚਲਾ ਗਿਆ।

ਮੈਂ ਆਪਣੀ ਮਾਤਾ ਜੀ ਨੂੰ ਘਰ ਆ ਕੇ ਕਿਹਾ ਇਕ ਮੰਜਾ ਤੇ ਚਾਦਰ ਤਿਆਰ ਰਖੋ। ਉਮੀਦ ਹੈ ਸਤਿਗੁਰੂ ਜੀ ਦਰਸ਼ਨ ਦੇਣਗੇ। ਮੇਰੇ ਮਨ ਵਿਚ ਇਹ ਵਾਰ ਵਾਰ ਆਉਂਦਾ ਸੀ ਮੈਂ ਪ੍ਰੋਗਰਾਮ ਅਨੁਸਾਰ ਸਤਿਗੁਰੂ ਜੀ ਦੇ ਨਾਲ ਕਰੀਵਾਲੇ ਜਾਣਾ ਸੀ। ਇਸ ਤਰ੍ਹਾਂ ਸੜਕ ਤੇ ਉਤਾਰਨ ਦਾ ਕੀ ਮਤਲਬ? ਬੱਸ ਇਹਦਾ ਇਹੋ ਹੀ ਸੰਕੇਤ ਹੈ ਕੇ ਸਤਿਗੁਰੂ ਜੀ ਘਰ ਦਰਸਨ ਦੇਣਗੇ। ਹੋਰ ਤਾਂ ਕੋਈ ਕਾਰਨ ਨਹੀਂ ਹੋ ਸਕਦਾ। ਅਸੀਂ ਸਾਰਾ ਪਰਿਵਾਰ ਸੱਤ ਵਜੇ ਤਕ ਸ਼ਸ਼ੋਪੰਜ ਵਿਚ ਪਏ ਰਹੇ। ਪਰ ਅਚਾਨਕ ਫਿਰਨੀ ਵਿਚ ਧੂੜ ਦਿਸਨ ਲੱਗੀ। ਸਤਿਗੁਰੂ ਜੀ ਦਰਸ਼ਨ ਲਿਆ ਦਸਿਆ। ਪਰ ਖਾਸ ਕਰਕੇ ਆਸ਼ੀਰਵਾਦ ਲੈਣ ਵਾਲੀ ਗੱਲ ਸਤਿਗੁਰੂ ਜੀ ਦੇਣ ਆ ਰਹੇ ਹਨ। ਇਸ ਫਿਰਨੀ ਵਿਚ ਜਦੋਂ ਵੀ ਕਾਰ ਆਉਂਦੀ ਨੇੜੇ ਨੇੜੇ ਘਰਾਂ ਵਾਲੇ ਸਮਝ ਲੈਂਦੇ ਸਤਿਗੁਰੂ ਜੀ ਸਾਜਨ ਦੇ ਘਰ ਚੱਲੇ ਹਨ। ਸੰਗਤਾਂ ਉਸੇ ਵੇਲੇ ਮਗਰ ਹੀ ਦਰਸਨ ਕਰਨ ਪਹੁੰਚ ਜਾਂਦੀਆਂ। ਸਤਿਗੁਰੂ ਜੀ ਕਿਰਪਾ ਕੀਤੀ। ਮੇਰੀ ਮਾਤਾ ਜੀ ਚਰਨਾ ਤੇ ਮਥਾ ਟੇਕਿਆ, ਤਾਂ ਸਤਿਗੁਰੂ ਜੀ ਕਿਹਾ ਮਾਈ ਅੱਜ ਅਸੀ ਤੇਰੇ ਘਰ ਆਏ ਹਾਂ ਸਾਜਨ ਤਾਂ ਸਾਡੀ ਕਾਰ ਵਿਚੋਂ ਉਤਰ ਕੇ ਆਪ ਘਰ ਚਲਾ ਆਇਆ ਅਤੇ ਸਾਨੂੰ ਆਉਣ ਵਾਸਤੇ ਆਖਿਆ ਹੀ ਨਹੀਂ। ਅੱਜ ਅਸਾਂ ਸੋਚਿਆ ਚਲੋ ਸਾਜਨ ਨਹੀਂ ਆਖਿਆ ਤਾਂ ਅਸੀ ਮਾਈ ਦੇ ਘਰ ਚਲੇ ਜਾਂਦੇ ਹਾਂ। ਕੋਲ ਖਲੋਤੀ ਮੇਰੀ ਘਰਵਾਲੀ ਨੇ ਅਰਜ਼ ਕੀਤੀ, ਸੱਚੇਪਾਤਸ਼ਾਹ ਜੀ ਇਹ ਤਾਂ ਤੁਹਾਡੇ ਨਾਲ ਹੁੰਦਾ ਹੈ ਘਰ ਤਾਂ ਮੇਰਾ ਹੈ। ਤੁਸੀਂ ਕਿਰਪਾ ਕਰਕੇ ਮੇਰੇ ਘਰ ਚਰਨ ਪਾਉ। ਨਹੀਂ ਬੀਬੀ ਅੱਜ ਨਹੀਂ ਤੇਰੇ ਘਰ ਫੇਰ ਕਿਸੇ ਦਿਨ ਆਵਾਂਗੇ। ਸਤਿਗੁਰੂ ਕਿਰਪਾ ਕਰ ਮੇਰੇ ਪਰਿਵਾਰ ਨੂੰ ਦਰਸ਼ਨ ਦੇ ਕਿਹਾ ਚੱਲ ਬੈਠ ਗਡੀ ਵਿਚ ਘਰ ਤਾਂ ਬੀਬੀ ਦਾ ਹੈ? ਤੂੰ ਸਾਡੇ ਨਾਲ ਚੱਲ। ਅਤੇ ਮੈ ਫੇਰ ਗੱਡੀ ਵਿਚ ਬੈਠ ਸ੍ਰੀ ਜੀਵਨ ਨਗਰ ਆ ਗਿਆ।

## ਸਰਬ ਧਰਮ ਸੰਮੇਲਨ: ਮੇਰਠ

ਸੰਨ 1978 ਦੀ ਗੱਲ ਹੈ; ਮੇਰਠ ਵਿਖੇ ਆਲ ਇੰਡੀਆ ਸਰਬ ਧਰਮ ਸਮੇਲਨ ਹੋਇਆ। ਇਸ ਧਰਮ ਸਮੇਲਨ ਵਿਚ ਸਾਰੇ ਹਿੰਦੋਸਤਾਨ ਦੇ ਧਰਮਾਂ ਦੇ ਮੁਖੀਆਂ ਨੇ ਸ਼ਿਰਕਤ ਕੀਤੀ। ਖੁਲ੍ਹੇ ਪੰਡਾਲ ਵਿਚ ਆਪਣੇ ਆਪਣੇ ਕੈਂਪ ਲਾ ਕੇ; ਆਪਣੇ ਆਪਣੇ ਨਿਯਮਾਂ ਅਨੁਸਾਰ ਪ੍ਰਭੂ ਉਪਾਸਨਾਂ ਕਰ ਰਹੇ ਸੀ। ਪੰਡਾਲ ਦੇ ਇਕ ਪਾਸੇ ਕਰੀਬ 5-6 ਫੁਟ ਉਚਾ ਲੰਮਾਂ ਚੌੜਾ ਸਟੇਜ ਬਣਾਇਆ ਗਿਆ। ਜਿਸ ਉਤੇ ਧਰਮ



Sri Satguru Jagjit Singh Ji eLibrary NamdhariElibrary@gmail.com

ਮੁਖੀਆਂ ਦੇ ਕੱਠੇ ਬੈਠਣ ਲਈ ਜਗ੍ਹਾ ਨਿਯਤ ਕੀਤੀ ਗਈ। ਹਰ ਧਰਮ ਦੇ ਮੁਖੀ ਨੂੰ ਨਿਯਤ ਥਾਂ ਤੇ ਦੋ ਪ੍ਰਬੰਧਕਾਂ ਵਲੋਂ ਆਦਰ ਸਹਿਤ ਬਿਠਾਇਆ ਜਾਂਦਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੁਝ ਕੁ ਸਿਖਾਂ ਸਮੇਤ ਮੇਰਠ ਵਿਚ ਸਿੰਘ ਦੇ ਘਰ ਇਕ ਦਿਨ ਪਹਿਲਾਂ ਦਰਸ਼ਨ ਦਿਤੇ। ਸ਼ਾਮ ਦੇ ਦੀਵਾਨ ਵਿਚ ਮੇਰਠ ਦੀ ਸਾਰੀ ਸੰਗਤ ਨੇ ਚਰਨ ਪਰਸੇ। ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੇ ਭੋਗ ਉਪਰੰਤ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੱਖਾਂ ਦਾ ਇਕ ਜੱਥਾ ਪੰਡਾਲ ਵਿਚ ਨਾਮਧਾਰੀ ਮਰਿਆਦਾ ਅਨੁਸਾਰ ਹਵਨ ਕਰ ਅਰਦਾਸ ਕਰਕੇ; ਕੜਾਹ ਪ੍ਰਸਾਦਿ ਦੀ ਦੇਗ ਵਰਤਾਈ। ਓਥੇ ਜੋ ਵੀ ਨਾਮਧਾਰੀ ਪੰਥ ਦੀ ਮਰਿਆਦਾ ਦੀ ਜਾਣਕਾਰੀ ਲੈਣ ਆਇਆ; ਉਸਨੂੰ ਨਾਮਧਾਰੀ ਇਤਿਹਾਸ ਦੀਆਂ ਪੁਸਤਕਾਂ ਅਤੇ ਜ਼ਬਾਨੀ ਜਾਣਕਾਰੀ ਦਿਤੀ ਗਈ। ਮੈਂ ਸਤਿਗੁਰੂ ਜੀ ਦੇ ਕੋਲ ਹੀ ਘਰ ਬੈਠਾ ਸਾਂ। ਸਤਿਗੁਰੂ ਜੀ ਮੈਨੂੰ ਹੁਕਮ ਕੀਤਾ, ਸਾਜਨ, ਅਸਾਂ ਸਰਬਧਰਮ ਸਮੇਲਨ ਵਿਚ ਗਿਆਰਾਂ ਵਜੇ ਜਾਣਾ ਹੈ। ਤੂੰ ਉਥੇ ਜਾਕੇ ਸਟੇਜ ਅਤੇ ਵਾਤਾਵਰਨ ਦਾ ਜਾਇਜ਼ਾ ਲੈ ਕੇ ਆ; ਅਤੇ ਪ੍ਰਬੰਧਕਾਂ ਨੂੰ ਮਿਲਕੇ ਬੈਠਣ ਦੀ ਜਗ੍ਹਾ ਦਾ ਪਤਾ ਕਰ ਲੈਣਾ।

ਮੈਂ ਸੱਚੇ ਪਾਤਸ਼ਾਹ ਜੀ ਦਾ ਹੁਕਮ ਪਾ ਪੰਡਾਲ ਵਿਚ ਪੁਜਾ। ਘੁੰਮ ਕੇ ਮੈਂ ਸਾਰੇ ਪੰਡਾਲ ਦਾ ਜਾਇਜ਼ਾ ਲਿਆ। ਮੈਂ ਕੁਝ ਚਿਰ ਖਲੋ ਕੇ ਵੇਖਿਆ ਤਾਂ ਨਜ਼ਰ ਆਇਆ ਕੇ ਸਟੇਜ ਤੇ ਜਿਸ ਵੀ ਧਰਮ ਦਾ ਮੁਖੀ ਆਉਂਦਾ ਹੈ ਉਹ ਸੱਭ ਤੋਂ ਪਹਿਲਾਂ, ਮਹਾਂ ਮੁਨੀ ਜੀ ਨੂੰ ਨਮਸਕਾਰ ਕਰਦਾ ਹੈ, ਅਤੇ ਮਹਾਂ ਮੁਨੀ ਜੀ ਨਮਸਕਾਰ ਕਰਨ ਵਾਲੇ ਨੂੰ ਹੱਥ ਨਾਲ ਆਸ਼ੀਰਵਾਦ ਦਿੰਦੇ ਹਨ। ਫਿਰ ਉਸਨੂੰ ਦੋ ਪ੍ਰਬੰਧਕ ਆਦਰ ਸਹਿਤ ਉਸਦੀ ਨੀਅਤ ਕੀਤੀ ਜਗ੍ਹਾ ਤੇ ਬਿਠਾਲ ਦਿੰਦੇ ਹਨ। ਮੈਂ ਸਟੇਜ ਉਪਰ ਸਤਿਗੁਰੂ ਜੀ ਦੇ ਬੈਠਣ ਵਾਲੀ ਜਗ੍ਹਾ ਵੇਖੀ। ਪ੍ਰਬੰਧਕਾਂ ਨੂੰ ਸਤਿਗੁਰੂ ਜੀ ਦੇ ਆਉਣ ਦਾ ਸਮਾਂ ਦਸਿਆ, ਅਤੇ ਵਾਪਸ ਆ ਗਿਆ। ਮੇਰੇ ਮਨ ਵਿਚ ਇਕ ਦੁਚਿਤੀ ਹਾਵੀ ਹੋਈ ਜਾ ਰਹੀ ਸੀ, ਕੇ ਇਸ ਸਟੇਜ ਤੇ ਜੋ ਵੀ ਧਰਮ ਮੁਖੀ ਆਉਂਦਾ ਹੈ ਉਹ ਸਰਬ ਧਰਮ ਦੇ ਮੁਖੀ ਮੁਨੀ ਜੀ ਨੂੰ ਨਮਸਕਾਰ ਕਰਕੇ ਆਸ਼ੀਰਵਾਦ ਲੈਣ ਪਿਛੋਂ ਆਸਨ ਗ੍ਰਹਿਨ ਕਰਦਾ ਹੈ। ਪਰ ਅਸੀਂ ਤਾਂ ਸਤਿਗੁਰੂ ਜੀ ਨੂੰ ਸਰਬੋਤਮ ਮੰਨਦੇ ਹਾਂ। ਕੀ ਸਤਿਗੁਰੂ ਜੀ ਨਮਸਕਾਰ ਕਰਨਗੇ, ਕੀ ਆਸ਼ੀਰਵਾਦ ਲੈਣਗੇ। ਮੈਂ ਇਹਨਾਂ ਸੁਆਲਾਂ ਵਿਚ ਘਿਰਿਆ ਹੀ ਸਤਿਗੁਰੂ ਜੀ ਕੋਲ ਪੁਜਾ। ਨਮਸਕਾਰ ਕਰ ਪੰਡਾਲ ਵਿਚ ਹਾਲਾਤ ਦਾ ਜਾਇਜ਼ਾ ਕੋਲ ਦੋ ਵਾਰ ਦੁਹਰਾਈ। ਮੇਰੇ ਦੂਜੀ ਵਾਰ ਗੱਲ ਕਰਨ ਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਹੁਕਮ ਕੀਤਾ, ਸਾਰੀ ਸੰਗਤ ਹੇਠਾਂ ਮਿਥੇ ਥਾਂ ਤੇ ਬੈਠੇਗੀ, ਅਤੇ ਉਪਰ ਮੇਰੇ ਨਾਲ ਸਿਰਫ ਬਲਕਾਰ ਤੇ ਸਾਜਨ ਹੀ ਜਾਣਗੇ। ਸਤਿਗੁਰੂ ਜੀ ਨੇ ਠੀਕ ਮਿਥੇ ਸਮੇਂ ਅਨੁਸਾਰ ਪੰਡਾਲ ਵਿਚ ਦਰਸ਼ਨ



Sri Satguru Jagjit Singh Ji eLibrary

ਦਿਤੇ। ਸਾਰੀ ਸੰਗਤ ਆਪਣੇ ਦੱਸੇ ਅਸਥਾਨ ਤੇ ਜਾ ਬੈਠੀ। ਮੈਂ ਤੇ ਬਲਕਾਰ ਸਿੰਘ ਸੱਚੇ ਪਾਤਸ਼ਾਹ ਜੀ ਨਾਲ ਪਉੜੀ ਰਾਹੀਂ ਸਟੇਜ ਤੇ ਚੜ੍ਹੇ ਤਾਂ ਮੈਂ ਪ੍ਰਬੰਧਕਾਂ ਨੂੰ ਸਤਿਗੁਰੂ ਜੀ ਦੇ ਆਉਣ ਬਾਰੇ ਨਾਮ ਲੈ ਦਸਿਆ ਤਾਂ ਇਕ ਪ੍ਰਬੰਧਕ ਨੇ ਮਹਾਂ ਮੁਨੀ ਜੀ ਨੂੰ ਬੇਨਤੀ ਕੀਤੀ। ਸਤਿਗੁਰੂ ਜੀ ਮਹਾਂ ਮੁਨੀ ਜੀ ਦੇ ਆਸਨ ਕੋਲ ਪੁਜੇ ਤਾਂ ਮਹਾਂ ਮੁਨੀ ਜੀ ਆਪਣੇ ਆਸਨ ਤੋਂ ਥਲੇ ਉਤਰ ਸਤਿਗੁਰੂ ਜੀ ਦਾ ਸੁਆਗਤ ਕੀਤਾ, ਅਤੇ ਆਪਣੇ ਹੀ ਆਸਨ ਦੇ ਕੋਲ ਲਗੇ ਆਸਨ ਤੇ ਦੋਨਾਂ ਹੱਥਾਂ ਨਾਲ ਸ਼ੁਸ਼ੋਭਤ ਹੋਣ ਲਈ ਇਸ਼ਾਰਾ ਕੀਤਾ। ਸਤਿਗੁਰੂ ਜੀ ਆਪਣੇ ਆਸਣ ਤੇ ਬੈਠੇ, ਤਾਂ ਮਹਾਂ ਮੁਨੀ ਜੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਤਾਂਸਤਿਗੁਰੂ ਜੀ ਮਹਾਂ ਮੁਨੀ ਜੀ ਨੂੰ ਆਪਣੇ ਆਸਨ ਤੇ ਬੈਠਣ ਨੂੰ ਕਿਹਾ ਤਾਂ ਮਹਾਂ ਮੁਨੀ ਜੀ ਆਪਣੇ ਪਹਿਲੇ ਅਸਥਾਨ ਤੇ ਬੈਠ ਗਏ। ਇਸ ਤੋਂ ਪਿਛੋਂ ਫਿਰ ਪਹਿਲੇ ਵਾਂਗ ਪਰਕਿਰਿਆ ਜਾਰੀ ਹੋ ਗਈ। ਹਰ ਧਰਮ ਦੇ ਮੁਖੀ ਮਹਾਂ ਮੁਨੀ ਜੀ ਨੂੰ ਨਮਸਕਾਰ ਕਰਕੇ ਆਸ਼ੀਰਵਾਦ ਲੈ ਕੇ ਆਸਨ ਗ੍ਰਹਿਨ ਕਰਦੇ। ਸਮੇਂ ਸਮੇਂ ਸਤਿਗੁਰੂ ਜੀ ਤੇ ਮੁਨੀ ਜੀ ਬਚੱਨ ਬਿਲਾਸ ਵੀ ਕਰਦੇ। ਮੈਂ ਤੇ ਬਲਕਾਰ ਸਿੰਘ ਸਤਿਗੁਰੂ ਜੀ ਦੇ ਪਿਛੇ ਬੈਠੇ ਇਹ ਅਲੌਕਕ ਨਜ਼ਾਰਾ ਤਕਦੇ ਰਹੇ। ਸਤਿਗੁਰੂ ਜੀ ਦੋ ਘੰਟੇ ਮਹਾਂ ਮੁਨੀ ਕੋਲ ਬੈਠ ਲੁਕਾਈ ਨੂੰ ਦਰਸ਼ਨ ਦੇ ਕੇ ਆਪਣੇ ਡੇਰੇ ਆ ਗਏ। ਘਰ ਬੈਠਿਆਂ ਮੈਂ ਆਪਣੇ ਦਿਲ ਦਾ ਤੌਖਲਾ ਸਤਿਗੁਰੂ ਜੀ ਅਗੇ ਜਾਹਰ ਕਰਦਿਆਂ ਕਿਹਾ ਸੱਚੇ ਪਾਤਸ਼ਾਹ ਜੀ ਮੇਰੇ ਅੰਦਰ ਇਹ ਬੜਾ ਵਡਾ ਸੰਦੇਹ ਬਣਿਆ ਹੋਇਆ ਸੀ, ਕਿ ਸਤਿਗੁਰੂ ਜੀ ਸਟੇਜ ਤੇ ਜਾਣਗੇ ਤਾਂ ਕੀ ਹੋਵੇਗਾ। ਪਰ ਮੇਰੀ ਹਿੰਮਤ ਨਹੀਂ ਸੀ ਪੈ ਰਹੀ ਕਿ ਮੈਂ ਕੋਈ ਅਰਜ਼ ਕਰਾਂ। ਮੇਰੀ ਇਹ ਗੱਲ ਸੁਣ ਸੱਚੇ ਪਾਤਸ਼ਾਹ ਜੀ ਬਲਕਾਰ ਸਿੰਘ ਨੂੰ ਆਖਿਆ ਬਲਕਾਰ, ਸਾਜਨ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਦੀ ਉਡੀਕ ਕਰਨ ਤੋਂ ਪਹਿਲਾਂ ਹੀ ਡਰਨ ਲਗ ਜਾਂਦਾ ਹੈ।

## ਨੌਜਵਾਨਾਂ ਦੀ ਇਕੱਤਰਤਾ

ਸਤਿਗੁਰੂ ਜੀ ਗੁਰਤਾਗਦੀ ਤੇ ਸ਼ਸ਼ੋਭਿਤ ਹੁੰਦਿਆਂ ਹੀ ਨੌਂ ਜੁਆਨ ਪੀੜ੍ਹੀ ਵੱਲ ਖਾਸ ਧਿਆਨ ਦੇਣਾ ਸ਼ੁਰੂ ਕਰ ਦਿਤਾ ਸੀ। ਜਿਸਦਾ ਸਬੂਤ ਸੀ ਕੇ ਆਲ ਇੰਡੀਆ ਯੁਵਕ ਜਥਾ ਨਿਯੁਕਤ ਕਰਨਾ। ਹਰ ਸਾਲ ਸ੍ਰੀ ਭੈਣੀ ਸਾਹਿਬ ਵਿਖੇ ਯੁਵਕ ਸੰਮੇਲਨ ਕਰਵਾ ਕੇ ਨੌਂ ਜੁਆਨਾਂ ਨੂੰ ਸਿਖੀ ਮਾਰਗ ਵੱਲ ਪ੍ਰੇਰਿਤ ਕਰਨਾ। ਇਸ ਯੁਵਕ ਸੰਮੇਲਨ ਵਿਚ ਦੇਸ ਅਤੇ ਵਿਦੇਸ਼ ਤੋਂ ਪੇਂਡੂ ਅਤੇ ਸ਼ਹਿਰੀ ਪੜ੍ਹੇ ਅਤੇ ਅਨਪੜ੍ਹ ਸਾਰੇ ਯੁਵਕ ਜਥੇ ਦੇ ਮੈਂਬਰ ਬਣ ਇਸ ਵਿਚ ਹਿਸਾ ਲੈਣ ਲਈ ਪਹੁੰਚਦੇ। ਯੁਵਕ ਸੰਮੇਲਨ ਵਿਚ ਨਾਮਧਾਰੀ ਪੰਥ ਵਿਚ ਆਈਆਂ ਗਿਰਾਵਟਾਂ ਤੇ ਚਰਚਾ ਕਰ ਉਸਦਾ ਸਮਾਧਾਨ ਕਢਿਆ ਜਾਂਦਾ ਅਤੇ ਕੂਕਾ ਪੰਥ ਦੀ ਛਬ ਨੂੰ ਕਾਇਮ ਰਖਣ



Sri Satguru Jagjit Singh Ji eLibrary NamdhariElibrary@gmail.com

ਲਈ ਅਤੇ ਪੰਥ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਲਈ ਪ੍ਰੋਗਰਾਮ ਉਲੀਕੇ ਜਾਂਦੇ। ਇਸ ਨੌਜੁਆਨ ਜਥੇ ਦੀ ਇਲਾਕੇ ਦੀ ਚੋਣ ਕਰਨ ਸਮੇਂ ਮੈਨੂੰ ਸ੍ਰੀ ਜੀਵਨ ਨਗਰ ਇਲਾਕੇ ਦੇ ਜਥੇ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਮੈਂ ਸਮਝ ਮੁਤਾਬਕ ਦੋ ਸਾਲ ਆਪਣਾ ਫਰਜ਼ ਨਿਭਾਉਂਦਾ ਰਿਹਾ। ਇਸ ਵਿਚ ਪੜ੍ਹਿਆ ਲਿਖਿਆਂ ਦੀ ਗਿਣਤੀ ਵੱਧ ਚੁਕੀ ਸੀ। ਇਸ ਲਈ ਇਕ ਵਾਰਦੇ ਸੰਮੇਲਨ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਯੁਵਕ ਜਥੇ ਦਾ ਮੈਂਬਰ ਦਸ ਪਾਸ ਹੋਣਾ ਲਾਜ਼ਮੀ ਹੈ। ਜਿਸ ਸਮਾਰੋਹ ਵਿਚ ਇਹ ਮਤਾ ਪਾਸ ਕੀਤਾ ਗਿਆ ਉਸ ਵਿਚ ਮੈਂ ਤੇ ਠਾਕਰ ਜੀ ਅੰਮ੍ਰਿਤਸਰ ਗਏ ਹੋਏ ਸੀ। ਸੋ ਆਮੂਲ ਮੁਤਾਬਕ ਮੈਂ ਦੂਸਰੇ ਦਿਨ ਸ੍ਰੀ ਜੀਵਨ ਨਗਰ ਇਲਾਕੇ ਦੇ ਜਥੇ ਦੀ ਪ੍ਰਧਾਨਗੀ ਤੋਂ ਆਲ ਇੰਡੀਆਂ ਜੱਥੇ ਦੇ ਪ੍ਰਧਾਨ ਨੂੰ ਆਪਣਾਂ ਅਸਤੀਫਾ ਸੌਂਪ ਦਿਤਾ। ਜਿਸ ਵਿਚ ਕਾਰਨ ਲਿਖਿਆ ਸੀ ਕੇ ਮੈਂ ਅਨ੍ਹਪੜ ਹੋਣ ਕਾਰਨ ਆਪਣੀ ਪਦਵੀ ਤੋਂ ਅਸਤੀਫਾ ਦਿੰਦਾ ਹਾਂ। ਇਹ ਗੱਲ ਸੱਚੇ ਪਾਤਸ਼ਾਹ ਜੀ ਕੋਲ ਪੁਜੀ ਤਾਂ ਸਤਿਗੁਰੂ ਜੀ ਹੋਰਾਂ ਹੁਕਮ ਕੀਤਾ ਸਾਜਨ ਦਾ ਅਸਤੀਫਾ ਨਾ ਮਨਜ਼ੂਰ ਕੀਤਾ ਜਾਵੇ। ਜਥੇ ਦੀ ਕਮੇਟੀ ਨੇ ਅਰਜ਼ ਕੀਤੀ ਗਰੀਬ ਨਿਵਾਜ਼ ਜਥੇ ਦੇ ਅਸੂਲਾਂ ਅਨੁਸਾਰ ਸਾਜਨ ਪਰਧਾਨ ਤਾਂ ਕੀ ਮੈਂਬਰ ਵੀ ਨਹੀਂ ਰਹੇ ਸਕਦਾ। ਸਤਿਗੁਰੂ ਜੀ ਨੇ ਕਿਹਾ ਇਹ ਤਾਂ ਠੀਕ ਹੈ ਸਾਜਨ ਅਸੂਲਾਂ ਮੁਤਾਬਕ ਮੈਂਬਰ ਨਹੀਂ ਬਣ ਸਕਦਾ। ਪਰ ਅਸੂਲ ਤਾਂ ਬਦਲੇ ਜਾ ਸਕਦੇ ਹਨ। ਤੁਸੀਂ ਅੱਜ ਦੇ ਸਮਾਗਮ ਵਿਚ ਮਤਾ ਪਾਸ ਕਰਕੇ ਉਸ ਵਿਚ ਇਹ ਲਿਖੋ ਕੇ ਜੇ ਕੋਈ ਦਸਵੀਂ ਪਾਸ ਨਹੀਂ, ਪਰ ਉਸ ਵਿਚ ਯੋਗਤਾ ਹੈ ਤਾਂ ਉਹ ਜਥੇ ਦਾ ਮੈਂਬਰ ਬਣ ਸਕਦਾ ਹੈ, ਜਿਵੇਂ ਕੇ ਸਾਜਨ। ਸਤਿਗੁਰੂ ਜੀ ਦਾ ਇਹ ਹੁਕਮ ਪਾ ਕੇ ਮੈਨੂੰ ਫਿਰ ਜਥੇ ਦਾ ਮੈਂਬਰ ਲੈ ਲਿਆ ਅਤੇ ਨਾਲ ਹੀ ਆਲ ਇੰਡੀਆ ਨੌਜੁਆਨ ਵਿਦਿਅਕ ਜਥੇ ਦਾ ਪਰਧਾਨ ਬਣਾ ਦਿਤਾ।

### ਸਮੇਂ ਦੀ ਅਰਜ਼ ਕੀਤੀ ਗਲਤੀ

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀਆਂ ਬਖਸ਼ਿਸ਼ਾਂ ਦਾ ਪਾਰਾ ਵਾਰ ਨਹੀਂ। ਮੈਨੂੰ ਵਾਰ ਵਾਰ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਸ਼ਬਦ ਦਾ ਚੇਤਾ ਆਉਂਦਾ ਹੈ ਜੋ ਪ੍ਰਮੇਸ਼ਰ ਦੀ ਮਹਿਮਾ ਲਿਖਣ ਉਚਾਰਨ ਬਾਰੇ ਲਿਖਿਆ ਹੈ ਉਹਨੂੰ ਮੰਨਣਾ ਹੀ ਪਵੇਗਾ। ਉਹਨਾਂ ਲਿਖਿਆ ਹੈ:

ਬਸੁਦਾ ਕਾਗਜ਼ ਜੇ ਕਰੋਂ ਕਲਮ ਕਰੋਂ ਬਨ ਰਾਇ।
ਹਰ ਜੱਸ ਲਿਖਣ ਨਾ ਜਾਇ।

ਮੈਂ ਜਦੋਂ ਵੀ ਸਤਿਗੁਰੂ ਜੀ ਦਾ ਜਸ ਲਿਖਣ ਬੈਠਦਾ ਹਾਂ ਤਾਂ ਮੇਰੇ ਵਾਸਤੇ ਇਹ ਨਿਰਨਾ ਲੈਣਾ ਔਖਾ ਹੋ ਜਾਂਦਾ ਹੈ ਕੇ ਕੀ ਪਹਿਲਾਂ ਲਿਖਾਂ ਤੇ ਕੀ ਪਿਛੋਂ।



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਦੀਆਂ ਮੇਹਰਾਂ ਦੀ ਛਹਿਬਰ ਹੀ ਨਹੀਂ ਸਗੋਂ ਸਾਉਣ ਦੀ ਝੜੀ ਲੱਗੀ ਨਜ਼ਰ ਆਉਂਦੀ ਹੈ।

ਮੈਨੂੰ ਯਾਦ ਹੈ ਇਕ ਵਾਰ ਸ੍ਰੀ ਸਤਿਗੁਰੂ ਜੀ ਦਿੱਲੀ ਗਏ ਹੋਏ ਸੀ ਅਤੇ ਮੈਂ ਕੋਈ ਅਰਜ਼ ਕਰਨੀ ਸੀ। ਉਸ ਸਮੇਂ ਸਾਡੇ ਇਲਾਕੇ ਵਿਚ ਟੈਲੀਫੋਨ ਦੀ ਸਵਿਧਾ ਨਹੀਂ ਸੀ, ਸੋ ਮੈਂ ਸਤਿਗੁਰੂ ਜੀ ਦੇ ਚਰਨਾਂ ਵਿਖੇ ਅਰਜ ਕਰਨ ਲਈ ਸਰਸੇ ਆਇਆ। ਮੇਰੇ ਇਕ ਮਿੱਤਰ ਦੇ ਘਰ ਟੈਲੀਫੋਨ ਹੈ ਸੀ। ਮੈਂ ਉਸਦੇ ਘਰ ਬੈਠ ਕੇ ਦਿਲੀ ਕਾਲ ਬੁੱਕ ਕਰਾ ਦਿਤੀ। ਪਰ ਉਸ ਵੇਲੇ ਇਹ ਵੀ ਨਹੀਂ ਸੀ ਕੇ ਕਾਲ ਡਾਇਲ ਕੀਤੀ ਤੇ ਗੱਲ ਹੋ ਗਈ। ਓਦੋਂ ਤਾਂ ਬੁਕ ਕਰਾਉਣ ਪਿਛੋਂ ਕਈ ਘੰਟਿਆਂ ਤਕ ਕਾਲ ਲੱਗਣ ਦੀ ਉਡੀਕ ਕਰਨੀ ਪੈਂਦੀ ਸੀ; ਫੋਨ ਬੁਕ ਕਰਾਉਣ ਪਿਛੋਂ ਮੈਂ ਘੰਟਾ ਕੁ ਉਸਦੇ ਘਰ ਉਡੀਕ ਕੀਤੀ ਪਰ ਫੋਨ ਨਾ ਮਿਲਣ ਕਾਰਨ ਉਸਦੇ ਦੁਕਾਨ ਖੋਲ੍ਹਣ ਦਾ ਵਕਤ ਹੋ ਗਿਆ। ਉਸ ਨੇ ਕਿਹਾ ਸਾਜਨ ਚਲ ਦੁਕਾਨ ਤੇ ਚੱਲਦੇ ਹਾਂ ਕਾਲ ਦੁਕਾਨ ਵਾਲੇ ਨੰਬਰ ਤੇ ਬਦਲ ਲੈਂਦੇ ਹਾਂ ਤੇ ਤੂੰ ਉਥੇ ਬੈਠ ਕੇ ਫੋਨ ਮਿਲਨ ਦੀ ਉਡੀਕ ਕਰ ਲਵੀਂ। ਮੇਰੇ ਕੋਲ ਹਾਂ ਕਰਨ ਬਿਨਾ ਕੋਈ ਚਾਰਾ ਨਹੀਂ ਸੀ ਸੋ ਉਸ ਨਾਲ ਉਸਦੀ ਦੁਕਾਨ ਤੇ ਆ; ਬੈਠ ਕੇ ਸਤਿਗੁਰੂ ਜੀ ਕੋਲ ਅਰਜ਼ ਕਰਨ ਲਈ ਫੋਨ ਮਿਲਨ ਦੀ ਉਡੀਕ ਕਰਨ ਲੱਗਾ। ਅਸਲ ਵਿਚ ਉਸਦੀ ਦੁਕਾਨ ਸ਼ਰਾਬ ਦਾ ਠੇਕਾ ਸੀ। ਮੈਂ ਠੇਕੇ ਵਿਚ ਵਾਸਣਾ ਲਾਈ ਬੈਠਾ ਸੀ। ਠੇਕੇ ਦੇ ਸਾਹਮਣੇ ਵਾਲੀ ਸੜਕ ਸ਼ਹਿਰ ਵਿਚ ਦਾਖਲ ਹੋਣ ਤੇ ਬਾਹਰ ਨਿਕਲਣ ਲਈ ਮੇਨ ਸੜਕ ਉਹੋ ਹੀ ਸੀ। ਇਸੇ ਲਈ ਉਥੋਂ ਹੀ ਸਾਰੀ ਪਬਲਿਕ ਲੰਘਦੀ ਸੀ। ਮੈਂ ਬੈਠਾ ਫੋਨ ਦੀ ਉਡੀਕ ਕਰ ਰਿਹਾ ਸੀ, ਤੇ ਨਾਲੇ ਸੋਚ ਰਿਹਾ ਸਾਂ ਸਾਰ ਕੁਤਾਵਲੀ ਵਿਚ ਲਿਖਿਆ ਹੈ। ਦੂਧ ਪੀਏ ਜੋ ਹਾਟ ਕਲਾਲੇ। ਸੁਰਾ ਸਮਝਤ ਹੈਂ ਦੇਖਨ ਵਾਲੇ। ਮਨ ਵਿਚ ਵਾਰ ਵਾਰ ਇਹ ਆਉਂਦੀ ਸੀ ਕੇ ਜੇ ਮੈਨੂੰ ਕਿਸੇ ਨੇ ਇਥੇ ਬੈਠਿਆਂ ਵੇਖ ਲਿਆ, ਤਾਂ ਉਹ ਜਰੂਰ ਸੋਚੇ ਗਾ, ਸਾਜਨ ਇਥੇ ਕਿਵੇਂ ਬੈਠਾ ਹੈ; ਪਰ ਮੇਰੇ ਕੋਲ ਹੋਰ ਇਸਦਾ ਤੋੜ ਨਹੀ ਸੀ। ਸਤਿਗੁਰੂ ਜੀ ਪਾਸ ਅਰਜ਼ ਜ਼ਰੂਰੀ ਕਰਨੀ ਸੀ ਸੋ ਢੀਠ ਬਣ ਬੈਠਾ ਰਿਹਾ। ਸੜਕ ਚਲ ਰਹੀ ਸੀ ਅਤੇ ਬਹੁਤੇ ਸੱਜਨ ਲੰਘਣ ਵਾਲੇ ਠੇਕੇ ਵੱਲ ਨਜ਼ਰ ਜਰੂਰ ਮਾਰਦੇ ਸਨ। ਜਿਹੜੇ ਪੀਂਦੇ ਸਨ ਉਹ ਲਾਲ੍ਹਾਂ ਟਪਕਾਉਂਦੇ ਤੇ ਨਾ ਪੀਣ ਵਾਲੇ ਨਫਰਤ ਨਾਲ। ਮੈਂ ਆਪਣੀ ਲੋੜ ਲਈ ਅਡੋਲ ਬੈਠਾ ਸਾਂ। ਪਰ ਸਿਆਣੇ ਕਹਿੰਦੇ ਨੇ ਬੱਕਰੇ ਦੀ ਮਾਂ ਪੁਤ ਨੂੰ ਬਚਾਉਣ ਲਈ ਕਿੰਨਾ ਕੁ ਚਿਰ ਸੁੱਖਣਾ ਸੁੱਖੇਗੀ, ਆਖਰ ਤਾਂ ਇਕ ਦਿਨ ਬੱਕਰਾ ਬਲੀ ਚੜ੍ਹ ਹੀ ਜਾਣਾ ਹੈ, ਸੋ ਓਹੋ ਕੁਝ ਮੇਰੇ ਨਾਲ ਵੀ ਹੋਇਆ। ਮੈਂ ਅੰਦਰ ਬੈਠੇ ਨੇ ਥੋੜ੍ਹੀ ਜਿਹੀ ਧੌਣ ਟੇਡੀ ਕਰਕੇ ਬਾਹਰ ਸੜਕ ਵਲ ਵੇਖਿਆ, ਤਾਂ ਗੁਰਦੇਵ ਸਿੰਘ ਮੁਦਾਰ ਸੜਕ ਤੋਂ ਲੰਘ ਰਿਹਾ ਸੀ। ਸਾਡੀਆ ਨਜ਼ਰਾਂ ਜ਼ਰੂਰ ਭਿੜੀਆਂ ਪਰ ਦੋਵੇਂ ਅਡੋਲ ਰਹੇ। ਮੈਂ ਆਪਣੇ ਮਕਸਦ ਨੂੰ ਪੂਰਾ ਕਰਨ ਲਈ



Sri Satguru Jagjit Singh Ji eLibrary NamdhariElibrary@gmail.com

ਡਟਿਆ ਰਿਹਾ ਅਤੇ ਗੁਰਦੇਵ ਸਿੰਘ ਬੱਸ ਚੜ੍ਹਨ ਲਈ ਅਗੇ ਨਿਕਲ ਗਿਆ। ਇਸ ਘਟਨਾਂ ਪਿਛੋਂ ਦੋ ਕੁ ਮਹੀਨੇ ਪਿਛੋਂ ਮੈਂ ਸ੍ਰੀ ਭੈਣੀ ਸਾਹਿਬ ਗਿਆ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ਤਾਂ ਸੱਚੇ ਪਾਤਸ਼ਾਹ ਜੀ ਹੋਰਾਂ ਪੁਛਿਆ ਕੌੜੀ ਤਾਂ ਨਹੀਂ ਸੀ? ਮੈਂ ਅਰਜ਼ ਕੀਤੀ ਗਰੀਬ ਨਿਵਾਜ਼ ਆਪ ਜੀ ਦੀ ਆਦਤ ਤਾਂ ਗੌਠੇ ਮਿਠੇ ਕਰ ਦੇਣ ਦੀ ਹੈ। ਹੋਰ ਤਾਂ ਚੀਜ਼ ਹੀ ਕੀ ਹੈ ਪਰ ਚਖੀ ਨਹੀਂ ਸੀ।

ਸੱਚੇ ਪਾਤਸ਼ਾਹ ਜੀ ਕਿਹਾ ਮੇਰੇ ਕੋਲ ਗੁਰਦੇਵ ਸਿੰਘ ਆਣ ਕੇ ਕਿਹਾ ਸੀ; ਕਿ ਸਾਜਨ ਸ਼ਰਾਬ ਪੀਂਦਾ ਹੈ। ਮੈਂ ਕਿਹਾ ਨਹੀਂ, ਗੁਰਦੇਵ ਸਿੰਘ ਫਿਰ ਕਿਹਾ ਨਹੀਂ ਜੀ ਸਾਜਨ ਸ਼ਰਾਬ ਪੀਂਦਾ ਹੈ। ਪਰ ਲੁਕ ਕੇ, ਪਰ ਮੈਂ ਉਸਨੂੰ ਕਿਹਾ, ਸਾਜਨ ਸ਼ਰਾਬ ਨਹੀਂ ਪੀਂਦਾ, ਪਰ ਗੁਰਦੇਵ ਨੇ ਫਿਰ ਕਿਹਾ ਮੈਂ ਜੀ ਉਸਨੂੰ ਆਪ ਵੇਖਿਆ ਹੈ। ਇਸ ਵਾਰ ਮੈਂ ਉਸਨੂੰ ਕਹਿ ਦਿਤਾ, ਤੂੰ ਕਹਿੰਦਾ ਹੈਂ ਮੈਂ ਸਾਜਨ ਨੂੰ ਪੀਂਦਿਆਂ ਅਖੀਂ ਵੇਖਿਆ ਹੈ ਪਰ ਮੈਂ ਇਹ ਕਹਿੰਦਾ ਹਾਂ ਤੂੰ ਇਹ ਕਹਿ ਦੇਵੇਂ ਕੇ ਉਸਨੂੰ ਗਲਾਸ ਵਿਚ ਪਾਕੇ ਆਪਣੇ ਹੱਥ ਨਾਲ ਉਸਦੇ ਮੂੰਹ ਨੂੰ ਗਲਾਸ ਲਾ ਕੇ ਪਿਆਈ ਹੈ; ਤਾਂ ਮੈਂ ਫਿਰ ਵੀ ਕਹੇ ਦੇਵਾਂਗਾ ਸਾਜਨ ਸ਼ਰਾਬ ਨਹੀਂ ਪੀਂਦਾ। ਮੈਂ ਜਦੋਂ ਇਹ ਕਿਹਾ ਤਾਂ ਗੁਰਦੇਵ ਸਿੰਘ ਹੱਥ ਜੋੜ ਕੇ ਮਾਫੀ ਮੰਗਣ ਲੱਗ ਗਿਆ; ਤੇ ਮੈਂ ਉਸਨੂੰ ਝੱਟ ਮੁਆਫ ਕਰ ਦਿਤਾ। ਮੈਂ ਹੱਥ ਜੋੜ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਅੱਰਜ਼ ਕੀਤੀ ਗਰੀਬ ਨਿਵਾਜ ਜਿਵੇ ਆਪ ਜੀ ਗੁਰਦੇਵ ਸਿੰਘ ਨੂੰ ਮੁਆਫ ਕਰ ਦਿਤਾ ਹੈ ਉਸੇ ਤਰ੍ਹਾਂ ਮੈਨੂੰ ਵੀ ਮੁਆਫ ਕਰ ਦੇਵੋ। ਕਿਉਂਕਿ ਗੁਨਾਹ ਗੁਰਦੇਵ ਸਿੰਘ ਦਾ ਨਹੀਂ ਮੇਰਾ ਹੈ। ਮੈਂ ਸ਼ਰਾਬ ਦੇ ਠੇਕੇ ਵਿਚ ਬੈਠਾ; ਤਾਂ ਉਸਨੂੰ ਮੁਆਫੀ ਮੰਗਣੀ ਪਈ। ਦੀਨ ਦਿਆਲ ਜੀ ਇਹ ਘਟਨਾ ਉਸ ਦਿਨ ਦੀ ਹੈ, ਜਿਸ ਦਿਨ ਮੈਂ ਆਪ ਜੀ ਕੋਲ ਟੈਲੀਫੋਨ ਤੇ ਅਰਜ ਕੀਤੀ ਸੀ। ਸੰਤਨਗਰ ਵਿਚ ਇਕ ਭਗਵੰਤ ਸਿੰਘ ਵਰਨ ਰਹਿੰਦਾ ਹੈ। ਉਹ ਗਰੀਬ ਹੈ ਅਤੇ ਉਹ ਆਪਣੇ ਬੱਚੇ ਪਾਲਣ ਵਾਸਤੇ ਆਪ ਜੀ ਦੇ ਹੁਕਮ ਦੀ ਉਲੰਘਣ ਕਰਦਿਆਂ ਸ਼ਰਾਬ ਪੀਂਦਾ ਵੀ ਹੈ ਅਤੇ ਬਾਗੜੀਆਂ ਦੇ ਪਿੰਡਾਂ ਵਿਚ ਸ਼ਰਾਬ ਵੇਚ ਕੇ ਪਰਿਵਾਰ ਦਾ ਨਿਰਬਾਹ ਕਰ ਰਿਹਾ ਹੈ।

ਉਸ ਕੋਲ ਸ਼ਰਾਬ ਵੇਚਣ ਬਿਨਾਂ ਹੋਰ ਕੋਈ ਰੋਜਗਾਰ ਨਹੀਂ ਉਹ ਮਜ਼ਬੂਰ ਹੈ ਬੱਚੇ ਪਾਲਣ ਵਾਸਤੇ। ਇਸ ਵੇਲੇ ਉਸਦੀ ਲੜਕੀ ਵਿਆਹੁਣ ਯੋਗ ਹੈਅਤੇ ਉਸਨੇ ਉਸਦਾ ਰਿਸ਼ਤਾ ਨਾਮਧਾਰੀ ਪਰਿਵਾਰ ਵਿਚ ਪਿੰਡ ਹਾਰਨੀਆਂ ਵਿਚ ਕੀਤਾ ਹੋਇਆ ਹੈ। ਗਰੀਬ ਨਿਵਾਜ਼ ਉਸਨੇ ਲੜਕੀ ਦਾ ਅਨੰਦ ਕਾਰਜ ਨਾਮਧਾਰੀ ਮਰਿਆਦਾ ਅਨੁਸਾਰ ਕਰਨਾ ਹੈ। ਕੁਝ ਸਮਾਂ ਪਹਿਲਾਂ ਆਪ ਜੀ ਕੋਲ ਇਸ ਲੜਕੀ ਦੇ ਆਨੰਦ ਕਾਰਜ ਦੀ ਆਪ ਜੀ ਵਲੋਂ ਮਨਜ਼ੂਰੀ ਲੈਣ ਦੀ ਅਰਜ਼ ਸੰਤ ਹਰਬੰਸ ਸਿੰਘ ਸੰਤ ਨਗਰ ਤੇ ਕੁਝ ਹੋਰ ਸਿੰਘਾਂ ਨੇ ਵੀ ਕੀਤੀ ਸੀ ਪਰ ਆਪ ਜੀ ਹੁਕਮ ਕੀਤਾ ਸੀ



Sri Satguru Jagjit Singh Ji eLibrary

ਭਗਵੰਤ ਸਿੰਘ ਸ਼ਰਾਬ ਪੀਣਾ ਤੇ ਵੇਚਣਾ ਛੱਡ ਦੇਵੇ ਤਾਂ ਵਿਆਹ ਦੀ ਮਨਜ਼ੂਰੀ ਮਿਲੇਗੀ। ਗਰੀਬ ਨਿਵਾਜ਼ ਜੀ ਮੈਂ ਵੀ ਉਸੇ ਹੀ ਵਿਆਹ ਵਾਸਤੇ ਅਰਜ਼ ਕਰ ਰਿਹਾ ਹਾਂ। ਦੀਨ ਦਿਆਲ ਜੀਓ ਭਗਵੰਤ ਸਿੰਘ ਮਜ਼ਬੂਰ ਹੈ, ਧੀ ਜੁਆਨ ਹੈ, ਲੜਕੇ ਵਾਲੇ ਵਿਆਹ ਮੰਗਦੇ ਹਨ, ਜੇ ਲੜਕੇ ਵਾਲਿਆਂ ਰਿਸ਼ਤਾ ਲੈਣ ਤੋਂ ਇਨਕਾਰ ਕਰ ਦਿਤਾ ਤਾਂ ਇਕ ਗਰੀਬ ਸਿੱਖ ਵਾਸਤੇ ਮੁਸੀਬਤ ਬਣ ਜਾਵੇਗੀ। ਮੇਹਰਾਂ ਦੇ ਮਾਲਕ ਉਸ ਆਪਣੇਂ ਸਿੱਖ ਤੇ ਤਰੁੱਠਦਿਆਂ ਲੜਕੀ ਦੇ ਆਨੰਦ ਕਾਰਜ ਦੀ ਮਨਜ਼ੂਰੀ ਦੇ ਕੇ ਸਿੱਖ ਦੇ ਕਾਜ ਸੁਆਰ ਦੇਵੋ। ਗਰੀਬ ਨਿਵਾਜ਼ ਆਪ ਜੀ ਨੇ ਮੇਰੀ ਉਸ ਸਮੇਂ ਠੇਕੇ ਵਿਚ ਬੈਠੇ ਦੀ ਅਰਜ਼ ਪ੍ਰਵਾਨ ਕਰਕੇ ਭਗਵੰਤ ਸਿੰਘ ਨੂੰ ਵਿਆਹ ਦੀ ਮਨਜ਼ੂਰੀ ਦਿੱਤੀ ਸੀ, ਅਤੇ ਉਹ ਵਿਆਹ ਨਾਮਧਾਰੀ ਮਰਿਆਦਾ ਅਨੁਸਾਰ ਹੀ ਹੋਇਆ ਸੀ, ਪਰ ਦੀਨ ਦਿਆਲ ਜੀ ਇਸ ਸਾਰੇ ਵਿਚ ਹੈ ਤਾਂ ਮੇਰੀ ਹੀ ਗਲਤੀ। ਸੋ ਕਿਰਪਾ ਕਰਕੇ ਮੈਨੂੰ ਇਸ ਗਲਤੀ ਦੀ ਮੁਆਫੀ ਦੇ ਦਿਉ। ਦੀਨਦਿਆਲ ਜੀ ਹੁਕਮ ਕੀਤਾ ਤੂੰ ਏਹੋ ਜੇਹੀਆਂ ਗਲਤੀਆਂ ਜ਼ਰੂਰ ਕਰਿਆ ਕਰ, ਠੇਕੇ ਵਾਲੀਆਂ ਨਹੀਂ ਆਨੰਦ ਕਰਾਉਣ ਵਾਲੀਆਂ। ਇਨਾ ਆਖ ਮੇਰੇ ਲਈ ਸਤਿਗੁਰੂ ਜੀ ਹੋਰਾਂ ਬੱਖਸ਼ਿਸ਼ਾਂ ਦੇ ਭੰਡਾਰ ਖੋਹਲ ਦਿਤੇ।

## ਸਤਿਗੁਰੂ ਅਤੇ ਸਿੱਖ

ਕਈ ਵਾਰ ਸਾਡੇ ਕੋਲ ਸਾਡਾ ਮਿੱਤਰ ਇਹ ਆਸ ਲੈ ਕੇ ਆਉਂਦਾ ਹੈ ਕੇ ਮੇਰੀ ਗਰਜ ਮਿੱਤਰ ਕੋਲੋਂ ਪੂਰੀ ਹੋ ਜਾਵੇਗੀ ਅਤੇ ਉਹ ਆਨ ਕੇ ਆਪਣੀ ਲੋੜ ਅਤੇ ਲੋੜ ਦੀ ਮਜਬੂਰੀ ਦੋਵੇਂ ਹੀ ਜ਼ਾਹਿਰ ਕਰਕੇ ਮਦੱਦ ਮੰਗਦਾ ਹੈ। ਪਰ ਅਗਲਾ ਵਿਅਕਤੀ ਮਿੱਤਰ ਨੂੰ ਅਜਿਹੇ ਸੁੱਚਜੇ ਢੰਗ ਨਾਲ ਟਾਲ ਦਿੰਦਾ ਹੈ ਕਿ ਉਸਨੂੰ ਮਹਿਸੂਸ ਵੀ ਨਾ ਹੋਵੇ। ਭਾਵੇਂ ਉਸ ਕੋਲ ਮਿੱਤਰ ਦੀ ਮੱਦਦ ਕਰਨ ਦੀ ਸਮੱਰਥਾ ਹੁੰਦੀ ਹੈ। ਪਰ ਉਹ ਹੁੰਦੇ ਸੁੰਦੇ ਘਰ ਆਏ ਮਿੱਤਰ ਨੂੰ ਖਾਲੀ ਮੋੜ ਦਿੰਦਾ ਹੈ। ਪਰ ਸਤਿਗੁਰੂ ਇਸਦੇ ਉਲਟ ਆਪਣੇ ਸਿੱਖ ਦੀ ਅੰਦਰੂਨੀ ਅਰਦਾਸ ਸੁਣ ਕੇ ਉਸਨੂੰ ਲੋੜ ਤੋਂ ਵੱਧ ਦੇ ਦਿੰਦਾ ਹੈ। ਪਰ ਜੇ ਸਿੱਖ ਸਤਿਗੁਰੂ ਦੇ ਦਰ ਤੇ ਆਨ ਕੇ ਮੰਗ ਮੰਗਦਾ ਹੈ ਤਾਂ ਫਿਰ ਤਾਂ ਕਦੇ ਹੋ ਹੀ ਨਹੀਂ ਸਕਦਾ ਕਿ ਸਿੱਖ ਸਤਿਗੁਰੂ ਦੇ ਦਰ ਤੋਂ ਖਾਲੀ ਹੱਥ ਚਲਾ ਜਾਵੇ। ਇਹ ਦੁਨੀਆਂ ਦੇ ਇਤਹਾਸ ਵਿਚ ਖੋਜ ਕਰਨ ਤੇ ਵੀ ਨਹੀਂ ਮਿਲੇਗਾ। ਇਹ ਤਾਂ ਹੈ ਸਤਿਗੁਰੂ ਤੋਂ ਦਾਤਾਂ ਮੰਗ ਕੇ ਝੋਲੀਆਂ ਭਰਨ ਦੀ ਗੱਲ; ਪਰ ਇਸ ਤੋਂ ਅੱਗੇ ਵੀ ਇਕ ਸਾਂਝ ਹੈ ਸਤਿਗੁਰੂ ਅਤੇ ਸਿੱਖ ਦੀ। ਜੋ ਸਿਰਫ ਤੇ ਸਿਰਫ ਸਤਿਗੁਰੂ ਹੀ ਨਿਭਾ ਸਕਦਾ ਹੈ ਅਤੇ ਸਤਿਗੁਰੂ ਹਮੇਸ਼ਾਂ ਆਪਣੇ ਸਿੱਖ ਲਈ ਨਿਭਾਉਂਦਾ ਆਇਆ ਹੈ।

ਸੋ ਉਹੋ ਰੀਤ ਹਮੇਸ਼ਾ ਮੇਰੇ ਨਾਲ ਮੇਰੇ ਸਤਿਗੁਰੂ, ਸਤਿਗੁਰੂ ਜਗਜੀਤ ਸਿੰਘ



Sri Satguru Jagjit Singh Ji eLibrary NamdhariElibrary@gmail.com

ਜੀ ਨੇ ਨਿਭਾਈ ਹੈ। ਇਸ ਨੂੰ ਪਾਠਕ ਮੰਨਣ ਤਾਂ ਖੁਸ਼ੀ ਹੋਵੇਗੀ ਅਤੇ ਉਹਨਾਂ ਦਾ ਵੀ ਆਪਣੇ ਸਤਿਗੁਰੂ ਤੇ ਭਰੋਸਾ ਹੋਰ ਪੱਕਾ ਹੋਵੇਗਾ ਪਰ ਮੇਰਾ ਤਾਂ ਪੱਕਾ ਭਰੋਸਾ ਹੈ। ਮੈਨੂੰ ਮੇਰੇ ਸਤਿਗੁਰੂ ਨੇ ਹਮੇਸ਼ਾਂ ਅਣਮੰਗਿਆ ਦਾਨ ਦਿਤਾ ਹੈ। ਜਿਸਦੀ ਹਕੀਕਤ ਲਈ ਪਾਠਕਾਂ ਨਾਲ ਇਕ ਘਟਨਾ ਸਾਂਝੀ ਕਰਦਾ ਹਾਂ।

**ਅਣਮੰਗੀ ਬਖ਼ਸ਼ਿਸ਼**

ਇਕ ਵਾਰ ਬਲਕਾਰ ਸਿੰਘ ਨਿਜੀ ਸੇਵਕ, ਗੁਰਭਜਨ ਸਿੰਘ ਨਿਜੀ ਸੈਕਟਰੀ, ਅਤੇ ਮੈਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਨਾਲ ਅੰਮ੍ਰਿਤਸਰ ਜਾ ਰਹੇ ਸਾਂ। ਜਦ ਫਗਵਾੜੇ ਵਿਚ ਦੀ ਲੰਘ ਰਹੇ ਸੀ ਤਾਂ ਉਥੇ ਇਕ ਕੋਠੀ ਨਵੀ ਬਣ ਰਹੀ ਸੀ; ਜਿਸ ਦੀ ਤੀਸਰੀ ਮੰਜ਼ਲ ਦੀ ਉਸਾਰੀ ਹੋ ਰਹੀ ਸੀ। ਗੁਰਮੁਖ ਸਿੰਘ ਗੱਡੀ ਚਲਾਈ ਜਾ ਰਿਹਾ ਸੀ ਤਾਂ ਸਤਿਗੁਰੂ ਜੀ ਅਚਾਨਕ ਸ਼ੀਸ਼ੇ ਵਿਚ ਬਾਹਰ ਵੇਖਣ ਲੱਗੇ; ਗੱਡੀ ਅੱਗੇ ਲੰਘ ਗਈ ਪਰ ਸਤਿਗੁਰੂ ਜੀ ਵੇਖੀ ਜਾ ਰਹੇ ਸੀ। ਇਉਂ ਸਤਿਗੁਰੂ ਜੀ ਨੂੰ ਬਾਹਰ ਤਕਦਿਆਂ ਵੇਖ ਬਲਕਾਰ ਸਿੰਘ ਨੇ ਕਿਹਾ ਗਰੀਬ ਨਿਵਾਜ਼ ਬਾਹਰ ਕੀ ਹੈ ਜੋ ਵੇਖ ਰਹੇ ਹੋ ਤਾਂ ਸਤਿਗੁਰੂ ਜੀ ਬਚਨ ਕੀਤਾ, "ਬਲਕਾਰ ਮੈਂ ਔਹ ਤਿੰਨ ਮੰਜ਼ਲੀ ਕੋਠੀ ਵੇਖ ਰਿਹਾ ਹਾਂ ਜੋ ਸਾਜਨ ਦੀ ਬਣ ਰਹੀ ਹੈ। ਬੱਸ ਇਨਾਂ ਆਖ ਸਤਿਗੁਰੂ ਜੀ ਚਿਹਰਾ ਅੰਦਰ ਕਰ ਲਿਆ। ਮੈਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਗਰੀਬ ਨਿਵਾਜ਼ ਹੁਣ ਤਾਂ ਮੇਰੀ ਕੋਠੀ ਬਣ ਹੀ ਗਈ ਹੈ। ਆਪ ਜੀ ਨੇ ਬਖਸ਼ਿਸ਼ ਕਰ ਹੀ ਦਿਤੀ ਹੈ। ਮੈਨੂੰ ਹੀ ਸਿਰਫ ਉਹ ਕੋਠੀ ਬਣਦੀ ਨਹੀਂ ਦਿਸਦੀ ਪਰ ਬਣੀ ਜਾ ਰਹੀ ਹੈ। ਜੋ ਤੁਸਾਂ ਮੈਨੂੰ ਬਖਸ਼ੀ ਹੈ। ਮੈਂ ਉਸ ਤਿੰਨ ਮੰਜ਼ਲੀ ਕੋਠੀ ਵਿਚ ਇਕ ਦਿਨ ਜ਼ਰੂਰ ਵੱਸਾਂਗਾ। ਇਹ ਕਦੇ ਹੋ ਹੀ ਨਹੀਂ ਸਕਦਾ ਮੇਰੇ ਸਤਿਗੁਰੂ ਦੀ ਕੀਤੀ ਬਖਸ਼ਸ਼ ਪੂਰੀ ਨਾ ਹੋਵੇ। ਪਿਆਰੇ ਪਾਠਕੋ ਮੇਰੇ ਵਿਚ ਉਸ ਵਕਤ ਦੇ ਹਾਲਾਤ ਅਨੁਸਾਰ ਮੇਰੀ ਸਮੱਰਥਾ ਨਹੀਂ ਸੀ ਮੈਂ ਕਦੇ ਤਿੰਨ ਮੰਜ਼ਲੀ ਕੋਠੀ ਵਿਚ ਬੈਠ ਸਕਦਾ। ਉਸਤੋਂ ਪਿਛੋਂ ਤਾਂ ਮੇਰੇ ਤੇ ਮੁਸ਼ਕਲਾਂ ਦੇ ਕਈ ਝੱਖੜ ਝੁਲੇ। ਪਰ ਮੇਰਾ ਸਤਿਗੁਰੂ ਕਦੇ ਮੇਰੇ ਲਈ ਝੱਖੜਾਂ ਸਾਹਮਣੇ ਪਹਾੜ ਰੂਪ ਵਿਚ ਖੜਾ ਹੁੰਦਾ ਤੇ ਕਦੇ ਵੱਸਦੇ ਗੜਿਆਂ ਦੀ ਮਾਰ ਤੋਂ ਬਚਾਉਣ ਲਈ ਛੱਤਰੀ ਦਾ ਰੂਪ ਧਾਰਨ ਕਰ ਲੈਂਦੇ। ਸਤਿਗੁਰੂ ਜੀ ਦਾ ਕੀਤਾ ਬਚਨ ਫਲੀਭੂਤ ਹੋਇਆ। ਸੰਨ ਉਨੀ ਸੌ ਨੜਿਨਵੇਂ ਦੇ ਮਾਰਚ ਮਹੀਨੇ ਵਿਚ ਮੇਰੀ ਤਿੰਨ ਮੰਜ਼ਲੀ ਕੋਠੀ ਮੁਕੰਮਲ ਹੋਈ ਤਾਂ ਮੈਂ ਨਾਮਧਾਰੀ ਧਰਮਸ਼ਾਲਾ ਚੰਡੀਗੜ੍ਹ ਸਜੇ ਦੀਵਾਨ ਵਿਚ ਜਾ ਕੇ ਸਤਗੁਰੂ ਜੀ ਕੋਲ ਅਰਜ਼ ਕੀਤੀ ਤਾਂ ਰਛਪਾਲ ਸਿੰਘ ਸੇਵਕ ਨੇ ਕਿਹਾ ਸਾਜਨ ਸਤਿਗੁਰੂ ਜੀ ਇਕ ਸਾਲ ਤੋਂ ਕਿਸੇ ਦੇ ਘਰ ਚਰਨ ਪਾਣ ਨਹੀਂ ਜਾਂਦੇ। ਪਰ ਜਾਣੀ-ਜਾਣ ਸਤਿਗੁਰੂ ਜੀ ਜਾਣਦੇ ਸਨ ਕੇ ਇਹ ਕੋਠੀ ਤਾਂ ਮੈਂ ਹੀ ਸਾਜਨ ਨੂੰ ਵਰ ਦੇ ਕੇ ਬਖਸ਼ੀ ਹੈ ਫਿਰ ਭਲਾ ਚਰਨ ਕਿਵੇਂ ਨਾ ਪਾਏ ਜਾਣ। ਸਤਿਗੁਰੂ ਜੀ



Sri Satguru Jagjit Singh Ji eLibrary

ਹੋਰਾਂ ਰਛਪਾਲ ਸਿੰਘ ਦੀ ਕਹੀ ਗੱਲ ਨੂੰ ਸੁਣ ਸੰਤ ਤਰਸੇਮ ਸਿੰਘ ਨੂੰ ਕਿਹਾ, ਤਰਸੇਮ, ਸਾਜਨ ਦਾ ਘਰ ਸੀ ਭੈਣੀ ਸਾਹਿਬ ਦੇ ਰਸਤੇ ਵਿਚ ਹੈ ਚਲੋ ਚਲਾਂ ਗੇ। ਸਤਿਗੁਰੂ ਜੀ ਦੋਹਰੀ ਬਖਸ਼ਿਸ਼ ਕਰ ਕੋਠੀ ਵਿਚ ਚਰਨ ਪਾ ਆਪਣੇ ਸਿੱਖ ਦਾ ਗ੍ਰਹਿ ਪਵਿਤਰ ਕਰ ਦਿਤਾ। ਜਿਸ ਵੇਲੇ ਮੈਂ ਇਹ ਅੰਤਰ ਵੇਦਨਾਂ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ ਇਸ ਵੇਲੇ ਸਤਿਗੁਰੂ ਜੀ ਦੀ ਬਖਸ਼ਿਸ਼ ਦੁਆਰਾ ਮਿਲੀ ਕੋਠੀ ਵਿਚ ਬੈਠਾ ਲਿਖ ਰਿਹਾ ਹਾਂ, ਅਤੇ ਓਹਨਾਂ ਦੀ ਕਿਰਪਾ ਦੁਆਰਾ ਦੂਸਰੀ ਕੋਠੀ ਦੀ ਤੀਸਰੀ ਮੰਜ਼ਲ ਦੀ ਉਸਾਰੀ ਹੋ ਰਹੀ ਹੈ ਇਹ ਮੈਂ ਗੱਲ ਕੋਠੀ ਬਣਦੀ ਦੀ ਨਹੀਂ ਕਰ ਰਿਹਾ। ਇਹ ਤਾਂ ਆਪਣੇ ਸਤਿਗੁਰੂ ਵਲੋਂ ਅਣਮੰਗਿਆ ਦਾਨ ਦੇਣ ਦੀ ਗਲ ਕਰ ਰਿਹਾ ਹਾਂ। ਸਤਿਗੁਰੂ ਆਪਣੇ ਸਿੱਖ ਨੂੰ ਮੰਗਣ ਤੋਂ ਜਿਆਦਾ ਅਤੇ ਅਣਿਮੰਗਿਆ ਦਾਨ ਦੇ ਕੇ ਨਿਵਾਜ਼ਦਾ ਹੈ, ਪਰ ਸਿੱਖ ਕਈ ਵਾਰ ਆਪਣੇ ਸਤਿਗੁਰੂ ਦੀਆਂ ਬਖਸ਼ੀਆਂ ਦਾਤਾਂ ਨੂੰ ਮੈਂ ਮੇਰੀ ਵਿਚ ਗੁਆ ਬੈਠਦਾ ਹੈ। ਮੇਰੇ ਸਤਿਗੁਰੂ ਨੇ ਹਮੇਸ਼ਾਂ ਮੈਨੂੰ ਮੰਗਿਆ ਦਾਨ ਦਿਤਾ ਹੈ ਜਿਸ ਨੂੰ ਮੈਂ ਸੰਭਾਲਦਾ ਥੱਕ ਜਾਂਦਾ ਹਾਂ ਪਰ ਮੇਰਾ ਸਤਿਗੁਰੂ ਦਿੰਦਿਆਂ ਕਦੇ ਨਹੀਂ ਥੱਕਦਾ।

## ਰੁਬਾਈ ਦੀ ਮਜਬੂਰੀ

ਇਕ ਵਾਰ ਮੈਂ ਤੇ ਮੇਰਾ ਮਿੱਤਰ ਬਲਬੀਰ ਸਿੰਘ ਢਿਲੋਂ ਬੈਂਕੋਕ ਗਏ ਹੋਏ ਸੀ, ਤਾਂ ਪਤਾ ਲੱਗਾ ਅੱਜ ਸਤਿਗੁਰੂ ਸੱਚੇ ਪਾਤਿਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਇਕ ਵਜੇ ਬੈਂਕੋਕ ਏਅਰ ਪੋਰਟ ਤੇ ਪਹੁੰਚ ਰਹੇ ਹਨ ਅਤੇ ਬੈਂਕੋਕ ਦੀ ਨਾਮਧਾਰੀ ਸੰਗਤ ਸਤਿਗੁਰੂ ਜੀ ਦੇ ਸੁਆਗਤ ਵਾਸਤੇ ਏਅਰ ਪੋਰਟ ਤੇ ਜਾ ਰਹੀ ਹੈ। ਮੈਂ ਅਤੇ ਢਿਲੋਂ ਵੀ ਕਿਸੇ ਸੇਠ ਦੀ ਗੱਡੀ ਵਿਚ ਬੈਠ ਏਅਰ ਪੋਰਟ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਪਹੁੰਚ ਗਏ। ਸਤਿਗੁਰੂ ਜੀ ਬੈਂਕੋਕ ਏਅਰਪੋਰਟ ਤੇ ਉਤਰੇ ਤਾਂ ਬੈਂਕੋਕ ਸਰਕਾਰ ਦੇ ਹੁਕਮਾਂ ਮੁਤਾਬਕ ਏਅਰਪੋਰਟ ਅਥਾਰਟੀ ਦੇ ਸੀਨੀਅਰ ਅਫਸਰਾਂ ਵਲੋਂ ਸਤਿਗੁਰੂ ਜੀ ਦਾ ਸੁਆਗਤ ਕਰਕੇ ਬੜੇ ਸਨਮਾਨ ਨਾਲ ਉਸ ਹਾਲ ਤੱਕ ਲਿਆਂਦਾ ਗਿਆ, ਜਿਥੇ ਨਾਮਧਾਰੀ ਸੰਗਤ ਸਤਿਗੁਰੂ ਜੀ ਦੇ ਦੀਦਾਰ ਕਰਨ ਦੀ ਉਡੀਕ ਵਿਚ ਜੁੜੀ ਬੈਠੀ ਸੀ। ਸਤਿਗੁਰੂ ਜੀ ਹੋਰਾਂ ਹਾਲ ਵਿਚ ਚਰਨ ਪਾਏ ਤਾਂ ਸੰਗਤਾ ਨੇ ਜੈਕਾਰਿਆਂ ਨਾਲ ਅਕਾਸ਼ ਗੁੰਜਾ ਦਿਤਾ। ਸੱਚੇ ਪਾਤਿਸ਼ਾਹ ਜੀ ਕੁਰਸੀ ਤੇ ਸ਼ਸ਼ੋਬਤ ਹੋਏ ਤਾਂ ਸੰਗਤ ਲੰਮੀ ਲਾਈਨ ਵਿਚ ਲੱਗ ਚਰਨ ਪਰਸਨ ਲੱਗੀ। ਸਿੱਖ ਸਤਿਗੁਰੂ ਜੀ ਦੇ ਚਰਨ ਪਰਸ ਕੇ ਬੈਠ ਰਹੇ ਸੀ। ਮੈਂ ਤੇ ਢਿਲੋਂ ਪਿਛੇ ਦੂਰ ਲਾਈਨ ਵਿਚ ਆ ਰਹੇ ਸਾਂ ਕਿਉਂ ਕਿ ਸੇਠਾਂ ਤੋਂ ਅੱਗੇ ਲੱਗਣਾ ਸਾਨੂੰ ਸੋਭਦਾ ਨਹੀਂ ਸੀ। ਇਕ ਤਾਂ ਸੇਠ ਸਾਡੇ ਤੋਂ ਆਮੀਰ ਸਨ ਅਤੇ ਸਾਡੇ ਮਨ ਤੇ ਅਮੀਰੀ ਗਰੀਬੀ ਦੀ ਦੀਵਾਰ ਦਾ ਅਸਰ ਸੀ। ਦੂਸਰਾ ਉਹਨਾਂ ਦਾ ਦੇਸ਼ ਤੋਂ ਜਿਮੇਂਵਾਰੀ ਵੀ ਹੈ ਸੀ। ਸੋ ਅਸੀ ਸੇਠਾਂ ਦੇ ਪਿਛੇ ਪਿਛੇ



Sri Satguru Jagjit Singh Ji eLibrary NamdhariElibrary@gmail.com

ਲਾਈਨ ਵਿਚ ਲੱਗੇ ਸਤਿਗੁਰੂ ਜੀ ਦੇ ਨਜ਼ਦੀਕ ਪਹੁੰਚ ਗਏ। ਸਤਿਗੁਰੂ ਜੀ ਸੇਠਾਂ ਨੂੰ ਮੁਸਕਾਨਾਂ ਵੰਡ ਬਖਸ਼ਸ਼ ਕਰ ਰਹੇ ਸੀ। ਅਸੀਂ ਸੋਚ ਰਹੇ ਸੀ,ਸੇਠਾਂ ਉਤੇ ਜੋ ਕਿਰਪਾ ਹੋ ਰਹੀ ਸੀ; ਇਸਦਾ ਕੋਈ ਪਾਰਾਵਾਰ ਨਹੀਂ, ਪਰ ਜੋ ਸਤਿਗੁਰੂ ਜੀ ਇੰਨੇ ਰੁਝੇਵੇਂ ਵਿਚੋਂ ਸਾਨੂੰ ਵੇਖ ਹੀ ਲੈਣ ਤਾਂ ਸੁਭਾਗੇ ਹੋਵਾਂਗੇ। ਪਰ ਜਾਨੀ ਜਾਨ ਬੇਅੰਤ ਸਤਿਗੁਰੂ ਜੀ ਨੂੰ ਲੱਖਨਾ ਸਿੱਖ ਦੇ ਵੱਸ ਤੋਂ ਬਾਹਰ ਹੈ। ਢਿਲੋਂ ਮੱਥਾ ਟੇਕ ਲਿਆ ਅਤੇ ਮੇਰੀ ਵਾਰੀ ਆਈ। ਮੈਂ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕਰਨ ਲਈ ਆਪਣੇ ਸਿਰ ਨੂੰ ਹਾਲਾਂ ਅੱਧ ਤਕ ਹੀ ਨੀਵਾਂ ਕੀਤਾ ਸੀ ਤਾਂ ਸਤਿਗੁਰੂ ਜੀ ਆਪਣੇ ਚਰਨ ਕਵਲ ਨੂੰ ਉੱਚਾ ਚੁੱਕ ਮੇਰੇ ਅੱਧ ਤਕ ਆਏ ਮੱਥੇ ਨੂੰ ਲਾ ਦਿਤਾ। ਮੈਨੂੰ ਉਹਨਾਂ ਪੂਰਾ ਥੱਲੇ ਨਿਵਣ ਤੋਂ ਪਹਿਲਾਂ ਹੀ ਬਹੁਤ ਕੁਝ ਬਖਸ਼ ਦਿੱਤਾ; ਜੋ ਮੈਂ ਚਾਹੁੰਦਾ ਸਾਂ। ਚਰਨ ਧੂੜ ਨੂੰ ਤਰਸਨ ਵਾਲੀ ਰੀਝ ਨੂੰ ਸਤਿਗੁਰੂ ਨੇ ਸਾਗਰ ਦੀ ਛੱਲ ਵਾਂਗ ਮੇਰੀ ਝੋਲੀ ਵਿੱਚ ਧਕੇਲ ਕੇ ਮੇਰੀ ਰੂਹ ਨੂੰ ਕਿਸੇ ਅਦੁਤੀ ਵਿਸਮਾਦ ਵਿੱਚ ਬਦਲ ਦਿਤਾ। ਮੈਂ ਇਸ ਬਖਸ਼ਿਸ਼ ਨੂੰ ਆਪਣੇ ਅੰਦਰ ਜ਼ਬਤ ਨਾ ਰੱਖ ਸਕਿਆ। ਸਤਿਗੁਰੂ ਜੀ ਬਦਨ ਕਰ ਸੰਗਤਾਂ ਨੂੰ ਨਿਹਾਲ ਕਰ ਰਹੇ ਸੀ ਕਿ ਮੈਂ ਸੱਚੇ ਪਾਤਿਸ਼ਾਹ ਜੀ ਅੱਗੇ ਹੱਥ ਜੋੜ ਅਰਜ਼ ਕੀਤੀ। ਗਰੀਬ ਨਿਵਾਜ਼, ਮੈਂ ਕਵਿਤਾ ਅਰਜ਼ ਕਰਨੀ ਹੈ। ਗਰੀਬ ਨਿਵਾਜ਼ ਜੀ ਸੰਗਤ ਨੂੰ ਹੁਕਮ ਕੀਤਾ; ਸਾਜਨ ਵਿਚਾਰਾ ਆਦਤ ਤੋਂ ਮਜ਼ਬੂਰ ਹੈ। ਤੁਸੀ ਸਾਰੇ ਇਸਦੀ ਕਵਿਤਾ ਸੁਣ ਲਵੋ। ਹੁਕਮ ਪਾ ਮੈਂ ਉਥੇ ਏਅਰਪੋਰਟ ਤੇ ਸੰਗਤ ਵਿਚ ਬੈਠੇ ਨੇ ਜੋ ਰੁਬਾਈਆਂ ਲਿਖੀਆਂ ਸੀ ਪੇਸ਼ ਕੀਤੀਆਂ। ਜਿਹਨਾਂ ਵਿਚ ਇਕ ਲਾਈਨ ਸੀ "ਚਰਨ ਚੁੱਕ ਕੇ ਲਾਇਆ ਮੇਰੇ ਮਸਤਕ ਨੂੰ ਮੈਂ ਜਦ ਕਵਿਤਾ ਬੋਲ ਲਈ" ਤਾਂ ਸੱਚੇ ਪਾਤਿਸ਼ਾਹ ਜੀ ਫਿਰ ਸੰਗਤ ਨੂੰ ਕਿਹਾ ਮੈਂ ਤਾਂ ਸੰਗਤ ਨੂੰ ਪਹਿਲਾਂ ਹੀ ਕਿਹਾ ਸੀ ਸਾਜਨ ਇਹੋ ਜਿਹੀਆਂ ਗੱਲਾਂ ਕਰਨ ਲਈ ਆਦਤ ਤੋਂ ਮਜਬੂਰ ਹੈ। ਸਾਰੀ ਸੰਗਤ ਨੇ ਕਵਿਤਾ ਖਤਮ ਹੋਣ ਤੇ ਜੈਕਾਰਾ ਛੱਡਿਆ।

ਤੇਰੇ ਜੈਸਾ ਦੁਨੀਆਂ ਵਿਚ ਨਾ ਕੋਈ ਏ।
ਚਰਨ ਜਿਨ੍ਹਾਂ ਨੇ ਪਰਸੇ ਤਰਿਆ ਸੋਈ ਏ।
ਸਮਾਂ ਬੀਤਿਆ ਬਹੁਤ ਦੀਦ ਲਈ ਤਰਸਦਿਆਂ
ਰਹਿਮਤ ਦੀ ਬਰਸਾਤ ਸਪੈਸ਼ਲ ਹੋਈ ਏ।

ਜਦ ਸੰਗਤ ਸਤਿਗੁਰੂ ਜੀ ਨਾਲ ਬੈਂਕੋਕ ਸ਼ਹਿਰ ਵਿਚ ਆ ਰਹੀ ਸੀ ਤਾਂ ਮੈਂ ਤੇ ਢਿਲੋਂ ਇਕਬਾਲ ਸਿੰਘ ਮਨਚੰਦਾ ਦੀ ਕਾਰ ਵਿਚ ਬੈਠੇ ਆ ਰਹੇ ਸਾਂ। ਮਨਚੰਦਾ ਜੀ ਬੈਂਕੋਕ ਨਿਵਾਸੀ ਸਨ ਅਤੇ ਨਾਮਧਾਰੀ ਪੰਥ ਦੇ ਲੇਖਕ ਸਨ। ਇਹਨਾਂ ਨੇ ਆਪਣਾ ਸਾਰਾ ਜੀਵਨ ਸਤਿਗੁਰੂ ਜੀ ਦੀ ਸਿਫਤ ਵਿਚ ਲਿਖਿਆ। ਅਤੇ ਇਕ ਹੋਰ ਜੋ ਖਜ਼ਾਨਾ ਨਾਮਧਾਰੀ ਪੰਥ ਨੂੰ ਦਿੱਤਾ, ਉਸਦਾ ਹੋਰ ਨਾਮਧਾਰੀ ਪੰਥ ਵਿਚ ਇਹਨਾ ਦਾ ਕੋਈ ਸਾਨੀ ਨਹੀਂ। ਇਕਬਾਲ ਸਿੰਘ ਮਨਚੰਦਾ ਜੀ ਨੇ ਸ੍ਰੀ ਸਤਿਗੁਰੂ



Sri Satguru Jagjit Singh Ji eLibrary

ਪਰਤਾਪ ਸਿੰਘ ਜੀ ਆਪਣੇ ਸਮੇਂ ਵਿਚ ਜਿੰਨੀ ਵਾਰ ਸਤਿਗੁਰੂ ਜੀ ਬੰਕੌਕ ਵਿਚ ਸੰਗਤਾਂ ਨੂੰ ਦਰਸ਼ਨ ਦਿਤੇ ਮਨਚੰਦਾ ਜੀ ਨੇ ਆਪਣੀ ਕਲਮ ਰਾਹੀਂ ਇਤਿਹਾਸ ਦੇ ਪੰਨਿਆਂ ਵਿਚ ਦਰਜ ਕੀਤਾ ਅਤੇ ਜੋ ਹੋਰ ਇਤਿਹਾਸਕਾਰ ਨਹੀਂ ਕਰਦੇ। ਮਨਚੰਦਾ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਗਤ ਨੂੰ ਦਿੱਤੇ ਉਪਦੇਸ਼ ਉਹਨਾਂ ਦੀ ਅਵਾਜ਼ ਨੂੰ ਰਿਕਾਰਡ ਕਰਕੇ ਨਾਮਧਾਰੀ ਪੰਥ ਸਿਰ ਉਪਕਾਰ ਕੀਤਾ। ਜੋ ਅੱਜ ਵੀ ਸਤਿਗੁਰੂ ਪ੍ਰਤਾਪ ਸਿੰਘ ਦੇ ਆਸ਼ਿਕ ਪਿਆਰੇ ਸਿੱਖ ਅੱਜ ਵੀ ਉਹਨਾ ਦੇ ਦਿੱਤੇ ਉਪਦੇਸ਼ ਨੂੰ ਸੁਣ ਕੇ ਹਰਾ-ਭਰਾ ਹੋ ਜਾਂਦੇ ਹਨ। ਮਨਚੰਦਾ ਜੀ ਦੀ ਇਹ ਦੇਣ ਬਹੁਤ ਹੀ ਵਡਮੁਲੀ ਹੈ।

ਨੈਣਾਂ ਵਿਚ ਤਕਦਿਆਂ ਮਨ ਫਰਿਆਏ
ਬੁਲਾਂ ਵਿਚੋਂ ਅੰਮ੍ਰਿਤ ਜਾਪੇ ਭਰਿਆ ਏ।
ਹੇ ਦਾਤਾ ਨਾ ਸਿਦਕ ਸਾਡਾ ਅਜ਼ਮਾਇਆ ਕਰ
ਇਸ ਤੋਂ ਪਹਿਲਾਂ ਬਹੁਤ ਵਿਛੋੜਾ ਜ਼ਰਿਆ ਏ

ਮੀਂਹ ਮੇਹਰ ਦਾ ਅਜ ਅਚਾਨਕ ਵੱਸ ਪਿਆ।
ਯਾਰਾ ਤੇਰਾ ਮੁਰਝਾਇਆ ਖਿੜ ਖਿੜ ਹਸ ਪਿਆ।
ਤੇਰੇ ਨਾਲ ਪੁਰਾਣਾ ਸਾਡਾ ਰਿਸ਼ਤਾ ਏ
ਇਹ ਦਿਲ ਡਾਹਢਾ ਤੇਰੇ ਵਸ ਪਿਆ।

ਅੰਦਰੋਂ ਬਾਹਰੋਂ ਮੈਨੂੰ ਹੈ ਪੁਲਕਾ ਦਿੱਤਾ
ਮੈਂ ਚਰਨਾਂ ਤੇ ਸੀ ਜਦ ਸੀਸ ਝੁਕਾ ਦਿੱਤਾ
ਚਰਨ ਉਤਾਹਾਂ ਕਰ ਲਾਇਆ ਮੇਰੇ ਮੱਥੇ ਨੂੰ
ਜਨਮ ਮਰਨ ਦਾ ਨਿਸਚੈ ਗੇੜ ਮੁਕਾ ਦਿੱਤਾ।

ਇਸ ਤੋਂ ਬੇਬੇ ਜੀ ਜੇ ਇਹ ਲੰਗਰ ਹੁੰਦਾ ਤਾਂ ਮਾਸਟਰ ਕਪੂਰ ਸਿੰਘ ਨੂੰ ਪੰਗਤ ਵਿਚੋਂ ਬਾਹੋਂ ਫੜ ਕੇ ਨਾ ਉਠਾਇਆ ਜਾਂਦਾ। ਮੈਂ ਗੱਲ ਕਰ ਰਿਹਾ ਸਾਂ ਮੈਂ ਤੇ ਢਿਲੋਂ ਮਨਚੰਦਾ ਜੀ ਦੀ ਕਾਰ ਵਿਚ ਬੈਠੇ ਆ ਰਹੇ ਸਾਂ ਕਿ ਮਨਚੰਦਾ ਜੀ ਨੇ ਕਿਹਾ ਸਾਜਨ, ਮੈਂ ਆਪਣੀ ਅੱਖੀ ਸਤਿਗੁਰੂ ਜੀ ਵਲੋਂ ਤੇਰੇ ਤੇ ਕਿਰਪਾ ਹੁੰਦੀ ਵੇਖੀ ਹੈ। ਮੈਨੂੰ ਤੇਰੇ ਮਨ ਦੀ ਹਾਲਤ ਦਾ ਜਾਇਜ਼ਾ ਤਾਂ ਨਹੀਂ, ਪਰ ਮੈਂ ਉਸ ਵਕਤ ਤੋਂ ਲੈਕੇ ਹੁਣ ਤਕ ਕਿਸੇ ਵਿੱਸਮਾਦ ਵਿਚ ਗੁਵਾਚਾ ਪਿਆ ਹਾਂ। ਮੈਂ ਸੋਚਦਾ ਹਾਂ ਸਤਿਗੁਰੂ ਕਿਵੇਂ ਆਪਣੇ ਸਿੱਖ ਤੇ ਏਨੀਆਂ ਬਖਸ਼ਸ਼ਾਂ ਕਰ ਦਿੰਦਾ ਹੈ। ਜੋ ਉਸਦੇ ਸਿੱਖ ਨੂੰ



Sri Satguru Jagjit Singh Ji eLibrary NamdhariElibrary@gmail.com

ਸੰਭਾਲਣ ਲਈ ਵੀ ਮੇਹਨਤ ਦੀ ਲੋੜ ਹੈ। ਮੈਂ ਮਨਚੰਦਾ ਜੀ ਨੂੰ ਬੇਨਤੀ ਕੀਤੀ ਮਨਚੰਦਾ ਜੀ, ਇਸ ਪੱਧਰ ਤੋਂ ਥੋੜ੍ਹਾ ਜਿਹਾ ਹੋਰ ਉਪਰ ਉਠੋ ਅਤੇ ਇਹ ਵੇਖੋ, ਕੀ ਸਤਿਗੁਰੂ ਜੀ ਕੀਤੀ ਬਖਸ਼ਿਸ਼ ਨੂੰ ਸਿੱਖ ਆਪਣੀ ਮੇਹਨਤ ਨਾਲ ਸੰਭਾਲ ਸਕਦਾ ਹੈ। ਨਹੀਂ ਮਨਚੰਦਾ ਸਾਹਿਬ ਸਿਆਣਿਆ ਦੀ ਕਹਾਵਤ ਹੈ, ਸ਼ੇਰਨੀ ਦਾ ਦੁੱਧ ਸੋਨੇ ਦੇ ਬਰਤਨ ਵਿਚ ਹੀ ਰਹਿ ਸਕਦਾ ਹੈ, ਕਿਸੇ ਹੋਰ ਬਰਤਨ ਵਿਚ ਪਾ ਦੇਵੋ ਤਾਂ ਉਹ ਭਾਂਡਾ ਹੀ ਫਟ ਜਾਂਦਾ ਹੈ । ਮਨਚੰਦਾ ਜੀ, ਸਤਿਗੁਰੂ ਜੀ ਦੀ ਕੀਤੀ ਬਖਸ਼ਿਸ ਨੂੰ ਵੀ ਸੰਭਾਲ ਰੱਖਣਾ। ਸਿੱਖ ਦੇ ਆਪਣੇ ਵੱਸ ਦੀ ਤਾਕਤ ਨਹੀਂ ਉਹ ਸਤਿਗੁਰੂ ਹੀ ਕਿਰਪਾ ਕਰਨ ਆਪਣੇ ਸਿੱਖ ਨੂੰ ਬਖਸ਼ਣ। ਜਿਸ ਸਦਕਾ ਉਸ ਦਾ ਸਿੱਖ ਸਾਬਤ ਸੂਰਤ ਰਹਿ ਸਕੇ ਅਤੇ ਮੇਰੀ ਤਾਂ ਇਹੀ ਪ੍ਰਾਰਥਨਾ ਹੈ ਕਿ ਮੈਨੂੰ ਸਤਿਗੁਰੂ ਸਦਾ ਆਪਣਾ ਬਣਾਈ ਰਖਣ। ਮਨਚੰਦਾ ਜੀ ਮੇਰੀਆਂ ਰੁਬਾਈਆਂ ਕਵਿਤਾ ਨਹੀਂ ਸੀ ਮੇਰੇ ਦਿਲ ਦੀ ਵੇਦਨਾ ਦਾ ਹੀ ਅੰਦਰਲਾ ਰੂਪ ਸੀ।

### ਹੋਲੇ ਅਤੇ ਮੇਲੇ

ਨਾਮਧਾਰੀ ਪੰਥ ਦੇ ਦੋ ਮੇਲੇ ਬਹੁਤ ਮਸ਼ਹੂਰ ਹਨ। ਇੱਕ ਹੋਲਾ ਮਹੱਲਾ ਅਤੇ ਇੱਕ ਅੱਸੂ ਦਾ ਮੇਲਾ। ਹੋਲੇ ਮੁਹੱਲੇ ਦਾ ਮੇਲਾ ਮਨਾਉਣ ਦੀ ਰਸਮ ਤਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੋਰੀ ਸੀ। ਕਿਉਂਕਿ ਹੋਲੀਆਂ ਦੀ ਰਸਮ ਬਹੁਤ ਪੁਰਾਣੀ ਹਿੰਦੂ ਧਰਮ ਦੀ ਤੁਰੀ ਆ ਰਹੀ ਹੈ ਅਤੇ ਕਲਗੀਧਰ ਪਾਤਸ਼ਾਹ ਜੀ ਨੇ ਆਪਣੇ ਸਿੱਖਾਂ ਨੂੰ ਰੰਗਾਂ ਨਾਲ ਇਕ ਦੂਜੇ ਦੇ ਕੱਪੜੇ ਰੰਗਣ ਦੀ ਬਜਾਏ ਸਿੰਘਾਂ ਨੂੰ ਹੋਲੇ ਮਹੱਲੇ ਦੇ ਮੇਲੇ ਤੇ ਆਪਣੀ ਜੋਸ਼ ਜੁਆਨੀ ਦੇ ਜੌਹਰ ਵਿਖਾਉਣ ਵਾਸਤੇ ਹੋਲੇ ਮਹੱਲੇ ਦਾ ਮੇਲਾ ਮਨਾਉਣ ਦੀ ਰਸਮ ਤੋਰੀ। ਇਹ ਮੇਲਾ ਸ੍ਰੀ ਆਨੰਦ ਪੁਰ ਸਾਹਿਬ ਵਿਖੇ ਮਨਾਇਆ ਜਾਂਦਾ। ਜਿਸ ਦਸਮ ਪਿਤਾ ਦੇ ਸਿੰਘ ਸੂਰਮੇ ਆਪਣੀ ਤਲਵਾਰ ਦੇ ਜੌਹਰ ਵਿਖਾਉਂਦੇ ਇਸ ਬਹਾਦਰੀ ਭਰੇ ਕਰਤਬ ਕਲਾ ਨੂੰ ਖੇਡ ਦਾ ਨਾਮ ਦਿੱਤਾ ਗਿਆ ਅਤੇ ਇਸ ਕਲਾ ਨੂੰ ਗੱਤਕਾ ਖੇਡਣਾ ਕਿਹਾ ਜਾਂਦਾ ਹੈ। ਇਸ ਮੇਲੇ ਸਮੇਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਆਪ ਸਾਹਮਣੇ ਬੈਠ ਕੇ ਆਪਣੇ ਸਿੱਖਾਂ ਦੀ ਕਲਾ ਬਲ ਦੇ ਜੌਹਰ ਵੇਖਦੇ ਅਤੇ ਉਹਨਾਂ ਨੂੰ ਇਨਾਮ ਬਖਸ਼ ਕੇ ਨਿਵਾਜ਼ਦੇ। ਇਸ ਹੋਲੇ ਮੇਲੇ ਦੀ ਰਸਮ ਕਲਗੀਧਰ ਪਾਤਿਸ਼ਾਹ ਦੇ ਵੇਲੇ ਦੀ ਚੱਲੀ ਆ ਰਹੀ ਹੈ ਅਤੇ ਏਸੇ ਮੇਲੇ ਦੀ ਰਸਮ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵੀ ਕਾਇਮ ਰੱਖਿਆ। ਪਰ ਇਸ ਵਿਚ ਥੋੜ੍ਹੀ ਜਿਹੀ ਤਬਦੀਲੀ ਲੈ ਆਂਦੀ। ਸਾਹਿਬ ਕਲਗੀਧਰ ਪਾਤਿਸ਼ਾਹ ਇਸ ਮੇਲੇ ਨੂੰ ਸ੍ਰੀ ਆਨੰਦਪੁਰ ਵਿਖੇ ਹੀ ਮਨਾਉਂਦੇ ਸਨ ਅਤੇ ਅੱਜ ਵੀ ਸ੍ਰੀ ਆਨੰਦਪੁਰ ਵਿੱਚ ਉਸੇ ਤਰ੍ਹਾਂ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਪਰ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਹੋਲੇ ਮਹੱਲੇ ਦੇ ਮੇਲੇ ਨੂੰ ਵੱਖ ਵੱਖ ਥਾਵਾਂ ਤੇ



Sri Satguru Jagjit Singh Ji eLibrary

ਮਨਾਉਣ ਦੀ ਰਸਮ ਤੋਰੀ ਕਿਉਂਕਿ ਉਹਨਾਂ ਨੂੰ ਉਸ ਸਮੇਂ ਦੀ ਲੋੜ ਮੁਤਾਬਕ ਇਉਂ ਕਰਨਾ ਜ਼ਰੂਰੀ ਸੀ। ਧਰਮ ਪ੍ਰਚਾਰ ਕਰਨ ਵਾਸਤੇ ਕੋਈ ਨਾ ਕੋਈ ਬਹਾਨਾ ਬਿੱਧ ਬਣਾਉਣਾ ਜ਼ਰੂਰੀ ਹੈ। ਸੋ ਸਤਿਗੁਰੂ ਰਾਮ ਸਿੰਘ ਜੀ ਹੋਰਾਂ ਸਮੇਂ ਦੀ ਨਜ਼ਾਕਤ ਮੁਤਾਬਿਕ ਇਸ ਵਿੱਚ ਤਬਦੀਲੀ ਲਿਆਂਦੀ ਅਤੇ ਇਉਂ ਕੀਤਾ। ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਵਿਚ ਦੋ ਹੋਲੇ ਮੇਲੇ ਬਹੁਤ ਮਹਤੱਤਾ ਰੱਖਦੇ ਹਨ। ਇਕ ਜਿਲ੍ਹਾ ਫਿਰੋਜ਼ਪੁਰ ਵਿੱਚ ਪਿੰਡ ਖੋਟੇ ਅਤੇ ਦੂਸਰਾ ਸ੍ਰੀ ਆਨੰਦਪੁਰ। ਖੋਟੇ ਪਿੰਡ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਹੋਲੇ ਮਹੱਲੇ ਦੇ ਮੇਲੇ ਦੇ ਭੋਗ ਪੈਣ ਸਮੇਂ ਸਿੱਖ ਪੰਥ ਵਿਚ ਸਿੱਖ ਰਹਿਤ ਮਰਿਆਦਾ ਅਨੁਸਾਰ ਆਨੰਦ ਕਾਰਜ ਦੀ ਰਸਮ ਤੋਰੀ। ਇਸ ਤੋਂ ਪਹਿਲਾਂ ਸਿੱਖਾਂ ਦੇ ਵਿਆਹ ਵੀ ਹਿੰਦੂ ਰੀਤੀ ਰਿਵਾਜ ਅਨੁਸਾਰ ਹੀ ਹੁੰਦੇ ਸੀ, ਪਰ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਪੰਡਤਾਂ ਦੇ ਚੁੰਗਲ ਵਿੱਚੋਂ ਬਚਾਉਣ ਲਈ; ਸਿੱਖਾਂ ਦੀ ਆਪਣੀ ਆਨੰਦ ਕਾਰਜ ਦੀ ਪਰਨਾਲੀ ਦਾ ਅਗਾਜ਼ ਕੀਤਾ। ਖੋਟੇ ਪਿੰਡ ਵਿਚ ਬਹੁਤ ਹੀ ਸਾਦੇ ਢੰਗ ਨਾਲ ਬਿਨਾਂ ਗਰੀਬ ਅਮੀਰ ਦੇ ਭੇਦ ਭਾਵ ਤੋਂ ਪੰਜ ਲੜਕੇ ਲੜਕੀਆਂ ਦੇ ਨੰਗੇ ਮੂੰਹ ਸ੍ਰੀ ਗੁਰੂ ਰਾਮ ਦਾਸ ਜੀ ਦੀਆਂ ਉਚਾਰਨ ਕੀਤੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਚਾਰ ਲਾਵਾਂ ਪੜ੍ਹ ਕੇ ਫੇਰੇ ਕੀਤੇ। ਸਿੱਖਾਂ ਨੂੰ ਏਸੇ ਰਸਮ ਮੁਤਾਬਕ ਸਦਾ ਵਾਸਤੇ ਬਿਨਾਂ ਦਾਜ ਦਹੇਜ ਲੈ ਦਿੱਤੇ, ਧੀਆਂ ਪੁੱਤਰਾਂ ਦਾ ਆਨੰਦ ਕਾਰਜ ਕਰਨ ਦਾ ਹੁਕਮ ਦਿੱਤਾ। ਜੋ ਅੱਜ ਵੀ ਨਾਮਧਾਰੀ ਪੰਥ ਵਿੱਚ ਮੌਜੂਦ ਹੈ। ਪਰ ਸਮੇਂ ਦੇ ਚੱਕਰ ਨੇ ਇਸ ਦੀ ਤਸਵੀਰ ਬਹੁਤ ਹੀ ਧੁੰਦਲੀ ਕਰ ਦਿੱਤੀ ਹੈ।

ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ "ਨਾ ਮਿਲਵਰਤਨ ਲਹਿਰ" ਦਿਨਾਂ ਵਿੱਚ ਹੀ ਪੰਜਾਬ ਵਿੱਚ ਇੰਨਾ ਜ਼ੋਰ ਤੇ ਜੋਸ਼ ਫੜ ਗਈ ਕਿ ਗੋਰੀ ਸਰਕਾਰ ਦਾ ਤੱਖਤ ਹਿਚਕੋਲੇ ਖਾਣ ਲਗਾ। ਲੰਡਨ ਬੈਠੇ ਗੋਰਿਆਂ ਨੂੰ ਆਪਣੇ ਹੱਥੋਂ ਅਜ਼ਾਦ ਹੁੰਦਾ ਹਿੰਦੋਸਤਾਨ ਜਾਪਣ ਲੱਗ ਗਿਆ। ਇਸ ਡਰ ਕਾਰਨ ਬਿੱਲੇ ਬੁਖਲਾ ਗਏ। ਉਹਨਾਂ ਨੇ ਕੂਕਾ ਲਹਿਰ ਨੂੰ ਦਬਾਉਣ ਲਈ ਹਰ ਤਰ੍ਹਾਂ ਦੇ ਹੀਲੇ ਵਸੀਲੇ ਵਰਤਣੇ ਸ਼ੁਰੂ ਕਰ ਦਿੱਤੇ। ਸਤਿਗੁਰੂ ਰਾਮ ਸਿੰਘ ਜੀ ਤੇ ਬਾਹਰ ਜਾਣ ਅਤੇ ਪਿੰਡਾਂ ਵਿੱਚ ਧਰਮ ਪ੍ਰਚਾਰ ਕਰਨ ਤੇ ਪਾਬੰਦੀ ਲੱਗਾ ਦਿਤੀ, ਪਰ ਸਤਿਗੁਰੂ ਜੀ ਨੇ ਗੋਰੇ ਦੀਆਂ ਸਭ ਲਾਈਆਂ ਪਾਬੰਦੀਆਂ ਤੋੜ ਕੇ ਸ੍ਰੀ ਆਨੰਦਪੁਰ ਵਿਖੇ ਸੰਨ ਉਨੀ ਸੌ ਇਕਤਰ ਦਾ ਹੋਲਾ ਮਹੱਲਾ ਮਨਾਇਆ। ਗੋਰੀ ਸਰਕਾਰ ਸੋਚਦੀ ਸੀ ਜੇ ਸਤਿਗੁਰੂ ਰਾਮ ਸਿੰਘ ਜੀ ਨੂੰ ਹਿੰਦੋਸਤਾਨ ਵਿੱਚ ਨਾ ਰਹਿਣ ਦਿਤਾ ਜਾਵੇ ਤਾਂ ਅਸੀਂ ਹਿੰਦੋਸਤਾਨ ਨੂੰ ਗੁਲਾਮ ਰੱਖ ਸਕਾਂਗੇ। ਉਹੋ ਹਮੇਸ਼ਾ ਇਸ ਤਾਕ ਵਿਚ ਰਹਿੰਦੇ ਸਨ ਪਰ ਅਜਿਹਾ ਕਰਨ ਲਈ ਕੋਈ ਬਹਾਨਾ ਨਹੀਂ ਸੀ ਮਿਲ ਰਿਹਾ। ਸੰਨ ਅਠਾਰਾਂ ਸੌ ਬਹੱਤਰ ਦੀ ਮਾਘੀ ਮੇਲੇ ਸਮੇਂ ਨਾਮਧਾਰੀ ਸਿੰਘਾਂ ਵੱਲੋਂ ਬੁੱਚੜਾਂ ਨੂੰ ਮਾਰ ਗਊਆਂ ਛੁਡਾ ਮਲੇਰ ਕੋਟਲੇ ਦੇ ਰੱਕੜ ਵਿੱਚ ਸ਼ਹੀਦ ਕੀਤੇ 66 ਕੂਕਿਆਂ ਦੇ ਬਹਾਨੇ ਵਿੱਚ 17 ਜਨਵਰੀ



Sri Satguru Jagjit Singh Ji eLibrary NamdhariElibrary@gmail.com

1872 ਨੂੰ ਗੋਰੀ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਤੋਂ ਹਿਰਾਸਤ ਵਿਚ ਲੈ ਲੁਧਿਆਣੇ ਤੋਂ ਸਪੈਸ਼ਲ ਰੇਲ ਰਾਹੀ ਪਹਿਲਾਂ ਇਲਾਹਾਬਾਦ ਦੇ ਕਿਲੇ ਵਿੱਚ ਬੰਦ ਰਖ ਫਿਰ ਬਰਮਾ ਰੰਗੂਨ ਭੇਜ ਜਲਾਵਤਨ ਕਰ ਦਿੱਤਾ। ਇਸ ਲਈ ਇਹ ਆਨੰਦਪੁਰ ਸਾਹਿਬ ਦਾ ਹੋਲਾ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਭਾਰਤ ਵਿੱਚ ਆਖਰੀ ਹੋਲਾ ਸੀ।

ਸਤਿਗੁਰੂ ਹਰੀ ਸਿੰਘ ਜੀ ਨੇ ਨਿਮਾਣੀ ਦੇ ਮੇਲੇ ਸਮੇਂ ਇਸ ਮੇਲੇ ਨੂੰ ਆਰੰਭ ਕੀਤਾ। ਸਤਿਗੁਰੂ ਹਰੀ ਸਿੰਘ ਜੀ ਇਸ ਮੇਲੇ ਨੂੰ ਨਿਮਾਣੀ ਇਕਾਦਸ਼ੀ ਸਮੇਂ ਹਰ ਸਾਲ ਮਨਾਉਂਦੇ ਰਹੇ ਪਰ ਕੁਝ ਸਮੇਂ ਪਿਛੋਂ ਇਸ ਵਿੱਚ ਕੁਝ ਤਬਦੀਲੀ ਕਰ ਦਿਤੀ ਗਈ। ਨਿਮਾਣੀ ਇਕਾਦਸ਼ੀ ਦੇ ਸਮੇਂ ਜੇਠ ਦੀ ਰੁਤ ਵਿਚ ਅੱਤ ਦੀ ਗਰਮੀ ਹੁੰਦੀ ਸੀ ਅਤੇ ਸਿੱਖਾਂ ਨੂੰ ਆਉਣ ਜਾਣ ਅਤੇ ਰਹਿਣ-ਬਹਿਣ ਵਿਚ ਕਾਫੀ ਮੁਸ਼ਕਲ ਪੇਸ਼ ਆਉਂਦੀ ਸੀ। ਇਸ ਲਈ ਆਪਣੇ ਸੇਵਕਾਂ ਦੀ ਇਸ ਮੁਸ਼ਕਲ ਨੂੰ ਧਿਆਨ ਵਿਚ ਰੱਖਦਿਆਂ; ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸਨੂੰ ਭਾਦਰੋਂ ਦੀ ਸੰਗਰਾਂਦ ਨੂੰ ਆਰੰਭ ਕਰਕੇ ਅਸੂ ਦੀ ਸੰਗਰਾਂਦ ਨੂੰ ਸਮਾਪਤ ਕਰਨ ਦਾ ਸਮਾ ਰੱਖਿਆ। ਇਸ ਕਾਰਨ ਕਾਫੀ ਸਮਾਂ ਭਾਦਰੋਂ ਦਾ ਮੇਲਾ ਦੇ ਨਾਮ ਨਾਲ ਨਾਮਧਾਰੀ ਪੰਥ ਵਿਚ ਮਸ਼ਹੂਰ ਹੋ ਗਿਆ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਕਰਕੇ ਸੰਗਤ ਨੂੰ ਵਿਛੋੜਾ ਦਿਤਾ ਉਸ ਵਕਤ ਭਾਦਰੋਂ ਮੇਲਾ ਚਲ ਰਿਹਾ ਸੀ ਅਤੇ ਸਤਿਗੁਰੂ ਜੀ ਪੰਜ ਭਾਦਰੋਂ ਸੰਮਤ ਦੋ ਹਜ਼ਾਰ ਸੋਲਾਂ ਅਤੇ ਸੰਨ ਈਸਵੀ ਵੀਹ ਅੱਗਸਤ ਉਨੀ ਸੌ ਉਨਾਠ ਸੀ ਜਦ ਦੇਹ ਕਰਕੇ ਵਿਛੋੜਾ ਦਿਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਦਿਨ ਦੇਹ ਦਾ ਉਹਲਾ ਕਰ ਗਏ ਅਤੇ ਓਹਾ ਜੋਗ ਜੁਗਤ ਬਣ ਸਤਿਗੁਰੂ ਜਗਜੀਤ ਸਿੰਘ ਜੀ ਗੱਦੀ ਤੇ ਬਿਰਾਜਮਾਨ ਹੋਏ। ਇਹਨਾਂ ਨੇ ਭਾਦਰੋਂ ਦੀ ਸੰਗਰਾਂਦ ਦੀ ਥਾਂ ਅੱਸੂ ਦੀ ਸੰਗਰਾਂਦ ਨੂੰ ਆਰੰਭ ਕਰ ਕੱਤਕ ਦੀ ਸੰਗਰਾਂਦ ਨੂੰ ਮੇਲੇ ਦੀ ਸਮਾਪਤੀ ਵਾਲਾ ਦਿਨ ਨਿਯੁਕਤ ਕਰ ਦਿਤਾ। ਇਸ ਤਰ੍ਹਾਂ ਭਾਦਰੋਂ ਦੇ ਮੇਲੇ ਦੀ ਥਾਂ ਅੱਸੂ ਦਾ ਮੇਲਾ ਨਾਮ ਨਾਲ ਜਾਣਿਆ ਜਾਣ ਲੱਗਾ ਅਤੇ ਹੁਣ ਇਹ ਅਸੂ ਦਾ ਮੇਲਾ ਹੀ ਆਖ ਕੇ ਮਨਾਇਆ ਜਾਂਦਾ ਹੈ। ਹੋਲਾ ਮਹੱਲਾ ਅਤੇ ਅੱਸੂ ਦਾ ਮੇਲਾ ਨਾਮਧਾਰੀਆਂ ਲਈ ਮਹੱਤਵ ਪੂਰਣ ਹਨ। ਅਸੂ ਦਾ ਮੇਲਾ ਪੰਨਾ 147 ਤੇ ਲਿਜਾਣਾ ਹੈ'ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਸੂ ਦੇ ਮੇਲੇ ਦਾ ਪ੍ਰਯੋਗ ਨੀਲੋਂ ਨਹਿਰ ਵਾਲੇ ਡੇਰੇ ਤੇ ਰਖਿਆ। ਪ੍ਰਯੋਗ ਸਮੇਂ ਹਮੇਸ਼ਾਂ ਸਤਿਗੁਰੂ ਜੀ ਨਹਿਰ ਤੇ ਹੀ ਰਹਿੰਦੇ ਅਤੇ ਸਿੰਘ ਦਰਸਨ ਕਰਨ ਵਾਲੇ ਵੀ ਉਥੇ ਜਾ ਕੇ ਹੀ ਦਰਸ਼ਨ ਕਰਦੇ ਅਤੇ ਪ੍ਰਯੋਗ ਵਿੱਚ ਹਿੱਸਾ ਲੈਂਦੇ। ਸ੍ਰੀ ਭੈਣੀ ਸਾਹਿਬ ਵਿਚ ਦਰਸ਼ਨ ਨਹੀਂ ਸੀ ਦਿੰਦੇ; ਇਸ ਕਾਰਨ ਇਕ ਦਿਨ ਮਾਤਾ ਭੁਪਿੰਦਰ ਕੌਰ ਜੀ ਪਤਨੀ ਸਤਿਗੁਰੂ ਪ੍ਰਤਾਪ ਸਿੰਘ ਜੀ; 'ਜਣਨੀ ਮਾਤਾ ਸਤਿਗੁਰੂ ਜਗਜੀਤ ਸਿੰਘ ਜੀ' ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਨਹਿਰ ਤੇ



Sri Satguru Jagjit Singh Ji eLibrary NamdhariElibrary@

ਗਏ ਤਾਂ ਸਤਿਗੁਰੂ ਜੀ ਹੁਕਮ ਕੀਤਾ ਮਾਈਆਂ ਨੂੰ ਪ੍ਰਯੋਗ ਵਿੱਚ ਆਉਣ ਦਾ ਹੁਕਮ ਨਹੀਂ ਤਾਂ ਮਾਤਾ ਜੀ ਨੇ ਹੱਥ ਜੋੜ ਗਲ ਵਿੱਚ ਪਲਾ ਪਾ ਅਰਜ਼ ਕੀਤੀ ਦੀਨ ਦਿਆਲ ਆਪ ਜੀ ਕਿਰਪਾ ਕਰੋ ਮਾਈਆਂ ਵੀ ਇਸ ਪ੍ਰਯੋਗ ਵਿੱਚ ਆਕੇ ਨਾਮ ਜਪ ਕੇ ਆਪਣਾ ਜਨਮ ਸਫਲਾ ਕਰ ਸਕਣ? ਆਪ ਜੀ ਕਿਰਪਾ ਕਰੋ ਇਹ ਦਾਤ ਮਾਈਆਂ ਨੂੰ ਬਖਸ਼ਿਸ਼ ਕਰ ਦੇਵੋ। ਸਤਿਗੁਰੂ ਪ੍ਰਤਾਪ ਸਿੰਘ ਜੀ ਮਾਤਾ ਭੁਪਿੰਦਰ ਕੌਰ ਜੀ ਦੀ ਅਰਜ਼ ਪ੍ਰਵਾਨ ਕਰ ਉਸ ਦਿਨ ਤੋਂ ਭਾਦਰੋਂ ਦੇ ਪ੍ਰਯੋਗ ਵਿੱਚ ਹਿੱਸਾ ਲੈਣ ਦੀ ਆਗਿਆ ਬਖਸ਼ਿਸ਼ ਕਰ ਦਿੱਤੀ ਜੋ ਅੱਜ ਦੇ ਸਮੇਂ ਵਿੱਚ ਵੀ ਮਾਈਆਂ ਅੱਸੂ ਦੇ ਮੇਲੇ ਦੇ ਪ੍ਰਯੋਗ ਵਿੱਚ ਹਿਸਾ ਲੈ ਸਿੰਘਾ ਦੇ ਬਰਾਬਰ ਨਾਮ ਜਪਦੀਆਂ ਆਪਣਾ ਜਨਮ ਸਫਲਾ ਕਰ ਰਹੀਆਂ ਹਨ ।

ਅੱਸੂ ਮਹੀਨੇ ਦਾ ਮੇਲਾ; ਜੋ ਮਹੀਨਾ ਭਰ ਚਲਦਾ ਹੈ। ਇਹ ਮੇਲਾ ਨਾਮਧਾਰੀ ਪੰਥ ਦਾ ਸਭ ਤੋਂ ਪੁਰਾਣਾ ਮੇਲਾ ਹੈ। ਇਸ ਮੇਲੇ ਵਿਚ ਰੋਜ਼ਾਨਾ ਦੇ ਪ੍ਰੋਗਰਾਮ ਅਨੁਸਾਰ ਸਵੇਰੇ ਸਤਿਗੁਰੂ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰ, ਦੋ ਵਜੇ ਇਕਾਂਤ ਕਮਰੇ ਵਿਚ ਬੈਠ ਪੰਜ ਵਜੇ ਤਕ ਨਾਮ ਸਿਮਰਨ ਕਰਦੇ ਹਨ। ਦੂਸਰੇ ਪਾਸੇ ਤਿੰਨ ਵਜੇ ਰਾਗੀ ਸਿੰਘ ਆਸਾ ਦੀ ਵਾਰ ਦਾ ਕੀਰਤਨ ਕਰਦੇ ਹਨ ਜਿਸ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਸੰਗਤ ਜੁੜੀ ਬੈਠੀ ਧੁਰ ਕੀ ਬਾਣੀ ਦਾ ਵਿਸਮਾਦ ਵਿਭੋਰ ਆਨੰਦ ਮਾਣ ਰਹੀ ਹੁੰਦੀ ਹੈ। ਪੰਜ ਵਜੇ ਆਪਣੇ ਨਿਤਨੇਮ ਦੀ ਅਰਦਾਸ ਕਰ ਸਤਿਗੁਰੂ ਜੀ ਆਸਾ ਦੀ ਵਾਰ ਦੇ ਕੀਰਤਨ ਵਿਚ ਸੰਗਤਾਂ ਨੂੰ ਦਰਸ਼ਨ ਦਿੰਦੇ ਹਨ। ਸੱਤ ਵਜੇ ਆਸਾ ਦੀ ਵਾਰ ਦੇ ਭੋਗ ਉਪਰੰਤ ਸੰਗਤ ਲੰਗਰ ਵਿਚੋਂ ਪਰਸ਼ਾਦਾ ਛੱਕ ਫਿਰ ਸਜੇ ਦੀਵਾਨਾਂ ਵਿਚ ਜੁੜ ਜਾਂਦੀ ਹੈ। ਇਕ ਪਾਸੇ ਵਿਦਵਾਨਾਂ ਦੀ ਮੰਡਲੀ ਗੁਰਬਾਣੀ ਜਾਂ ਸਿੱਖ ਇਤਿਹਾਸ ਦੀ ਖੋਜ ਵਿਚ ਵਿਚਾਰ ਸਾਂਝੇ ਕਰਦੀ ਹੈ। ਸ਼ਾਮ ਦੇ ਨਾਮ ਸਿਮਰਨ ਵਿਚ ਸਤਿਗੁਰੂ ਜੀ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਵਾਜਦੇ ਹਨ। ਇਉਂ ਸਾਰਾ ਮਹੀਨਾ ਨਾਮ ਸਿਮਰਨ ਅਤੇ ਕਥਾ ਕੀਰਤਨ ਵਿਚ ਬੀਤਦਾ ਹੈ। ਮਹੀਨੇ ਬਾਅਦ ਮੇਲੇ ਦਾ ਭੋਗ ਪੈਂਦਾ ਹੈ। ਇਸ ਮੇਲੇ ਵਿਚ ਸੰਗਤਾਂ ਦੇਸ਼-ਵਿਦੇਸ਼ ਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਜੁੜ ਕੇ ਸਤਿਗੁਰੂ ਜੀ ਦੇ ਚਰਨ ਪਰਸ ਜਨਮ ਸਫਲ ਕਰਦੀਆਂ ਹਨ। ਇਸ ਮੇਲੇ ਦੇ ਪ੍ਰਬੰਧ ਤੇ ਦੇਖ ਭਾਲ ਕੁਝ ਕੁ ਸਿਆਣੇ ਪਤਵੰਤਿਆ ਦੇ ਹੱਥ ਹੁੰਦੀ ਹੈ।

## ਅਖੰਡ ਪਾਠ

ਜਿਸ ਤਰ੍ਹਾਂ ਮੈਂ ਪਿਛੇ ਜ਼ਿਕਰ ਕੀਤਾ ਹੈ ਕਿ ਸਤਿਗੁਰੂ ਜੀ ਹੋਰਾਂ ਗੱਦੀ ਤੇ ਬਿਰਾਜ ਮਾਨ ਹੁੰਦਿਆਂ ਨੌਜੁਆਨ ਪੀੜ੍ਹੀ ਵੱਲ ਖਾਸ ਧਿਆਨ ਦਿਤਾ। ਉਸੇ ਤਰ੍ਹਾਂ ਸਤਿਗੁਰੂ ਜੀ ਦੀ ਇੱਛਾ ਬਣੀ ਕੇ ਮੇਲਿਆਂ ਦੇ ਪ੍ਰਬੰਧ ਦੀ ਜ਼ਿਮੇਵਾਰੀ ਵੀ ਨੌਜੁਆਨਾਂ



Sri Satguru Jagjit Singh Ji eLibrary NamdhariElibrary@gmail.com

ਨੂੰ ਸੰਭਾਲੀ ਜਾਵੇ। ਇਸ ਸਾਲ ਅੱਸੂ ਦਾ ਮੇਲਾ ਸ੍ਰੀ ਜੀਵਨ ਨਗਰ ਦੇ ਇਲਾਕੇ ਮਸਤਾਨ ਗੜ੍ਹ ਵਿਖੇ ਮਨਾਇਆ ਜਾਣਾ ਸੀ। ਸੋ ਸਤਿਗੁਰੂ ਜੀ ਨੇ ਵੱਡੇ ਠਾਕਰ ਜੀ ਦੀ ਦੇਖ ਰੇਖ ਵਿੱਚ ਮੇਲੇ ਦਾ ਸਾਰਾ ਪ੍ਰਬੰਧ ਨੌਜੁਆਨਾਂ ਨੂੰ ਸੌਂਪ ਦਿਤਾ ਜੋ ਉਹਨਾ ਨੇ ਬੜੇ ਸੁਚਜੇ ਢੰਗ ਨਾਲ ਨਿਭਾਇਆ। ਜਿਸ ਵਿਚ ਠਾਕਰ ਜੀ ਦਾ ਮੁਖ ਸਲਾਹਕਾਰ ਮੈਨੂੰ ਨਿਯੁਕਤ ਕੀਤਾ ਗਿਆ। ਮੇਲੇ ਦਾ ਭੋਗ ਪੈ ਗਿਆ। ਭੋਗ ਸਮੇਂ ਸਤਿਗੁਰੂ ਜੀ ਨੇ ਸਾਰੇ ਨੌਜੁਆਨਾਂ ਨੂੰ ਸੰਗਤ ਵਿਚ ਖੜ੍ਹਾ ਕਰਕੇ ਖੁਸ਼ੀਆਂ ਬਖਸ਼ੀਆਂ। ਪਰ ਇਸ ਸਾਰੇ ਕੰਮ ਨੇ ਸ੍ਰੀ ਜੀਵਨ ਨਗਰ ਦੇ ਨੰਬਰਦਾਰ ਅਮਰ ਸਿੰਘ ਦੇ ਮਨ ਵਿੱਚ ਮੇਰੇ ਵਾਸਤੇ ਮਾਮੂਲੀ ਕੁੜੱਤਨ ਪੈਦਾ ਕਰ ਦਿੱਤੀ। ਜੋ ਸਾਡੀ ਮਿੱਤਰਤਾ ਵਿੱਚ ਕਦੇ-ਕਦੇ ਦੀਵਾਰ ਦਾ ਕੰਮ ਕਰਦੀ। ਸਤਿਗੁਰੂ ਜੀ ਇਸ ਸਾਰੇ ਕੁਝ ਨੂੰ ਭਲੀ ਭਾਂਤ ਜਾਣਦੇ ਸਨ। ਪਰ ਉਹਨਾਂ ਦੀ ਬੇ ਪਰਵਾਹੀ ਦੀ ਕੋਈ ਸੀਮਾ ਨਹੀਂ ਸੀ।

ਇਕ ਵਾਰ ਸਤਿਗੁਰੂ ਜੀ ਸ੍ਰੀ ਜੀਵਨ ਨਗਰ ਦੇ ਪਿੰਡਾਂ ਵਿੱਚ ਦਰਸ਼ਨ ਦੇ ਰਹੇ ਸੀ। ਨੰਬਰਦਾਰ ਅਮਰ ਸਿੰਘ ਨੇ ਆਪਣੇ ਘਰ ਆਖੰਡ ਪਾਠ ਵਾਸਤੇ ਅਰਜ਼ ਕੀਤੀ ਤਾਂ ਸੱਚੇ ਪਾਤਿਸ਼ਾਹ ਜੀ ਹੋਰਾਂ ਹੁਕਮ ਕੀਤਾ ਇਸ ਵਾਰ ਮੇਰੇ ਕੋਲ ਕੋਈ ਦਿਨ ਖਾਲੀ ਨਹੀਂ। "ਪਰ ਅਮਰ ਸਿੰਘ ਕਿਹਾ ਗਰੀਬ ਨਿਵਾਜ਼ ਮੈਂ ਗੁਰਭਜਨ ਸਿੰਘ ਦੀ ਡਾਇਰੀ ਵੇਖੀ ਹੈ ਇਸ ਤਾਰੀਖ ਨੂੰ ਦੋ ਦਿਨ ਖਾਲੀ ਹਨ।"

"ਸਤਿਗੁਰੂ ਜੀ ਹੋਰਾਂ ਹੁਕਮ ਕੀਤਾ ਕਿ ਗੁਰਭਜਨ ਜਿਥੇ ਕਹੇਗਾ ਮੈਂ ਉਥੇ ਹੀ ਜਾਣਾ ਹੈ। ਮੈਂ ਆਪਣੀ ਮਰਜ਼ੀ ਨਾਲ ਕਿਤੇ ਨਹੀਂ ਜਾ ਸਕਦਾ ਜਾਂ ਕਿਸੇ ਨੂੰ ਦਿਨ ਨਹੀਂ ਦੇ ਸਕਦਾ। ਗਰੀਬ ਨਿਵਾਜ਼ ਦੇ ਸਕਦੇ ਹੋ।" ਤਾਂ ਸੱਚੇ ਪਾਤਿਸ਼ਾਹ ਜੀ ਹੋਰਾਂ ਕਿਹਾ ਮੈਂ ਆਪਣੀ ਮਰਜੀ ਨਾਲ ਇਸ ਦਿਨ ਸਾਜਨ ਘਰ ਆਖੰਡ ਪਾਠ ਦੇ ਭੋਗ ਤੇ ਜਾਣਾਂ ਹੈ। ਨੰਬਰਦਾਰ ਜੀ ਨੇ ਸਿਰ ਨਿਵਾ ਦਿੱਤਾ ਅਤੇ ਗੁਰਭਜਨ ਸਿੰਘ ਨੇ ਮੇਰੇ ਘਰ ਆਖੰਡ ਪਾਠ ਦੇ ਭੋਗ ਦੀ ਡੇਟ ਲਿਖ ਦਿਤੀ। ਇਸ ਤਾਰੀਖ ਤੋਂ ਤਿੰਨ ਦਿਨ ਪਹਿਲਾਂ ਫਲੌਰ ਸਤਿਗੁਰੂ ਜੀ ਦਰਸ਼ਨ ਦੇ ਰਹੇ ਸੀ। ਫਲੌਰ ਰਾਤ ਕਵੀ ਦਰਬਾਰ ਸੀ ਅਤੇ ਮੈਂ ਉਸ ਕਵੀ ਦਰਬਾਰ ਵਿਚ ਸਟੇਜ ਸਕੱਤਰ ਦੀ ਸੇਵਾ ਨਿਭ੍ਹਾ ਰਿਹਾ ਸਾਂ। ਗੁਰਭਜਨ ਸਿੰਘ ਨੂੰ ਇਕ ਦਮ ਧਿਆਨ ਆਇਆ ਤੇ ਉਸ ਸਤਿਗੁਰੂ ਜੀ ਨੂੰ ਅਰਜ ਕੀਤੀ ਸੱਚੇ ਪਾਤਿਸ਼ਾਹ ਸਾਜਨ ਤਾਂ ਇਥੇ ਬੈਠਾ ਹੈ ਅਤੇ ਇਸਦੇ ਘਰ ਸਵੇਰੇ ਆਖੰਡ ਪਾਠ ਆਰੰਭ ਕਿਵੇਂ ਹੋਵੇਗਾ? ਅਤੇ ਪਰਸੋਂ ਭੋਗ ਕਿਵੇਂ ਪਵੇਗਾ? ਸਾਜਨ ਨੂੰ ਆਖੰਡ ਪਾਠ ਬਾਰੇ ਤਾਂ ਮੈਂ ਦੱਸਿਆ ਹੀ ਨਹੀਂ? ਸਤਿਗੁਰੂ ਜੀ ਹੁਕਮ ਕੀਤਾ ਜੇ ਪਹਿਲਾਂ ਨਹੀਂ ਦਸਿਆ ਤੇ ਹੁਣ ਮੈਂ ਦਸ ਦਿੰਦਾ ਹਾਂ। ਮੈਂ ਕਵੀ ਦਾ ਨਾਮ ਅਨਾਊਂਸ ਕਰ ਸਤਿਗੁਰੂ ਜੀ ਕੋਲ ਬੈਠਾ, ਤਾਂ ਸਤਿਗੁਰੂ ਜੀ ਹੁਕਮ ਕੀਤਾ, ਸਾਜਨ ਆਖੰਡ ਪਾਠ ਦਾ ਪ੍ਰਬੰਧ ਕਰ ਆਇਆਂ ਹੈਂ? ਮੈਂ ਕਿਹਾ ਜੀ ਕਿਹੜੇ ਆਖੰਡ ਪਾਠ ਦਾ? ਤਾਂ ਹੁਕਮ ਹੋਇਆ, ਸਵੇਰੇ ਜਾ ਕੇ ਘਰ ਆਖੰਡ ਪਾਠ ਦਾ ਆਰੰਭ ਕਰ, ਅਸਾਂ



Sri Satguru Jagjit Singh Ji eLibrary

ਤੇਰੇ ਘਰ ਆਖੰਡ ਪਾਠ ਦੇ ਭੋਗ ਤੇ ਪਰਸੋਂ ਆਉਣਾ ਹੈ। ਮੇਰੀ ਖੁਸ਼ੀ ਦਾ ਪਾਰਾਵਾਰ ਨਾ ਰਿਹਾ। ਮੈਂ ਅਣਮੰਗਿਆ ਦਾਨ ਪਾ ਨਿਹਾਲ ਹੋ ਗਿਆ। ਸਵੇਰੇ ਬੱਸ ਚੜ੍ਹ ਘਰ ਸ਼ਾਮ ਦੇ ਚਾਰ ਵਜੇ ਆ ਆਖੰਡ ਪਾਠ ਦਾ ਆਰੰਭ ਕਰ ਦਿਤਾ। ਮੇਰੇ ਮਾਤਾ ਪਿਤਾ ਜੀ ਫੁਲੇ ਨਹੀਂ ਸੀ ਸਮਾਉਂਦੇ। ਸਿੱਖ ਅਰਜਾਂ ਕਰ ਕਰ ਥੱਕ ਜਾਂਦੇ ਨੇ ਅਤੇ ਸਾਨੂੰ ਆਪੇ ਮਿਹਰ ਦਾ ਮੀਂਹ ਵਸਦਾ ਨਜ਼ਰ ਆ ਰਿਹਾ ਸੀ। ਸਤਿਗੁਰੂ ਜੀ ਦੂਸਰੇ ਦਿਨ ਸ੍ਰੀ ਜੀਵਨ ਨਗਰ ਆਣ ਦਰਸ਼ਨ ਦਿਤੇ। ਇਸ ਤੋਂ ਅਗਲੇ ਦਿਨ ਸਵੇਰੇ ਆਖੰਡ ਪਾਠ ਦਾ ਭੋਗ ਪੈਣਾ ਸੀ। ਸ਼ਾਮ ਨੂੰ ਇਕ ਸਿੱਖ ਹੁਕਮ ਲੈ ਕੇ ਆਇਆ ਤੇ ਉਸ ਦੱਸਿਆ ਸਵੇਰੇ ਤਿੰਨ ਲੜਕੇ ਲੜਕੀਆਂ ਦੇ ਆਨੰਦ ਕਾਰਜ ਵੀ ਇਥੇ ਹੀ ਹੋਣਗੇ ਅਤੇ ਬੂੰਦੀ ਦਾ ਲੰਗਰ ਕਰਨਾ ਹੈ, ਸਤਿਗੁਰੂ ਜੀ ਦਾ ਹੁਕਮ ਹੈ। ਪਿਤਾ ਜੀ ਨੇ ਕਿਹਾ ਸਤਿਗੁਰੂ ਜੀ ਦਾ ਹੁਕਮ ਸਿਰ ਮੱਥੇ ਤੇ। ਜੋ ਮੇਰਾ ਪਾਤਸ਼ਾਹ ਹੁਕਮ ਕਰੇਗਾ ਓਹੋ ਹੀ ਹੋਵੇਗਾ। ਹਲਵਾਈ ਸੱਦੇ, ਰਾਤੋ ਰਾਤ ਬੂੰਦੀ ਤਿਆਰ ਕੀਤੀ ਗਈ। ਰਾਗੀ ਸਿੰਘਾਂ ਨੇ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦਾ ਭੋਗ ਪਾਇਆ ਤਾਂ ਸਤਿਗੁਰੂ ਜੀ ਹੁਕਮ ਕੀਤਾ ਸਾਧ ਸੰਗਤ ਜੀ ਕਿਸੇ ਨੇ ਜਾਣਾ ਨਹੀਂ ਪਹਿਲਾਂ ਜਲ ਪਾਣੀ ਛਕੋ। ਆਨੰਦ ਕਾਰਜ ਹੋਣ ਪਿਛੋਂ ਬੂੰਦੀ ਅਤੇ ਲੰਗਰ ਸਭ ਨੇ ਛਕ ਕੇ ਜਾਣਾ? ਆਨੰਦ ਕਾਰਜ ਹੋਏ, ਗੁਰੂ ਕਾ ਲੰਗਰ ਵਰਤਦਾ ਰਿਹਾ। ਸਤਿਗੁਰੂ ਜੀ ਮੈਨੂੰ ਕੋਲ ਸੱਦ ਕੇ ਹੁਕਮ ਕੀਤਾ, ਸਾਜਨ, ਹੰਸਪਾਲ ਜੀ, ਅਤੇ ਸੇਠ ਤਰਲੋਕ ਸਿੰਘ ਜੀ, ਦਾ ਧੰਨਵਾਦ ਕਰ ਇਹ ਤੇਰੇ ਘਰ ਸਪੈਸ਼ਲ ਮੇਲੇ ਤੇ ਆਏ ਹਨ। ਮੈਂ ਇਹਨਾਂ ਨੂੰ ਫੋਨ ਤੇ ਦੱਸਿਆ ਸੀ ਕਿ ਸਾਜਨ ਦੇ ਘਰ ਮੇਲਾ ਹੈ। ਤਾਂ ਇਹਨਾਂ ਕਿਹਾ ਸਾਨੂੰ ਕਿਹੜਾ ਸਾਜਨ ਆਉਣ ਲਈ ਆਖਿਆ ਹੈ ਤਾਂ ਮੈਂ ਕਿਹਾ ਜੇ ਉਸ ਨਹੀਂ ਕਿਹਾ ਤਾਂ ਮੈਂ ਉਹਦੇ ਵਲੋਂ ਤੁਹਾਨੂੰ ਕਹਿ ਦਿੰਦਾ ਹਾਂ ਮੇਲੇ ਤੇ ਆਵੋ ਅਤੇ ਇਉਂ ਇਹ ਤੇਰੇ ਘਰ ਮੇਲੇ ਤੇ ਆਏ ਹਨ। ਕਿਉਂ ਹੈਨ ਨਾ ਧੰਨਵਾਦ ਦੇ ਲਾਇਕ? ਮੈਂ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕਰ ਸੇਠ ਤਰਲੋਕ ਸਿੰਘ ਜੀ ਅਤੇ ਹਰਵਿੰਦਰ ਸਿੰਘ ਹੰਸਪਾਲ ਜੀ ਦਾ ਧੰਨਵਾਦ ਕੀਤਾ। ਕੋਲ ਹੀ ਮਾਤਾ ਜੀ ਬੈਠੇ ਸਨ, ਉਹਨਾਂ ਨੇ ਕਿਹਾ ਸਾਜਨ ਸੇਠ ਜੀ ਦਾ ਧੰਨਵਾਦ ਤਾਂ ਕਰ ਸਕਦਾ ਹੈ ਮੇਰਾ ਨਹੀਂ। ਮੈਂ ਵੀ ਤਾਂ ਬਿਨਾਂ ਆਖਿਆ ਆਈ ਹਾਂ। ਮੈਂ ਹਥ ਜੋੜ ਅਰਜ਼ ਕੀਤੀ, "ਮਾਤਾ ਜੀ ਤੁਹਾਡਾ ਧੰਨਵਾਦ ਨਹੀਂ ਕੀਤਾ ਜਾ ਸਕਦਾ। ਮਾਂ ਗੋਦੀ ਵਿਚ ਪੁਤਰ ਨੂੰ ਬਿਠਾਉਂਦੀ ਹੈ ਤਾਂ ਵੀ ਬੱਚਾ ਧੰਨਵਾਦ ਨਹੀਂ ਕਰਦਾ; ਮਾਂ ਆਪਣੇ ਮੂੰਹ ਵਿੱਚੋਂ ਕੱਢ ਕੇ ਬੱਚੇ ਦੇ ਮੂੰਹ ਵਿੱਚ ਪਾ ਦਿੰਦੀ ਹੈ ਤਾਂ ਵੀ ਬੱਚਾ ਧੰਨਵਾਦ ਨਹੀਂ ਕਰਦਾ। ਮਾਤਾ ਜੀ ਤੁਹਾਡੀ ਥਾਂ ਧੰਨਵਾਦ ਵਾਲੀ ਨਹੀਂ ਇਸ ਲਈ ਤੁਹਾਡਾ ਧੰਨਵਾਦ ਨਹੀਂ ਕੀਤਾ ਜਾ ਸਕਦਾ ਸਿਰ ਨਿਵਾਇਆ ਜਾ ਸਕਦਾ ਹੈ। ਸੋ ਮੈਂ ਚਾਹੁੰਦਾ ਹਾਂ ਇਹ ਸਿਰ ਸਦਾ ਤੁਹਾਡੇ ਸਾਂਹਵੇਂ ਨਿਵਿਆ ਰਹੇ। ਸਤਿਗੁਰੂ ਜੀ ਕੋਲੋਂ ਕਿਹਾ ਸਾਜਨ ਨੂੰ ਇਹੋ ਜਿਹੀਆਂ ਗੱਲਾਂ ਕਰਨ ਦੀ ਆਦਤ ਹੈ।



Sri Satguru Jagjit Singh Ji eLibrary NamdhariElibrary@gmail.com

ਆਨੰਦ ਕਾਰਜ ਹੋ ਗਏ। ਸੰਗਤ ਪਰਸਾਦ ਪਾਣੀ ਛੱਕ ਕੇ ਜਾ ਰਹੀ ਸੀ। ਸਤਿਗੁਰੂ ਜੀ ਨੇ ਮੇਰੀ ਪਤਨੀ ਕਪੂਰ ਕੌਰ ਨੂੰ ਹੁਕਮ ਕੀਤਾ ਬੀਬੀ ਇਕ ਅੰਦਰ ਮੰਜਾ ਵਿਛਾ ਅਸਾਂ ਅਰਾਮ ਕਰਨਾ ਹੈ । ਸਤਿਗੁਰੂ ਜੀ ਹੋਰਾਂ ਨੰਬਰਦਾਰ ਅਮਰ ਸਿੰਘ ਨੂੰ ਕਿਹਾ ਤੂੰ ਕਿਤੇ ਪੰਚਾਇਤ ਕਚਹਿਰੀ ਵਿਚ ਜਾਣਾ ਹੋਵੇ ਤਾਂ ਜਾ ਸਕਦਾ ਹੈਂ ? ਅਸਾਂ ਤਾਂ ਅਰਾਮ ਕਰਕੇ ਜਾਣਾ ਹੈ। ਨੰਬਰਦਾਰ ਕਿਹਾ ਮੈਨੂੰ ਅਰਾਮ ਚੁਭਦਾ ਨਹੀਂ ਮੈਂ ਵੀ ਆਪ ਜੀ ਦੇ ਨਾਲ ਹੀ ਜਾਵਾਂਗਾ। ਸੇਠ ਤਰਲੋਕ ਸਿੰਘ ਜੀ, ਹੰਸਪਾਲ ਜੀ ਅਤੇ ਸਤਿਗੁਰੂ ਜੀ ਦੇ ਨਿਜੀ ਸੇਵਕ ਸਭ ਇਕੱਠੇ ਬੈਠ ਗਏ। ਸੱਚੇ ਪਾਤਿਸ਼ਾਹ ਜੀ ਦੋ ਘੰਟੇ ਹੋਰ ਕਿਰਪਾ ਕਰ ਸ੍ਰੀ ਜੀਵਨ ਨਗਰ ਜਾ ਦਰਸਨ ਦਿੱਤੇ। ਜੋ ਸਤਿਗੁਰੂ ਜੀ ਮੇਰੇ ਘਰ ਪਰਿਵਾਰ ਤੇ ਬਖਸ਼ਿਸ਼ ਕੀਤੀ, ਇਹ ਸੱਭ ਉਹਨਾਂ ਦੀ ਗਰੀਬ ਨਿਵਾਜ਼ੀ ਦਾ ਹੀ ਨਮੂਨਾ ਹੈ।

## ਬੇਟੀ ਦਾ ਅਨੰਦ ਕਾਰਜ

ਜਿਸ ਰੋਜ਼ ਸਤਿਗੁਰੂ ਪ੍ਰਤਾਪ ਸਿੰਘ ਜੀ ਹੋਰਾਂ ਦੇਹ ਕਰਕੇ ਸੰਗਤਾਂ ਨੂੰ ਵਿਛੋੜਾ ਦਿਤਾ ਸੀ ਉਸ ਦਿਨ ਹੀ ਮੇਰੇ ਘਰ ਬੇਟੀ ਨੇ ਜਨਮ ਲਿਆ ਸੀ ਅਤੇ ਮੈਂ ਇਕ ਬੇਟੀ ਦਾ ਬਾਪ ਬਣ ਗਿਆ ਸੀ। ਪਰ ਬੇਟੀ ਦੇ ਜਨਮ ਦੀ ਕਿਸੇ ਨੂੰ ਪਰਿਵਾਰ ਵਿਚ ਬਹੁਤੀ ਖੁਸ਼ੀ ਨਹੀਂ ਸੀ ਹੋਈ ਕਿਉਂਕਿ ਸਤਿਗੁਰੂ ਜੀ ਦੇ ਵਿਛੋੜੇ ਵਿਚ ਸਾਰਾ ਹੀ ਪਰਿਵਾਰ ਗਮਗੀਨ ਸੀ। ਮੈਂ ਤਾਂ ਬੇਟੀ ਨੂੰ ਵੇਖਣ ਵੀ ਨਹੀਂ ਸੀ ਗਿਆ ਅਤੇ ਸ੍ਰੀ ਭੈਣੀ ਸਾਹਿਬ ਚਲਾ ਗਿਆ ਸੀ। ਸਮਾਂ ਬੀਤਦਾ ਗਿਆ ਅਤੇ ਸਾਲਾਂ ਦੇ ਬੀਤਣ ਨਾਲ ਬੇਟੀ ਜੁਆਨ ਹੋ ਚੁੱਕੀ ਸੀ ਅਤੇ ਹੁਣ ਉਸ ਵਾਸਤੇ ਵਰ ਢੂੰਡਣ ਦੀ ਚਿੰਤਾ ਲੱਗੀ ਸੀ। ਮੇਰੇ ਪਿੰਡ ਵਿਚ ਇਕ ਦਇਆ ਸਿੰਘ ਪੁੱਤਰ ਸ੍ਰੀ ਰੰਗਾ ਸਿੰਘ ਸੀ। ਜਿਸ ਨੂੰ ਰਿਸ਼ਤੇ ਕਰਾਉਣ ਦਾ ਬਹੁਤ ਹੀ ਸ਼ੌਕ ਸੀ। ਉਸਨੇ ਮੈਨੂੰ ਇਕ ਲੜਕੇ ਬਾਰੇ ਕਿਹਾ। ਮੈਂ ਉਸ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਤਾਂ ਗੱਲ ਜਚਦੀ ਦਿੱਸੀ; ਪਰ ਉਹ ਲੜਕਾ ਨਾਮਧਾਰੀ ਨਹੀਂ ਸੀ। ਪਰ ਮੀਟ ਸ਼ਰਾਬ ਤੋਂ ਕੋਹਾਂ ਦੂਰ ਸੀ। ਸਤਿਗੁਰੂ ਜੀ ਬੰਗਲੌਰ ਤੋਂ ਹਵਾਈ ਜਹਾਜ਼ ਰਾਹੀ ਚੰਡੀਗੜ੍ਹ ਆ ਰਹੇ ਸੀ ਅਤੇ ਇਥੋਂ ਹੀ ਇਹਨਾਂ ਮੰਡੀ ਦੀ ਸੰਗਤ ਨੂੰ ਦਰਸ਼ਨ ਦੇਣ ਜਾਣਾ ਸੀ। ਮੈਂ ਅਤੇ ਵੱਡੇ ਠਾਕਰ ਜੀ ਚੰਡੀਗੜ੍ਹ ਆਏ ਅਤੇ ਏਅਰਪੋਰਟ ਦੇ ਅੰਦਰ ਜਾ ਕੇ ਸਤਿਗੁਰੂ ਜੀ ਅੱਗੇ ਠਾਕਰ ਜੀ ਮੇਰੇ ਵਲੋਂ ਮੇਰੀ ਲੜਕੀ ਦੇ ਰਿਸ਼ਤੇ ਵਾਸਤੇ ਸਾਰੀ ਹਕੀਕਤ ਦੱਸ ਕੇ ਅਰਜ਼ ਕੀਤੀ। ਗਰੀਬ ਨਿਵਾਜ਼ ਸਾਜਨ ਕਹਿੰਦਾ ਹੈ ਜੇ ਆਪ ਜੀ ਆਗਿਆ ਦੇਵੋ ਤਾਂ ਮੈਂ ਲੜਕੀ ਦਾ ਰਿਸ਼ਤਾ ਇਸ ਲੜਕੇ ਨਾਲ ਕਰ ਦੇਵਾਂ। ਸਤਿਗੁਰੂ ਜੀ ਕਿਰਪਾ ਕਰਦਿਆਂ ਹੁਕਮ ਕੀਤਾ ਮੇਰੇ ਵਲੋਂ ਆਗਿਆ ਹੈ ਸਾਜਨ ਰਿਸ਼ਤਾ ਕਰ ਦੇਵੇ। ਮੈਨੂੰ ਜਦ ਸਤਿਗੁਰੂ ਜੀ ਵਲੋਂ ਆਗਿਆ ਮਿਲ ਗਈ ਤਾਂ ਮੈਂ ਨੱਥਾ ਸਿੰਘ ਪੁੱਤਰ ਸੱਜਣ ਸਿੰਘ ਮਾਹੋ



Sri Satguru Jagjit Singh Ji eLibrary

ਸਿੰਧਾਣਾਂ ਨਾਲ ਰਿਸ਼ਤਾ ਕਰ ਦਿਤਾ ਅਤੇ ਇਕ ਸਾਲ ਪਿਛੋਂ ਜਦ ਵਿਆਹ ਕਰਨ ਦੀ ਤਾਰੀਖ ਪੱਕੀ ਕਰਨੀ ਸੀ ਤਾਂ ਉਸ ਵਕਤ ਸ੍ਰੀ ਭੈਣੀ ਸਾਹਿਬ ਹੋਲੇ ਦਾ ਮੇਲਾ ਚੱਲ ਰਿਹਾ ਸੀ। ਮੈਨੂੰ ਦੋ ਦਿਨ ਪਹਿਲਾਂ ਹੁਕਮ ਆਖ ਕੇ ਸੱਦਿਆ ਗਿਆ। ਮੈਂ ਸ੍ਰੀ ਭੈਣੀ ਸਾਹਿਬ ਰਾਤ ਠਾਕਰ ਜੀ ਕੋਲ ਗਿਆ ਤਾਂ ਠਾਕਰ ਜੀ ਕਿਹਾ ਸਾਜਨ, ਤੇਰੇ ਵਾਸਤੇ ਸਤਿਗੁਰੂ ਜੀ ਦਾ ਹੁਕਮ ਹੈ ਕਿ ਲੜਕੀ ਦਾ ਰਿਸ਼ਤਾ ਉਸ ਲੜਕੇ ਵੱਲ ਨਹੀਂ ਕਰਨਾ ਲੜਕੇ ਵਾਲਿਆਂ ਨੂੰ ਜੁਆਬ ਦੇ ਦੇ। ਪਰ ਮੈਂ ਠਾਕਰ ਜੀ ਨੂੰ ਬੇਨਤੀ ਕੀਤੀ। ਰਿਸ਼ਤਾ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਕੀਤਾ ਹੈ ਅਤੇ ਹੁਣ ਜੁਆਬ ਦੇਣ ਦਾ ਕਾਰਨ ਜਾਣੇ ਬਿਨਾ ਮੈਂ ਇਨਕਾਰ ਨਹੀਂ ਕਰਾਂਗਾ। ਠਾਕਰ ਜੀ ਕਿਹਾ ਨੰਬਰਦਾਰ ਅਮਰ ਸਿੰਘ ਨੇ ਸਤਿਗੁਰੂ ਜੀ ਕੋਲ ਅਰਜ਼ ਕੀਤੀ ਹੈ ਕਿ ਫਲਾਂ-ਫਲਾਂ ਦਾ ਰਿਸ਼ਤਾ ਖੁੱਲਿਆਂ ਵੱਲੋਂ ਹਟਾਇਆ ਗਿਆ ਹੈ ਤਾਂ ਸਾਜਨ ਦੀ ਲੜਕੀ ਦਾ ਗੈਰ ਨਾਮਧਾਰੀ ਲੜਕੇ ਵੱਲ ਰਿਸ਼ਤਾ ਕਿਉਂ ਹੋਵੇ। ਇਸ ਪਿਛੋਂ ਮੇਰੇ ਮਿੱਤਰ ਕਵੀ ਪ੍ਰੀਤਮ ਸਿੰਘ ਜੀ ਨੇ ਵੀ ਮੈਨੂੰ ਏਹੋ ਕਿਹਾ ਅਤੇ ਨਾਮਧਾਰੀ ਪੰਥ ਦੇ ਮਹਾਨ ਵਿਦਵਾਨ ਪੰਡਤ ਗੁਪਾਲ ਸਿੰਘ ਜੀ ਨੇ ਰਿਸ਼ਤੇ ਬਾਰੇ ਕਿਹਾ ਤਾਂ ਮੈਂ ਉਹਨਾਂ ਨੂੰ ਸਿਰਫ ਏਨਾਂ ਹੀ ਕਿਹਾ, ਪੰਡਤ ਜੀ, ਤੁਸੀਂ ਵੀ? ਤਾਂ ਪੰਡਤ ਜੀ ਕਿਹਾ ਮੈਂ ਤਾਂ ਤੈਨੂੰ ਵੇਖਣ ਆਇਆ ਹਾਂ। ਤੂੰ ਕਿਥੇ ਖੜ੍ਹਾ ਹੈਂ? ਪਰ ਹੁਣ ਤੂੰ ਜਿਥੇ ਖੜ੍ਹਾ ਹੈਂ, ਉਥੇ ਹੀ ਅਡੋਲ ਰਹੀਂ।

ਇਸ ਪਿਛੋਂ ਜਦ ਠਾਕਰ ਜੀ ਨੇ ਮੈਨੂੰ ਦੁਬਾਰਾ ਕਿਹਾ ਤਾਂ ਮੈਂ ਕਿਹਾ ਠਾਕਰ ਜੀ ਸੱਚੇ ਪਾਤਿਸ਼ਾਹ ਜੀ ਮੈਨੂੰ ਦੀਵਾਨ ਵਿਚ ਖੜ੍ਹਾ ਕਰਕੇ ਹੁਕਮ ਕਰਨ। ਸਾਜਨ, ਲੜਕੀ ਦਾ ਰਿਸ਼ਤਾ ਉਥੇ ਨਹੀਂ ਕਰਨਾ ਤਾਂ ਮੈਂ ਜੁਆਬ ਦੇ ਦੇਵਾਂਗਾ ਪਰ ਐਰੇ ਗੈਰੇ ਦੇ ਕਹਿਣ ਤੇ ਮੈਂ ਰਿਸ਼ਤੇ ਤੋਂ ਇਨਕਾਰ ਨਹੀਂ ਕਰਾਂਗਾ। ਤੁਸੀ ਮੇਰੀ ਇਹ ਅਰਜ਼ ਸਤਿਗੁਰੂ ਜੀ ਕੋਲ ਮੇਰੇ ਵੱਲੋਂ ਕਰ ਦੇਵੋ। ਠਾਕਰ ਜੀ ਨੇ ਕਿਹਾ,"ਤੂੰ ਆਪ ਸਤਿਗੁਰੂ ਜੀ ਕੋਲ ਇਹ ਅਰਜ਼ ਕਰ ਲੈ" "ਮੈਂ ਕਿਹਾ ਠਾਕਰ ਜੀ ਮੈਨੂੰ ਤਾਂ ਹੁਣ ਤਕ ਸਤਿਗੁਰੂ ਜੀ ਹੁਕਮ ਹੀ ਨਹੀਂ ਕੀਤਾ ਤਾਂ ਮੈਂ ਆਪ ਅਰਜ਼ ਕਿਉਂ ਕਰਾਂ, ਤੁਸੀਂ ਕਹਿ ਰਹੇ ਹੋ ਹੁਕਮ ਹੈ, ਹੁਕਮ ਹੈ, ਤੁਸੀ ਅਰਜ਼ ਕਰੋ" ਠਾਕਰ ਜੀ ਮੇਰੀ ਗੱਲ ਮੰਨ ਸੱਚੇ ਪਾਤਿਸ਼ਾਹ ਜੀ ਦੇ ਚਰਨਾਂ ਵਿਖੇ ਮੇਰੀ ਅਰਜ਼ ਕੀਤੀ ਕਿ ਸਾਜਨ ਕਹਿੰਦਾ ਹੈ, ਮੈਨੂੰ ਦੀਵਾਨ ਵਿਚ ਸਤਿਗੁਰੂ ਜੀ ਹੁਕਮ ਕਰਨ ਮੈਂ ਰਿਸ਼ਤੇ ਤੋਂ ਇਨਕਾਰ ਕਰ ਦੇਵਾਂਗਾ।

ਸਤਿਗੁਰੂ ਜੀ ਠਾਕਰ ਜੀ ਨੂੰ ਹੁਕਮ ਕੀਤਾ ਕਿ ਕਾਕਾ ਮੈਂ ਤਾਂ ਸਾਜਨ ਨੂੰ ਇਨਕਾਰ ਕਰਨ ਵਾਸਤੇ ਨਾ ਸੱਦਿਆ ਹੈ ਅਤੇ ਨਾ ਹੀ ਇਨਕਾਰ ਕਰਨ ਲਈ ਹੁਕਮ ਕਰਨਾ ਹੈ। ਮੈਂ ਤਾਂ ਇਸ ਰਿਸ਼ਤੇ ਵਾਸਤੇ ਆਪ ਆਗਿਆ ਦਿਤੀ ਹੈ। ਤੂੰ ਜਾਂ ਕੋਈ ਹੋਰ ਸਾਜਨ ਨੂੰ ਕਹਿਣਾ ਹੈ ਤਾਂ ਕਹਿ ਲਵੋ ਮੈਂ ਨਹੀਂ ਕਹਿਣਾ। ਮੈਂ ਤਾਂ ਸਾਜਨ ਨਾਲ ਸਹਿਮਤ ਹਾਂ। ਠਾਕਰ ਜੀ ਇਹ ਗੱਲ ਸਾਰੀ ਮੈਨੂੰ ਆਣ ਦੱਸੀ ਅਤੇ



Sri Satguru Jagjit Singh Ji eLibrary NamdhariElibrary@gmail.com

ਕਿਹਾ ਸਾਜਨ ਜੇ ਸਤਿਗੁਰੂ ਜੀ, ਇਸ ਰਿਸ਼ਤੇ ਵਾਸਤੇ ਰਾਜ਼ੀ ਹਨ ਤਾਂ ਨੰਬਰਦਾਰ ਅਮਰ ਸਿੰਘ ਤੇ ਕੋਈ ਹੋਰ ਕਿਉਂ ਕਹੇ। ਤੂੰ ਰਿਸ਼ਤਾ ਪੱਕਾ ਰੱਖ। ਮੈਂ ਫਿਰ ਠਾਕਰ ਜੀ ਨੂੰ ਕਿਹਾ, ਠਾਕਰ ਜੀ, ਇੱਕ ਮੇਰੀ ਹੋਰ ਅਰਜ਼ ਸਤਿਗੁਰੂ ਜੀ ਕੋਲ ਕਰੋ ਕਿ ਮੈਨੂੰ ਵਿਆਹ ਦੀ ਤਾਰੀਖ ਦਿੱਤੀ ਜਾਵੇ। ਠਾਕਰ ਜੀ ਨੇ ਦੁਬਾਰਾ ਜਾ ਕੇ ਅਰਜ਼ ਕੀਤੀ, ਸਾਜਨ ਬੇਟੀ ਦੇ ਵਿਆਹ ਲਈ ਅਰਜ਼ ਕਰਦਾ ਹੈ ਤਾਂ ਹੁਕਮ ਹੋਇਆ ਸਾਜਨ ਵਾਸਤੇ ਵੀਰਵਾਰ ਦੀ ਕੋਈ ਪਾਬੰਦੀ ਨਹੀਂ। ਉਹ ਜਿਸ ਵਾਰ ਵੀ ਚਾਹੇ ਬੇਟੀ ਦਾ ਵਿਆਹ ਕਰੇ। ਮੈਂ ਉਸਨੂੰ ਆਗਿਆ ਦਿੰਦਾ ਹਾਂ। ਮੈਨੂੰ ਸਤਿਗੁਰੂ ਜੀ ਵਲੋਂ ਮਿਲੀ ਆਗਿਆ ਦਾ ਹੁਕਮ ਠਾਕਰ ਜੀ ਆਣ ਸੁਣਾਇਆ ਤਾਂ ਮੈਂ ਆਪਣੀ ਲੜਕੀ ਦਾ ਵਿਆਹ ਨੱਥਾ ਸਿੰਘ ਪੁੱਤਰ ਸ. ਸੱਜਣ ਸਿੰਘ ਨਾਲ ਨਾਮਧਾਰੀ ਮਰਿਆਦਾ ਅਨੁਸਾਰ ਸ੍ਰੀ ਜੀਵਨ ਨਗਰ ਵਿਖੇ ਪੰਜ ਅਪਰੈਲ 1979 ਮਿੱਥੀ ਤਾਰੀਕ ਨੂੰ ਕਰ ਦਿਤਾ।

ਵਿਆਹ ਤੋਂ ਕੁਝ ਸਮੇਂ ਬਾਅਦ ਸਤਿਗੁਰੂ ਜੀ ਕੋਲ ਮੈਂ ਬੈਠਾ ਸੀ ਤਾਂ ਸਤਿਗੁਰੂ ਜੀ ਮੈਨੂੰ ਹੁਕਮ ਕੀਤਾ ਕਿ ਲੜਕੇ ਨੂੰ ਆਖੀਂ ਮੈਨੂੰ ਕਿਸੇ ਵਕਤ ਬੀਬੀ ਨਾਲ ਮਿਲ ਜਾਵੇ। ਮੈਂ ਵੀ ਤਾਂ ਵੇਖਾਂ ਸਾਜਨ ਦੀ ਚੋਣ ਕਿਹੜੀ ਹੈ। ਤਾਂ ਮੈਂ ਅਰਜ਼ ਕੀਤੀ ਗਰੀਬ ਨਿਵਾਜ਼, ਪੰਜਾਬੀ ਦੀ ਕਹਾਵਤ ਹੈ, ਘਿਉ ਬਣਾਵੇ ਸੇਵੀਆਂ, ਵੱਡੀ ਨੂੰਹ ਦਾ ਨਾਂ। ਗਰੀਬ ਨਿਵਾਜ਼ ਜੀ ਵਿਆਹ ਤਾਂ ਆਪ ਜੀ ਦੀ ਕਿਰਪਾ ਸਦਕਾ ਹੀ ਹੋ ਸਕਿਆ ਹੈ ਨਹੀਂ ਤਾਂ ਮੇਰੀ ਇੱਜ਼ਤ ਰੋਲਣ ਵਾਲੀ ਟੋਲੀ ਨੇ ਲੰਗੋਟਾ ਕਸ ਹੀ ਲਿਆ ਸੀ। ਸਾਜਨ, ਹਮਲਾ ਤਾਂ ਬੱਬਰ ਸ਼ੇਰ ਵਾਲਾ ਹੋਇਆ ਸੀ ਪਰ ਤੂੰ ਸ਼ੇਰ ਦੇ ਪੰਜੇ ਤੋਂ ਬਚ ਗਿਆ ਹੈਂ। ਮੈਂ ਕਿਹਾ ਬਿਰਧਪਾਲ ਬਚ ਇਸ ਕਰਕੇ ਗਿਆ ਹਾਂ ਅੱਗੋ ਪੰਜਾ ਪਹਾੜ ਰੋਕਣ ਵਾਲਾ ਜੋ ਹੈ ਸੀ। ਜਾਂ ਤੂੰ ਮੇਰੇ ਵੱਲ ਹੈਂ ਤਾਂ ਕਿਆ ਮੁਹਛੰਦਾ। ਸਾਜਨ, ਕਹਿਣ ਵਾਲੇ ਤਾਂ ਬਹੁਤ ਹੁੰਦੇ ਹਨ, ਸੁਣਨ ਵਾਲਾ ਵੀ ਅੱਗੇ ਹੋਵੇ। ਮੈਂ ਚਰਨਾਂ ਤੇ ਨਮਸਕਾਰ ਕਰ ਤੇ ਹੱਥ ਬੰਨ ਅਰਜ਼ ਕੀਤੀ। ਦੀਨ ਦਿਆਲ ਜਿਸ ਦੀ ਲੱਜਾ ਆਪ ਜੀ ਦੇ ਹੱਥ ਹੋਵੇ ਉਹ ਤਾਂ ਮੇਰੇ ਵਾਂਗ ਘੁਰਾੜੇ ਹੀ ਮਾਰੇਗਾ।

ਮੇਰੇ ਉਤੇ ਜਦੋਂ ਵੀ ਕਹਿਰ ਤੇ ਗਮਾਂ ਦੇ ਬੱਦਲ ਛਾਏ ਸਤਿਗੁਰੂ ਜੀ ਨੇ ਮੇਰੀ ਹਰ ਸਮੇਂ ਰਖਿਆ ਕੀਤੀ ਅਤੇ ਖਰੋਚ ਤੱਕ ਨਹੀਂ ਆਉਣ ਦਿੱਤੀ। ਪਰ ਦੋਖੀਆਂ ਨੇ ਦੂਰ ਕਰਨ ਦੀ ਕੋਈ ਕਸਰ ਨਹੀਂ ਛੱਡੀ।

ਇਸਨੂੰ ਪੇਸ਼ ਕਰਦੀ ਮੇਰੀ ਗਜ਼ਲ ਦੀ ਇਕ ਲਾਈਨ ਹੈ: ਉਹ ਕਹਿੰਦੇ ਨੇ ਤੇਰਾ ਪ੍ਰੀਤ ਤੈਨੂੰ ਨਫਰਤ ਕਰਦਾ ਹੈ, ਤੇਰੀ ਬਖਸ਼ਿਸ਼ ਵਲੋਂ ਵੇਖਾਂ ਉਹਨਾਂ ਪਿੱਛੇ ਜਾਵਾਂ ਦਸ? ਇਸ ਦੁਖਾਂਤ ਦਾ ਰਗੜਿਆਂ ਆਪਣੇ ਰਹਿਬਰ, ਪ੍ਰੀਤਮ, ਦੀਨ ਦਿਆਲ ਸਤਿਗੁਰੂ ਦਾ ਬਾਰਾਂ ਸਾਲ ਬਾਅਦ ਦਰਸ਼ਨ ਕਰ ਸਕਿਆ। ਕਿਉਂ ਕਿ ਸਤਿਗੁਰੂ ਜੀ ਸਰੀਰ ਕਰਕੇ ਤਕਣ ਦੀ ਹਾਲਤ ਵਿਚ ਨਹੀਂ ਸਨ ਅਤੇ ਪਹਿਲੀ ਵਾਰ ਉਹਨਾਂ ਮੈਨੂੰ ਨਜ਼ਰ ਭਰ ਕੇ ਨਹੀਂ ਵੇਖਿਆ ਪਰ ਮੈਂ ਆਪਣੇ ਆਪ ਨੂੰ ਫਿਰ ਵੀ ਸੁਭਾਗਾ ਸਮਝਦਾ ਹਾਂ ਆਖਰ ਦੀਦਾਰ ਤਾਂ ਕੀਤਾ।

## ਜ਼ਿੰਮੇਵਾਰੀ

ਮਸਤਾਨ ਗੜ੍ਹ ਦੇ ਮੇਲੇ ਪਿਛੋਂ ਹਰ ਮੇਲੇ ਦੀ ਮੁਕੰਮਲ ਜਿੰਮੇਵਾਰੀ ਵੱਡੇ ਠਾਕਰ ਜੀ ਦੀ ਹੁੰਦੀ। ਠਾਕਰ ਜੀ ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਆਪਣੀ ਹਰ ਜ਼ਿੰਮੇਵਾਰੀ ਨੂੰ ਬੜੇ ਧਿਆਨ ਤੇ ਉਤਸ਼ਾਹ ਨਾਲ ਨਿਭਾਉਂਦੇ। ਮੈਂ ਠਾਕਰ ਜੀ ਦਾ ਨੇੜਲੇ ਸਲਾਹਕਾਰਾਂ ਵਿਚੋਂ ਹੁੰਦਾ। ਪਰ ਸਤਿਗੁਰੂ ਜੀ ਦੀ ਰਜ਼ਾ ਨੂੰ ਜਾਣ ਸਕਣਾ ਮਨੁੱਖ ਦੇ ਵੱਸ ਦੀ ਗੱਲ ਨਹੀਂ। ਇਕ ਸਾਲ ਅੱਸੂ ਦਾ ਮੇਲਾ ਸ੍ਰੀ ਭੈਣੀ ਸਾਹਿਬ ਆਰੰਭ ਹੋਇਆਂ ਨੂੰ ਦੋ ਦਿਨ ਲੰਘ ਚੁੱਕੇ ਸੀ ਅਤੇ ਮੈਂ ਸ੍ਰੀ ਭੈਣੀ ਸਾਹਿਬ ਨਹੀਂ ਸੀ ਗਿਆ। ਮੈਂ ਆਪਣੇ ਖੇਤ ਵਿਚ ਨਰਮੇ ਦੀ ਗੁਡਾਈ ਕਰ ਰਿਹਾ ਸੀ ਤਾਂ ਢਲੀ ਦੁਪਹਿਰ ਇੱਕ ਸਿੱਖ ਮੇਰੇ ਖੇਤ ਵਿੱਚ ਆਣ ਖਲੋਤਾ। ਮੈਂ ਕੰਮ ਛੱਡ ਸਿੱਖ ਨੂੰ ਮਿਲਣ ਗਿਆ ਤਾਂ ਉਸ ਮੈਨੂੰ ਸਤਿਗੁਰੂ ਜੀ ਦਾ ਹੁਕਮ ਸੁਣਾ ਕੇ ਕਿਹਾ ਤੂੰ ਅੱਜ ਰਾਤ ਤੱਕ ਸ੍ਰੀ ਭੈਣੀ ਸਾਹਿਬ ਪੁੱਜਣਾ ਹੈ। ਮੈਂ ਸਿਰਫ ਸਤਿਗੁਰੂ ਜੀ ਦਾ ਤੈਨੂੰ ਹੁਕਮ ਸੁਨਾਉਣ ਹੀ ਆਇਆ ਹਾਂ। ਮੈਂ ਖੇਤ ਵਿੱਚ ਕੰਮ ਛੱਡ ਘਰੋਂ ਤਿਆਰੀ ਕਰ ਲੇਟ ਰਾਤ ਸ੍ਰੀ ਭੈਣੀ ਸਾਹਿਬ ਪਹੁੰਚ ਗਿਆ। ਲੇਟ ਜਾਣ ਕਾਰਨ ਸਤਿਗੁਰੂ ਜੀ ਦੇ ਰਾਤ ਦਰਸਨ ਨਾ ਕਰ ਸਕਿਆ ਅਤੇ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਵਿਚ ਕੁਝ ਕੰਮਾਂ ਕਾਰਨ ਨਾ ਜਾ ਸਕਿਆ। ਠਾਕਰ ਜੀ ਸਤਿਗੁਰੂ ਜੀ ਦੇ ਚਰਨਾਂ ਵਿਖੇ ਅਰਜ਼ ਕੀਤੀ। ਰਾਤ ਸਾਜਨ ਦੇਰ ਨਾਲ ਪਹੁੰਚ ਗਿਆ ਸੀ ਤੇ ਮੇਰੇ ਕੋਲ ਹੀ ਸੁਤਾ ਸੀ।

ਸਤਿਗੁਰੂ ਜੀ ਆਸਾ ਦੀ ਵਾਰ ਦੇ ਕੀਰਤਨ ਦੀ ਅਰਦਾਸ ਪਿਛੋਂ ਸਾਧ ਸੰਗਤ ਵਿੱਚ ਹੁਕਮ ਸੁਣਾਇਆ ਕਿ ਇਸ ਸਾਰੇ ਮੇਲੇ ਦੀ ਜ਼ਿੰਮੇਵਾਰੀ ਮੈਂ ਸਾਜਨ ਨੂੰ ਸੌਂਪੀ ਹੈ ਜੋ ਵੀ ਪ੍ਰਬੰਧਕ ਕੰਮਾਂ ਦੀ ਡਿਊਟੀ ਸੰਭਾਲ ਰਿਹਾ ਹੈ, ਉਹ ਸਾਜਨ ਤੋਂ ਪੁੱਛ ਕੇ ਹੀ ਕੰਮ ਕਰਨ। ਮੈਨੂੰ ਇਸ ਹੁਕਮ ਹੋਣ ਬਾਰੇ ਕੋਈ ਪਤਾ ਨਹੀਂ ਸੀ। ਭੋਗ ਪੈਣ ਉਪਰੰਤ ਨਾਮਧਾਰੀ ਸਮਾਜ ਦੇ ਮਹਾਨ ਵਿਦਵਾਨ ਪੰਡਤ ਗੁਪਾਲ ਸਿੰਘ ਜੀ ਮੇਰੇ ਡੇਰੇ ਆਏ ਤਾਂ ਉਹਨਾਂ ਕਿਹਾ ਸਾਜਨ, ਮੈਂ ਹਮੇਸ਼ਾ ਨਾਮਧਾਰੀ ਪੰਥ ਦੇ ਮੇਲਿਆਂ ਸਮੇਂ ਜਥੇਦਾਰਾਂ ਦੇ ਦੀਵਾਨ ਦੇ ਵਕਤ ਦੀ ਵੰਡ ਕਰਕੇ ਹਰ ਜਥੇਦਾਰ ਨੂੰ ਯੋਗਤਾ ਮੁਤਾਬਕ ਦੀਵਾਨ ਸਜਾਉਣ ਦਾ ਸਮਾਂ ਦਿੰਦਾ ਹਾਂ। ਸੋ ਇਸ ਵਾਰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਾਰੇ ਮੇਲੇ ਦੀ ਜ਼ਿੰਮੇਵਾਰੀ ਆਪ ਜੀ ਨੂੰ ਸੌਂਪ ਦਿਤੀ ਗਈ ਹੈ; ਸੋ ਅੱਜ ਦੇ ਦੀਵਾਨਾਂ ਦੇ ਸਮੇਂ ਦੀ ਵੰਡ ਤੂੰ ਆਪ ਕਰਨੀ ਹੈ ਜਾਂ ਕਿਸੇ ਹੋਰ ਨੂੰ ਜ਼ਿੰਮੇਵਾਰੀ ਸੌਂਪਣੀ ਹੈ ਇਹ ਤੇਰੀ ਮਰਜ਼ੀ ਹੈ। ਮੈਂ ਪੰਡਤ ਜੀ ਨੂੰ ਕਿਹਾ, "ਪੰਡਤ ਜੀ, ਮੈਂ ਵੀ ਆਪਣੀ ਜ਼ਿੰਦਗੀ ਵਿਚ ਆਪ ਜੀ ਕੋਲੋਂ ਪਹਿਲੀ ਵਾਰ ਮਜ਼ਾਕ ਸੁਣ ਰਿਹਾ ਹਾਂ, ਚਲੋ ਚੰਗਾ ਹੋਇਆ ਆਪ ਵੀ ਮਜ਼ਾਕ ਕਰਨ ਤਾਂ ਸਿੱਖੇ। ਸਦਾ ਗੰਭੀਰਤਾ ਦਾ ਹੀ ਪੱਲੂ ਫੜੀ ਰਖਿਆ ਹੈ। ਪਰ ਇੰਨੇ ਚਿਰ ਤੱਕ ਸੰਤ ਗੁਰਬਚਨ ਸਿੰਘ ਜੀ



Sri Satguru Jagjit Singh Ji eLibrary NamdhariElibrary@gmail.com

ਰੋਡੇ ਦਮਦਮਾ ਵਾਲੇ ਨੇ ਵੀ ਆਣ ਕਿਹਾ,"ਸਾਜਨ ਮੇਰੇ ਜਿੰਮੇ ਸਵਾ ਲੱਖ ਪਾਠਾਂ ਦੀ ਜਿੰਮੇਵਾਰੀ ਹੈ ਸੋ ਬੋਲ ਮੇਰੇ ਲਈ ਕੀ ਫੁਰਮਾਨ ਹੈ।" ਉਥੇ ਹੀ ਸੂਬਾ ਬਹਾਲ ਸਿੰਘ ਜੀ ਵੀ ਏਹੋ ਬਚਨ ਆਣ ਆਖਿਆ। ਇਸ ਥੋੜ੍ਹੇ ਜਿਹੇ ਸਮੇਂ ਵਿਚ ਮੈਨੂੰ ਸਮਝ ਆ ਗਈ ਕਿ ਵਾਕਿਆ ਹੀ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਮੇਰੇ ਤੇ ਇਹ ਅਪਾਰ ਬਖਸ਼ਿਸ਼ ਕਰ ਦਿੱਤੀ ਹੈ। ਮੈਂ ਏਡੀ ਵੱਡੀ ਦਾਤ ਪਾ ਚੁੱਕਾ ਹਾਂ। ਮੈਂ ਪੰਡਤ ਜੀ, ਸੰਤ ਗੁਰਬਚਨ ਸਿੰਘ ਅਤੇ ਸੂਬਾ ਬਹਾਲ ਸਿੰਘ ਜੀ, ਨੂੰ ਕਿਹਾ ਤੁਸੀਂ ਜਿਸ ਤਰ੍ਹਾਂ ਪਹਿਲਾਂ ਡਿਊਟੀਆਂ ਨਿਭ੍ਹਾ ਰਹੇ ਹੋ ਉਸੇ ਤਰ੍ਹਾਂ ਕੰਮ ਚਲਾਉ ਅਤੇ ਮੈਂ ਅਗਲਾ ਪ੍ਰੋਗਰਾਮ ਨਵਾਂ ਉਲੀਕ ਕੇ ਬੇਨਤੀ ਕਰ ਦੇਵਾਂਗਾ।

ਮੈਂ ਸਾਰੇ ਜ਼ਿੰਮੇਵਾਰਾਂ ਨੂੰ ਥਾਂ ਪਰ ਥਾਂ ਡਿਊਟੀਆਂ ਵੰਡ ਸਤਿਗੁਰੂ ਜੀ ਦੇ ਜਾ ਦਰਸ਼ਨ ਕੀਤੇ। ਚਰਨ ਪਰਸ ਬੇਨਤੀ ਕੀਤੀ। ਗਰੀਬ ਨਿਵਾਜ, ਜੋ ਸਾਰੇ ਮੇਲੇ ਦੀ ਜ਼ਿੰਮੇਵਾਰੀ ਦੀ ਆਪ ਜੀ ਨੇ ਕ੍ਰਿਪਾਲਤਾ ਕੀਤੀ ਹੈ, ਉਹ ਆਪ ਜੀ ਦੀ ਬਖਸ਼ੀਸ਼ ਹੈ ਪਰ ਮੇਰੀ ਅਰਜ਼ ਹੈ ਕਿ ਸਾਰੇ ਮੇਲੇ ਦੀ ਜ਼ਿੰਮੇਵਾਰੀ ਵੱਡੇ ਠਾਕਰ ਜੀ ਨੂੰ ਸੌਂਪ ਦੇਵੋ ਅਤੇ ਮੈਂ ਉਹਨਾਂ ਦੇ ਨਾਲ ਪਹਿਲੇ ਵਾਂਗ ਸਹਾਇਕ ਵਜੋਂ ਹੀ ਕੰਮ ਕਰਾਂ।

ਸੱਚੇ ਪਾਤਿਸ਼ਾਹ ਜੀ ਹੁਕਮ ਕੀਤਾ ਇਹ ਸਾਰਾ ਕੁਝ ਮੈਂ ਸੋਚ ਕੇ ਹੀ ਕੀਤਾ ਹੈ, ਪਰ ਜੇ ਤੂੰ ਕਹਿੰਦਾ ਹੈਂ ਤਾਂ ਇਉਂ ਕਰ ਲੈਂਦੇ ਹਾਂ ਕਿ ਤੂੰ ਸਾਰੇ ਮੇਲੇ ਦਾ ਪ੍ਰੋਗਰਾਮ ਉਲੀਕ ਕੇ ਡਿਊਟੀਆਂ ਨੀਯਤ ਕਰਕੇ ਸਭ ਕੁਝ ਵੱਡੇ ਕਾਕੇ ਨੂੰ ਸੰਭਾਲ ਦੇ ਤਾਂ ਆਪੇ ਸਭ ਕੁਝ ਠੀਕ ਹੋ ਜਾਵੇਗਾ। ਤੂੰ ਮੈਨੂੰ ਚਾਰ ਦਿਨਾਂ ਬਾਦ ਸਭ ਦੱਸ ਦੇਣਾ। ਮੈਂ ਵੱਡੇ ਕਾਕੇ ਨੂੰ ਜਿੰਮੇਵਾਰੀ ਦੇ ਦੇਵਾਂਗਾ। ਮੈਂ ਸਤਿਗੁਰੂ ਜੀ ਦਾ ਹੁਕਮ ਮੰਨ ਚਾਰ ਦਿਨ ਜਿੰਮੇਵਾਰੀ ਸੰਭਾਲ ਕੇ ਸਾਰੇ ਮੇਲੇ ਦਾ ਪ੍ਰੋਗਰਾਮ ਉਲੀਕ ਸਾਰੇ ਜਿੰਮੇਵਾਰਾਂ ਦੀਆਂ ਡਿਊਟੀਆਂ ਲਾ ਸਤਿਗੁਰੂ ਦੇ ਚਰਨਾਂ ਵਿਖੇ ਅਰਜ਼ ਕੀਤੀ, ਦੀਨ ਦਿਆਲ ਸਾਰੇ ਮੇਲੇ ਦਾ ਪ੍ਰੋਗਰਾਮ ਉਲੀਕ ਕੇ ਜਿੰਮੇਵਾਰਾਂ ਨੂੰ ਦੱਸ ਦਿੱਤਾ ਹੈ, ਹੁਣ ਆਪ ਜੀ ਕਿਰਪਾ ਕਰਕੇ ਠਾਕਰ ਜੀ ਨੂੰ ਹੁਕਮ ਕਰ ਦੇਵੋ ਮੇਲੇ ਦਾ ਸਾਰਾ ਕੰਮ ਸੰਭਾਲਣ ਤੇ ਮੈਨੂੰ ਆਪ ਜੀ ਨਵੇਂ ਸਿਰੇ ਸੇਵਾ ਕਰਨ ਦੀ ਹਿੰਮਤ ਬਖਸ਼ੋ। ਸੋ ਸਤਿਗੁਰੂ ਜੀ ਮੇਰੀ ਅਰਜ਼ ਪ੍ਰਵਾਨ ਕਰ ਮੇਲੇ ਦੀ ਸਾਰੀ ਜਿੰਮੇਵਾਰੀ ਵੱਡੇ ਠਾਕਰ ਜੀ ਨੂੰ ਸੌਂਪ ਦਿੱਤੀ ਅਤੇ ਮੈਂ ਫਿਰ ਠਾਕਰ ਜੀ ਦੇ ਹੁਕਮਾ ਮੁਤਾਬਕ ਲੱਗਾ ਸੇਵਾ ਕਰਨ।

## ਵਿਸਮਾਦ ਦੀਆਂ ਰਹਿਮਤਾਂ

ਮੈਂ ਆਪਣੇ ਪਿਆਰੇ ਪ੍ਰੀਤਮ ਨਾਲ ਗੁਜ਼ਾਰੇ ਪਲ ਜਿਉਂ ਜਿਉਂ ਯਾਦ ਕਰਦਾ ਹਾਂ ਤਾਂ ਮੈਨੂੰ ਕੋਈ ਅਨੋਖਾ ਸਰੂਰ ਅਨੁਭਵ ਹੁੰਦਾ ਹੈ, ਮੈਂ ਅਮਰੀਕਾ ਵਿਚ ਰਹਿ ਰਿਹਾ ਸੀ ਤਾਂ ਉਥੇ ਇੱਕ ਵਾਰ ਮੈਨੂੰ ਮੇਰੇ ਮਿੱਤਰ ਗਿਆਨੀ ਜਗਜੀਤ ਸਿੰਘ ਜੀ ਨੇ ਪੁਛਿਆ ਸਾਜਨ ਜੀ, ਤੁਹਾਡਾ ਕੂਕਾ ਪੰਥ ਨਾਮ ਜਪਣ ਕਾਰਨ ਹੀ ਨਾਮਧਾਰੀ



Sri Satguru Jagjit Singh Ji eLib

ਨਾਮ ਨਾਲ ਜਾਣਿਆਂ ਜਾਣ ਲੱਗਾ ਹੈ। ਤੁਸੀਂ ਸੱਚ ਦੱਸੋ ਤੁਹਾਨੂੰ ਆਪਣੀ ਜਿੰਦਗੀ ਵਿਚ ਨਾਮ ਜਪਣ ਦਾ ਸਰੂਰ ਵੀ ਆਇਆ ਹੈ ਜਾਂ ਨਹੀਂ। ਮੈਂ ਗਿਆਨੀ ਜੀ ਨੂੰ ਬੇਨਤੀ ਕੀਤੀ ਗਿਆਨੀ ਜੀ ਸੱਚਾਈ ਇਹ ਹੈ ਕਿ ਮੈਨੂੰ ਆਪਣੀ ਜਿੰਦਗੀ ਵਿੱਚ ਨਾਮ ਜਪਣ ਦਾ ਸਰੂਰ ਨਹੀਂ ਆਇਆ ਜੋ ਸਾਧੂ ਸੰਤ ਆਪਣੀ ਰਸਨਾ ਤੋਂ ਦੱਸਦੇ ਹਨ ਅਤੇ ਜੋ ਪੁਰਾਤਨ ਗ੍ਰੰਥਾ ਵਿਚੋਂ ਮੈਂ ਪੜ੍ਹਦਾ ਸੁਣਦਾ ਰਿਹਾ ਹਾਂ, ਮੈਂ ਉਸ ਸਰੂਰ ਨੂੰ ਸਾਰੀ ਉਮਰ ਲੋਚਦਾ ਜ਼ਰੂਰ ਰਿਹਾ ਹਾਂ ਪਰ ਉਸ ਸਰੂਰ ਦਾ ਆਨੰਦ ਨਹੀਂ ਮਾਣ ਸਕਿਆ। ਪਰ ਗਿਆਨੀ ਜੀ ਇੱਕ ਵਕਤ, ਮੇਰੀ ਜਿੰਦਗੀ ਵਿੱਚ ਬਹੁਤ ਵਾਰ ਆਉਂਦਾ ਹੈ, ਜਿਸਦੇ ਸਰੂਰ ਨੂੰ ਮੈਂ ਪਾ ਵਿਸਮਾਦ ਹੋ ਜਾਂਦਾ ਹਾਂ। ਉਹ ਅੱਜ ਤੋਂ ਪਹਿਲਾਂ ਵੀ ਸੀ ਅਤੇ ਅੱਜ ਵੀ ਹੈ; ਜਿਸਦਾ ਮੈਨੂੰ ਪਤਾ ਹੀ ਨਹੀਂ ਲੱਗਦਾ। ਉਹ ਕਦੋਂ ਜੂਨ ਮਹੀਨੇ ਦੀ ਅੱਤ ਗਰਮੀ ਵਿਚ ਪੁਰੇ ਦੀ ਪਾਉਣ ਬਣ ਨਾਮ ਜਪਣ ਵਰਗਾ ਝੋਕਾ ਆਉਂਦਾ ਹੈ ਅਤੇ ਮੈਨੂੰ ਲੰਮੇ ਸਮੇਂ ਲਈ ਵਿਸਮਾਦ ਨਗਰੀ ਵਿੱਚ ਖਿਠਾਲ ਨਿਕਲ ਜਾਂਦਾ ਹੈ ਜੇ ਬੋਰ ਨਾ ਹੋਵੋ ਤਾਂ ਮੈਂ ਉਸ ਬਾਰੇ ਦੱਸ ਸਕਦਾ ਹਾਂ। ਮੈਂ ਬੋਰ ਨਹੀਂ ਹੋਵਾਂਗਾ ਸਗੋਂ ਸੁਣ ਕੇ ਮੈਨੂੰ ਖੁਸ਼ੀ ਹੋਵੇਗੀ। ਤਾਂ ਮੈਂ ਕਿਹਾ ਗਿਆਨੀ ਜੀ ਮੈਂ ਬੋਰ ਹੋਣ ਦੀ ਇਸ ਲਈ ਗੱਲ ਕੀਤੀ ਸੀ ਕਿ ਸਰੂਰ ਜਾਂ ਵਿਸਮਾਦ ਨਾਮ ਜਪਣ ਕਰਕੇ ਆਉਣ ਵਾਲਾ ਨਹੀਂ ਸਗੋਂ ਮੇਰੇ ਸਤਿਗੁਰੂ ਦੀਆਂ ਰਹਿਮਤਾਂ ਦੀਆਂ ਫੁਹਾਰਾਂ ਹਨ। ਮੈਂ ਜਦੋਂ ਉਹਨਾਂ ਨੂੰ ਯਾਦ ਕਰਦਾ ਹਾਂ, ਸਰੂਰ ਵਿੱਚ ਚਲਾ ਜਾਂਦਾ ਹਾਂ ਅਤੇ ਜਦੋਂ ਮੇਰੇ ਨਾਲ ਘਟਨਾ ਵਾਪਰਦੀ ਹੈ ਤਾਂ ਮੈਂ ਵਿਸਮਾਦ ਨਗਰੀ ਦਾ ਵਾਸੀ ਬਣ ਜਾਂਦਾ ਹਾਂ।

ਗਿਆਨੀ ਜੀ ਮੈਂ ਸਤਿਗੁਰੂ ਜਗਜੀਤ ਸਿੰਘ ਜੀਦੇ ਚਰਨਾ ਵਿਚ ਜੋ ਪਲ ਗੁਜਾਰੇ ਹਨ, ਉਹਨਾਂ ਦਾ ਮਾਣਿਆਂ ਆਨੰਦ ਸਾਰਾ ਤਾਂ ਨਹੀਂ ਬਿਆਨ ਕਰ ਸਕਦਾ ਪਰ ਤੁਹਾਨੂੰ ਇੱਕ, ਦੋ ਘਟਨਾਵਾਂ ਆਪਣੇ ਸੁਆਦ ਨੂੰ ਤਾਜਾ ਕਰਨ ਲਈ ਸੁਣਾਉਂਦਾ ਹਾਂ। ਮੇਰੇ ਸਤਿਗੁਰੂ ਜੀ ਨੇ ਹਰ ਖੁਸ਼ੀ ਮੈਨੂੰ ਬਖਸ਼ੀ ਹੈ ਅਤੇ ਹਰ ਮੇਰੀ ਬਿਪਤਾ ਸਮੇਂ ਮੇਰੀ "ਗੱਜ ਗਰਾਹ ਤੇ ਛੁਟਾ" ਵਾਲੀ ਪਾਲਣਾ ਕੀਤੀ ਹੈ। ਮੈਂ ਹੁਣ ਕਈ ਸਾਲਾਂ ਤੋਂ ਅਮਰੀਕਾ ਵਿੱਚ ਆ ਕੇ ਰਹਿ ਰਿਹਾ ਹਾਂ ਅਤੇ ਇੰਡੀਆ ਜਾਕੇ ਵੀ ਕਿਸੇ ਕਾਰਨ ਦਰਸ਼ਨ ਨਹੀਂ ਕਰ ਸਕਿਆ। ਪਰ ਜਦੋਂ ਵੀ ਮੈਂ ਕਿਸੇ ਨਾਮਧਾਰੀ ਜਾਂ ਗੈਰ ਨਾਮਧਾਰੀ ਨਾਲ ਉਹਨਾਂ ਬਾਰੇ ਗੱਲ ਛਿੜਦੀ ਹੈ ਅਤੇ ਮੈਂ ਉਹਨਾਂ ਬਾਰੇ ਗੱਲ ਕਰਦਾ ਹਾਂ ਤਾਂ ਮੈਨੂੰ ਉਹ ਸਰੂਰ ਆ ਜਾਂਦਾ ਹੈ, ਜਿਸ ਸਰੂਰ ਬਾਰੇ ਤੁਸਾਂ ਮੇਰੇ ਤੋਂ ਪੁਛਿਆ ਸੀ। ਨਾਮ ਜਪਣ ਕਰਕੇ ਤਾਂ ਨਹੀਂ ਪਰ ਮੈਂ ਆਪਣੇ ਸਤਿਗੁਰੂ ਨੂੰ ਯਾਦ ਕਰ ਕਰ ਕੇ ਉਸ ਵਿਸਮਾਦ ਵਿਚ ਅਪੜ ਜਾਂਦਾ ਹਾਂ ਜਿਸ ਵਿਸਮਾਦ ਲਈ ਸਾਧੂ ਧੂਣੀਆਂ ਦਾ ਸੇਕ ਸਹਾਰਦੇ ਰਹਿੰਦੇ ਹਨ। ਗਿਆਨੀ ਜੀ ਇੰਡੀਆ ਵਿਚ ਮੇਰੇ ਗੁਜਰੇ ਪਲਾਂ ਜਾਂ ਗੁਜਰੀਆਂ ਘਟਨਾਵਾਂ ਬਾਰੇ ਤੁਸੀਂ ਜਾਣੂ ਨਹੀਂ ਪਰ ਮੈਂ ਤੁਹਾਨੂੰ



Sri Satguru Jagjit Singh Ji eLibrary NamdhariElibrary@gmail.com

ਤੁਹਾਡੇ ਸਾਹਮਣੇ ਗੁਜਰੀ ਘਟਨਾਂ ਬਾਰੇ ਦੱਸਦਾ ਹਾਂ।

ਗਿਆਨੀ ਜੀ ਤੁਹਾਨੂੰ ਪਤਾ ਹੈ ਨਾ, ਅਮਰੀਕਾ ਦੇ ਕਾਨੂੰਨ ਕਿੰਨੇ ਸਖ਼ਤ ਹਨ। ਇਥੇ ਰਿਸ਼ਵਤ ਤੇ ਸਿਫਾਰਸ਼ ਦੋਹਾਂ ਲਈ ਕੋਈ ਥਾਂ ਨਹੀਂ ਅਤੇ ਤੁਹਾਨੂੰ ਇਹ ਵੀ ਪਤਾ ਹੈ ਕਿ ਮੇਰੇ ਤੇ ਇਕ ਨਾਜਾਇਜ਼ ਕੇਸ ਪੈ ਗਿਆ ਹੈ, ਜਿਸ ਦੀਆਂ ਮੈਂ ਤਾਰੀਕਾਂ ਭੁਗਤ ਰਿਹਾ ਹਾਂ। ਜਿਸ ਦਿਨ ਮੇਰੇ ਤੇ ਇਹ ਕੇਸ ਬਣਿਆ ਸੀ ਮੇਰੇ ਸਾਰੇ ਹਿਤੂ ਸੱਜਣ ਮਿੱਤਰ ਕਹਿੰਦੇ ਸਨ, ਅੰਕਲ ਜੀ ਜੇ ਇਹ ਕੇਸ ਤੁਹਾਡੇ ਤੇ ਸਾਬਤ ਹੋ ਗਿਆ ਤਾਂ ਇਸਦੀ ਸਜ਼ਾ ਸੱਤ ਸਾਲ ਪੱਕੀ ਹੈ ਅਤੇ ਇਸ ਸਜ਼ਾ ਤੋਂ ਤੁਹਾਨੂੰ ਕੋਈ ਵਕੀਲ ਬਚਾ ਨਹੀਂ ਸਕਦਾ। ਅਗਲੀ ਬੁਢਾਪੇ ਦੀ ਜ਼ਿੰਦਗੀ ਤੁਹਾਡੀ ਜੇਲ੍ਹ ਵਿੱਚ ਹੀ ਪੂਰੀ ਹੋਵੇਗੀ। ਮੈਂ ਤੇ ਮੇਰੀ ਪਤਨੀ ਕਪੂਰ ਕੌਰ ਸਾਨੂੰ ਦੋਹਾਂ ਨੂੰ ਕੁਝ ਸੁੱਝ ਨਹੀਂ ਸੀ ਰਿਹਾ। ਸਾਡੇ ਸਾਰੇ ਪਲ ਗਮ ਵਿਚ ਡੁਬਿਆਂ ਦੇ ਗੁਜਰ ਰਹੇ ਸਨ। ਅਸੀ ਬੇਬੱਸ ਸਾਂ, ਅੱਤ ਉਦਾਸ ਸਾਂ, ਮਿੱਤਰ ਅਮਰੀਕਨ ਗੌਰਮਿੰਟ ਦਾ ਰਿਸਕ ਝੱਲ ਕੇ ਵੀ ਮੈਨੂੰ ਨਾਜਾਇਜ਼ ਤਰੀਕੇ ਨਾਲ ਅਮਰੀਕਾ ਵਿਚੋਂ ਬਾਹਰ ਕੱਢਣ ਲਈ ਤਿਆਰ ਸਨ। ਗਿਆਨੀ ਜੀ ਮੈਨੂੰ ਸਤਿਗੁਰੂ ਜੀ ਦੇ ਦਰਸ਼ਨ ਕੀਤਿਆਂ ਉਸ ਵਕਤ ਦਸ ਸਾਲ ਬੀਤ ਚੁੱਕੇ ਸਨ ਅਤੇ ਕੇਸ ਵਿਚ ਫਸੇ ਨੂੰ ਸਿਰਫ ਦੋ ਦਿਨ। ਮੈਂ ਆਪਣੇ ਸਤਿਗੁਰੂ ਨੂੰ ਵਿਸਾਰ ਚੁਕਾ ਸਾਂ, ਪਰ ਮੇਰੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਨਹੀਂ ਸੀ ਭੁਲਾਇਆ। ਮੈਂ ਰਾਤ ਨੂੰ ਸੁਤਾ ਪਿਆ ਸੀ ਤੇ ਮੈਂ ਸੁਪਨੇ ਵਿਚ ਵੇਖਦਾ ਹਾਂ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਚਲ ਰਿਹਾ ਹੈ। ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਹੈ ਵਿਚ ਸਤਿਗੁਰੂ ਜੀ ਸ਼ਸ਼ੋਭਿਤ ਹਨ। ਬੇਸ਼ੁਮਾਰ ਸੰਗਤ ਲਾਈਨ ਵਿੱਚ ਲੱਗ ਸਤਿਗੁਰੂ ਜੀ ਦੇ ਚਰਨ ਪਰਸ ਰਹੀ ਹੈ। ਗਿਆਨੀ ਜੀ ਮੇਰੇ ਪਿੰਡ ਦਾ ਨਾਮ ਸੰਤ ਨਗਰ ਹੈ ਅਤੇ ਮੇਰੇ ਪਿੰਡ ਦਾ ਸਰਪੰਚ ਹੀਰਾ ਸਿੰਘ ਭਿੰਡਰ ਲਾਈਨ ਵਿੱਚ ਲੱਗ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਚਰਨ ਪਰਸਨ ਲਈ ਆਇਆ ਹੈ। ਤਾਂ ਸਤਿਗੁਰੂ ਸੱਚੇ ਪਾਤਿਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੀਰਾ ਸਿੰਘ ਸਰਪੰਚ ਨੂੰ ਬੜੇ ਰੋਹ ਵਿੱਚ ਕਿਹਾ ਹੀਰਾ ਸਿੰਘਾ ਤੂੰ ਮੈਨੂੰ ਇਥੇ ਮੱਥਾ ਟੇਕਦਾ ਫਿਰਦਾ ਹੈਂ, ਤੈਨੂੰ ਪਤਾ ਨਹੀਂ ਸਾਜਨ ਤੇ ਨਾਜਾਇਜ਼ ਕੇਸ ਬਣਿਆ ਹੋਇਆ ਹੈ। ਸਤਿਗੁਰੂ ਜੀ ਦਾ ਇਹ ਬਚਨ ਸੁਣ ਸਰਪੰਚ ਹੀਰਾ ਸਿੰਘ ਭਿੰਡਰ ਬਿਨਾਂ ਕੁਝ ਬੋਲੇ ਉਥੋਂ ਹੀ ਪਿਛਾਂਹ ਮੁੜ ਪਿਆ ਅਤੇ ਕਾਹਲੇ ਕਦਮੀਂ ਸੰਗਤ ਵਿਚੋਂ ਬਾਹਰ ਨਿਕਲ ਗਿਆ। ਗਿਆਨੀ ਜੀ ਇਹ ਘਟਨਾ ਵਾਪਰਨ ਪਿਛੋਂ ਮੇਰੀ ਅੱਖ ਖੁਲ ਗਈ ਅਤੇ ਮੈਂ ਉਸੇ ਵੇਲੇ ਕੋਲ ਪਈ ਪਤਨੀ ਕਪੂਰ ਕੌਰ ਨੂੰ ਕਿਹਾ ਕਪੂਰ ਕੌਰੇ ਅਸਾਂ ਨੱਸ ਕੇ ਕਿਤੇ ਨਹੀਂ ਜਾਣਾ। ਅਮਰੀਕਾ ਸਰਕਾਰ ਮੇਰਾ ਵਾਲ ਵੀ ਵਿੰਗਾ ਨਹੀਂ ਕਰ ਸੱਕਦੀ। ਮੈਂ ਜ਼ਰੂਰ ਇਸ ਮੁਕਦਮੇ ਵਿਚੋਂ ਬਰੀ ਹੋਵਾਂਗਾ। ਮੇਰੇ ਸਤਿਗੁਰੂ ਜੀ ਨੇ ਹੀਰਾ ਸਿੰਘ ਸਰਪੰਚ ਦੀ ਕੇਸ ਵਾਸਤੇ ਜ਼ਿੰਮੇਵਾਰੀ ਲਾ ਦਿੱਤੀ ਹੈ। ਦੇਸ ਵਿੱਚ ਤਾਂ ਮੇਰੀ ਉਹ ਹਰ ਵੇਲੇ ਰੱਖਿਆ



Sri Satguru Jagjit Singh Ji eLibrary

ਕਰਦੇ ਸੀ, ਇਥੇ ਵਿਦੇਸ਼ ਵਿੱਚ ਵੀ ਉਹ ਆਪਣੇ ਸੇਵਕ ਦੀ ਪੈਜ ਰੱਖਣ ਵਾਸਤੇ ਆਣ ਪਹੁੰਚੇ ਹਨ। ਗਿਆਨੀ ਜੀ ਮੇਰੇ ਮਨ ਨੂੰ ਉਸੇ ਵਕਤ ਤੋਂ ਯਕੀਨ ਹੋ ਗਿਆ ਖੱਜਲ ਖੁਆਰੀ ਤਾਂ ਹੋ ਸਕਦੀ ਹੈ, ਸਜ਼ਾ ਨਹੀਂ। ਸੋ ਗਿਆਨੀ ਜੀ ਇਸੇ ਤਰ੍ਹਾਂ ਮੈਨੂੰ ਜਦੋਂ ਵੀ ਆਪਣੇ ਸਤਿਗੁਰੂ ਜੀ ਦੀਆਂ ਮੇਹਰਬਾਨੀਆਂ ਯਾਦ ਆਉਂਦੀਆਂ ਹਨ ਉਦੋਂ ਨਾਮ ਜਪਣ ਵਾਲੇ ਤੋਂ ਵੀ ਵੱਧ ਸਰੂਰ ਆ ਜਾਂਦਾ ਹੈ। ਜਿਵੇਂ ਹੁਣ ਤੁਸਾਂ ਵੇਖ ਹੀ ਲਿਆ ਹੈ। ਗਿਆਨੀ ਜੀ ਇਹ ਘਟਨਾ ਵੀ ਤਾਂ ਮੈਂ ਸਰੂਰ ਵਿਚ ਹੀ ਸੁਣਾ ਗਿਆ ਹਾਂ, ਤੁਸੀਂ ਵੇਖ ਲਿਆ ਹੈ ਕਿ ਅਮਰੀਕਨ ਸਰਕਾਰ ਨੇ ਮੈਨੂੰ ਬਾ-ਇਜ਼ਤ ਬਰੀ ਕੀਤਾ ਹੈ ਅਤੇ ਨਾਲ ਹੀ ਕਿਹਾ ਹੈ ਕਿ ਦੋਸ਼ ਥਪਨ ਵਾਲੇ ਵਿਰੁੱਧ ਤੂੰ ਮਾਨ-ਹਾਨੀ ਦੇ ਕੇਸ ਕਰ ਸਕਦਾ ਹੈਂ। ਇਹ ਸਭ ਮੇਰੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਬਖਸ਼ਿਸ਼ ਹੈ, ਹੋਰ ਕੋਈ ਮਕਸਦ ਤਾਂ ਨਹੀਂ ਸੀ, ਪਰ ਗਿਆਨੀ ਜੀ ਨੇ ਕਿਹਾ ਸਾਜਨ ਤੂੰ ਸਰੂਰ ਆਧੀਨ ਸੁਣਾਉਂਦਾ ਨਹੀਂ ਰਿਹਾ, ਮੈਂ ਸਰੂਰ ਅਧੀਨ ਸੁਣਦਾ ਰਿਹਾ ਹਾਂ।

***************



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਇਸ ਪੁਸਤਕ ਦੇ ਲੇਖਕ ਸੰਤੋਖ ਸਿੰਘ ਸਾਜਨ ਦਾ ਜਨਮ 1938 ਨੂੰ ਹੋਇਆ। ਇਨ੍ਹਾਂ ਦੇ ਦਾਦਾ ਸਨ ਸ. ਸੰਤ ਸਿੰਘ ਤੇ ਪਿਤਾ ਸ. ਈਸ਼ਰ ਸਿੰਘ ਅਤੇ ਮਾਤਾ ਸ੍ਰੀਮਤੀ ਬਾਲ ਕੌਰ। ਸ. ਸਾਜਨ ਦੇ ਚਾਰ ਭਰਾ ਹਰਨਾਮ ਸਿੰਘ, ਅਵਤਾਰ ਸਿੰਘ, ਸੁਖਦਿਆਲ ਸਿੰਘ ਤੇ ਮਨਸਾ ਸਿੰਘ ਤੇ ਤਿੰਨ ਭੈਣਾਂ ਪਿਆਰ ਕੌਰ, ਹਰਬੰਸ ਕੌਰ ਤੇ ਅਮਰ ਕੌਰ ਹੋਏ। ਮੁੱਖ ਕਿੱਤਾ ਖੇਤੀਬਾੜੀ ਹੈ, ਨਾਲ ਬਿਜ਼ਨਿਸ ਵੀ ਕਰਦੇ ਹਨ ਜਿਵੇਂ ਕੰਪਿਊਟਰ, ਫੋਟੋਸਟੇਟ ਦਾ ਕਾਰੋਬਾਰ। ਆਪ ਨੂੰ ਕਵਿਤਾ, ਕਹਾਣੀ ਲਿਖਣ ਦਾ ਮੁੱਢ ਤੋਂ ਸ਼ੌਕ ਹੈ।

Forever Learning
ISBN 978-93-5068-122-0
9789350681220
300/-

Sri Satguru Jagjit Singh Ji eLibrary NamdhariElibrary@gmail.com